*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 16, ਅੰਕ-3, ਮਾਰਚ 2026 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਅਮਰੀਕਾ ਵਲੋਂ 'ਬੋਰਡ ਆਫ ਪੀਸ' ਦਾ ਧਾੜਵੀ ਤਮਾਸ਼ਾ

ਟਰੰਪ ਵੱਲੋਂ ਕਰਵਾਈ ਇਜ਼ਰਾਇਲ-ਹਮਾਸ ਯੁੱਧਬੰਦੀ ਦੇ ਸਮੇਂ ਤੋਂ ਹੀ ਦੁਨੀਆ ਦਾ ਧਿਆਨ ਗਾਜ਼ਾ ਵਿਚ ਫ਼ਲਸਤੀਨੀਆਂ ਦੀ ਨਸਲਕੁਸ਼ੀ ਅਤੇ ਤਬਾਹੀ ਤੋਂ ਲਗਾਤਾਰ ਭਟਕਾਇਆ ਜਾ ਰਿਹਾ ਹੈ। ਇਜ਼ਰਾਇਲੀ ਨਾਕਾਬੰਦੀ ਅਤੇ ਬੰਬਾਰੀ ਤਹਿਤ ਕਤਲੇਆਮ, ਭੁੱਖਮਰੀ ਅਤੇ ਬੇਘਰੇਪਣ ਦਰਮਿਆਨ ਗਾਜ਼ਾ ਦਾ ਤੀਸਰਾ ਰਮਜ਼ਾਨ ਹੈ ਪਰ ਵਿਆਪਕ ਜਾਨੀ ਤੇ ਮਾਲੀ ਤਬਾਹੀ ਉੱਪਰ ਪਰਦਾ ਪਾਉਣ ਲਈ ਸਾਮਰਾਜੀ ਸ਼ਿਕਾਰੀ ਟਰੰਪ ਤੇ ਉਸਦੇ ਜੋਟੀਦਾਰਾਂ ਨੇ 'ਬੋਰਡ ਆਫ ਪੀਸ' ਦਾ ਤਮਾਸ਼ਾ ਰਚਾਇਆ। ਜਦੋਂ ਵੀਹ ਲੱਖ ਤੋਂ ਵੱਧ ਗਾਜ਼ਾ ਵਾਸੀ ਟੈਂਟਾਂ ਵਿੱਚ ਰੋਜ਼ੇ ਰੱਖ ਰਹੇ ਹਨ, ਆਪਣੇ ਵਿੱਛੜੇ ਪਿਆਰਿਆਂ ਦਾ ਮਾਤਮ ਮਨਾ ਰਹੇ ਹਨ ਅਤੇ ਜ਼ਿੰਦਾ ਰਹਿਣ ਲਈ ਸੰਘਰਸ਼ ਕਰ ਰਹੇ ਹਨ, ਉਸ ਸਮੇਂ ਟਰੰਪ ਅਤੇ ਉਸਦੇ ਕਾਰੋਬਾਰੀ ਜਵਾਈ ਨੇ ਵਾਸ਼ਿੰਗਟਨ ਵਿਚ ਦੁਨੀਆ ਦੇ ਅਜਾਰੇਦਾਰ ਕਾਰੋਬਾਰੀਆਂ ਅਤੇ ਆਪਣੇ ਜੀ-ਹਜ਼ੂਰੀਏ ਤਾਨਾਸ਼ਾਹ ਬਦੇਸ਼ੀ ਹੁਕਮਰਾਨਾਂ 'ਤੇ ਆਧਾਰਤ ਕਥਿਤ ਸ਼ਾਂਤੀ ਬੋਰਡ ਦੀ ਮੀਟਿੰਗ ਸੱਦਕੇ ਫ਼ਲਸਤੀਨੀਆਂ ਦਾ ਭਵਿੱਖ ਤੈਅ ਕੀਤਾ—ਇੱਕ ਵੀ ਅਸਲੀ ਫ਼ਲਸਤੀਨੀ ਨੁਮਾਇੰਦਾ ਲਏ ਬਿਨਾਂ। ਫ਼ਲਸਤੀਨੀਆਂ ਦਾ ਸਵੈ-ਨਿਰਣੇ ਦਾ ਹੱਕ, ਪ੍ਰਭੂਸੱਤਾ, ਇਜ਼ਰਾਇਲੀ ਕਬਜ਼ੇ ਤੋਂ ਮੁਕਤੀ, ਗਾਜ਼ਾ ਪੱਟੀ ਵਿਚ ਹਕੀਕੀ ਸ਼ਾਂਤੀ ਅਤੇ ਮੁੜ-ਉਸਾਰੀ ਦਾ ਪ੍ਰਮੁੱਖ ਸਵਾਲ ਪੂਰੀ ਤਰ੍ਹਾਂ ਗ਼ਾਇਬ ਹੈ। ਸਾਰਾ ਜ਼ੋਰ ਮੁਨਾਫ਼ਾ ਬਟੋਰੂ ਪੂੰਜੀ-ਨਿਵੇਸ਼, ਹਮਾਸ ਨੂੰ ਬੇਹਥਿਆਰਾ ਕਰਨ ਅਤੇ ਹਮਾਸ ਵਿਰੋਧੀ ਗਰੁੱਪਾਂ ਤੇ ਇਜ਼ਰਾਇਲੀ ਫ਼ੌਜੀ ਤਾਕਤ ਨੂੰ ਮਜ਼ਬੂਤ ਕਰਨ ਉੱਪਰ ਹੈ। ਦਰਅਸਲ ਇਹ ਮਹਾਂ ਧਾੜਵੀਆਂ ਦਾ ਬੋਰਡ ਹੈ। ਮੋਦੀ ਦੇ ਹਾਲੀਆ ਇਜ਼ਰਾਈਲ ਦੌਰੇ ਨੂੰ ਵੀ ਇਸ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ।

ਇੱਕ ਹਾਲੀਆ ਅਧਿਐਨ ਮੁਤਾਬਕ ਜਨਵਰੀ 2025 ਤੱਕ ਗਾਜ਼ਾ ਵਿੱਚ ਹਿੰਸਾ ਨਾਲ 72,000 ਤੋਂ ਵੱਧ ਮੌਤਾਂ (56% ਔਰਤਾਂ, ਬੱਚੇ ਅਤੇ ਬਜ਼ੁਰਗ) ਦਾ ਅੰਦਾਜ਼ਾ ਹੈ। ਬੁਨਿਆਦੀ ਢਾਂਚੇ, ਸਿਹਤ ਪ੍ਰਣਾਲੀ ਅਤੇ ਖ਼ੁਰਾਕ ਪ੍ਰਣਾਲੀ ਦੇ ਤਬਾਹ ਹੋਣ ਨਾਲ ਜੁੜੇ 'ਗੈਰ-ਹਿੰਸਕ' ਕਾਰਨਾਂ ਕਰਕੇ ਲਗਭਗ 16,000 ਮੌਤਾਂ ਇਸ ਤੋਂ ਵੱਖਰੀਆਂ ਹਨ। ਕਥਿਤ ਯੁੱਧਬੰਦੀ ਤੋਂ ਬਾਅਦ ਵੀ 600 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਇਜ਼ਰਾਈਲ ਹੁਣ ਅੱਧੇ ਤੋਂ ਵੱਧ ਫ਼ਲਸਤੀਨੀ ਖੇਤਰ 'ਤੇ ਕਾਬਜ਼ ਹੈ। ਸੀਵਰ ਪ੍ਰਬੰਧ ਤਬਾਹ ਹੈ, ਸਿਹਤ ਪ੍ਰਬੰਧ ਠੱਪ ਹੈ ਅਤੇ ਜ਼ਿੰਦਗੀ ਬਚਾਊ ਇਲਾਜ ਲਈ ਬਾਹਰ ਜਾਣ ਦੀ ਇਜਾਜ਼ਤ ਨਹੀਂ ਹੈ। ਇਸ ਦੌਰਾਨ ਉਨ੍ਹਾਂ ਅਮਰੀਕੀ ਕਾਨੂੰਨਾਂ ਨੂੰ, ਜੋ ਮਨੁੱਖੀ ਹੱਕਾਂ ਦੀਆਂ ਗੰਭੀਰ ਉਲੰਘਣਾਵਾਂ ਦੇ ਮਾਮਲਿਆਂ 'ਚ ਅਮਰੀਕੀ ਸਹਾਇਤਾ ਦੇਣ ਤੋਂ ਵਰਜਦੇ ਹਨ, ਟਿੱਚ ਸਮਝਕੇ ਟਰੰਪ ਸਰਕਾਰ ਘੋਰ ਨਸਲਵਾਦੀ ਨੇਤਨਯਾਹੂ ਹਕੂਮਤ ਨੂੰ ਲਗਾਤਾਰ ਫ਼ੌਜੀ ਤੇ ਹੋਰ ਸਹਾਇਤਾ ਅਤੇ ਸਰਪ੍ਰਸਤੀ ਦੇ ਰਹੀ ਹੈ।

ਲਿਹਾਜ਼ਾ, 'ਸ਼ਾਂਤੀ ਬੋਰਡ' ਮਾਨਵੀ ਸਹਾਇਤਾ ਯੋਜਨਾ ਨਹੀਂ, ਸਗੋਂ ਟਰੰਪ ਵੱਲੋਂ ਆਪਣੇ ਲੋਟੂ ਜੋਟੀਦਾਰਾਂ ਤੇ ਜੀ-ਹਜ਼ੂਰੀਆਂ ਦੀ ਹਿੱਸੇਦਾਰੀ ਨਾਲ ਸਾਮਰਾਜੀ ਕਬਜ਼ੇ ਅਤੇ ਮਾਰਧਾੜ ਨੂੰ ਦਿੱਤਾ ਲੁਭਾਉਣਾ ਨਾਂ ਹੈ। ਟਰੰਪ ਤਾਉਮਰ ਚੇਅਰਮੈਨ ਅਤੇ ਸਟੀਵਨ ਵਿਟਕੌਫ਼, ਜੈਰਡ ਕੁਸ਼ਨਰ, ਮਾਰਕੋ ਰੂਬੀਓ, ਟੋਨੀ ਬਲੇਅਰ, ਵਰਲਡ ਬੈਂਕ ਦੇ ਪ੍ਰਧਾਨ ਅਤੇ ਅਪੋਲੋ ਗਲੋਬਲ ਮੈਨੇਜਮੈਂਟ ਦੇ ਚੇਅਰਮੈਨ ਆਦਿ ਕਾਰਜਕਾਰੀ ਦੇ ਮੈਂਬਰ ਬਣਾਏ ਗਏ ਹਨ। ਟਰੰਪ ਵੱਲੋਂ ਸੱਦੇ ਗਏ 62 ਮੁਲਕਾਂ ਵਿੱਚੋਂ ਹੁਣ ਤੱਕ 26 ਨੇ ਬੋਰਡ ਦੇ ਚਾਰਟਰ 'ਤੇ ਦਸਤਖ਼ਤ ਕੀਤੇ ਹਨ। ਮੀਟਿੰਗ




ਵਿਚ ਭਾਰਤ, ਯੂ.ਕੇ. ਅਤੇ ਯੂਰਪੀ ਯੂਨੀਅਨ ਸਮੇਤ 22 ਨੁਮਾਇੰਦੇ ਦਰਸ਼ਕ ਵਜੋਂ ਸ਼ਾਮਲ ਹੋਏ। ਕੈਨੇਡਾ, ਯੂ.ਕੇ., ਫਰਾਂਸ ਅਤੇ ਜਰਮਨੀ ਆਦਿ ਪੱਛਮੀ ਜੋਟੀਦਾਰ ਇਸ ਡਰੋਂ ਮੈਂਬਰ ਬਣਨੋਂ ਇਨਕਾਰੀ ਹਨ ਕਿ ਇਹ ਟਰੰਪ ਦਾ ਯੂ.ਐੱਨ. ਦਾ ਸ਼ਰੀਕ ਖੜ੍ਹਾ ਕਰਨ ਦਾ ਮਨਸੂਬਾ ਹੈ। ਉੱਧਰ ਤੁਰਕੀ ਅਤੇ ਕਤਰ ਨੂੰ ਸ਼ਾਮਲ ਕਰਨ ਦੀ ਟਰੰਪ ਦੀ 'ਨਵੀਂ ਸੋਚ' ਤੋਂ ਨੇਤਨਯਾਹੂ ਗੁੱਸੇ ਹੈ। ਮੀਟਿੰਗ ਵਿਚ ਮੈਂਬਰ ਸਟੇਟਾਂ ਨੇ 'ਰਾਹਤ ਪੈਕੇਜ' ਵਿਚ 7 ਅਰਬ ਡਾਲਰ ਯੋਗਦਾਨ ਪਾਉਣ ਦਾ ਵਚਨ ਦਿੱਤਾ ਹੈ।

ਇਸ ਬੋਰਡ ਦੀ ਦ੍ਰਿਸ਼ਟੀ ਬਹੁਤ ਕੁਝ ਸਾਫ਼ ਕਰਦੀ ਹੈ। ਪ੍ਰਾਈਵੇਟ ਇਕਵਿਟੀ ਨਾਲ ਜੁੜੇ ਸ਼ਖ਼ਸ ਗਾਜ਼ਾ 'ਚੋਂ ਮੁਨਾਫ਼ੇ ਬਟੋਰਨ ਲਈ ਪੂੰਜੀ-ਨਿਵੇਸ਼ ਦੇ ਅੰਦਾਜ਼ੇ ਲਾ ਰਹੇ ਹਨ—ਸਮੁੰਦਰੀ ਤਟ, ਰਿਹਾਇਸ਼ ਅਤੇ ਬੁਨਿਆਦੀ ਢਾਂਚੇ ਵਿੱਚ ਅਰਬਾਂ ਡਾਲਰ ਦੀ ਸੰਭਾਵਨਾ ਮੰਨਕੇ। ਇੱਕ ਇਜ਼ਰਾਈਲੀ ਅਰਬਪਤੀ ਨੇ ਇਸਨੂੰ "ਨਵੀਂ ਮੈਡੀਟਰੇਨੀਅਨ ਰਿਵੀਏਰਾ" ਵਿੱਚ ਤਬਦੀਲ ਕਰਨ ਦੀ ਸਲਾਹ ਦਿੱਤੀ ਹੈ, ਜਿਸ ਵਿੱਚ ਸ਼ਾਨਦਾਰ ਹੋਟਲ ਅਤੇ ਬਨਾਉਟੀ ਟਾਪੂ ਸ਼ਾਮਲ ਹੋਣ। ਸੁਰੱਖਿਆ ਲਈ 20,000 ਅੰਤਰਰਾਸ਼ਟਰੀ ਸਿਪਾਹੀਆਂ ਦੀ ਤਾਇਨਾਤੀ ਦੀ ਯੋਜਨਾ ਹੈ, ਜਿਨ੍ਹਾਂ ਦਾ ਮੁੱਖ ਦਫ਼ਤਰ ਰਫ਼ਾਹ ਦੇ ਖੰਡਰਾਂ 'ਤੇ ਬਣੇ ਵਿਸ਼ਾਲ ਫ਼ੌਜੀ ਅੱਡੇ ਵਿੱਚ ਹੋਵੇਗਾ, ਨਾਲ ਹੀ 12,000 ਮੈਂਬਰਾਂ ਵਾਲੀ ਪੁਲਿਸ ਫ਼ੋਰਸ ਵੀ ਹੋਵੇਗੀ, ਜਿਸ ਵਿੱਚ ਹਮਾਸ ਵਿਰੋਧੀ ਹਥਿਆਰਬੰਦ ਗਰੁੱਪਾਂ ਨੂੰ ਸ਼ਾਮਲ ਕੀਤਾ ਜਾਣਾ ਹੈ।

ਇਹ ਮੁੜ-ਉਸਾਰੀ ਨਹੀਂ, ਸਗੋਂ ਰੀਅਲ ਇਸਟੇਟ ਸੱਟੇਬਾਜ਼ੀ ਹੈ—ਆਤਮ-ਨਿਰਣੇ ਤੋਂ ਬਿਨਾਂ 'ਸ਼ਾਂਤੀ'। ਗਾਜ਼ਾ ਨੂੰ ਮੁੜ-ਉਸਾਰੀ ਦੇ ਰੂਪ 'ਚ ਮੁਨਾਫ਼ਿਆਂ ਦੀ ਖਾਣ ਤੋਂ ਵੀ ਅੱਗੇ ਮੱਧ ਪੂਰਬ ਦੇ ਊਰਜਾ ਸਰੋਤਾਂ ਅਤੇ ਵਪਾਰਕ ਮਾਰਗਾਂ 'ਤੇ ਕੰਟਰੋਲ ਦੇ ਯੁੱਧਨੀਤਕ ਕੇਂਦਰ ਵਜੋਂ ਦੇਖਿਆ ਜਾ ਰਿਹਾ ਹੈ, ਖ਼ਾਸ ਕਰਕੇ ਜਦੋਂ ਚੀਨ ਨਾਲ ਮੁਕਾਬਲਾ ਤੇਜ਼ ਹੋ ਰਿਹਾ ਹੈ। ਆਪਣੇ ਸਾਮਰਾਜੀ ਸ਼ਰੀਕਾਂ ਨਾਲ ਖਹਿਭੇੜ ਨੂੰ ਮੈਨੇਜ ਕਰਨ ਦਾ ਇਕ ਜ਼ਰੀਆ ਇਹ ਮੰਚ ਅਮਰੀਕੀ ਚੌਧਰ ਦੇ ਨਵੇਂ ਸਿਰਿਓਂ ਪੁਨਰਗਠਨ ਦਾ ਸਾਧਨ ਵਧੇਰੇ ਹੈ।

ਟਰੰਪ ਜਾਂ ਨੇਤਨਯਾਹੂ ਵਰਗੇ ਵਿਅਕਤੀਆਂ ਤੋਂ ਅੱਗੇ ਸਾਮਰਾਜੀ ਖਹਿਭੇੜ, ਨਹੱਕੇ ਯੁੱਧਾਂ ਅਤੇ ਤਬਾਹੀ ਤੋਂ ਮੁਨਾਫ਼ੇ ਕਮਾਉਣ ਵਾਲੇ ਫ਼ੌਜੀ-ਸਨਅਤੀ ਢਾਂਚੇ ਅਤੇ ਇਸ ਦੇ ਹਥਿਆਰਾਂ ਤੇ ਸਾਮਰਾਜੀ ਸਰਮਾਏ ਲਈ ਨਵੀਆਂ ਮੰਡੀਆਂ ਲੱਭਣ ਅਤੇ ਪੈਦਾ ਕਰਨ ਦੇ ਪੂਰੇ ਮਾਨਵਤਾ ਵਿਰੋਧੀ ਢਾਂਚੇ ਨੂੰ ਸਮਝਣਾ ਜ਼ਰੂਰੀ ਹੈ। ਹਥਿਆਰ ਵਿਕਰੀ, ਮੁੜ-ਉਸਾਰੀ ਦੇ ਠੇਕੇ, ਊਰਜਾ ਮਾਰਗ ਅਤੇ ਫ਼ੌਜੀ ਅੱਡੇ—ਇਹ ਸਭ ਇਸੇ ਦੇ ਹਿੱਸੇ ਹਨ ਅਤੇ ਕਥਿਤ ਸਿਖ਼ਰ ਸੰਮੇਲਨ ਇਸ ਮਾਨਵਤਾ ਵਿਰੋਧੀ ਮਨੋਰਥ ਖ਼ਾਤਰ ਆਪਸੀ ਸੌਦੇਬਾਜ਼ੀ ਦੇ ਮੰਚ ਹਨ। ਗਾਜ਼ਾ, ਤੇਲ ਅਵੀਵ, ਡਿਟਰੋਇਟ ਜਾਂ ਤੇਹਰਾਨ—ਹਰ ਥਾਂ ਲੋਕਾਂ ਨੂੰ ਸਾਮਰਾਜੀ ਸਾਜ਼ਿਸ਼ਾਂ ਦਾ ਮੁੱਲ ਤਾਰਨਾ ਪੈ ਰਿਹੈ। ਸ਼ਾਂਤੀਪਸੰਦ ਨਾਗਰਿਕਾਂ ਦੇ ਟੈਕਸਾਂ ਦੇ ਪੈਸੇ ਨਾਲ ਇਹ ਸਭ ਲੋਕਤੰਤਰ ਦੀ ਰਾਖੀ, ਮਾਨਵਤਾ ਦੀ ਸੁਰੱਖਿਆ ਦੇ ਨਾਂ 'ਤੇ ਕੀਤਾ ਜਾ ਰਿਹੈ।

ਫ਼ਲਸਤੀਨੀ, ਇਜ਼ਰਾਈਲੀ ਅਤੇ ਦੁਨੀਆ ਭਰ ਦੇ ਲੋਕਾਂ ਦਾ ਭਵਿੱਖ ਅਜਿਹੇ ਸਾਮਰਾਜੀ ਯੁੱਧਬਾਜ਼ ਠੱਗਾਂ ਦੇ ਮੰਚਾਂ ਤੇ ਰੀਅਲ ਇਸਟੇਟ ਗਿਰਝਾਂ ਦੀਆਂ ਯੋਜਨਾਵਾਂ ਤੋਂ ਮੁਕੰਮਲ ਮੁਕਤੀ ਦੀ ਲੋੜ ਬਾਰੇ ਚੇਤਨਾ 'ਚੋਂ ਉਪਜੇ ਅੰਦੋਲਨਾਂ ਨਾਲ ਹੀ ਮਹਿਫ਼ੂਜ਼ ਹੋ ਸਕਦਾ ਹੈ ਜੋ ਫ਼ੌਜੀਕਰਨ, ਸਾਮਰਾਜੀ ਮੁਕਾਬਲੇਬਾਜ਼ੀ ਅਤੇ ਤਬਾਹੀ ਤੋਂ ਲਾਭ ਕਮਾਉਣ ਵਾਲੇ ਢਾਂਚਿਆਂ ਬਾਰੇ ਲੋਕਾਈ ਦੀ ਸਮਝ ਬਣਾਉਣ ਅਤੇ ਇਸ ਨੂੰ ਬਦਲਣ ਦਾ ਰਾਹ ਅਖ਼ਤਿਆਰ ਕਰਨ।

**- ਸੰਪਾਦਕੀ ਬੋਰਡ**















# ਰਜਿਸਟਰਡ ਡਿਸਏਬਿਲਟੀ ਸੇਵਿੰਗ ਪਲਾਨ (RDSP)

(ਦੇਖੋ ਸਫ਼ਾ 39 'ਤੇ)

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸੁਣਨ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st Location : 124-4774 Westwinds Drive NE Calgary, Alberta
Email : westwinds@careine.ca
2nd Location : 2110-4250 109 Ave NE, Calgary, AB (The Port Plaza)
3rd Location : 45-250 Carrington Blvd NW Calgary, AB, T3P OC7
Phone : 403-605-6300 | Fax : 403-536-4057
Email : calgary@careinc.ca

16 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈੱਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

AAXEL
INSURANCE BROKERS LTD.
Harcharan Parhar
403-614-1797
harcharan.parhar@aaxelinsurance.com
Auto·Home·Business Insurance
✓ Commercial Auto & Trucking
✓ Commercial Property
✓ Rental Property
✓ Tenant Insurance
✓ General Liability
✓ Builder's Risk
✓ Special Event, Shows, Parties Liability
403-614-1797 | harcharan.parhar@aaxelinsurance.com
#3256, 4310-104 Ave NE, Calgary AB T3N 1W1 | www.aaxelinsurance.com

Call Romi Sidhu For Insurance & Financial Needs




StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

| | | |
|---|---|---|
| * HOME | * DISABILITY | * VEHICLE FINANCE |
| * AUTO | * RRSV | * CRITICAL ILLNESS |
| * LIFE | * RESP | * MUTUAL FUNDS |

Romi Sidhu, Agent
P02720CN



ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
Specialist in :
• Built Garage
• Garage Door Opener & Install
• New Garage Door
• Repair Old Garage Door
• Roofing, Fence, Deck
• New Houses Framing
• Old House Extension & any other add on construction Work
www.hmphome.com

HMP Custom Cabinets Ltd.
Specialist in :



Custom Kitchen, Bars, Washroom Vanity, Custom Bedroom Closet & All Commercial Mill Work
Free Estimate Paul Sekhon : 403-701-4947
Bay 11 2316 27 Ave. NE, Calgary



Harpinder Sidhu INSURANCE EXPERT
Punjab Insurance Inc
SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

SAROKARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Managing Director
Devinder Toor, Toronto
416-902-9372
ppapmg@gmail.com

Chief Editor
Harbans Singh
416-817-7142
ppapmg@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

Literary Advisor
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com

Honorary Advisory Board
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

Graphic Desinger
Baljinder Singh Waraich
+91-92167-29598
akashdeep.1064@gmail.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5





Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla BSc.Pharm
#1150, 4818 Westwindus Drive NE. Calgary
403-293-9360
Satvachan Lal B.Sc.Pharm








For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE REALTOR
REAL ESTATE BOARD
Taranjit "T. J." Mand
Real Estate Associate
Max Value Reality Ltd.






SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਭਾਰਤ-ਅਮਰੀਕਾ ਵਪਾਰ ਸਮਝੌਤਾ: ਅਮਰੀਕੀ ਸਾਮਰਾਜੀਆਂ ਦੇ ਪੈਰਾਂ 'ਚ ਵਿਛੀ ਭਗਵਾ ਹਕੂਮਤ



ਬੂਟਾ ਸਿੰਘ
ਮਹਿਮੂਦਪੁਰ
94634-74342

*ਭਾਰਤ-ਅਮਰੀਕਾ ਅੰਤਿਰਮ ਸਮਝੌਤੇ ਦਾ ਚੌਖਟਾ ਸਿਆਹੀ ਸੁੱਕਣ ਤੋਂ ਪਹਿਲਾਂ ਹੀ ਵਿਵਾਦਾਂ ਵਿਚ ਘਿਰ ਗਿਆ ਹੈ। ਭਾਰਤ ਅਤੇ ਅਮਰੀਕੀ ਸਰਕਾਰਾਂ ਦੇ ਵੱਖੋ-ਵੱਖਰੇ ਦਾਅਵੇ ਬੁਝਾਰਤ ਨੂੰ ਹੋਰ ਰਹੱਸਮਈ ਬਣਾ ਰਹੇ ਹਨ। ਕੀ ਟਰੰਪ ਸਰਕਾਰ ਆਪਣੀ ਮਰਜ਼ੀ ਪੁਗਾਉਣ ਵਿਚ ਸਫ਼ਲ ਹੋ ਗਈ ਹੈ ਜਾਂ ਭਾਰਤ ਦੀ ਮੋਦੀ ਸਰਕਾਰ ਦਾ ਆਪਣੇ ਮੁਲਕ ਦੇ ਆਰਥਕ ਹਿਤਾਂ ਨੂੰ ਬਚਾਉਣ ਦੇ ਦਾਅਵੇ 'ਚ ਕੋਈ ਦਮ ਹੈ? ਖੇਤੀ ਖੇਤਰ ਨੂੰ ਲੈ ਕੇ ਕਿਸਾਨਾਂ ਤੇ ਹੋਰ ਖੇਤੀ ਉਤਪਾਦਕਾਂ ਦੇ ਕੀ ਖ਼ਦਸ਼ੇ ਹਨ, ਇਨ੍ਹਾਂ ਸਵਾਲਾਂ ਦੀ ਚਰਚਾ ਇਸ ਟਿੱਪਣੀ ਵਿਚ ਕੀਤੀ ਗਈ ਹੈ। -ਸੰਪਾਦਕ]*

ਪਿਛਲੇ ਦਿਨੀਂ ਭਾਜਪਾ ਸਰਕਾਰ ਨੇ ਯੂਰਪੀ ਯੂਨੀਅਨ ਨਾਲ "ਮੁਕਤ ਵਪਾਰ ਸਮਝੌਤਾ" ਕਰਕੇ ਅਤੇ ਫਿਰ ਵਪਾਰ ਚੌਖਟੇ ਦੇ ਨਾਂ ਹੇਠ ਟਰੰਪ ਸਰਕਾਰ ਅੱਗੇ ਗੋਡੇ ਟੇਕਕੇ ਨਵਾਂ ਵਿਵਾਦ ਸਹੇੜ ਲਿਆ ਹੈ। ਸਮਝੌਤੇ ਦੇ ਚੌਖਟੇ ਬਾਰੇ ਭਾਰਤ ਸਰਕਾਰ ਦੇ ਨੁਮਾਇੰਦਿਆਂ ਅਤੇ ਟਰੰਪ ਸਮੇਤ ਅਮਰੀਕੀ ਅਧਿਕਾਰੀਆਂ ਵੱਲੋਂ ਜੋ ਬਿਲਕੁਲ ਹੀ ਵੱਖੋ-ਵੱਖਰੇ ਦਾਅਵੇ ਕੀਤੇ ਜਾ ਰਹੇ ਹਨ ਉਨ੍ਹਾਂ ਵਿਚਲੇ ਉੱਘੜਵੇਂ ਆਪਾ-ਵਿਰੋਧ ਸਰਕਾਰ ਦੇ ਝੂਠ ਦੀ ਪੋਲ ਖੋਲ੍ਹ ਦਿੰਦੇ ਹਨ। ਭਾਰਤ ਦਾ ਵਣਜ ਮੰਤਰੀ ਪਿਯੂਸ਼ ਗੋਇਲ ਸਮਝੌਤੇ ਵਿਚ ਭਾਰਤ ਦੇ ਖੇਤੀ ਹਿਤਾਂ ਨੂੰ ਸੁਰੱਖਿਅਤ ਰੱਖਣ ਅਤੇ ਹੋਰ ਏਸ਼ੀਆਈ ਮੁਲਕਾਂ ਨਾਲੋਂ ਬਿਹਤਰ ਸਮਝੌਤਾ ਕਰਨ 'ਚ ਕਾਮਯਾਬ ਹੋਣ ਦੀਆਂ ਯਕੀਨ-ਦਹਾਨੀਆਂ ਦੇ ਰਿਹਾ ਹੈ। ਉੱਧਰ ਅਮਰੀਕਾ ਦੀ ਖੇਤੀ ਮੰਤਰੀ ਅਮਰੀਕੀ ਫਾਰਮਰਾਂ ਲਈ ਭਾਰਤੀ ਖੇਤੀ ਮੰਡੀ ਖੁੱਲ੍ਹਵਾਉਣ ਲਈ ਟਰੰਪ ਦਾ ਧੰਨਵਾਦ ਕਰ ਰਹੀ ਹੈ। ਟਰੰਪ ਸਰਕਾਰ ਨੂੰ ਤਾਂ ਇਹ ਵੀ ਪ੍ਰਵਾਹ ਨਹੀਂ ਹੈ ਕਿ ਰਸਮੀਂ ਐਲਾਨ ਕਰਦੇ ਸਮੇਂ ਭਾਰਤੀ ਹੁਕਮਰਾਨਾਂ ਦੀ ਹੋਣ ਵਾਲੀ ਬੇਪ੍ਰਤੀਤੀ ਦਾ ਹੀ ਲਿਹਾਜ਼ ਕਰ ਲਿਆ ਜਾਵੇ। ਟਰੰਪ ਅਕਸਰ ਹੀ ਆਪਣੀ ਜਿੱਤ ਦਾ ਡੰਕਾ ਵਜਾ ਕੇ 'ਵਿਸ਼ਵ ਗੁਰੂ' ਦੀ ਅਧੀਨ ਹੈਸੀਅਤ ਦੀ ਖਿੱਲੀ ਉਡਾਉਂਦਾ ਦੇਖਿਆ ਜਾ ਸਕਦਾ ਹੈ। ਮੋਦੀ ਵਜ਼ਾਰਤ ਪੂਰੇ ਸਮਝੌਤੇ ਦੇ ਵੇਰਵੇ ਸਪਸ਼ਟ ਕਰਨ ਦੀ ਬਜਾਏ ਇਸ ਉੱਪਰ ਝੂਠੀਆਂ ਯਕੀਨ-ਦਹਾਨੀਆਂ ਰਾਹੀਂ ਪਰਦਾ ਪਾਉਣ 'ਚ ਜੁੱਟੀ ਹੋਈ ਹੈ। ਜਿਸਨੇ ਇਹ ਸ਼ੱਕ ਪੱਕਾ ਕਰ ਦਿੱਤਾ ਹੈ ਕਿ ਭਗਵਾ ਹਕੂਮਤ ਨੇ ਟਰੰਪ ਦੇ ਪੈਰਾਂ ਵਿਚ ਵਿਛਕੇ ਭਾਰਤ ਦੇ ਹਿਤ ਪੂਰੀ ਤਰ੍ਹਾਂ ਅਮਰੀਕੀ ਸਾਮਰਾਜੀਆਂ ਕੋਲ ਵੇਚ ਦਿੱਤੇ ਹਨ। ਸੰਯੁਕਤ ਕਿਸਾਨ ਮੋਰਚੇ ਦਾ ਕਹਿਣਾ ਹੈ ਕਿ ਅੰਤਿ ?ਰਮ ਸਮਝੌਤੇ ਦਾ ਚੌਖਟਾ ਅਮਰੀਕੀ ਖੇਤੀ ਖੇਤਰ ਦੀਆਂ ਅਜਾਰੇਦਾਰ ਕੰਪਨੀਆਂ ਸਾਹਮਣੇ ਪੂਰਨ 'ਆਤਮ-ਸਮਰਪਣ' ਹੈ।

ਇਹ ਹਕੀਕਤ ਕਿਸੇ ਤੋਂ ਲੁਕੀ-ਛਿਪੀ ਨਹੀਂ ਹੈ ਕਿ ਮੋਦੀ ਦੇ 'ਪਿਆਰੇ ਮਿੱਤਰ' ਟਰੰਪ ਨੇ ਪਿਛਲੇ ਸਮੇਂ ਤੋਂ ਸਰੇਆਮ ਮੋਦੀ ਸਰਕਾਰ ਦੀ ਕਈ ਤਰ੍ਹਾਂ ਦੇ ਦਬਾਵਾਂ ਨਾਲ ਘੇਰਾਬੰਦੀ ਕੀਤੀ ਹੋਈ ਸੀ। ਆਰਐੱਸਐੱਸ-ਭਾਜਪਾ ਜਿਸ ਕਦਰ ਘੋਰ ਸਾਮਰਾਜਪ੍ਰਸਤ ਹੈ ਅਤੇ ਟਰੰਪ ਪ੍ਰਸ਼ਾਸਨ ਮੌਜੂਦਾ ਸੰਸਾਰ ਹਾਲਾਤ ਵਿਚ ਜਿੰਨਾ ਹਮਲਾਵਰ ਹੋ ਕੇ ਚੱਲ ਰਿਹਾ ਹੈ, ਅਜਿਹੀ ਹਾਲਤ 'ਚ ਭਗਵਾ ਹਕੂਮਤ ਦਾ ਆਪਣੀ ਖ਼ਸਲਤ ਅਨੁਸਾਰ ਆਖਿਰਕਾਰ ਟਰੰਪ ਅੱਗੇ ਗੋਡੇ ਟੇਕਕੇ ਹੀ ਖਹਿੜਾ ਛੁੱਟਣਾ ਸੀ। ਸ਼ੁਰੂ ਤੋਂ ਹੀ ਸਪਸ਼ਟ ਆਸਾਰ ਸਨ ਕਿ ਟਰੰਪ ਨੇ ਦਬਾਅ ਪਾ ਕੇ ਆਪਣੀ ਪਸੰਦ ਦਾ 'ਸਮਝੌਤਾ' ਥੋਪਕੇ ਹੀ ਰੁਕਣਾ ਹੈ, ਬਸ ਇਹ ਦੇਖਣਾ ਬਾਕੀ ਸੀ ਕਿ ਮੋਦੀ ਵਜ਼ਾਰਤ ਲੇਲੜੀਆਂ ਕੱਢਕੇ ਇਸ ਦੌਰਾਨ ਕਿੰਨੀਆਂ ਕੁ ਛੋਟਾਂ ਲੈਣ 'ਚ ਕਾਮਯਾਬ ਹੋ ਜਾਂਦੀ ਹੈ।

ਟਰੰਪ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਨੇ ਜ਼ੀਰੋ ਟੈਰਿਫ਼ ਤਹਿਤ ਖੇਤੀ ਉਪਜਾਂ ਸਮੇਤ ਅਮਰੀਕੀ ਵਸਤਾਂ ਲਈ ਆਪਣੀ ਮੰਡੀ ਅਮਰੀਕੀ ਕਾਰੋਬਾਰ ਲਈ ਖੋਲ੍ਹ ਦਿੱਤੀ ਹੈ। ਅਮਰੀਕਾ ਦੀ ਖੇਤੀ ਮੰਤਰੀ ਬਰੁਕ ਰੋਲਿਨਜ਼ ਦਾ ਟਰੰਪ ਦਾ ਅਮਰੀਕੀ ਫਾਰਮਰਾਂ ਲਈ ਭਾਰਤੀ ਮੰਡੀ ਖੁੱਲ੍ਹਵਾਉਣ ਲਈ ਧੰਨਵਾਦ ਕਰਨਾ ਆਪਣੇ ਆਪ ਵਿਚ ਹੀ ਸਮਝੌਤੇ ਬਾਰੇ ਬਹੁਤ ਵੱਡਾ ਖ਼ੁਲਾਸਾ ਹੈ। ਉਸਦਾ ਕਹਿਣਾ ਹੈ ਕਿ ਭਾਰਤ ਵੱਲੋਂ ਆਪਣਾ ਖੇਤੀਬਾੜੀ ਖੇਤਰ ਖੋਲ੍ਹੇ ਜਾਣ ਦੀ ਪੇਸ਼ਕਸ਼ ਕੀਤੇ ਜਾਣ ਨਾਲ ਅਮਰੀਕਾ ਨੂੰ ਖੇਤੀਬਾੜੀ ਖੇਤਰ ਵਿਚ ਆਪਣਾ 1.3 ਅਰਬ ਡਾਲਰ ਦਾ ਵਪਾਰ ਘਾਟਾ ਦੂਰ ਕਰਨ ਵਿਚ ਮੱਦਦ ਮਿਲੇਗੀ। ਅੰਕੜਿਆਂ ਅਨੁਸਾਰ ਇਸ ਸਮੇਂ ਭਾਰਤ ਦਾ ਅਮਰੀਕਾ ਨਾਲ 130 ਕਰੋੜ ਡਾਲਰ ਦੇ ਕਰੀਬ ਦੋਪਾਸੜ ਵਪਾਰ ਚੱਲ ਰਿਹਾ ਹੈ। ਭਾਰਤ ਅਮਰੀਕਾ ਨੂੰ ਲੱਗਭੱਗ 85 ਅਰਬ ਡਾਲਰ ਨਿਰਯਾਤ ਕਰਦਾ ਹੈ ਅਤੇ ਅਮਰੀਕਾ ਤੋਂ 40 ਅਰਬ ਡਾਲਰ ਦਾ ਆਯਾਤ ਹੁੰਦਾ ਹੈ। ਭਾਰਤ ਦਾ ਇਹ 45 ਕਰੋੜ ਡਾਲਰ ਵਪਾਰ ਵਾਫ਼ਰ ਟਰੰਪ ਦੇ ਸਿੱਧਾ ਨਿਸ਼ਾਨੇ 'ਤੇ ਸੀ। ਇਸੇ ਕਰਕੇ ਉਸ ਵੱਲੋਂ ਭਾਰਤ ਵੱਲੋਂ ਲਾਗੂ ਟੈਰਿਫ਼ ਅਤੇ ਗ਼ੈਰਟੈਰਿਫ਼ ਦਰਾਂ ਨੂੰ ਨਜਾਇਜ਼ ਕਰਾਰ ਦੇ ਕੇ ਵਾਰ-ਵਾਰ ਨਿਸ਼ਾਨਾ ਬਣਾਇਆ ਜਾ ਰਿਹਾ ਸੀ ਜੋ ਅਮਰੀਕੀ ਵਪਾਰ ਵਿਚ ਅੜਿੱਕਾ ਬਣਦੇ ਸਨ।

ਪਿਛਲੇ ਇਕ ਸਾਲ ਤੋਂ ਚੱਲ ਰਿਹਾ ਕਥਿਤ ਸਮਝੌਤਾ ਵਾਰਤਾ ਦਾ ਅਮਲ ਨਾ ਤਾਂ ਦਬਾਅ-ਮੁਕਤ ਸੀ, ਨਾ ਕੋਈ ਦੁਵੱਲੀਆਂ ਰਿਆਇਤਾਂ ਦਾ ਆਦਾਨ-ਪ੍ਰਦਾਨ ਹੋਇਆ, ਨਾ ਅਜਿਹਾ ਕੋਈ ਭਰਵਾਂ ਸਮਝੌਤਾ ਸਹੀਬੰਦ ਹੋਇਆ ਜੋ ਦੋਹਾਂ ਮੁਲਕਾਂ ਦੇ ਹਿਤਾਂ ਦੀ ਨੁਮਾਇੰਦਗੀ ਕਰਦਾ ਹੋਵੇ। ਇਸਦੀ ਬਜਾਏ ਬਾਂਹ ਮਰੋੜ ਟੈਰਿਫ਼ਾਂ ਦੇ ਦਬਾਅ ਹੇਠ ਵਾਰਤਾਵਾਂ ਦੇ ਅਮਲ ਵਿੱਚੋਂ ਜੋ ਚੌਖਟਾ ਨਿਕਲਿਆ ਉਹ ਭਾਰਤ ਦੀ ਪਹਿਲਾਂ ਹੀ ਅਧੀਨ ਆਰਥਕ ਹੈਸੀਅਤ ਦੀ ਹੋਰ ਜ਼ਿਆਦਾ ਘੇਰਾਬੰਦੀ ਕਰਨ ਵਾਲਾ ਅਤੇ ਇਸ ਦੀਆਂ ਮੰਡੀਆਂ, ਖ਼ਰੀਦਦਾਰੀ ਪ੍ਰਬੰਧ ਅਤੇ ਊਰਜਾ ਸਰੋਤਾਂ ਦੀ ਚੋਣ ਨੂੰ ਅਮਰੀਕੀ ਯੁੱਧਨੀਤਕ ਹਿਤਾਂ ਅਨੁਸਾਰ ਢਾਲਣ ਵਾਲਾ ਹੈ। ਇਹ ਆਜ਼ਾਦ ਹੈਸੀਅਤ 'ਚ ਆਪਣੇ ਹਿਤ ਸੁਰੱਖਿਅਤ ਰੱਖਦੇ ਹੋਏ ਆਲਮੀ ਆਰਥਕ ਅਮਲ ਨਾਲ ਜੁੜਨਾ ਨਹੀਂ ਸਗੋਂ ਸਖ਼ਤ ਸਾਮਰਾਜੀ ਦਬਾਅ ਹੇਠ ਭਾਰਤ ਦੇ ਆਰਥਕ ਹਿਤਾਂ ਦੀ ਬਲੀ ਦੇਣਾ ਹੈ। ਲਿਹਾਜ਼ਾ, ਇਹ ਕਿਸੇ ਵੀ ਪੱਖੋਂ ਦੁਵੱਲਾ "ਮੁਕਤ ਵਪਾਰ ਸਮਝੌਤਾ" ਨਹੀਂ ਹੈ।

ਅਪ੍ਰੈਲ 2025 'ਚ ਟਰੰਪ ਦੀ ਅਗਵਾਈ ਹੇਠ ਅਮਰੀਕਾ ਨੇ ਭਾਰਤੀ ਨਿਰਯਾਤ ਉੱਪਰ ਕਥਿਤ "ਪਰਸਪਰ ਟੈਰਿਫ਼ ਪ੍ਰਣਾਲੀ" ਦੇ ਨਾਂ ਹੇਠ ਇਕਤਰਫ਼ਾ ਪ੍ਰਣਾਲੀ ਥੋਪੀ। ਇਹ ਨਾ ਤਾਂ ਡਬਲਯੂਟੀਓ ਦੇ ਤਹਿਤ ਕਿਸੇ ਬਹੁਧਿਰੀ ਪ੍ਰਕਿਰਿਆ ਦਾ ਸਿੱਟਾ ਸੀ ਅਤੇ ਨਾ ਹੀ ਦੁਵੱਲੀਆਂ ਵਾਰਤਾਵਾਂ ਚੋਂ ਨਿਕਲਿਆ ਸੀ। ਇਹ ਨਿਰੋਲ ਧੌਂਸਬਾਜ਼ ਕਾਰਵਾਈ ਸੀ। ਭਾਰਤੀ ਉਤਪਾਦਾਂ ਦੀ ਵਸੀਹ ਲੜੀ ਉੱਪਰ 25-27 ਪ੍ਰਤੀਸ਼ਤ ਟੈਰਿਫ਼ ਲਗਾਏ ਗਏ। ਫਿਰ, ਭਾਰਤ ਵੱਲੋਂ ਰੂਸ ਤੋਂ ਤੇਲ ਖ਼ਰੀਦਕੇ ਯੁੱਧ ਦੀ ਮੱਦਦ ਕਰਨ ਦੇ ਬਹਾਨੇ ਹੋਰ ਸਜ਼ਾ-ਦੇਊ ਟੈਰਿਫ਼ ਜੋੜ ਦਿੱਤੇ ਗਏ। ਅਮਰੀਕਾ ਵਿਚ ਭਾਰਤੀ ਨਿਰਯਾਤ ਵਸਤਾਂ ਉੱਪਰ ਜੋ ਔਸਤ ਟੈਰਿਫ਼ ਦਰਾਂ ਲੱਗਭੱਗ 2.5 ਪ੍ਰਤੀਸ਼ਤ ਸਨ, ਉਹ ਟਰੰਪ ਦੀ ਸਰਕਾਰ ਹੇਠ 50 ਪ੍ਰਤੀਸ਼ਤ ਤੱਕ ਜਾ ਪਹੁੰਚੀਆਂ। ਕੱਪੜਾ ਵਸਤਾਂ, ਤਿਆਰ ਕੱਪੜੇ, ਚਮੜਾ, ਰਤਨ ਤੇ ਗਹਿਣੇ, ਇੰਜੀਨੀਅਰਿੰਗ ਦਾ ਸਮਾਨ, ਆਟੋ ਪੁਰਜ਼ੇ ਉਤਪਾਦਨ ਦੇ ਖੇਤਰਾਂ ਉੱਪਰ ਇਸ ਹਮਲੇ ਦੀ ਸਖ਼ਤ ਮਾਰ ਪਈ। ਜੋ ਭਾਰਤ ਦੀ ਨਿਰਯਾਤ ਆਰਥਿਕਤਾ ਦੀ ਰੀੜ੍ਹ ਹਨ ਅਤੇ ਇਨ੍ਹਾਂ ਵਿੱਚ ਲੱਖਾਂ ਮਜ਼ਦੂਰਾਂ ਨੂੰ ਰੁਜ਼ਗਾਰ ਮਿਲਦਾ ਹੈ। ਮੋਦੀ ਵਜ਼ਾਰਤ ਦਾਅਵਾ ਕਰ ਰਹੀ ਹੈ ਕਿ ਟੈਰਿਫ਼ 50ਪ੍ਰਤੀਸ਼ਤ ਤੋਂ ਘਟ ਕੇ 18% ਹੋ ਗਿਆ ਹੈ। ਦੂਜੇ ਪਾਸੇ, ਅਮਰੀਕੀ ਖੇਤੀ ਉਤਪਾਦਾਂ ਉੱਪਰ ਭਾਰਤ ਦਾ ਟੈਰਿਫ਼, ਜੋ 30%ਤੋਂ ਲੈ ਕੇ 150% ਸੀ, ਹੁਣ ਜ਼ੀਰੋ ਹੋ ਗਿਆ ਹੈ। ਅਮਰੀਕਾ ਭਾਰਤੀ ਵਸਤਾਂ ਉੱਪਰ 18% ਟੈਰਿਫ਼ ਲਗਾਏਗਾ ਪਰ ਭਾਰਤ ਅਮਰੀਕੀ ਵਸਤਾਂ ਉੱਪਰ 0%, ਫਿਰ ਵੀ, ਮੋਦੀ ਵਜ਼ਾਰਤ ਕਹਿ ਰਹੀ ਹੈ ਕਿ ਇਹ ਟੈਰਿਫ਼ 'ਸੌਦਾ' ਬਹੁਤ ਵੱਡੀ ਪ੍ਰਾਪਤੀ ਹੈ!

ਟਰੰਪ ਵਿਰੁੱਧ ਡੱਟਣ ਦੀ ਬਜਾਏ ਆਪਣੀ ਸਾਮਰਾਜਪ੍ਰਸਤ ਖ਼ਸਲਤ ਅਨੁਸਾਰ ਭਾਜਪਾ ਸਰਕਾਰ ਨੇ "ਤਣਾਅ ਘਟਾਉਣ"ਦੇ ਨਾਂ ਹੇਠ ਟਰੰਪ ਨੂੰ ਖ਼ੁਸ਼ ਕਰਦੇ ਹੋਏ ਕੁਝ ਲੈ-ਦੇ ਕਰਨ ਦਾ ਰਾਹ ਫੜਿਆ। ਇਸੇ ਦੀ ਉਪਜ ਉਪਰੋਕਤ ਵਪਾਰ ਚੌਖਟਾ ਹੈ।

ਮੁਲਕ ਦੇ ਹਿਤਾਂ ਨੂੰ ਲੈ ਕੇ ਫ਼ਿਕਰਮੰਦ ਚਿੰਤਕ ਅਤੇ ਕਿਸਾਨ ਜਥੇਬੰਦੀਆਂ ਤਿੰਨ ਖੇਤੀ ਕਾਨੂੰਨ ਲਿਆਂਦੇ ਜਾਣ ਦੇ ਸਮੇਂ ਤੋਂ ਹੀ ਲਗਾਤਾਰ ਕਹਿ ਰਹੇ ਹਨ ਆਰਐੱਸਐੱਸ-ਭਾਜਪਾ ਦੀ ਨੀਤੀ ਵਿਸ਼ਾਲ ਭਾਰਤੀ ਖੇਤੀਬਾੜੀ ਮੰਡੀ ਨੂੰ ਸਾਮਰਾਜੀ ਕਾਰਪੋਰੇਟ ਸਰਮਾਏ ਲਈ ਬੇਹਯਾਈ ਨਾਲ ਖੋਲ੍ਹਣ ਦੀ ਹੈ। ਲਿਹਾਜ਼ਾ, ਇਹ ਦੇਖਣਾ ਖ਼ਾਸ ਤੌਰ 'ਤੇ ਜ਼ਰੂਰੀ ਹੈ ਕਿ ਉਪਰੋਕਤ ਵਪਾਰ ਚੌਖਟੇ ਵਿਚ ਖੇਤੀਬਾੜੀ ਖੇਤਰ ਸੰਬੰਧੀ ਕੀ-ਕੀ ਤੈਅ ਕੀਤਾ ਗਿਆ ਹੈ। ਇਸ ਸਮਝੌਤੇ ਦੇ ਤਹਿਤ ਖੇਤੀਬਾੜੀ ਖੇਤਰ ਨੂੰ ਖੋਲ੍ਹ ਕੇ ਅਮਰੀਕਾ ਨੂੰ ਕੀ ਦਿੱਤਾ ਗਿਆ ਹੈ ਅਤੇ ਭਾਰਤ ਦੇ ਕਿਸਾਨਾਂ ਤੋਂ ਕੀ ਖੋਹ ਲਿਆ ਗਿਆ ਹੈ? ਅਮਰੀਕੀ ਅਧਿਕਾਰੀ ਖੇਤੀਬਾੜੀ ਨੂੰ ਲੈ ਕੇ ਅਮਰੀਕਾ ਦੀ ਜਿੱਤ ਨੂੰ ਲੈ ਕੇ ਐਨੇ ਬਾਗ਼ੋਬਾਗ਼ ਕਿਉਂ ਹਨ ਅਤੇ ਭਾਰਤੀ ਕਿਸਾਨ ਫ਼ਿਕਰਮੰਦ ਕਿਉਂ ਹਨ? ਕੀ ਇਹ ਭਾਰਤ ਦੇ ਹਿਤ ਵਿੱਚ ਹੈ ਜਾਂ ਅਮਰੀਕਾ ਸਾਮਰਾਜੀਆਂ ਦੇ?

ਭਾਰਤ-ਅਮਰੀਕਾ ਦਰਮਿਆਨ ਅੰਤਰਿਮ ਵਪਾਰ ਸਮਝੌਤੇ ਦੇ ਸਾਂਝੇ ਬਿਆਨ ਅਨੁਸਾਰ ਭਾਰਤ ਨੇ ਅਮਰੀਕਾ ਤੋਂ ਕੁਝ ਖੇਤੀਬਾੜੀ ਉਤਪਾਦਾਂ 'ਤੇ ਟੈਰਿਫ਼ ਘਟਾਉਣ ਜਾਂ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਸੰਵੇਦਨਸ਼ੀਲ ਚੀਜ਼ਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਗਿਆ ਹੈ।

ਦੀ ਇੰਡਿਅਨ ਐਕਸਪ੍ਰੈਸ ਦੀ ਰਿਪੋਰਟ ਦਾਅਵਾ ਕਰਦੀ ਹੈ ਕਿ ਭਾਰਤ ਨੇ ਅਮਰੀਕਾ ਤੋਂ ਸੋਇਆਬੀਨ, ਮੱਕੀ, ਈਂਧਨ ਲਈ ਇਥੈਨੋਲ, ਕਪਾਹ, ਡੇਅਰੀ ਉਤਪਾਦ ਅਤੇ ਪੋਲਟਰੀ ਉਤਪਾਦਾਂ ਦੇ ਆਯਾਤ ਲਈ ਆਪਣੀ ਮੰਡੀ ਨਹੀਂ ਖੋਲ੍ਹੀ ਹੈ। ਇਹ ਸਾਰੇ ਸੰਵੇਦਨਸ਼ੀਲ ਖੇਤਰ ਹਨ ਅਤੇ ਭਾਰਤੀ ਕਿਸਾਨਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਵਪਾਰ ਮੰਤਰੀ ਪਿਯੂਸ਼ ਗੋਇਲ ਦਾ ਕਹਿਣਾ ਹੈ ਕਿ ਜੀਐੱਮ (ਜੈਨੇਟਿਕਲੀ ਮੌਡੀਫਾਇਡ) ਫ਼ਸਲਾਂ, ਮੀਟ, ਪੋਲਟਰੀ, ਡੇਅਰੀ, ਮੱਕੀ, ਚੌਲ, ਕਣਕ, ਚੀਨੀ, ਬਾਜਰਾ ਆਦਿ 'ਤੇ ਕੋਈ ਛੋਟ ਨਹੀਂ ਦਿੱਤੀ ਗਈ ਹੈ। ਭਾਰਤ ਨੇ ਇਨ੍ਹਾਂ 'ਤੇ ਪੂਰੀ ਸੁਰੱਖਿਆ ਬਰਕਰਾਰ ਰੱਖੀ ਹੈ।

ਰਿਪੋਰਟਾਂ ਅਨੁਸਾਰ ਭਾਰਤ ਨੇ ਅਮਰੀਕਾ ਦੇ ਕੁਝ ਹੋਰ ਖੇਤੀਬਾੜੀ ਉਤਪਾਦਾਂ 'ਤੇ ਟੈਰਿਫ਼ ਖ਼ਤਮ ਕਰਨਾ ਜਾਂ ਘਟਾਉਣਾ ਮੰਨ ਲਿਆ ਹੈ। ਇਨ੍ਹਾਂ ਵਿੱਚ ਡਿਸਟਿਲਰਜ਼ ਡ ?ਰਾਈਡ ਗ੍ਰੇਨਜ਼ ਵਿਦ ਸਾਲਿਊਬਲਜ਼ (ਡੀਡੀਜੀਐੱਸ) ਵੀ ਸ਼ਾਮਲ ਹੈ। ਇਹ ਮੱਕੀ ਜਾਂ ਅਨਾਜ ਤੋਂ ਇਥੈਨੋਲ ਬਣਾਉਣ ਤੋਂ ਬਾਅਦ ਬਚਿਆ ਹੋਇਆ ਪ੍ਰੋਟੀਨ-ਭਰਪੂਰ ਚਾਰਾ ਹੁੰਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਸਰੋਂ ਜਾਂ ਸੋਇਆਬੀਨ ਤੋਂ ਤੇਲ ਕੱਢਣ ਤੋਂ ਬਾਅਦ ਬਚੀ ਪ੍ਰੋਟੀਨ ਵਾਲੀ ਖ਼ਲ। ਇਸਦਾ ਇਸਤੇਮਾਲ ਪਸ਼ੂਆਂ, ਪੋਲਟਰੀ ਜਾਂ ਮੱਛੀਆਂ ਦੇ ਚਾਰੇ ਵਜੋਂ ਕੀਤਾ ਜਾਂਦਾ ਹੈ।

ਸੋਇਆਬੀਨ ਤੇਲ, ਪਸ਼ੂ ਚਾਰੇ ਲਈ ਰੈੱਡ ਸੋਰਗਮ (ਲਾਲ ਜਵਾਰ), ਬਦਾਮ, ਅਖਰੋਟ, ਪਿਸਤਾ ਵਰਗੇ ਟਰੀ ਨਟਸ, ਤਾਜ਼ੇ ਅਤੇ ਪ੍ਰੋਸੈਸਡ ਫ਼ਲ, ਵਾਈਨ ਅਤੇ ਸਪਿਰਿਟਸ (ਸ਼ਰਾਬ) 'ਤੇ ਵੀ ਟੈਰਿਫ਼ ਖ਼ਤਮ ਕੀਤਾ ਗਿਆ ਹੈ। ਕੁਝ ਹੋਰ ਉਤਪਾਦ ਵੀ ਇਸ ਵਿੱਚ ਸ਼ਾਮਲ ਹਨ, ਜਿਨ੍ਹਾਂ ਬਾਰੇ ਹਾਲੇ ਸਪਸ਼ਟ ਜਾਣਕਾਰੀ ਨਹੀਂ ਦਿੱਤੀ ਗਈ।

ਕੁਝ ਮੀਡੀਆ ਰਿਪੋਰਟਾਂ ਨੇ ਮਾਹਿਰਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਇਹ ਉਤਪਾਦ ਭਾਰਤੀ ਕਿਸਾਨਾਂ ਲਈ ਵੱਡਾ ਖ਼ਤਰਾ ਨਹੀਂ ਬਣਦੇ, ਕਿਉਂਕਿ ਭਾਰਤ ਵਿੱਚ ਇਨ੍ਹਾਂ ਦੀ ਵੱਡੇ ਪੈਮਾਨੇ 'ਤੇ ਪੈਦਾਵਾਰ ਨਹੀਂ ਹੁੰਦੀ ਜਾਂ ਲੋੜ ਆਯਾਤ ਰਾਹੀਂ ਪੂਰੀ ਕੀਤੀ ਜਾਂਦੀ ਹੈ।

**ਕੀ ਡੀਡੀਜੀਐੱਸ ਨੁਕਸਾਨਦੇਹ ਹੈ?**

ਡੀਡੀਜੀਐੱਸ ਪੋਲਟਰੀ, ਡੇਅਰੀ ਫਾਰਮਾਂ ਅਤੇ ਮੱਛੀ ਪਾਲਣ ਵਿੱਚ ਵਰਤਿਆ ਜਾਣ ਵਾਲਾ ਸਸਤਾ ਪ੍ਰੋਟੀਨ ਸਰੋਤ ਹੈ। ਕਿਹਾ ਜਾ ਰਿਹਾ ਹੈ ਕਿ ਅਮਰੀਕਾ ਤੋਂ ਆਉਣ ਵਾਲਾ ਡੀਡੀਜੀਐੱਸ ਸਸਤਾ ਅਤੇ ਵਧੀਆ ਗੁਣਵੱਤਾ ਵਾਲਾ ਹੈ ਕਿਉਂਕਿ ਇਸ ਵਿੱਚ ਜ਼ਹਿਰੀਲਾ ਫੰਗਸ ਐਫਲਾਟੌਕਸਿਨ ਬਹੁਤ ਘੱਟ ਹੁੰਦਾ ਹੈ। ਭਾਰਤ ਵਿੱਚ ਬਣੇ ਡੀਡੀਜੀਐੱਸ ਵਿੱਚ ਇਹ 100-200 ਪੀਪੀਬੀ (ਪਾਰਟਸ ਪਰ ਬਿਲੀਅਨ) ਤੱਕ ਹੁੰਦਾ ਹੈ, ਜੋ ਬ੍ਰਾਇਲਰ ਚਿਕਨ ਅਤੇ ਡੇਅਰੀ ਲਈ ਢੁੱਕਵਾਂ ਨਹੀਂ ਹੈ, ਜਦਕਿ ਅਮਰੀਕੀ ਡੀਡੀਜੀਐੱਸ ਵਿੱਚ ਇਹ 20 ਪੀਪੀਬੀ ਤੋਂ ਘੱਟ ਹੁੰਦਾ ਹੈ, ਜੋ ਮਿਆਰੀ ਮੰਨਿਆ ਜਾਂਦਾ ਹੈ। ਇਸ ਆਧਾਰ 'ਤੇ ਕਿਹਾ ਜਾ ਰਿਹਾ ਹੈ ਕਿ ਇਸ ਨਾਲ ਪੋਲਟਰੀ, ਡੇਅਰੀ ਅਤੇ ਮੱਛੀ ਪਾਲਣ ਉਦਯੋਗ ਨੂੰ ਲਾਭ ਹੋਵੇਗਾ। ਸਸਤਾ ਅਤੇ ਚੰਗੀ ਗੁਣਵੱਤਾ ਵਾਲਾ ਚਾਰਾ ਮਿਲੇਗਾ, ਜਿਸ ਨਾਲ ਪੈਦਾਵਾਰ ਵਧਣ ਅਤੇ ਲਾਗਤ ਘਟਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਕਿਹਾ ਜਾ ਰਿਹਾ ਹੈ ਕਿ ਭਾਰਤ ਵਿੱਚ ਪਸ਼ੂ ਚਾਰੇ ਲਈ ਰੈੱਡ ਸੋਰਗਮ (ਲਾਲ ਜਵਾਰ) ਦੇ ਆਯਾਤ ਨਾਲ ਸਸਤਾ ਚਾਰਾ ਮੁਹੱਈਆ ਹੋਵੇਗਾ, ਜਿਸ ਨਾਲ ਪਸ਼ੂ ਪਾਲਣ ਨੂੰ ਲਾਭ ਹੋਵੇਗਾ। ਯਾਦ ਰਹੇ ਕਿ ਅਮਰੀਕਾ ਦੁਨੀਆ ਦਾ ਸਭ ਤੋਂ ਵੱਡਾ ਸੋਰਗਮ ਉਤਪਾਦਕ ਅਤੇ ਨਿਰਯਾਤ ਕਰਤਾ ਹੈ।

ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਇਸਦਾ ਨੁਕਸਾਨ ਸੋਇਆਬੀਨ ਕਿਸਾਨਾਂ ਅਤੇ ਪ੍ਰੋਸੈਸਰਾਂ ਨੂੰ ਹੋਵੇਗਾ। ਭਾਰਤ ਵਿੱਚ ਸੋਇਆਬੀਨ ਡੀਓਸੀ (ਸੋਇਆਬੀਨ ਬੀਜਾਂ ਵਿੱਚੋਂ ਤੇਲ ਕੱਢਣ ਤੋਂ ਬਾਅਦ ਬਚੀ ਖ਼ਲ) ਮਹਿੰਗੀ ਹੈ। ਇਹ 43-44 ਰੁਪਏ ਪ੍ਰਤੀ ਕਿਲੋਗ੍ਰਾਮ ਹੈ, ਜਦਕਿ ਡੀਡੀਜੀਐੱਸ 24-30 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਭਾਅ ਸਸਤਾ ਮਿਲਦਾ ਹੈ। ਜੇ ਡੀਡੀਜੀਐੱਸ ਦੀ ਆਮਦ ਵਧੀ ਤਾਂ ਡੀਓਸੀ ਦੀ ਮੰਗ ਅਤੇ ਭਾਅ ਘਟਣਗੇ। ਸੋਇਆਬੀਨ ਤੇਲ 'ਤੇ ਘੱਟ ਡਿਊਟੀ ਨਾਲ ਆਯਾਤ ਵੀ ਵਧ ਸਕਦਾ ਹੈ। ਸੋਇਆਬੀਨ ਮੁੱਖ ਤੌਰ 'ਤੇ ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਰਾਜਸਥਾਨ ਵਿੱਚ ਉਗਾਇਆ ਜਾਂਦਾ ਹੈ।

ਇਕ ਫ਼ਾਇਦਾ ਸੁੱਕੇ ਮੇਵਿਆਂ ਅਤੇ ਫ਼ਲਾਂ ਦੇ ਖੇਤਰ ਵਿਚ ਗਿਣਾਇਆ ਜਾ ਰਿਹਾ ਹੈ। ਭਾਰਤ ਵਿਚ ਅਖਰੋਟ, ਬਦਾਮ, ਪਿਸਤਾ ਆਦਿ ਉੱਤੇ ਪਹਿਲਾਂ ਉੱਚੀ ਡਿਊਟੀ ਲਾਗੂ ਸੀ। ਮਿਸਾਲ ਲਈ, ਅਖਰੋਟ 'ਤੇ 100% ਡਿਊਟੀ ਸੀ। ਹੁਣ ਇਹ ਘਟਾਉਣ ਜਾਂ ਜ਼ੀਰੋ ਕਰਨ ਨਾਲ ਅਮਰੀਕੀ ਸੁੱਕੇ ਮੇਵੇ ਸਸਤੇ ਆਉਣਗੇ। ਭਾਰਤ ਅਮਰੀਕੀ ਟ੍ਰੀ ਨਟਸ (ਸੁੱਕੇ ਮੇਵੇ) ਦੀ ਸਭ ਤੋਂ ਵੱਡੀ ਮੰਡੀ ਹੈ। 2025 ਵਿੱਚ ਭਾਰਤ ਵਿਚ 1.5 ਅਰਬ ਡਾਲਰ ਦਾ ਨਿਰਯਾਤ ਹੋਇਆ। ਕਿਹਾ ਜਾ ਰਿਹਾ ਹੈ ਕਿ ਇਸ ਨਾਲ ਖ਼ਪਤਕਾਰਾਂ ਨੂੰ ਲਾਭ ਹੋਵੇਗਾ, ਪਰ ਭਾਰਤੀ ਉਤਪਾਦਕਾਂ 'ਤੇ ਵੱਡਾ ਅਸਰ ਨਹੀਂ ਪਵੇਗਾ ਕਿਉਂਕਿ ਭਾਰਤ ਇਨ੍ਹਾਂ ਉਤਪਾਦਾਂ ਦਾ ਵੱਡਾ ਉਤਪਾਦਕ ਨਹੀਂ ਹੈ। ਸਰਕਾਰ ਦਾ ਦਾਅਵਾ ਹੈ ਕਿ ਕਿਸਾਨਾਂ ਦੇ ਹਿੱਤ ਸੁਰੱਖਿਅਤ ਹਨ ਅਤੇ ਇਹ ਸਮਝੌਤਾ ਦੋਹਾਂ ਦੇਸ਼ਾਂ ਲਈ ਫ਼ਾਇਦੇਮੰਦ ਹੈ। ਇਹ ਸਪਸ਼ਟ ਹੈ ਕਿ ਸਮਝੌਤੇ ਵਿੱਚ ਭਾਰਤ ਨੇ ਅਮਰੀਕੀ ਖੇਤੀਬਾੜੀ ਉਤਪਾਦਾਂ ਲਈ ਲੰਮੇ



ਸਮੇਂ ਤੋਂ ਚੱਲ ਰਹੀਆਂ ਨਾਨ-ਟੈਰਿਫ਼ ਰੁਕਾਵਟਾਂ ਦੂਰ ਕਰਨੀਆਂ ਮੰਨ ਲਈਆਂ ਹਨ। ਵਣਜ ਮੰਤਰੀ ਗੋਇਲ ਕਹਿ ਰਿਹਾ ਹੈ ਕਿ ਇਸ ਵਿੱਚ ਜੀਐੱਮ ਫ਼ਸਲਾਂ ਜਾਂ ਸੰਵੇਦਨਸ਼ੀਲ ਉਤਪਾਦ ਸ਼ਾਮਲ ਨਹੀਂ ਹੋਣਗੇ ਕਿਉਂਕਿ ਭਾਰਤ ਨੇ ਕਣਕ, ਚੌਲ, ਦਾਲਾਂ, ਡੇਅਰੀ ਆਦਿ ਵਰਗੇ ਸੰਵੇਦਨਸ਼ੀਲ ਖੇਤੀਬਾੜੀ ਖੇਤਰਾਂ ਨੂੰ ਬਚਾਇਆ ਹੈ। ਫਿਰ ਵੀ ਇਹ ਤਾਂ ਸਪਸ਼ਟ ਹੀ ਹੈ, ਚਾਹੇ ਪਸ਼ੂ ਪਾਲਣ ਅਤੇ ਕੁਝ ਆਯਾਤ ਵਾਲੀਆਂ ਚੀਜ਼ਾਂ ਵਿੱਚ ਹੀ ਸਹੀ, ਅਮਰੀਕਾ ਲਈ ਭਾਰਤੀ ਮੰਡੀ ਖੋਲ੍ਹ ਦਿੱਤੀ ਗਈ ਹੈ। ਇਸੇ ਲਈ ਸੰਯੁਕਤ ਕਿਸਾਨ ਮੋਰਚੇ ਦਾ ਕਹਿਣਾ ਹੈ ਕਿ ਵਣਜ ਮੰਤਰੀ ਝੂਠ ਬੋਲਕੇ ਕਿਸਾਨਾਂ ਨਾਲ ਵਿਸਾਹਘਾਤ ਕਰ ਰਿਹਾ ਹੈ ਅਤੇ ਇਸ ਦੇਸ਼ਧ੍ਰੋਹੀ ਤੋਂ ਤੁਰੰਤ ਅਸਤੀਫ਼ਾ ਲਿਆ ਜਾਣਾ ਚਾਹੀਦਾ ਹੈ। ਕਿਹਾ ਜਾ ਰਿਹਾ ਹੈ ਕਿ ਪੋਲਟਰੀ-ਡੇਅਰੀ ਉਦਯੋਗ ਨੂੰ ਸਸਤਾ ਚਾਰਾ ਮਿਲੇਗਾ, ਪਰ ਸੋਇਆਬੀਨ ਕਿਸਾਨਾਂ ਦਾ ਕੀ ਬਣੇਗਾ? ਜਦੋਂ ਤੱਕ ਸਮਝੌਤੇ ਪੂਰੇ ਚੌਖਟੇ ਦੇ ਵੇਰਵੇ ਸਾਹਮਣੇ ਨਹੀਂ ਆਉਂਦੇ, ਓਦੋਂ ਤੱਕ ਮਹਿਜ਼ ਸਰਕਾਰੀ ਯਕੀਨ-ਦਹਾਨੀਆਂ ਦੇ ਆਧਾਰ ’ਤੇ ਇਹ ਨਹੀਂ ਮੰਨਿਆ ਜਾ ਸਕਦਾ ਕਿ ਸਰਕਾਰ ਜੋ ਦਾਅਵਾ ਕਰ ਰਹੀ ਹੈ, ਉਹ ਸੱਚ ਹੈ? ਇਹ ਸਮਾਂ ਲੰਘਾਉਣ ਅਤੇ ਕਿਸਾਨਾਂ ਦਾ ਰੋਹ ਠੰਡਾ ਕਰਨ ਦੀ ਚਾਲ ਵੀ ਹੋ ਸਕਦੀ ਹੈ। ਹੁਕਮਰਾਨਾਂ ਵੱਲੋਂ ਹਰ ਨੀਤੀ ਲੋਕਾਂ ਦੀ ਤਰੱਕੀ ਦੇ ਨਾਂ ’ਤੇ ਹੀ ਥੋਪੀ ਜਾਂਦੀ ਹੈ। ਹਕੀਕਤ ਇਹ ਹੈ ਕਿ ਛੋਟੇ ਅਤੇ ਸੀਮਾਂਤ ਕਿਸਾਨਾਂ ਵਾਲੀ ਖੇਤੀ ਆਰਥਿਕਤਾ ਨੂੰ ਭਾਰੀ ਸਬਸਿਡੀਆਂ ਹਾਸਲ ਕਰਨ ਵਾਲੇ ਬਦੇਸ਼ੀ ਖੇਤੀ ਕਾਰੋਬਾਰਾਂ ਨਾਲ ਖੁੱਲ੍ਹੇ ਮੁਕਾਬਲੇ ਵਿਚ ਖੜ੍ਹਾ ਕੀਤਾ ਜਾ ਰਿਹਾ ਹੈ। ਜਿਸਦੇ ਤੁਰੰਤ ਪ੍ਰਭਾਵ ਤਿੱਖੇ ਰੂਪ ’ਚ ਮਹਿਸੂਸ ਨਹੀਂ ਹੋਣਗੇ ਪਰ ਲੰਮੇ ਸਮੇਂ ’ਚ ਛੋਟੇ ਤੇ ਦਰਮਿਆਨੇ ਕਿਸਾਨ ਤੇ ਉਤਪਾਦਕ ਮੁਕਾਬਲੇ ’ਚ ਟਿਕ ਨਹੀਂ ਸਕਣਗੇ ਅਤੇ ਇਸ ਖੇਤਰ ਵਿੱਚੋਂ ਬਾਹਰ ਕਰ ਦਿੱਤੇ ਜਾਣਗੇ। ਇਹ ਫ਼ਿਕਰਮੰਦੀ ਜੰਮੂ-ਕਸ਼ਮੀਰ ਅਤੇ ਹਿਮਾਚਲ ਦੇ ਸੇਬ ਉਤਪਾਦਕਾਂ ਦੇ ਡਰ ਵਿੱਚ ਸਾਫ਼ ਝਲਕਦੀ ਹੈ ਕਿ ਇਹ ਸਮਝੌਤਾ ਉਨ੍ਹਾਂ ਦੀ ਆਰਥਿਕਤਾ ਲਈ ਵਿਨਾਸ਼ਕਾਰੀ ਸਿੱਧ ਹੋਵੇਗਾ।

ਸਰਕਾਰ ਦੀ ਨੀਅਤ ਉੱਪਰ ਸ਼ੱਕ ਦਾ ਵੱਡਾ ਕਾਰਨ ਐਨੇ ਵੱਡੇ ਮਹੱਤਵਪੂਰਨ ਵਿਸ਼ੇ ਬਾਰੇ ਅਗਾਊਂ ਕੁਝ ਵੀ ਜਨਤਕ ਨਾ ਕਰਨਾ ਹੈ। ਨਾ ਸੰਸਦ ਵਿਚ ਕੋਈ ਚਰਚਾ, ਨਾ ਕੋਈ ਖਰੜਾ ਜਨਤਕ ਕੀਤਾ ਗਿਆ ਅਤੇ ਨਾ ਹੀ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਛੋਟੇ ਉਤਪਾਦਕਾਂ ਨਾਲ ਇਸ ਬਾਰੇ ਕੋਈ ਚਰਚਾ ਕੀਤੀ ਗਈ ਹਾਲਾਂਕਿ ਇਹ ਸਾਰੇ ਹਿੱਸੇ ਲਗਾਤਾਰ ਆਪਣੇ ਹਿੱਤਾਂ ਨੂੰ ਖ਼ਤਰੇ ਦੀ ਦੁਹਾਈ ਦੇ ਰਹੇ ਹਨ। ਪਰ ਤਾਨਾਸ਼ਾਹ ਹਕੂਮਤ ਨੂੰ ਅਵਾਮ ਦੇ ਸਰੋਕਾਰਾਂ ਅਤੇ ਫ਼ਿਕਰਮੰਦੀਆਂ ਦੀ ਕੋਈ ਪ੍ਰਵਾਹ ਨਹੀਂ ਹੈ।

ਸਰਕਾਰ ਨੇ ਸਮਝੌਤਾ ਸਿਰਫ਼ ਆਰਥਕ ਹਿਤਾਂ ਉੱਪਰ ਹੀ ਨਹੀਂ ਕੀਤਾ ਸਗੋਂ ਮੁਲਕ ਨੂੰ ਅਮਰੀਕੀ ਭੂਗੋਲਿਕ-ਯੁੱਧਨੀਤਕ ਹਿਤਾਂ ਦੇ ਅਧੀਨ ਕਰ ਦਿੱਤਾ ਗਿਆ ਹੈ। ਫ਼ੈਸਲੇ ਮੁਲਕ ਦੇ ਹਿਤਾਂ ਅਤੇ ਘਰੇਲੂ ਆਰਥਕ ਤਰਜ਼ੀਹਾਂ ਦੀ ਬਜਾਏ ਟਰੰਪ ਸਰਕਾਰ ਨੂੰ ਖ਼ੁਸ਼ ਕਰਨ ਲਈ ਲਏ ਜਾ ਰਹੇ ਹਨ। ਟਰੰਪ ਵੱਲੋਂ ਟੈਰਿਫ਼ ਘਟਾ ਕੇ 18% ਇਸ ਸ਼ਰਤ ਤਹਿਤ ਕੀਤੇ ਗਏ ਹਨ ਕਿ ਮੋਦੀ ਸਰਕਾਰ ਰੂਸ ਤੋਂ ਸਿੱਧਾ ਅਤੇ ਅਸਿੱਧਾ ਕੱਚਾ ਤੇਲ ਲੈਣਾ ਬੰਦ ਕਰਕੇ ਅਮਰੀਕਾ ਅਤੇ ਵੈਨਜ਼ੁਏਲਾ ਤੋਂ ਤੇਲ ਖ਼ਰੀਦੇਗੀ। ਭਾਰਤ ਆਪਣੀਆਂ ਤੇਲ ਜ਼ਰੂਰਤਾਂ ਦਾ 90% ਬਾਹਰੋਂ ਮੰਗਵਾਉਂਦਾ ਹੈ ਅਤੇ ਆਯਾਤ ਕੀਤੇ ਜਾਣ ਵਾਲੇ ਕੱਚੇ ਤੇਲ ਵਿਚ ਅਮਰੀਕਾ ਦਾ ਹਿੱਸਾ ਪਿਛਲੇ ਸਾਲ ਪਹਿਲਾਂ ਹੀ ਦੁੱਗਣਾ ਹੋ ਗਿਆ ਹੈ। ਖ਼ਦਸ਼ੇ ਮਾਹਰ ਪ੍ਰਗਟਾ ਰਹੇ ਹਨ ਕਿ ਅਮਰੀਕਾ ਤੋਂ ਮਹਿੰਗਾ ਤੇਲ ਖ਼ਰੀਦਣ ਨਾਲ ਪੈਟਰੋਲ-ਡੀਜ਼ਲ ਦੇ ਭਾਅ ਵਧਣਗੇ, ਸਰਕਾਰ ਦੇ ਚਾਲੂ ਖ਼ਾਤੇ ਦਾ ਘਾਟਾ ਵਧੇਗਾ ਅਤੇ ਸਬਸਿਡੀਆਂ ਜਾਂ ਮਹਿੰਗਾਈ ਕੰਟਰੋਲ ਨੂੰ ਲੈ ਕੇ ਸਰਕਾਰ ਉੱਪਰ ਅਮਰੀਕੀ ਦਬਾਅ ਵਧੇਗਾ। ਇਹ ਮੁਲਕ ਦੇ ਲੋਕਾਂ ਲਈ ਰਾਹਤ ਦੀ ਬਜਾਏ ਨਵੀਂ ਤਬਾਹੀ ਮਚਾਊ ਆਫ਼ਤ ਬਣਕੇ ਸਾਹਮਣੇ ਆਵੇਗਾ। ਬੇਸ਼ੱਕ, ਤੇਲ ਖ਼ਰੀਦਣ ਦੇ ਸਵਾਲ ਉੱਪਰ ਟਰੰਪ ਵੱਲੋਂ ਸਜ਼ਾ ਵਜੋਂ ਟੈਰਿਫ਼ ਲਗਾਏ ਹਟਾ ਦਿੱਤੇ ਗਏ ਹਨ ਪਰ ਇਸਦੀ ਨਿਗਰਾਨੀ ਅਮਰੀਕਾ ਦੇ ਵਣਜ, ਬਦੇਸ਼ ਤੇ ਵਿੱਤ ਵਿਭਾਗ ਕਰਨਗੇ ਅਤੇ ਉਲੰਘਣਾ ਦੀ ਸੂਰਤ ’ਚ ਮੁੜ ਟੈਰਿਫ਼ ਲਾਉਣ ਦੀ ਚੇਤਾਵਨੀ ਵੀ ਦਿੱਤੀ ਗਈ ਹੈ। ਯਾਨੀ ਟੈਰਿਫ਼ਾਂ ਦੀ ਮਾਰ ਤੋਂ ਬਚਣ ਲਈ ਭਾਰਤ ਸਰਕਾਰ ਨੂੰ ਟਰੰਪ ਸਰਕਾਰ ਯਾਨੀ ਅਮਰੀਕੀ ਸਾਮਰਾਜੀ ਸਰਮਾਏਦਾਰੀ ਨੂੰ ਖ਼ੁਸ਼ ਰੱਖਣਾ ਪਵੇਗਾ।

ਭਾਰਤ ਦੇ ਆਰਥਕ ਹਿਤ ਸਾਮਰਾਜੀ ਤਾਕਤਾਂ ਕੋਲ ਗਹਿਣੇ ਪਾਉਣ ਅਤੇ ਮੁਲਕ ਦੀ ਪ੍ਰਭੂਸੱਤਾ ਉੱਪਰ ਘਿਣਾਉਣੇ ਸਮਝੌਤੇ ਦੇ ਰੂਪ ’ਚ ਇਹ ਹਮਲਾ ਬਹੁਤ ਖ਼ਤਰਨਾਕ ਹੈ। ਇਸ ਨੂੰ ਰੋਕਣਾ ਇਸ ਉੱਪਰ ਨਿਰਭਰ ਕਰੇਗਾ ਕਿ ਮੁਲਕ ਦੇ ਲੋਕ ਇਸ ਦੇ ਦੂਰਗਾਮੀ ਅਸਰਾਂ ਬਾਰੇ ਕਿੰਨੇ ਕੁ ਜਾਗਰੂਕ ਹੁੰਦੇ ਹਨ ਅਤੇ ਇਸ ਵਿਰੁੱਧ ਲੋਕ ਸੰਘਰਸ਼ ਕਿੰਨੀ ਕੁ ਵਿਆਪਕਤਾ ਤੇ ਤਿੱਖਾ ਰੂਪ ਅਖ਼ਤਿਆਰ ਕਰਦਾ ਹੈ।

# ਕਿਸਾਨ ਸੰਘਰਸ਼ ਉੱਪਰ ਕਰੂਰ ਤਸ਼ੱਦਦ: ‘ਆਪ’ ਸਰਕਾਰ ਦੀ ਜਾਬਰ ਖ਼ਸਲਤ ਬੇਨਕਾਬ

ਨਵਕਿਰਨ ਸਿੰਘ ਪੱਤੀ
98885-44001



ਲੰਘੀ 18 ਫਰਵਰੀ ਨੂੰ ਮਾਲਵੇ ਦੇ ਇਤਿਹਾਸਕ ਪਿੰਡ ਜਿਉਂਦ ਵਿਖੇ ਐਸਐਸਪੀ ਬਠਿੰਡਾ ਜੋਤੀ ਯਾਦਵ ਦੀ ਅਗਵਾਈ ਹੇਠ ਪੰਜਾਬ ਪੁਲਿਸ ਵੱਲੋਂ ਕਿਸਾਨਾਂ ਉੱਪਰ ਢਾਹੇ ਜਬਰ ਦੌਰਾਨ ਮਾੜੀ ਪਿੰਡ ਦੇ ਕਿਸਾਨ ਚਰਨਜੀਤ ਸਿੰਘ ਨੂੰ ਮਿੱਥ ਕੇ ਇੰਨਾ ਕੁੱਟਿਆ ਗਿਆ ਕਿ ਉਸ ਦੀ ਲੱਤ ਚਕਨਾਚੂਰ ਕਰ ਦਿੱਤੀ ਗਈ। ਉਸਦੇ ਸਿਰ ਵਿੱਚ ਵੀ ਗਿਣ-ਮਿੱਥਕੇ ਗੰਭੀਰ ਸੱਟਾਂ ਮਾਰੀਆਂ ਗਈਆਂ।ਹੈਲਮੈਟ ਲੈ ਕੇ ਅਤੇ ਵਿਸ਼ੇਸ਼ ਜਾਕੇਟ ਪਹਿਨੇ ਜਿਉਂਦ ਪਹੁੰਚੀ ਐਸਐਸਪੀ ਬਠਿੰਡਾ ਅਤੇ ਉਸਦੀ ਅਗਵਾਈ ਵਾਲੀ ਪੁਲਿਸ ਨੇ ਅੱਥਰੂ ਗੈਸ ਦੇ ਗੋਲਿਆਂ ਦੀ ਵਾਛੜ ਕਰਦਿਆਂ ਚਰਨਜੀਤ ਸਿੰਘ ਵਰਗੇ ਕਿਸਾਨਾਂ ਨਾਲ ਇਸ ਤਰ੍ਹਾਂ ਵਿਹਾਰ ਕੀਤਾ ਜਿਵੇਂ ਸਰਹੱਦ ਉੱਪਰ ਕਿਸੇ ਦੁਸ਼ਮਣ ਦੇਸ਼ ਦੀ ਫ਼ੌਜ ਨਾਲ ਕੀਤਾ ਜਾਂਦਾ ਹੈ। ਹਾਲਾਂਕਿ ਇਹ ਕਿਸਾਨ ਕਿਸੇ ਬਹੁਤੀ ਵੱਡੀ ਮੰਗ ਲਈ ਇਕੱਤਰ ਨਹੀਂ ਹੋਏ ਸਨ ਬਲਕਿ ਪਿਛਲੇ ਲੱਗਭੱਗ 10 ਮਹੀਨਿਆਂ ਤੋਂ ਜੇਲ੍ਹ ਵਿੱਚ ਬੰਦ ਆਪਣੇ ਦੋ ਸਾਥੀ ਕਿਸਾਨਾਂ ਸ਼ਗਨਪ੍ਰੀਤ ਸਿੰਘ ਜਿਉਂਦ ਅਤੇ ਬਲਦੇਵ ਸਿੰਘ ਚਾਉਕੇ ਦੀ ਰਿਹਾਈ ਦੀ ਮੰਗ ਲਈ ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਦੀ ਅਗਵਾਈ ਹੇਠ ਡੀਸੀ ਦਫਤਰ ਬਠਿੰਡਾ ਅੱਗੇ ਧਰਨਾ ਦੇਣ ਜਾ ਰਹੇ ਸਨ ਤੇ ਰਸਤੇ ਵਿੱਚ ਜਿਉਂਦ ਪਿੰਡ ਵਿਚ ਪੁਲਿਸ ਵੱਲੋਂ ਕਿਸਾਨਾਂ ਨੂੰ ਘੇਰ ਕੇ ਉਨ੍ਹਾਂ ਦੀਆਂ ਲੱਤਾਂ, ਬਾਹਾਂ ਤੋੜੀਆਂ ਗਈਆਂ। ਪੁਲਿਸ ਤਸ਼ੱਦਦ ਕਾਰਨ ਗੰਭੀਰ ਜ਼ਖ਼ਮੀ ਪਿੰਡ ਮਾੜੀ ਦੇ ਕਿਸਾਨ ਚਰਨਜੀਤ ਸਿੰਘ ਦਾ ਇਲਾਜ਼ ਕੁੱਝ ਦਿਨ ਰਾਮਪੁਰਾ ਫੂਲ ਦੇ ਇਕ ਪ੍ਰਾਈਵੇਟ ਹਸਪਤਾਲ ਵਿੱਚ ਚੱਲਿਆ ਪਰ ਪੁਲਿਸ ਦੇ ਵਹਿਸ਼ੀ ਤਸ਼ੱਦਦ ਕਾਰਨ ਉਸ ਦੀ ਹਾਲਤ ਬਹੁਤ ਹੀ ਗੰਭੀਰ ਹੋਣ ਕਾਰਨ ਬਾਅਦ ਵਿੱਚ ਉਸ ਨੂੰ ਇਲਾਜ ਲਈ ਡੀਐਮਸੀ ਲੁਧਿਆਣਾ ਵਿਖੇ ਦਾਖ਼ਲ ਕਰਵਾਇਆ ਗਿਆ ਹੈ।

ਬਠਿੰਡਾ ਪੁਲਿਸ ਇਸ ਕਦਰ ਕਿਸਾਨਾਂ ਉੱਪਰ ਜਬਰ ਕਰਨ ਲਈ ਕਾਹਲੀ ਪਈ ਹੋਈ ਸੀ ਕਿ ਉਹਨਾਂ ਨੇ ਉਸੇ ਦਿਨ ਹਾਈਕੋਰਟ ਵਿੱਚ ਜੇਲ੍ਹਬੰਦ ਕਿਸਾਨਾਂ ਦੇ ਮਾਮਲੇ ਦੀ ਹੋ ਰਹੀ ਸੁਣਵਾਈ ਦੀ ਵੀ ਘੰਟਾ ਭਰ ਉਡੀਕ ਕਰਨੀ ਮੁਨਾਸਿਬ ਨਾ ਸਮਝੀ। ਇਕ ਪਾਸੇ ਪੁਲਿਸ ਕਿਸਾਨਾਂ ਉੱਪਰ ਤਸ਼ੱਦਦ ਢਾਹ ਰਹੀ ਸੀ ਜਦਕਿ ਦੂਜੇ ਪਾਸੇ ਕੁੱਝ ਪਲਾਂ ਬਾਅਦ ਹੀ ਹਾਈਕੋਰਟ ਨੇ ਦੋਵਾਂ ਕਿਸਾਨ ਆਗੂਆਂ ਸ਼ਗਨਪ੍ਰੀਤ ਸਿੰਘ ਜਿਉਂਦ ਅਤੇ ਬਲਦੇਵ ਸਿੰਘ ਚਾਉਕੇ ਨੂੰ ਜ਼ਮਾਨਤ ਦੇਣ ਦਾ ਫ਼ੈਸਲਾ ਸੁਣਾ ਦਿੱਤਾ। ਸਵਾਲ ਉੱਠਦਾ ਹੈ ਕਿ ਜਦ ਉਹਨਾਂ ਦੀ ਜ਼ਮਾਨਤ ਉੱਪਰ ਰਿਹਾਈ ਹੀ ਹੋ ਰਹੀ ਸੀ ਤਾਂ ਪੁਲਿਸ ਨੇ ਤਸ਼ੱਦਦ ਕਿਉਂ ਕੀਤਾ। ਇਸ ਸਵਾਲ ਦੇ ਕਈ ਪਹਿਲੂ ਨਜ਼ਰ ਆਉਂਦੇ ਹਨ। ਇਕ ਪਹਿਲੂ ਇਹ ਹੈ ਕਿ ਐਸਐਸਪੀ ਬਠਿੰਡਾ ਜੋਤੀ ਯਾਦਵ ਦਾ ਮੰਤਰੀ ਪਤੀ ਹਰਜੋਤ ਬੈਂਸ ਅਰਵਿੰਦ ਕੇਜਰੀਵਾਲ ਦੀ ਟੀਮ ਦਾ ਚਹੇਤਾ ਮੰਤਰੀ ਹੈ ਤੇ ਮੰਤਰੀ ਪਤੀ ਦੇ ਹੰਕਾਰ ਵਿੱਚ ਦਿੱਲੀ ਵਾਲਿਆਂ ਨੂੰ ਖ਼ੁਸ਼ ਕਰਨ ਲਈ ਉਹ ਖੁਦ ਮੈਦਾਨ ਵਿੱਚ ਨਿੱਤਰੀ ਜੋ ਵੀਡੀਓ ਰਿਕਾਰਡਿੰਗ ਵਿਚ ‘ਫੜ ਲਿਆਓ ਓਸ ਪੀਲੇ ਪਰਨੇ ਵਾਲੇ ਨੂੰ’ ਦਾ ਹੁਕਮ ਦਿੰਦੀ ਸਾਫ਼ ਸੁਣੀ ਜਾ ਸਕਦੀ ਹੈ। ਦੂਜਾ ਅਤੇ ਮੁੱਖ ਪਹਿਲੂ ਇਹ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਅੰਦਰਖਾਤੇ ਕੀਤੇ ਸਮਝੌਤੇ ਤਹਿਤ ਉਹ ਪੰਜਾਬ ਦੀ ਕਿਸਾਨ ਲਹਿਰ ਨੂੰ ਸਾਬੋਤਾਜ ਕਰਨ ਉੱਪਰ ਤੁਲਿਆ ਹੋਇਆ ਹੈ। ਭਗਵੰਤ ਮਾਨ ਨੇ ਪਹਿਲਾਂ ਖਨੌਰੀ ਅਤੇ ਸ਼ੰਭੂ ਬਾਰਡਰ ਤੋਂ ਕਿਸਾਨਾਂ ਦੇ ਧਰਨੇ ਪੁਲਿਸ ਤਾਕਤ ਨਾਲ ਜ਼ਬਰੀ ਚੁਕਵਾਏ ਤੇ ਹੁਣ ਉਹ ਸੂਬੇ ਵਿੱਚ ਉੱਠ ਰਹੀ ਹਰ ਜਮਹੂਰੀ ਅਵਾਜ਼ ਨੂੰ ਬੰਦ ਕਰਵਾਉਣ ਉੱਪਰ ਤੁਲਿਆ ਹੋਇਆ ਹੈ।

ਜਿਉਂਦ ਵਿੱਚ ਹੋਏ ਤਸ਼ੱਦਦ ਨੂੰ ਸਮੁੱਚੀ ਜਮਹੂਰੀ ਲਹਿਰ ਉੱਪਰ ਹਮਲੇ ਦੇ ਰੂਪ ਵਿੱਚ ਵੇਖਿਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਸਰਕਾਰ ਦੀ ਉਸ ਜਾਬਰ ਮੁਹਿੰਮ ਦੀ ਕੜੀ ਹੈ ਜਿਸ ਦੇ ਤਹਿਤ ਪੱਤਰਕਾਰਾਂ ਉੱਪਰ ਪਰਚੇ ਦਰਜ ਕੀਤੇ ਗਏ, ਲੋਕਾਂ ਦੇ ਪੱਖ ਵਿੱਚ ਬੋਲਣ ਵਾਲੇ ਚੈਨਲ ਬੰਦ ਕੀਤੇ ਜਾ ਰਹੇ ਹਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੰਘਰਸ਼ ਨੂੰ ਦਬਾਉਣ ਲਈ ਬਿਨਾਂ ਭੜਕਾਹਟ ਦੇ ਵਹਿਸ਼ੀ ਜਬਰ ਕੀਤਾ ਗਿਆ। ਪਹਿਲਾਂ ਕਮੇਟੀ ਦੇ ਆਗੂ ਬਿੱਕਰ ਸਿੰਘ ਹਥੋਆ ਨੂੰ ਅਤੇ ਫਿਰ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਦਿੱਲੀ ਤੋਂ ਉਚੇਚੀ ਪੁਲਿਸ ਟੀਮ ਭੇਜਕੇ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਬੰਦ ਕੀਤਾ ਗਿਆ, ਬੇਰੁਜ਼ਗਾਰਾਂ ਦੇ ਸੰਘਰਸ਼ ਨੂੰ ਕਈ ਵਾਰ ਜਬਰ ਦਾ ਨਿਸ਼ਾਨਾ ਬਣਾਇਆ ਗਿਆ ਹੈ, ਪੀਆਰਟੀਸੀ ਦੇ ਡਰਾਇਵਰ-ਕੰਡਕਟਰ ਅਜੇ ਵੀ ਜੇਲ੍ਹੀ ਡੱਕੇ ਹੋਏ ਹਨ। ਭਾਵ ਮੁੱਖ ਮੰਤਰੀ ਭਗਵੰਤ ਮਾਨ ਤੇ ਉਸਦੀ ਤਾਨਾਸ਼ਾਹ ਜੁੰਡਲੀ ਸੂਬੇ ਵਿੱਚੋਂ ਹਰ ਉਸ ਆਵਾਜ਼ ਨੂੰ ਚੁੱਪ ਕਰਵਾਉਣ ‘ਤੇ ਤੁਲੀ ਹੋਈ ਹੈ ਜੋ ਆਵਾਜ਼ ਸਰਕਾਰ ਖ਼ਿਲਾਫ਼ ਉੱਠ ਰਹੀ ਹੈ।

ਸੋ ਸਮੁੱਚੀਆਂ ਕਿਸਾਨ, ਮਜਦੂਰ ਜਥੇਬੰਦੀਆਂ ਨੂੰ ਇਕਜੁੱਟਤਾ ਨਾਲ ਸਰਕਾਰ ਦੇ ਜਾਬਰ ਪੰਜੇ ਦਾ ਮੂੰਹ ਮੋੜਨਾ ਚਾਹੀਦਾ ਹੈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਆਗੂਆਂ ਦੀ ਇਹ ਮੰਗ ਬਿਲਕੁੱਲ ਜਾਇਜ਼ ਹੈ ਕਿ ਚਰਨਜੀਤ ਸਿੰਘ ਦਾ ਇਲਾਜ ਮਾਹਿਰ ਡਾਕਟਰਾਂ ਤੋਂ ਸਰਕਾਰੀ ਖ਼ਰਚੇ ‘ਤੇ ਕਰਵਾਇਆ ਜਾਵੇ। ਜਿਉਂਦ ਘਟਨਾ ਦੀ ਉੱਚ ਪੱਧਰੀ ਜੁਡੀਸ਼ੀਅਲ ਜਾਂਚ ਕਰਵਾ ਕੇ ਦੋਸ਼ੀ ਅਧਿਕਾਰੀਆਂ ਦੇ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।ਪੁਲਿਸ ਹਮਲੇ ਕਾਰਨ ਹੋਏ ਨੁਕਸਾਨ ਦੀ ਪੂਰਤੀ ਕੀਤੀ ਜਾਵੇ ਅਤੇ ਸਾਰੇ ਜ਼ਖ਼ਮੀਆਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।

ਸ਼ਗਨਪ੍ਰੀਤ ਸਿੰਘ ਜਿਉਂਦ ਅਤੇ ਬਲਦੇਵ ਸਿੰਘ ਚਾਉਕੇ ਨੂੰ ਮਹੀਨਿਆਂ ਬੱਧੀ ਜੇਲ੍ਹ ਵਿੱਚ ਰੱਖਣਾ ਵੀ ਸਰਕਾਰ ਦੀ ਉਸੇ ਨੀਤੀ ਦਾ ਹਿੱਸਾ ਹੈ ਜੋ ਨੀਤੀ ਸਰਕਾਰ ਨੇ ਕਿਸਾਨ ਜਥੇਬੰਦੀਆਂ ਖ਼ਿਲਾਫ਼ ਅਪਣਾਈ ਹੋਈ ਹੈ ਕਿਉਂਕਿ ਇਹ ਦੋਵੇਂ ਕਿਸਾਨ ਲੰਘੇ ਵਰ੍ਹੇ ਆਦਰਸ਼ ਸਕੂਲ ਚਾਉਕੇ ਦੇ ਸੰਘਰਸ਼ ਵਾਲੇ ਮਾਮਲੇ ਵਿੱਚ ਜੇਲ੍ਹ ਵਿਚ ਡੱਕੇ ਹੋਏ ਸਨ।

ਕਿਸਾਨ ਮਜ਼ਦੂਰ ਅਤੇ ਜਮਹੂਰੀ ਜਥੇਬੰਦੀਆਂ ਤੋਂ ਇਲਾਵਾ ਰਾਜਨੀਤਕ ਤਾਕਤਾਂ ਵੀ ਇਸ ਤਸ਼ੱਦਦ ਦਾ ਵਿਰੋਧ ਕਰ ਰਹੀਆਂ ਹਨ। ਯੂਨਾਈਟਡ ਅਕਾਲੀ ਦਲ ਨੇ ਪਿੰਡ ਜਿਉਂਦ ਵਿੱਚ ਕਿਸਾਨਾਂ ਉੱਪਰ ਹੋਏ ਤਸ਼ੱਦਦ ਦੇ ਰੋਸ ਵਜੋਂ 9 ਮਾਰਚ ਨੂੰ ਕਚਹਿਰੀ ਬਠਿੰਡਾ ਵਿਖੇ ਇੱਕ ਦਿਨ ਦਾ ਧਰਨਾ ਦੇਣ ਦਾ ਐਲਾਨ ਕੀਤਾ ਹੈ। ਪਾਰਟੀ ਦਾ ਕਹਿਣਾ ਹੈ ਕਿ ਐਸ.ਐਸ.ਪੀ. ਬਠਿੰਡਾ ਦੀ ਅਗਵਾਈ ਹੇਠ ਕਿਸਾਨਾਂ ਨਾਲ ਅਣਮਨੁੱਖੀ ਅਤੇ ਗੈਰ-ਕਾਨੂੰਨੀ ਵਤੀਰਾ ਅਪਣਾਇਆ ਗਿਆ।

ਵੈਸੇ ਜੋ ਵਤੀਰਾ ਭਗਵੰਤ ਮਾਨ ਸਰਕਾਰ ਦਾ ਸਾਹਮਣੇ ਆਇਆ ਹੈ, ਲੱਗਭੱਗ ਇਹੋ ਜਿਹਾ ਹੀ ਵਤੀਰਾ ਹਰਿਆਣਾ ਦੀ ਸਰਕਾਰ ਨੇ ਖਨੌਰੀ ਤੇ ਸ਼ੰਭੂ ਮੋਰਚੇ ਦੌਰਾਨ ਕਿਸਾਨ ਜਥੇਬੰਦੀਆਂ ਖ਼ਿਲਾਫ਼ ਅਪਣਾਇਆ ਸੀ।

ਖੇਤੀ ਕਾਨੂੰਨਾਂ ਖਿਲਾਫ਼ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਕਾਰਨ ਜਿੱਥੇ ਮੋਦੀ ਸਰਕਾਰ ਕਿਸਾਨ ਜਥੇਬੰਦੀਆਂ ਦੇ ਖ਼ਿਲਾਫ਼ ਖੁੰਦਕ ਖਾਂਦੀ ਹੈ ਉੱਥੇ ਹੀ ਪੰਜਾਬ ਵਿੱਚ ਕਿਸਾਨ ਜਥੇਬੰਦੀਆਂ ਦੇ ਪ੍ਰਭਾਵ ਤੋਂ ਭਗਵੰਤ ਮਾਨ ਸਰਕਾਰ ਖਾਰ ਖਾਂਦੀ ਹੈ। ਇਸੇ ਕਰਕੇ ਕੇਂਦਰ ਤੇ ਸੂਬਾ ਸਰਕਾਰ ਕਿਸਾਨ ਅੰਦੋਲਨ ਨੂੰ ਕਿਸੇ ਵੀ ਰੂਪ ਵਿੱਚ ਵਿਕਸਤ ਹੁੰਦਿਆਂ ਨਹੀਂ ਵੇਖਣਾ ਚਾਹੁੰਦੀਆਂ। ਪਰ ਇਹਨਾਂ ਸਰਕਾਰਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ ਮੁਲਕ ਵਿੱਚ ਕਿਸਾਨਾਂ ਵੱਲੋਂ ਆਪਣੀ ਹੱਕਾਂ ਮੰਗਾਂ ਲਈ ਕਈ ਇਤਿਹਾਸਕ ਅੰਦੋਲਨ ਕੀਤੇ ਗਏ ਹਨ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਹਲਵਾਹਕਾਂ ਨੂੰ ਜ਼ਮੀਨ ਦੇ ਮਾਲਕੀ ਦੇ ਹੱਕ ਦਿਵਾਉਣ ਲਈ ਲੜੇ ਗਏ ਇਤਿਹਾਸਕ ਸੰਘਰਸ਼ ਦਾ ਧੁਰਾ ਕਿਸਾਨ ਹੀ ਸਨ। ਆਜ਼ਾਦੀ ਦੀ ਲੜਾਈ ਦਾ ਵੀ ਕਿਸਾਨ ਬਹੁਤ ਮਹੱਤਵਪੂਰਨ ਹਿੱਸਾ ਰਹੇ ਹਨ। ਪਰਜਾ ਮੰਡਲ ਲਹਿਰ ਵੱਲੋਂ ਵੀ ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਗਿਆ। ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੀ ਅਗਵਾਈ ਵਿੱਚ ਚੱਲੀ ‘ਪੱਗੜੀ ਸੰਭਾਲ ਜੱਟਾ’ ਲਹਿਰ ਨੇ ਕਿਸਾਨ ਮੰਗਾਂ ਨੂੰ ਉਭਾਰ ਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਲਾਮਬੰਦ ਕੀਤਾ ਸੀ। ਸਾਨ ਆਗੂ ਸਰ ਛੋਟੂ ਰਾਮ ਨੇ ਵੀ ਕਿਸਾਨਾਂ ਦੀਆਂ ਮੰਗਾਂ ਨੂੰ ਉਭਾਰਿਆ। ਕਿਸਾਨਾਂ ਦੀ ਭਰਵੀਂ ਸ਼ਮੂਲੀਅਤ ਵਾਲੀ ਪੈਪਸੂ ਮੁਜ਼ਾਰਾ ਲਹਿਰ ਅਤੇ ਨਕਸਲਬਾੜੀ ਲਹਿਰ ਨੇ ਕਿਸਾਨਾਂ, ਮਜਦੂਰਾਂ ਨੂੰ ਕਾਨੂੰਨੀ ਵਲਗਣ ਤੋਂ ਬਾਹਰ ਨਿੱਕਲ ਕੇ ਜੁਝਾਰੂ ਸੰਘਰਸ਼ ਕਰਨ ਦਾ ਤਜਰਬਾ ਦਿੱਤਾ ਸੀ।

ਸੋ ਮੌਜੂਦਾ ਦੌਰ ਅੰਦਰ ਵੀ ‘ਬਦਲਾਅ’ ਦਾ ਹੋਕਾ ਦੇ ਕੇ ਸੱਤਾ ਹਾਸਲ ਕਰਨ ਵਾਲੀ ਭਗਵੰਤ ਮਾਨ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਿਸਾਨ, ਮਜਦੂਰ ਜਥੇਬੰਦੀਆਂ ਪ੍ਰਤੀ ਉਨ੍ਹਾਂ ਵੱਲੋਂ ਅਪਣਾਈ ਦੁਸ਼ਮਣੀ ਵਾਲੀ ਨੀਤੀ ਵਿੱਚ ਉਸਨੂੰ ਆਖਿਰਕਾਰ ਮੂੰਹ ਦੀ ਖਾਣੀ ਪਵੇਗੀ। ਇਤਿਹਾਸ ਗਵਾਹ ਹੈ ਕਿ ਪੰਜਾਬ ਦੀ ਇਸ ਧਰਤੀ ਦੇ ਜਾਇਆਂ ਨੇ ਵੱਡੇ-ਵੱਡੇ ਜਾਬਰਾਂ ਦੇ ਨੱਕ ਮੋੜੇ ਹੋਏ ਹਨ।

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਹਕੂਮਤੀ ਜਬਰ ਵਿਰੁੱਧ ਅਪਣਾਈ ਸਾਂਝੇ ਘੋਲ ਦੀ ਪਹਿਲਕਦਮੀ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਜਿਉਂਦ ਵਿਚ ਕਿਸਾਨਾਂ ਉੱਪਰ ਕੀਤੇ ਵਹਿਸ਼ੀ ਜਬਰ ਦੇ ਖ਼ਿਲਾਫ਼ ਇਸ ਜਥੇਬੰਦੀ ਵੱਲੋਂ 26 ਫਰਵਰੀ ਨੂੰ ਬਰਨਾਲਾ ਦੇ ਤਰਕਸ਼ੀਲ ਭਵਨ ਵਿਖੇ ਕਿਸਾਨਾਂ, ਮਜਦੂਰਾਂ ਮੁਲਾਜ਼ਮਾਂ, ਜਮਹੂਰੀ ਅਤੇ ਵਿਦਿਆਰਥੀਆਂ ਦੀ ਇੱਕ ਸਾਂਝੀ ਮੀਟਿੰਗ ਬੁਲਾ ਲਈ ਗਈ ਹੈ। ਉਮੀਦ ਹੈ ਕਿ ਇਸ ਮੀਟਿੰਗ ਵਿੱਚ ਭਗਵੰਤ ਮਾਨ ਸਰਕਾਰ ਵੱਲੋਂ ਲੋਕ ਸੰਘਰਸ਼ਾਂ ਵਿਰੁੱਧ ਵਿੱਢੀ ਤਾਨਾਸ਼ਾਹ, ਜਾਬਰ ਮੁਹਿੰਮ ਦੇ ਖ਼ਿਲਾਫ ਸਾਂਝੇ ਸੰਘਰਸ਼ ਦਾ ਕੋਈ ਵੱਡਾ ਫ਼ੈਸਲਾ ਲਿਆ ਜਾਵੇਗਾ। ਜੋ ਹਕੂਮਤੀ ਦਹਿਸ਼ਤਵਾਦ ਨੂੰ ਠੱਲ੍ਹ ਪਾ ਕੇ ਸੰਘਰਸ਼ ਦੇ ਜਮਹੂਰੀ ਹੱਕ ਦੀ ਰਾਖੀ ਲਈ ਇਤਿਹਾਸਕ ਭੂਮਿਕਾ ਨਿਭਾਏਗਾ ਅਤੇ ਹੋਰ ਸੰਘਰਸ਼ਸ਼ੀਲ ਤਬਕਿਆਂ ਦੇ ਸੰਘਰਸ਼ਾਂ ਦਾ ਮਨੋਬਲ ਵਧਾਏਗਾ।



ਔਰਤ ਦਿਵਸ 'ਤੇ ਵਿਸ਼ੇਸ਼

# ਔਰਤਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ

ਸੁਖਵਿੰਦਰ ਸਿੰਘ ਲੀਲ੍ਹ
+91 9888814227



ਹਰ ਸਾਲ ਦੁਨੀਆ ਅੰਦਰ 8 ਮਾਰਚ ਦੇ ਦਿਨ ਨੂੰ ਪੂਰੀ ਦੁਨੀਆ ਦੇ ਵਿੱਚ ਔਰਤ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਅਤੇ ਮਰਦ ਪ੍ਰਧਾਨ ਸਮਾਜ ਤੋਂ ਅਜਾਦੀ ਦੇ ਨਾਲ ਨਾਲ ਸਮਾਜਿਕ ਬਰਾਬਰੀ ਲਈ ਮਨਾਇਆ ਜਾਂਦਾ ਹੈ,ਪਰ ਇਸ ਦੇ ਬਾਵਜੂਦ ਅੱਜ ਇੱਕੀਵੀਂ ਸਦੀ ਵਿੱਚ ਵੀ ਔਰਤ ਦੀ ਦਸ਼ਾ ਹਾਲੇ ਵੀ ਬਹੁਤ ਸਾਰੇ ਦੇਸ਼ਾਂ ਅੰਦਰ ਅਤਿ ਦਰਜੇ ਦੀ ਮਾੜੀ ਹੀ ਹੈ। ਇਸੇ ਲੜੀ ਤਹਿਤ ਸਾਡੇ ਭਾਰਤ ਦੇਸ਼ ਵਿੱਚ ਵੀ ਇਸ ਦਿਨ ਨੂੰ ਇਕ ਰਸਮ ਨਿਭਾਉਣ ਵਾਂਗ ਮਨਾ ਲਿਆ ਜਾਂਦਾ ਹੈ, ਪਰ ਅਸਲ ਵਿੱਚ ਔਰਤ ਦੀ ਹਾਲਤ ਹਾਲੇ ਵੀ ਤਰਸਯੋਗ ਬਣੀ ਹੋਈ ਹੈ। ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਉਂਗਲਾ ਤੇ ਗਿਣਨ ਯੋਗ ਨੂੰ ਛੱਡ ਕੇ ਦੇਸ਼ ਦੀਆਂ ਬਾਕੀ ਵੱਡੀ ਗਿਣਤੀ ਔਰਤਾਂ ਦੀਆਂ ਘਰੇਲੂ ਤੇ ਸਮਾਜਿਕ ਹਾਲਤਾਂ ਮਾੜੀਆਂ ਹੀ ਹਨ। ਇਨ੍ਹਾਂ ਔਰਤਾਂ ਨੂੰ ਸਮਾਜ ਵਿੱਚ ਵਿਚਰਦਿਆਂ ਅਤੇ ਆਪਣੇ ਘਰਾਂ ਅੰਦਰ ਮਰਦ ਪ੍ਰਧਾਨ ਸਮਾਜ ਵੱਲੋਂ ਪੈਦਾ ਕੀਤੀਆਂ ਜਾਣ ਵਾਲੀਆਂ ਅਣਗਿਣਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੜੇ ਦੁੱਖ ਦੀ ਗੱਲ ਹੈ ਕਿ ਇਹ ਉਹੀ ਔਰਤ ਹੈ, ਜਿਸ ਨੇ ਦੇਸ਼ ਦੇ ਵੱਡੇ ਵੱਡੇ ਰਾਜਨੀਤਕ ਨੇਤਾ, ਵੱਡੇ ਵੱਡੇ ਵਿਗਿਆਨਕ, ਡਾਕਟਰ, ਜੱਜ, ਇੰਜੀਨੀਅਰ ਅਤੇ ਅਫਸਰ ਪੈਦਾ ਕੀਤੇ ਹਨ, ਪਰ ਬਾਅਦ ਵਿੱਚ ਇਹੀ ਔਰਤ ਨੂੰ ਮਰਦ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੋਣਾ ਪੈਂਦਾ ਹੈ।

ਜੇਕਰ ਔਰਤ ਦਿਵਸ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਔਰਤ ਦਿਵਸ ਅਮਰੀਕਾ ਅੰਦਰ 28 ਫਰਵਰੀ 1909 ਵਿੱਚ ਮਨਾਉਣਾ ਸ਼ੁਰੂ ਕੀਤਾ ਗਿਆ। ਬਾਅਦ ਵਿੱਚ 1975 ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾਣ ਲੱਗਾ। ਇਸੇ ਲੜੀ ਵਿੱਚ ਇਸ ਦਿਨ ਨੂੰ ਭਾਰਤ ਦੇਸ਼ ਅੰਦਰ ਵੀ ਮਨਾਇਆ ਜਾਣ ਲੱਗਾ। ਭਾਵੇਂ ਕਿ ਇਸ ਦਿਨ ਦੀ ਮਹੱਤਤਾ ਨੂੰ ਸਮਝਦਿਆਂ ਸਾਡੇ ਦੇਸ਼ ਵਿੱਚ ਇਸ ਦਿਨ ਵੱਡੇ ਵੱਡੇ ਪ੍ਰੋਗਰਾਮ ਉਲੀਕੇ ਜਾਂਦੇ ਹਨ ਅਤੇ ਔਰਤ ਦੀ ਸਮਾਜ ਵਿੱਚ ਬਰਾਬਰਤਾ ਨੂੰ ਲੈ ਕੇ ਵੱਡੇ ਵੱਡੇ ਭਾਸ਼ਨ ਦਿੱਤੇ ਜਾਂਦੇ, ਪਰ ਫਿਰ ਵੀ ਇਸ ਦਿਨ ਪ੍ਰਤੀ ਮਰਦਾਂ ਅਤੇ ਔਰਤਾਂ ਦੋਵਾਂ ਵਿੱਚ ਸੰਜੀਦਗੀ ਘੱਟ ਹੀ ਵੇਖਣ ਵਿੱਚ ਆਉਂਦੀ ਹੈ। ਸਿਰਫ ਇਸ ਦਿਨ ਨੂੰ ਇਕ ਤਰ੍ਹਾਂ ਰਸਮ ਦੇ ਤੌਰ 'ਤੇ ਮਨਾ ਕੇ ਫਿਰ ਆਈ ਗਈ ਹੋ ਜਾਂਦੀ ਹੈ।

ਹਰ ਸਾਲ ਵਾਂਗ ਇਹ ਦਿਨ ਆਉਂਦਾ ਤੇ ਬਾਕੀ ਆਮ ਦਿਨਾਂ ਵਾਂਗ ਲੰਘ ਜਾਂਦਾ ਹੈ ਅਤੇ ਪੂਰਾ ਸਾਲ ਕਿਤੇ ਔਰਤ ਨਾਲ ਹੋਣ ਵਾਲੀਆਂ ਬੇਇਨਸਾਫ਼ੀ, ਧੱਕਿਆਂ ਦਾ ਜ਼ਿਕਰ ਨਾ ਮਾਤਰ ਹੋਣ ਲੱਗਦਾ ਹੈ। ਕਿੱਧਰੇ ਵੀ ਇਸ ਦੀ ਚਰਚਾ ਨਹੀਂ ਵਿਖਾਈ ਨਹੀਂ ਦਿੰਦੀ। ਹੋਣਾ ਤਾਂ ਇਹ ਚਾਹੀਦਾ ਕਿ ਜੇਕਰ ਸੱਚਮੁੱਚ ਔਰਤ ਦੇ ਬਰਾਬਰਤਾ ਵਾਲਾ ਜੀਵਨ ਜਿਉਣ ਦੀ ਜ਼ਿੰਮੇਵਾਰੀ ਸਮਾਜ ਦੇ ਸਿਰ ਹੈ ਤਾਂ ਇਸ ਦੀ ਸ਼ੁਰੂਆਤ ਆਪਣੇ ਘਰਾਂ ਤੋਂ ਕਰਕੇ ਦਫ਼ਤਰਾਂ, ਗਲੀ ਮੁਹੱਲਿਆਂ ਵਿੱਚ ਲਾਗੂ ਕਰਨ ਵੱਲ ਧਿਆਨ ਕੇਂਦਰਿਤ ਕੀਤਾ ਜਾਵੇ। ਇਸ ਪ੍ਰਤੀ ਘਰਾਂ ਵਿੱਚ ਜਾਗਰੂਕਤਾ ਪੈਦਾ ਕਰਨੀ ਲਾਜ਼ਮੀ ਬਣ ਜਾਂਦੀ ਹੈ। ਇਹੀ ਨਹੀਂ ਇਸ ਦਿਨ ਹੋਣ ਵਾਲੇ ਸਮਾਗਮ ਵਿੱਚ ਔਰਤ ਨੂੰ ਜੱਗ ਜਣਨੀ, ਦੇਵੀਆਂ ਅਤੇ ਸਤਿਕਾਰਯੋਗ ਸ਼ਬਦਾਂ ਦੀ ਵਰਤੋਂ ਕਰਕੇ ਵੱਡਿਆਇਆ ਜਾਂਦਾ,ਪਰ ਬਾਅਦ ਵਿੱਚ ਸਮਾਜ ਵਿੱਚ ਵਿਚਰਦਿਆਂ ਬਹੁ ਗਿਣਤੀ ਮਰਦ ਸਮਾਜ ਵੱਲੋਂ ਔਰਤ ਲਈ ਉਹੀ ਵਹਿਸ਼ੀ ਦਰਿੰਦੇ ਦੇ ਰੂਪ ਵਿੱਚ ਸਾਹਮਣੇ ਆਉਂਦੀ ਵਿਖਾਈ ਦਿੰਦੀ ਹੈ। ਸਿਰਫ ਕੁਝ ਕੁ ਸਮਾਜ ਸੇਵੀ ਸੰਸਥਾਵਾਂ/ਜੱਥੇਬੰਦੀਆਂ ਨੂੰ ਛੱਡ ਕੇ ਕਿੱਧਰੇ ਵੀ ਕੋਈ ਮਰਦ ਪ੍ਰਧਾਨ ਸਮਾਜ ਵਿੱਚੋਂ ਔਰਤ ਦੇ ਹੱਕਾਂ ਲਈ ਗੱਲ ਕਰਦਾ ਵਿਖਾਈ ਨਹੀਂ ਦਿੰਦਾ। ਸਾਡੇ ਧਾਰਮਿਕ ਗ੍ਰੰਥਾਂ ਵਿੱਚ ਵੀ ਔਰਤ ਨੂੰ ਬਹੁਤ ਉੱਚਾ ਦਰਜਾ ਪ੍ਰਾਪਤ ਹੈ, ਪਰ ਲੋਕ ਧਾਰਮਿਕ ਪਾਠ ਪੂਜਾ ਤੱਕ ਸੀਮਤ ਰਹਿ ਕੇ ਉਨ੍ਹਾਂ ਤੋਂ ਕਿਸੇ ਕਿਸਮ ਦਾ ਸਬਕ ਨਹੀਂ ਲੈਣਾ ਚਾਹੁੰਦੇ।

ਅੱਜ ਉਦਾਂ ਭਾਵੇਂ ਔਰਤ ਮਰਦ ਨਾਲ ਹਰ ਪ੍ਰਕਾਰ ਦੇ ਕੰਮ ਧੰਦਿਆਂ ਵਿੱਚ ਮੋਢੇ ਨਾਲ ਮੋਢੇ ਲਾ ਕੇ ਚੱਲਦੀ ਵਿਖਾਈ ਦਿੰਦੀ ਹੈ, ਪਰ ਅਸਲ ਵਿੱਚ ਉਹ ਹਾਲੇ ਵੀ ਆਪਣੀ ਸਮਾਜਿਕ ਸੁਰੱਖਿਆ ਨੂੰ ਲੈ ਕੇ ਮਰਦ ਤੋਂ ਅਸੁਰੱਖਿਅਤ ਮਹਿਸੂਸ ਕਰਦੀ ਸਮਾਜ ਅੰਦਰ ਵਿਚਰਨ ਲਈ ਮਜਬੂਰ ਹੈ। ਇਹ ਗੱਲ ਦੀ ਉਦਾਹਰਣ ਤੁਸੀਂ ਆਪਣੇ ਆਲੇ ਉੱਪਰ ਨਜ਼ਰ ਮਾਰ ਕੇ ਵੀ ਮਹਿਸੂਸ ਕਰ ਸਕਦੇ ਹੋ, ਕਿਉਂਕਿ ਜਦ ਕਦੇ ਵੀ ਇਕੱਲੀ ਔਰਤ ਕਿਸੇ ਵੀ ਧਾਰਮਿਕ ਸਥਾਨ, ਕੰਮ ਕਾਜੀ ਸਥਾਨ, ਦਫਤਰਾਂ, ਸਕੂਲਾਂ, ਕਾਲਜਾਂ, ਬੱਸਾਂ, ਰੇਲਾਂ ਅਤੇ ਹੋਰ ਕਿੱਧਰੇ ਵੀ ਜਾਂਦੀ ਹੈ ਤਾਂ ਉਸ ਨੂੰ ਬਹੁ ਗਿਣਤੀ ਘਟੀਆ ਮਾਨਸਿਕਤਾ ਵਾਲੇ ਮਰਦਾਂ ਦੀਆਂ ਤਿਰਸੀਆਂ ਨਜ਼ਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਕਾਰਨ ਹੀ ਔਰਤ ਦੀ ਮਾਨਸਿਕਤਾ ਮਰਦਾਂ ਪ੍ਰਤੀ ਅਜਗਰ ਦੀ ਤਰਾਂ ਨਿਗਲਣ ਵਾਲੀ ਮਹਿਸੂਸ ਹੁੰਦੀ ਹੈ। ਇਨ੍ਹਾਂ ਸਭ ਕਾਸੇ ਦਾ ਅੰਦਾਜ਼ਾ ਅਸੀਂ ਆਏ ਦਿਨ ਆਪਣੇ ਆਲੇ ਦੁਆਲੇ ਔਰਤਾਂ ਨਾਲ ਹੋਣ ਵਾਲੇ ਬਲਾਤਕਾਰ, ਛੇੜਛਾੜ ਦੀਆਂ ਵਾਪਰਨ ਵਾਲੀਆਂ ਅਣਗਿਣਤ ਘਟਨਾਵਾਂ ਤੋਂ ਸਹਿਜੇ ਹੀ ਲਗਾ ਸਕਦੇ ਹਾਂ।

ਇਸ ਸਦੀ ਦੀ ਔਰਤ ਪੜ੍ਹ ਲਿਖ ਕੇ ਆਪਣੀ ਕਾਬਲੀਅਤ ਨਾਲ ਆਪਣੀ ਅਜ਼ਾਦ ਜ਼ਿੰਦਗੀ ਬਤੀਤ ਕਰਨਾ ਚਾਹੁੰਦੀ ਹੈ, ਪਰ ਕੁੱਝ ਮਾੜੀ ਸੋਚ ਵਾਲੇ ਮਰਦ ਆਪਣੇ-ਆਪ ਨੂੰ ਪੜ੍ਹਿਆ ਲਿਖਿਆ ਅਤੇ ਅਗਾਂਹਵਧੂ ਸਮਝਦੇ ਹੋਏ ਹਾਲੇ ਵੀ ਔਰਤ ਨੂੰ ਪੈਰ ਦੀ ਜੁੱਤੀ ਹੀ ਸਮਝਦੇ ਹਨ ਅਤੇ ਉਸਨੂੰ ਘਰਾਂ ਦੀ ਚਾਰਦਿਵਾਰੀ ਅੰਦਰ ਕੈਦ ਰੱਖਣਾ ਹੀ ਪਸੰਦ ਕਰਦੇ ਹਨ। ਉਹ ਆਪਣੀ ਪਿੱਛਾਂਖਿੱਚੂ ਸੋਚ ਕਾਰਨ ਔਰਤ ਦੇ ਬਰਾਬਰ ਹੋਣ ਤੇ ਆਪਦੇ ਲਈ ਚੁਣੌਤੀ ਦੇ ਰੂਪ ਵਿੱਚ ਲੈਂਦੇ ਹੀਣਭਾਵਨਾ ਮਹਿਸੂਸ ਕਰਦੇ ਵਿਖਾਈ ਦਿੰਦੇ ਹਨ। ਨੌਕਰੀ ਪੇਸ਼ਾ ਕਰਨ ਵਾਲੀਆਂ ਔਰਤਾਂ ਇਸ ਤਰ੍ਹਾਂ ਦੇ ਮਰਦਾਂ ਦੀ ਗੁਲਾਮੀ ਦਾ ਸ਼ਿਕਾਰ ਬੇ-ਬਸ ਹੋਈਆਂ ਸਿਰਫ ਪੈਸਾ ਕਮਾਉਣ ਵਾਲੀਆਂ ਏ ਟੀ ਐਮ ਮਸ਼ੀਨਾਂ ਬਣ ਕੇ ਰਹਿ ਗਈਆਂ ਹਨ। ਇਸ ਤਰ੍ਹਾਂ ਦੀਆਂ ਔਰਤਾਂ ਕੋਈ ਵੀ ਸਮਾਜਿਕ, ਆਰਥਿਕ ਫੈਸਲਾ ਆਪਣੀ ਮਰਜੀ ਮੁਤਾਬਕ ਨਹੀਂ ਕਰ ਸਕਦੀਆਂ। ਉਹ ਬਰਾਬਰ ਕਮਾਉਣ ਦੇ ਬਾਵਜੂਦ ਵੀ ਅਜ਼ਾਦ ਮਰਦ ਵਾਂਗ ਆਪਣੀ ਅਜ਼ਾਦ ਜ਼ਿੰਦਗੀ ਜਿਉਣ ਤੋਂ ਹਾਲੇ ਕੋਹਾਂ ਦੂਰ ਵਿਖਾਈ ਦਿੰਦੀਆਂ ਹਨ। ਭਾਵੇਂ ਕਿ ਉਹ ਬਾਹਰ ਅੰਦਰ ਜਾਣ ਵਿੱਚ ਪਹਿਲਾਂ ਨਾਲੋਂ ਕੁਝ ਅਜ਼ਾਦ ਜ਼ਰੂਰ ਹੋ ਗਈਆਂ ਹਨ, ਪਰ ਆਪਣੇ ਘਰਾਂ ਦੀ ਚਾਰਦਿਵਾਰੀ ਅੰਦਰ ਪਰਿਵਾਰਕ ਦਬਾਅ, ਘਰੇਲੂ ਦਬਾਅ ਦੇ ਚੱਲਦਿਆਂ ਪਰਿਵਾਰਕ ਫੈਸਲੇ ਲੈਣ ਵਿੱਚ ਕਾਫੀ ਪਿੱਛੇ ਹਨ।

ਇੱਥੇ ਇਕ ਗੱਲ ਜੋ ਜ਼ਰੂਰੀ ਕਰਨੀ ਬਣਦੀ ਹੈ ਕਿ ਬਹੁਤ ਸਾਰੀਆਂ ਔਰਤਾਂ ਇਸ ਅਜ਼ਾਦੀ ਦੇ ਅਰਥ ਗਲਤ ਕੱਢ ਲੈਂਦੀਆਂ ਹਨ, ਜੋ ਠੀਕ ਨਹੀਂ ਹੈ। ਬਹੁਤ ਸਾਰੀਆਂ ਔਰਤਾਂ ਸਿੰਗਾਰ ਕਰਨ, ਅੱਧ ਨੰਗੇ ਕਪੜੇ ਪਹਿਨਣ ਨੂੰ ਸਰੀਰਕ ਨਮਾਇਸ਼ ਨੂੰ ਹੀ ਆਪਣੀ ਅਜ਼ਾਦੀ ਸਮਝਦੀਆਂ ਹਨ। ਜਿਸ ਅਜਾਦੀ ਨੂੰ ਕਦੇ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਭਾਵੇਂ ਕੇ ਸੱਜ ਸੰਵਰ ਕੇ ਸੁੰਦਰ ਦਿਸਣਾ ਹਰੇਕ ਔਰਤ ਦਾ ਆਪਣਾ ਨਿੱਜੀ ਹੱਕ ਹੈ,ਪਰ ਸਮਾਜ ਅੰਦਰ ਵਿਚਰਦਿਆਂ ਸਮਾਜਿਕ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣਾ ਵੀ ਸਾਡੀ ਸਭ ਦੀ ਸਮਾਜਿਕ ਜਿੰਮੇਵਾਰੀ ਵੀ ਹੈ।

ਇਸੇ ਤਰ੍ਹਾਂ ਗਰੀਬ ਪਰਿਵਾਰਾਂ ਨਾਲ ਸੰਬੰਧਤ ਔਰਤਾਂ/ਲੜਕੀਆਂ ਬਹੁਤ ਸਾਰੀਆਂ ਫੈਕਟਰੀਆਂ, ਡਾਂਸ ਕਲੱਬਾਂ, ਨਿੱਜੀ ਕੋਠੀਆਂ, ਪ੍ਰਾਈਵੇਟ ਅਦਾਰਿਆਂ, ਸਕੂਲਾਂ/ਕਾਲਜਾਂ ਅਤੇ ਹੋਰ ਕਈ ਥਾਵਾਂ ਵਿੱਚ ਕੰਮ ਕਰਦੀਆਂ ਹਨ, ਜਿੱਥੇ ਉਨ੍ਹਾਂ ਨਾਲ ਸਰੀਰਕ ਸ਼ੋਸ਼ਣ ਵਰਗੀਆਂ ਅਤਿ ਨਿੰਦਣਯੋਗ ਘਟਨਾਵਾਂ ਵਾਪਰ ਰਹੀਆਂ ਹਨ। ਵਿਦੇਸ਼ਾਂ ਵਿਚ ਜਾ ਕੇ ਵਧੇਰੇ ਪੈਸਾ ਕਮਾਉਣ ਦੇ ਲਾਲਚ ਅਧੀਨ ਉਨਾ ਨਾਲ ਗਲਤ ਜਾਣਕਾਰੀਆਂ ਸਾਂਝੀਆ ਕਰਕੇ ਵੇਸ਼ਵਾਵਾਂ ਬਣਨ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਇਸ ਤਰਾਂ ਦੇ ਸ਼ੋਸ਼ਣ ਦਾ ਸ਼ਿਕਾਰ ਔਰਤਾਂ/ਲੜਕੀਆਂ ਨੌਕਰੀ ਖੁਸ ਜਾਣ ਦੇ ਡਰੋਂ, ਆਪਣੀ ਪਰਿਵਾਰਕ ਬਦਨਾਮੀ ਅਤੇ ਇੱਜ਼ਤ ਖਰਾਬ ਹੋਣ ਦੇ ਡਰ ਤੋਂ ਉਹ ਅਵਾਜ ਉਠਾਉਣ ਦੀ ਥਾਂ ਚੁੱਪ ਵੱਟਣ ਲਈ ਮਜਬੂਰ ਹੋ ਜਾਂਦੀਆ ਹਨ। ਕਈ ਵਾਰ ਤਾਂ ਉਨ੍ਹਾਂ ਦੀ ਮਜਬੂਰ ਜ਼ਿੰਦਗੀ ਦਾ ਇੰਨਾ ਜ਼ਿਆਦਾ ਨਜਾਇਜ ਫਾਇਦਾ ਉਠਾਇਆ ਜਾਂਦਾ ਹੈ ਕਿ ਉਨਾ ਦੀ ਜ਼ਿੰਦਗੀ ਮੁੜ ਪੱਟੜੀ 'ਤੇ ਚੜ ਹੀ ਨਹੀਂ ਪਾਉਂਦੀ। ਭਾਰਤ ਵਰਗੇ ਦੇਸ਼ ਅੰਦਰ ਔਰਤ ਦਾ ਇਨਾ ਅਪਮਾਨ ਕੀਤਾ ਜਾਂਦਾ ਹੈ ਕਿ ਔਰਤ ਨੂੰ ਇਕ ਵਸਤੂ ਦੀ ਤਰਾਂ ਪੇਸ਼ ਕੀਤਾ ਜਾਂਦਾ ਹੈ। ਕਿਸੇ ਵੀ ਵਪਾਰਕ ਅਦਾਰੇ ਵੱਲੋਂ ਆਪਣਾ ਬਿਜਨਸ/ਕਾਰੋਬਾਰ ਵਧਾਉਣ ਲਈ ਔਰਤ ਦੇ ਅੱਧ ਨੰਗੇ ਸਰੀਰਾਂ ਵਾਲੀਆਂ ਤਸਵੀਰਾਂ ਨੂੰ ਇਸ਼ਤਿਹਾਰਬਾਜ਼ੀ ਲਈ ਬੋਰਡਾਂ ਉਪਰ ਲਗਾ ਸ਼ਰੇਆਮ ਔਰਤ ਦੀ ਨਮਾਇਸ਼ ਲਗਾਉਣੀ ਆਮ ਜਿਹੀ ਗੱਲ ਹੈ।

ਔਰਤ ਉਪਰ ਹੋਣ ਵਾਲੇ ਜ਼ੁਰਮਾਂ ਦੀਆਂ ਕਹਾਣੀਆਂ ਵੀ ਵੱਖੋ-ਵੱਖ ਹਨ। ਬੇਸ਼ੱਕ ਸਭ ਤੋਂ ਪਹਿਲਾਂ ਤਾਂ ਕਿਸੇ ਨਾ ਕਿਸੇ ਰੂਪ ਵਿੱਚ ਔਰਤ ਹੀ ਔਰਤ ਦੀ ਸਭ ਤੋਂ ਵੱਡੀ ਦੁਸ਼ਮਣ ਬਣੀ ਨਜ਼ਰ ਪੈਂਦੀ ਹੈ। ਇਸ ਦੇ ਮੂਲ ਕਾਰਨ ਵੀ ਸਾਡੇ ਸਮਾਜਿਕ ਤਾਣੇ ਬਾਣੇ ਅੰਦਰ ਹੀ ਪਏ ਹਨ, ਪਰ ਇਹ ਅੱਜ ਦਾ ਵਿਸ਼ਾ ਨਹੀਂ ਹੈ।

ਇਸ ਮਰਦ ਪ੍ਰਧਾਨ ਸਮਾਜ ਅੰਦਰ ਔਰਤ ਜਾਤੀ ਨੂੰ ਜ਼ਿਆਦਾਤਰ ਉਸਦੇ ਪਤੀ, ਪਿਤਾ ਅਤੇ ਭਰਾ ਵੱਲੋਂ ਹੀ ਵੱਖੋ-ਵੱਖ ਢੰਗ ਤਰੀਕਿਆਂ ਦਬਾਇਆ ਜਾਂਦਾ ਰਿਹਾ ਹੈ। ਇਹ ਵਰਤਾਰਾ ਸਦੀਆਂ ਤੋਂ ਇਵੇਂ ਹੀ ਚੱਲਦਾ ਆ ਰਿਹਾ ਹੈ। ਹਾਲੇ ਤੱਕ ਮਰਦ ਵੱਲੋਂ ਕਦੇ ਵੀ ਔਰਤ ਨੂੰ ਆਪਣੇ ਬਰਾਬਰ ਦਾ ਰੁਤਬਾ ਨਹੀਂ ਦਿੱਤਾ ਗਿਆ। ਔਰਤ ਸਦਾ ਹੀ ਵਿਚਾਰੀ, ਅਬਲਾ, ਬੇ-ਸਹਾਰਾ ਅਤੇ ਮਜ਼ਲੂਮਾਂ ਵਾਲੀ ਜ਼ਿੰਦਗੀ ਬਤੀਤ ਕਰਦੀ ਆ ਰਹੀ ਹੈ। ਇਹ ਗਿਣਤੀ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਦੇ ਪਛੜੇ ਇਲਾਕਿਆਂ ਵਿੱਚ ਕੁੱਝ ਜ਼ਿਆਦਾ ਵੇਖਣ ਵਿੱਚ ਆਈ ਹੈ। ਸ਼ਰਾਬੀ ਪਤੀਆਂ ਵੱਲੋਂ ਆਪਣੀਆਂ ਪਤਨੀਆਂ ਨੂੰ ਕੁੱਟਣਾ ਮਾਰਨਾ, ਦਾਜ ਦਹੇਜ ਘੱਟ ਲਿਆਉਣ ਅਤੇ ਘਰਾਂ ਵਿੱਚ ਮੁੰਡਾ ਜੰਮਣ ਦੀ ਥਾਂ ਕੁੜੀਆਂ ਦੇ ਜਨਮ ਹੋਣ ਬਦਲੇ ਜ਼ੁਲਮਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹ ਸਭ ਕੁਝ ਸਾਡੇ ਸਮਾਜ ਅੰਦਰ ਆਮ ਚੱਲਦਾ ਆ ਰਿਹਾ ਹੈ। ਇਨਾ ਧੱਕਿਆਂ ਦੇ ਖਿਲਾਫ ਔਰਤਾਂ ਵੱਲੋਂ ਕਿੱਧਰੇ ਵੀ ਕੋਈ ਠੋਸ ਰੂਪ ਵਿੱਚ ਅਵਾਜ ਨਹੀਂ ਉਠਾਈ ਜਾਂਦੀ।

ਉਕਤ ਗੱਲਾਂ ਤੋਂ ਇਲਾਵਾ ਔਰਤ ਨਾਲ ਹੋਣ ਵਾਲੀਆਂ ਬੇਇਨਸਾਫ਼ੀਆਂ ਦੇ ਹੋਰ ਵੀ ਰਾਜਨੀਤਕ ਕਾਰਨ ਹਨ। ਰਾਜਨੀਤਕ ਲੋਕਾਂ ਵੱਲੋਂ ਵੀ ਔਰਤ ਨੂੰ ਸਿਰਫ ਵੋਟ ਪਰਚੀਆਂ ਤੱਕ ਸੀਮਤ ਕਰਕੇ ਰੱਖਿਆ ਹੋਇਆ ਹੈ। ਕਹਿਣ ਲਈ ਤਾਂ ਰਾਜਨੀਤੀ ਦੇ ਖੇਤਰ ਵਿੱਚ ਔਰਤ ਸੰਵਿਧਾਨਕ ਅਧਿਕਾਰ ਦਿੱਤੇ ਜਾਂਦੇ,ਪਰ ਪ੍ਰੈਕਟੀਕਲ ਜ਼ਿਆਦਾਤਰ ਉਨ੍ਹਾਂ ਅਧਿਕਾਰਾਂ ਉਪਰ ਮਰਦ ਦਾ ਹੀ ਬੋਲਬਾਲਾ ਹੈ। ਔਰਤ ਦੀ ਬਰਾਬਰਤਾ ਲਈ ਜਿਸ ਢੰਗ ਨਾਲ ਰਾਜਨੀਤਕ ਲੋਕਾਂ ਨੂੰ ਕੰਮ ਕਰਨੇ ਚਾਹੀਦੇ ਸਨ,ਉਹ ਨਹੀਂ ਕੀਤੇ ਜਾ ਰਹੇ ਅਤੇ ਨਾ ਹੀ ਕੋਈ ਰਾਜਨੀਤਕ ਧਿਰ ਇਸ ਪ੍ਰਤੀ ਸੰਜੀਦਾ ਵਿਖਾਈ ਦੇ ਰਹੀ ਹੈ।

ਔਰਤ ਦੀ ਹੋਣ ਵਾਲੀ ਮਾੜੀ ਦੁਰਦਸ਼ਾ ਲਈ ਇੱਥੋਂ ਸੱਭਿਆਚਾਰਕ ਢਾਂਚਾ ਵੀ ਜਿੰਮੇਵਾਰ ਹੈ, ਜਿਸ ਨੇ ਔਰਤ ਸਰੀਰ ਪ੍ਰਤੀ ਤਰਾਂ ਤਰਾਂ ਦੇ ਘਟੀਆ ਲੱਚਰ ਗੀਤਾਂ ਰਾਹੀਂ ਔਰਤ ਨੂੰ ਸਿਰਫ ਸਰੀਰਕ ਭੁੱਖ ਮਿਟਾਉਣ ਦੀ ਵਸਤੂ ਦੇ ਰੂਪ ਵਿੱਚ ਸਮਾਜ ਅੰਦਰ ਪੇਸ਼ ਕੀਤਾ। ਇਲੈਕਟ੍ਰਾਨਿਕ ਬਿਜਲੀ ਮੀਡੀਆ ਜਿਹੜਾ ਚੰਦ ਨੋਟਾਂ ਦੇ ਟੁੱਕੜਿਆਂ ਬਦਲੇ ਔਰਤ ਦੀ ਇੱਜਤ ਨਾਲ ਸਰੇਆਮ ਖਿਲਵਾੜ ਕਰਦਾ ਆ ਰਿਹਾ ਹੈ। ਸਮਾਜ ਅੰਦਰ ਨੌਜਵਾਨ ਵਰਗ ਨੂੰ ਸਹੀ ਸੇਧ ਦੇਣ ਦੀ ਬਜਾਏ ਕੁਝ ਘਟੀਆ ਕਿਸਮ ਦੀਆਂ ਫਿਲਮਾਂ ਦਾ ਬੋਲਬਾਲਾ ਨੌਜਵਾਨਾਂ ਨੂੰ ਔਰਤ ਉਪਰ ਸਰੀਰਕ ਸੋਸ਼ਣ ਕਰਨ ਵੱਲ ਜਾਣੇ ਅਣਜਾਣੇ ਪ੍ਰੇਰਤ ਕਰਦਾ ਆ ਰਿਹਾ।

ਭਾਵੇਂ ਔਰਤ ਉਪਰ ਹੋਣ ਜ਼ੁਲਮਾਂ ਨੂੰ ਰੋਕਣ ਲਈ ਸਾਡੇ ਸੰਵਿਧਾਨ ਵਿੱਚ ਕਾਫੀ ਸਖਤ ਕਾਨੂੰਨ ਵੀ ਹੋਂਦ ਵਿੱਚ ਲਿਆਂਦੇ ਜਾ ਚੁੱਕੇ ਹਨ, ਪਰ ਇਸ ਦੇ ਬਾਵਜੂਦ ਔਰਤ 'ਤੇ ਜ਼ੁਲਮਾਂ ਦੀ ਕਹਾਣੀ ਰੁਕਣ ਦਾ ਨਾਮ ਨਹੀਂ ਲੈ ਪਾ ਰਹੀ। ਹੁਣ ਜੇਕਰ ਔਰਤ ਉਪਰ ਹੋਣ ਵਾਲੇ ਜ਼ੁਲਮਾਂ ਦੇ ਅੰਕੜਿਆਂ ਦੀ ਗੱਲ ਕਰੀਏ ਤਾਂ ਵਿਸ਼ਵ ਸਿਹਤ ਸੰਸਥਾ ਅਨੁਸਾਰ ਪੂਰੀ ਦੁਨੀਆ ਅੰਦਰ 29%-62% ਤੱਕ ਔਰਤਾਂ ਕਦੇ ਨਾ ਘਰੇਲੂ ਹਿੰਸਾ ਦੀ ਲਪੇਟ ਵਿੱਚ ਆਈਆਂ ਹਨ। ਦੁਨੀਆ ਦੇ ਕਈ ਹਿੱਸਿਆਂ ਵਿੱਚ ਇਹ ਅੰਕੜਾ 71% ਤੱਕ ਵੇਖਿਆ ਗਿਆ। ਜਿੱਥੇ ਜਦ ਸਾਰੇ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਜਿੱਥੇ ਸਾਡਾ ਮਰਦ ਪ੍ਰਧਾਨ ਸਮਾਜ ਕਟਹਿਰੇ ਵਿੱਚ ਖੜਾ ਵਿਖਾਈ ਦੇ ਰਿਹਾ ਹੈ, ਉਥੇ ਔਰਤ ਜਾਤੀ ਨੂੰ ਵੀ ਆਪਣੇ ਨਾਲ ਹੋਣ ਵਾਲੀਆਂ ਬੇਇਨਸਾਫ਼ੀਆਂ ਖਿਲਾਫ ਅਵਾਜ ਬੁਲੰਦ ਕਰਦੇ ਹੋਏ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਕੇ ਅੱਗੇ ਆਉਣਾ ਪਵੇਗਾ।




**ਪੰਜਾਬ ਦੇ ਖੇਤੀਬਾੜੀ ਸੰਕਟ ਸਬੰਧੀ ਬਰੈਂਪਟਨ ਵਿਖੇ ਵਿਚਾਰ ਚਰਚਾ 8 ਮਾਰਚ ਨੂੰ ਬਰੈਂਪਟਨ ਦੀਆਂ ਸਮੂਹ ਅਗਾਂਹਵਧੂ, ਜਮਹੂਰੀ ਸੰਸਥਾਵਾਂ ਸਮੇਤ ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਕੌਮਾਂਤਰੀ ਔਰਤ ਦਿਵਸ ਨੂੰ ਸਮਰਪਿਤ 8 ਮਾਰਚ 2026 ਦਿਨ ਐਤਵਾਰ ਨੂੰ ਬਾਅਦ ਦੁਪਹਿਰ 1 ਵਜੇ ਤੋਂ 4 ਵਜੇ ਤੱਕ Century gardens recreation center 340 Volden Street East, Brampton ਵਿਖੇ ਵਿਚਾਰ ਚਰਚਾ ਕਰਵਾਈ ਜਾ ਰਹੀ ਹੈ। ਇਸ ਵਿਚਾਰ ਚਰਚਾ ਦਾ ਵਿਸ਼ਾ 'ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਖੇਤੀਬਾੜੀ ਉੱਪਰ ਪੈਣ ਵਾਲੇ ਪ੍ਰਭਾਵ ਅਤੇ ਪੰਜਾਬ ਵਿੱਚ ਅੱਗੇ ਵਧ ਰਿਹਾ ਸਾਂਝਾ ਕਿਸਾਨ ਘੋਲ' ਹੋਵੇਗਾ। ਇਸ ਵਿਚਾਰ ਚਰਚਾ ਦੇ ਮੁੱਖ ਬੁਲਾਰੇ ਨਰਾਇਣ ਦੱਤ (ਪ੍ਰਧਾਨ ਇਨਕਲਾਬੀ ਕੇਂਦਰ ਪੰਜਾਬ ਤੇ ਆਗੂ ਸ਼ਹੀਦ ਕਿਰਨਜੀਤ ਕੌਰ ਯਾਦਗਾਰੀ ਕਮੇਟੀ ਮਹਿਲਕਲਾਂ) ਹੋਣਗੇ। ਇਸ ਅਹਿਮ ਵਿਚਾਰ-ਚਰਚਾ ਨੂੰ ਸਾਰਥਿਕ ਬਣਾਉਣ ਲਈ ਸਭਨਾਂ ਸੂਝਵਾਨ ਲੋਕਾਂ ਨੂੰ ਪ੍ਰੀਵਾਰਾਂ ਸਮੇਤ ਸਮੇਂ ਸਿਰ ਸ਼ਾਮਿਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ।**

ਖੁਸ਼ਪਾਲ ਗਰੇਵਾਲ, +1 (514) 576-4373, ਕੁਲਦੀਪ ਬੋਪਾਰਾਏ 6475712800

# ਇਰਾਨ ਵਿਰੁੱਧ ਅਮਰੀਕੀ-ਇਜ਼ਰਾਇਲੀ ਹਮਲਾ - ਸੁਪਰੀਮ ਲੀਡਰ ਦਾ ਕਤਲ



ਦੁਨੀਆ ਦੇ ਸਭ ਤੋਂ ਵੱਡੇ ਦਹਿਸ਼ਤਗਰਦ ਅਮਰੀਕਾ-ਇਜ਼ਰਾਇਲ ਜੰਗਬਾਜ਼ ਗੱਠਜੋੜ ਵੱਲੋਂ ਮਸਲੇ ਦੇ ਹੱਲ ਲਈ ਚਲਦੀ ਗੱਲਬਾਤ ਦਰਮਿਆਨ ਹੀ ਅੰਤਰਰਾਸ਼ਟਰੀ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਇਰਾਨ ਉੱਪਰ ਹਮਲਾ ਵਿੱਢ ਦਿੱਤਾ ਗਿਆ ਹੈ। ਇਰਾਨ ਦੇ 31 ਵਿੱਚੋਂ 24 ਸੂਬਿਆਂ ਉੱਪਰ ਕੀਤੇ ਦੁਸ਼ਟ ਹਮਲਿਆਂ ਵਿਚ 148 ਸਕੂਲੀ ਬੱਚੀਆਂ ਸਮੇਤ ਸੈਂਕੜੇ ਨਾਗਰਿਕਾਂ ਨੂੰ ਕਤਲ ਕੀਤਾ ਗਿਆ ਹੈ। ਇਨ੍ਹਾਂ ਹਮਲਿਆਂ ਵਿੱਚ ਇਰਾਨੀ ਇਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ ਨੂੰ ਕਤਲ ਕਰ ਦਿੱਤਾ ਗਿਆ ਹੈ। ਇਰਾਨੀ ਸਰਕਾਰੀ ਮੀਡੀਆ ਨੇ ਸੁਪਰੀਮ ਲੀਡਰ ਦੀ ਮੌਤ ਦੀ ਖ਼ਬਰ ਦੀ ਪੁਸ਼ਟੀ ਕਰ ਦਿੱਤੀ ਹੈ ਅਤੇ ਇਰਾਨ ਅੰਦਰ 40ਦਿਨਾਂ ਦੇ ਸੋਗ ਦਾ ਐਲਾਨ ਕੀਤਾ ਗਿਆ ਹੈ। ਇਹ ਗੱਲ ਮਹੱਤਵਪੂਰਨ ਹੈ ਕਿ ਇਰਾਨ ਵਿੱਚ ਸੁਪਰੀਮ ਲੀਡਰ ਦਾ ਅਹੁਦਾ ਸਭ ਤੋਂ ਉੱਚਾ ਸਿਆਸੀ ਅਤੇ ਧਾਰਮਿਕ ਅਹੁਦਾ ਹੈ। ਸੁਪਰੀਮ ਲੀਡਰ ਹੀ ਇਰਾਨ ਦੀ ਸਰਕਾਰ ਦਾ ਅਸਲੀ ਹਾਕਮ ਕਰਤਾ ਧਰਤਾ ਹੈ। ਜਿਸਦਾ ਦਰਜਾ ਰਾਸ਼ਟਰਪਤੀ ਤੋਂ ਵੀ ਉੱਪਰ ਹੁੰਦਾ ਹੈ। ਇਰਾਨ ਵਿੱਚ ਪਹਿਲਵੀ ਰਾਜਵੰਸ਼ ਦੇ ਖ਼ਾਤਮੇ ਤੋਂ ਬਾਅਦ 1979 ਦੀ ਇਸਲਾਮੀ ਕ੍ਰਾਂਤੀ ਉਪਰੰਤ ਆਇਤੁੱਲਾ ਰੂਹੁੱਲਾ ਖ਼ੋਮੈਨੀ ਇਰਾਨ ਦੇ ਪਹਿਲੇ ਸੁਪਰੀਮ ਲੀਡਰ ਦੀ ਮੌਤ ਤੋਂ ਬਾਅਦ 1989 ਵਿੱਚ ਆਇਤੁੱਲਾ ਅਲੀ ਖ਼ਾਮਨੇਈ ਇਰਾਨ ਦੇ ਸੁਪਰੀਮ ਲੀਡਰ ਦੇ ਤੌਰ 'ਤੇ ਸੇਵਾ ਨਿਭਾ ਰਹੇ ਸਨ।

ਫਾਸ਼ਿਸ਼ਟ ਟਰੰਪ ਨੇ ਦਾਅਵਾ ਕੀਤਾ ਹੈ ਕਿ ਨਿਜ਼ਾਮ ਬਦਲਣ ਲਈ ਇਹ ਹਮਲਾ 'ਇਰਾਨੀ ਲੋਕਾਂ ਦੀ ਮੁਕਤੀ ਲਈ' ਅਤੇ ਅਮਰੀਕਾ ਵਿਰੁੱਧ ਇਰਾਨ ਦੇ ਕਥਿਤ ਹਮਲੇ ਦਾ ਖ਼ਾਤਮਾ ਕਰਨ ਲਈ ਕੀਤਾ ਗਿਆ ਹੈ! ਅਸਲ ਵਿਚ, ਜੰਗਬਾਜ਼ ਤਾਂ ਖ਼ੁਦ ਅਮਰੀਕਾ ਅਤੇ ਇਸਦਾ ਪਿੱਠੂ ਇਜ਼ਰਾਇਲ ਹੈ। ਜਿਨ੍ਹਾਂ ਦੇ ਇਸ ਹਮਲੇ ਦਾ ਐਲਾਨੀਆ ਮਨੋਰਥ 1979 ਦੇ 'ਇਸਲਾਮਿਕ ਇਨਕਲਾਬ' ਦੇ ਸਮੇਂ ਤੋਂ ਹੀ ਮੱਧ-ਪੂਰਬ ਵਿਚ ਅਮਰੀਕੀ ਧੌਂਸ ਲਈ ਵੱਡੀ ਚੁਣੌਤੀ ਬਣੇ ਇਰਾਨ ਦੀ ਹਕੂਮਤ ਨੂੰ ਉਲਟਾਉਣਾ, ਉੱਥੇ ਅਮਰੀਕਾ ਦੀ ਕਠਪੁਤਲੀ ਹਕੂਮਤ ਥੋਪਣਾ, ਇਰਾਨ ਦੇ ਕੁਦਰਤੀ ਵਸੀਲਿਆਂ ਉੱਪਰ ਕਬਜ਼ਾ ਕਰਨਾ ਅਤੇ ਆਖਿਰਕਾਰ ਪੂਰੇ ਮੱਧ-ਪੂਰਬ ਉੱਪਰ ਅਮਰੀਕੀ ਸਾਮਰਾਜੀ ਦਾਬਾ ਸਥਾਪਤ ਕਰਨਾ ਹੈ। ਦੁਨੀਆ ਭਰ ਦੀਆਂ ਘੋਰ ਪਿਛਾਖੜੀ ਹਕੂਮਤਾਂ ਦੀ ਸਰਪ੍ਰਸਤੀ ਕਰਨ ਵਾਲੇ ਅਮਰੀਕੀ ਸਾਮਰਾਜੀਆਂ ਨੇ ਉਸ ਇਰਾਨ ਨੂੰ ਨਿਸ਼ਾਨਾ ਬਣਾਇਆ ਹੈ ਜਿੱਥੇ ਔਰਤਾਂ ਦੀ ਸਾਖ਼ਰਤਾ ਦਰ 97% ਹੈ।

ਇਰਾਨ ਦੀ ਸ਼ੀਆ ਹਕੂਮਤ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਨੂੰ ਲੈ ਕੇ ਅਨੇਕਾਂ ਸਵਾਲ ਹੋ ਸਕਦੇ ਹਨ ਪਰ ਇਸ ਦੇ ਬਹਾਨੇ ਅਮਰੀਕੀ ਸਾਮਰਾਜੀਏ ਇਰਾਨ ਜਾਂ ਕਿਸੇ ਵੀ ਮੁਲਕ ਦੀ ਪ੍ਰਭੁਸੱਤਾ ਵਿਰੁੱਧ ਆਪਣੇ ਦੁਸ਼ਟ ਮਨਸੂਬਿਆਂ ਬਾਰੇ ਦੁਨੀਆ ਨੂੰ ਗੁੰਮਰਾਹ ਨਹੀਂ ਕਰ ਸਕਦੇ। ਇਸ ਮਹਾਂ-ਝੂਠ ਨੂੰ ਕੌਣ ਮੰਨ ਲਵੇਗਾ ਕਿ ਫਾਸ਼ਿਸਟ ਸਾਮਰਾਜੀ ਗੈਂਗਸਟਰ ਅਤੇ ਮੱਧ ਪੂਰਬ ਵਿਚ ਅਮਰੀਕਾ ਦੀ ਫ਼ੌਜੀ ਚੌਕੀ ਇਜ਼ਰਾਇਲ, ਜੋ ਖ਼ੁਦ ਫ਼ਲਸਤੀਨ ਦੀ ਸਰਜ਼ਮੀਨ ਉੱਪਰ ਨਜਾਇਜ਼ ਕਾਬਜ਼ ਸਟੇਟ ਹੈ, ਕਿਸੇ ਮੁਲਕ ਦੇ ਲੋਕਾਂ ਦੇ ਮੁਕਤੀ ਦਾਤੇ ਹਨ। ਦੁਨੀਆ ਵਿਚ ਟਰੰਪ ਦੀ ਅਗਵਾਈ ਹੇਠ ਅਮਰੀਕੀ ਸਾਮਰਾਜੀ ਸਟੇਟ ਦੇ ਖ਼ੂਨੀ ਮਨਸੂਬਿਆਂ ਨੂੰ ਠੱਲ੍ਹ ਪਾਉਣ ਦੇ ਸਮਰੱਥ ਮਜ਼ਬੂਤ ਲੋਕ ਤਾਕਤ ਨਾ ਹੋਣ ਕਾਰਨ ਹੀ ਅਮਰੀਕੀ-ਇਜ਼ਰਾਇਲੀ ਦੈਂਤ ਇਰਾਕ, ਫ਼ਲਸਤੀਨ, ਵੈਨਜ਼ੁਏਲਾ ਨੂੰ ਦਰੜਦਾ ਹੋਇਆ ਅਤੇ ਕਿਊਬਾ ਨੂੰ ਧਮਕੀਆਂ ਦਿੰਦਾ ਹੋਇਆ ਪੂਰੀ ਦੁਨੀਆ ਉੱਪਰ ਆਪਣੀ ਧੌਂਸ ਥੋਪਣ ਲਈ ਆਦਮ ਬੋ-ਆਦਮ ਬੋ ਕਰਦਾ ਫਿਰਦਾ ਹੈ। ਇਰਾਨ ਦਾ ਨਿਜ਼ਾਮ ਫ਼ਲਸਤੀਨ ਦੀ ਗਹਿ-ਗੱਡਵੀਂ ਹਮਾਇਤ ਕਰਨ ਕਰਕੇ ਅਤੇ ਅਮਰੀਕੀ ਸਾਮਰਾਜ ਵਿਰੋਧੀ ਮਜ਼ਬੂਤ ਹਥਿਆਰਬੰਦ ਟਾਕਰਾ ਸ਼ਕਤੀਆਂ, ਜਿਵੇਂ ਹਿਜ਼ਬੁੱਲਾ, ਹਮਾਸ ਅਤੇ ਯਮਨ ਦੇ ਹਾਊਤੀ ਬਾਗ਼ੀ ਆਦਿ, ਦੀ ਪਿੱਠ 'ਤੇ ਖੜ੍ਹਾ ਹੋਣ ਕਾਰਨ ਵੀ ਅਮਰੀਕੀ-ਇਜ਼ਰਾਇਲੀ ਪਿਛਾਖੜੀ ਗਠਜੋੜ ਨੂੰ ਬਹੁਤ ਚੁੱਭਦਾ ਸੀ। ਭਾਵੇਂ ਇਰਾਨ ਨੇ ਆਪਣੇ ਅਮਰੀਕੀ ਸਾਮਰਾਜ-ਵਿਰੋਧੀ ਅਡੋਲ ਸਟੈਂਡ ਅਨੁਸਾਰ ਇਸ ਹਮਲੇ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਮੋੜਵੇਂ ਹਮਲੇ ਸ਼ੁਰੂ ਕਰਕੇ ਆਪਣੀ ਦ੍ਰਿੜਤਾ ਦਾ ਸੰਕੇਤ ਦੇ ਦਿੱਤਾ ਹੈ, ਪਰ ਇਸ ਦਰਮਿਆਨ ਇਰਾਨ ਦੇ ਪ੍ਰਮੁੱਖ ਆਗੂ ਆਇਤਉੱਲਾ ਅਲੀ ਖ਼ਾਮੇਨੇਈ ਅਤੇ ਕੁਝ ਹੋਰ ਚੋਟੀ ਦੇ ਫ਼ੌਜੀ ਤੇ ਰਾਜਨੀਤਕ ਅਧਿਕਾਰੀਆਂ ਦੇ ਅਮਰੀਕੀ-ਇਜ਼ਰਾਇਲੀ ਹਮਲੇ ਵਿਚ ਮਾਰੇ ਜਾਣ ਦੀ ਬੇਹੱਦ ਦੁਖਦਾਈ ਖ਼ਬਰ ਨਿਰਸੰਦੇਹ ਇਰਾਨੀ ਲੋਕਾਂ ਦੇ ਸਾਮਰਾਜਵਾਦ ਵਿਰੋਧੀ ਸੰਘਰਸ਼ ਲਈ ਵੱਡੀ ਸੱਟ ਹੈ। ਇਰਾਨ ਨੇ ਆਪਣੇ ਸ਼ਹੀਦ ਆਗੂ ਦੇ ਸੋਗ ਤੇ ਸਨਮਾਨ ਵਿਚ 40 ਦਿਨ ਮਾਤਮ ਮਨਾਉਣ ਦਾ ਐਲਾਨ ਕੀਤਾ ਹੈ ਅਤੇ ਸ਼ਹਾਦਤ ਨਾਲ ਦੁਨੀਆ ਭਰ ਦੇ ਸ਼ੀਆ ਮੁਸਲਮਾਨਾਂ ਵਿਚ ਖ਼ਾਮੇਨੇਈ ਦਾ ਕੱਦ ਹੋਰ ਉੱਚਾ ਹੋ ਗਿਆ ਹੈ। ਰਮਜ਼ਾਨ ਦੇ ਮਹੀਨੇ ਅਮਰੀਕੀ-ਇਜ਼ਰਾਇਲੀ ਹਾਕਮਾਂ ਦੀ ਇਹ ਬੁਜ਼ਦਿਲ ਕਾਰਵਾਈ ਦੁਨੀਆ ਭਰ ਦੇ ਸ਼ੀਆ ਮੁਸਲਮਾਨ ਫਿਰਕੇ ਵਿਚ ਅਮਰੀਕੀ-ਇਜ਼ਰਾਇਲੀ ਦੁਸ਼ਟ ਗਠਜੋੜ ਵਿਰੁੱਧ ਨਫ਼ਰਤ, ਰੋਹ ਤੇ ਇਕਜੁੱਟਤਾ ਵਿਚ ਇਜ਼ਾਫਾ ਹੀ ਕਰੇਗੀ। ਉਨ੍ਹਾਂ ਦੀਆਂ ਭਾਵਨਾਵਾਂ ਪੱਛਮੀ ਏਸ਼ੀਆ, ਕਸ਼ਮੀਰ ਅਤੇ ਭਾਰਤ ਸਮੇਤ ਕੁਲ ਦੁਨੀਆ ਵਿਚ ਹੋ ਰਹੇ ਵੱਡੇ-ਵੱਡੇ ਸੋਗਮਈ ਇਕੱਠਾਂ ਵਿਚ ਦੇਖੀਆਂ ਜਾ ਸਕਦੀਆਂ ਹਨ।

ਦਹਾਕਿਆਂ ਤੋਂ ਸਖ਼ਤ ਅਮਰੀਕੀ ਪਾਬੰਦੀਆਂ ਦਾ ਬਹਾਦਰੀ ਅਤੇ ਸਿਰੜ ਨਾਲ ਮੁਕਾਬਲਾ ਕਰ ਰਿਹਾ ਇਰਾਨ ਆਪਣੇ ਅਤੇ ਮੱਧ ਪੂਰਬ ਦੇ ਹਿਤਾਂ ਲਈ ਮਿਸਾਲੀ ਦਿ ?ਰੜਤਾ ਨਾਲ ਡੱਟਿਆ ਰਿਹਾ ਹੈ। ਪਿਛਲੇ ਸਾਲ ਵੀ ਅਮਰੀਕਾ ਦੀ ਪਿੱਠੂ ਇਜ਼ਰਾਇਲੀ ਹਕੂਮਤ ਵੱਲੋਂ ਇਰਾਨ ਉੱਪਰ ਬੰਬਾਰੀ ਕਰਕੇ ਉਸਦੇ ਪ੍ਰਮਾਣੂ ਅੱਡਿਆਂ ਨੂੰ ਤਬਾਹ ਕਰਨ ਅਤੇ ਇਰਾਨੀ ਹਕੂਮਤ ਨੂੰ ਝੁਕਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਜੋ ਨਾਕਾਮ ਰਹੀ ਸੀ। ਪਿਛਲੇ ਦਿਨੀਂ ਅਮਰੀਕਾ ਵੱਲੋਂ ਇਰਾਨ ਦੀ ਹਕੂਮਤ ਨੂੰ ਇਸ ਮਨਸੂਬੇ ਤਹਿਤ ਗੱਲਬਾਤ ਵਿਚ ਉਲਝਾਕੇ ਇਰਾਨ ਉੱਪਰ ਆਪਣੀਆਂ ਸ਼ਰਤਾਂ ਥੋਪਣ ਲਈ ਦਬਾਅ ਪਾਇਆ ਗਿਆ ਕਿ ਉਹ ਹਮਲੇ ਤੋਂ ਡਰਕੇ ਅਮਰੀਕੀ ਸ਼ਰਤਾਂ ਅੱਗੇ ਆਤਮ-ਸਮਰਪਣ ਕਰ ਦੇਣਗੇ, ਜਿਸ ਵਿਚ ਸਫ਼ਲਤਾ ਨਾ ਮਿਲਦੀ ਦੇਖਕੇ ਇਸ ਗੱਠਜੋੜ ਵੱਲੋਂ ਮੌਜੂਦਾ ਹਮਲਾ ਵਿੱਢ ਦਿੱਤਾ ਗਿਆ। ਇਸ ਨਜਾਇਜ਼ ਹਮਲੇ ਨੂੰ ਫਾਸਿਸ਼ਟ ਟਰੰਪ ਜੁੰਡਲੀ ਅਮਰੀਕਾ ਦੇ ਅੰਦਰ ਲੋਕਾਂ ਉੱਪਰ ਜਬਰ ਤੇਜ਼ ਕਰਨ ਅਤੇ ਹੋਰ ਵੀ ਵਧੇਰੇ ਤਾਨਾਸ਼ਾਹ ਤਾਕਤਾਂ ਹਥਿਆਉਣ ਲਈ ਵੀ ਵਰਤੇਗੀ।

ਜਦੋਂ ਹਿਟਲਰ ਯਹੂਦੀਆਂ ਦੀ ਨਸਲਕੁਸ਼ੀ ਕਰ ਰਿਹਾ ਸੀ ਤਾਂ ਆਰਐੱਸਐੱਸ ਦੇ ਆਗੂ ਉਸ ਨੂੰ ਆਦਰਸ਼ ਮੰਨਦੇ ਸਨ। ਹੁਣ ਜਦੋਂ ਅਮਰੀਕੀ-ਇਜ਼ਰਾਇਲੀ ਜੰਗਬਾਜ਼ ਫ਼ਲਸਤੀਨੀਆਂ ਅਤੇ ਇਰਾਨੀਆਂ ਦਾ ਕਤਲੇਆਮ ਕਰ ਰਹੇ ਹਨ ਤਾਂ ਭਾਰਤ ਦੀ ਭਗਵਾ ਹਕੂਮਤ ਆਪਣੀ ਲੋਕ ਦੁਸ਼ਮਣ ਖ਼ਸਲਤ ਅਨੁਸਾਰ ਨਸਲਵਾਦੀ-ਜ਼ਿਓਨਵਾਦੀ ਜੰਗਬਾਜ਼ਾਂ ਦੀ ਬੇਸ਼ਰਮੀਂ ਨਾਲ ਚਾਕਰੀ ਕਰਦੀ ਦੇਖੀ ਜਾ ਸਕਦੀ ਹੈ।

ਇਹ ਯੁੱਧ ਲੰਮਾ ਚੱਲਣ ਵਾਲਾ ਅਤੇ ਪੂਰੇ ਮੱਧ ਪੂਰਬ ਸਮੇਤ ਦੁਨੀਆ ਦੇ ਹਾਲਾਤ ਉੱਪਰ ਡੂੰਘਾ ਅਸਰ ਪਾਉਣ ਵਾਲਾ ਹੈ। ਇਰਾਨ ਦੇ ਇਸਲਾਮਿਕ ਰੈਵੋਲੂਸ਼ਨਰੀ ਗਾਰਡਜ਼ ਨੇ ਮੁਜਰਿਮ ਅਮਰੀਕਾ ਅਤੇ ਜ਼ਾਇਓਨਵਾਦੀ ਇਜ਼ਰਾਇਲ ਨੂੰ ਵੱਖਰੀ ਤਰ੍ਹਾਂ ਦੀ ਅਤੇ ਸਖ਼ਤ ਕਾਰਵਾਈ ਨਾਲ ਸਬਕ ਸਿਖਾਉਣ ਦਾ ਹਲਫ਼ ਲਿਆ ਹੈ। ਟਰੰਪ ਨੇ ਇਸਦੇ ਪ੍ਰਤੀਕਰਮ 'ਚ ਇਰਾਨ ਵਿਰੁੱਧ ਹੋਰ ਵੀ ਕਰੂਰ ਤਾਕਤ ਵਰਤਣ ਦੀ ਧਮਕੀ ਦਿੱਤੀ ਹੈ। ਬੇਸ਼ੱਕ ਅਮਰੀਕੀ-ਇਜ਼ਰਾਇਲੀ ਗੱਠਜੋੜ ਆਪਣੀ ਹਥਿਆਰਬੰਦ ਤਾਕਤ ਦੇ ਜ਼ੋਰ ਇਰਾਨ ਨੂੰ ਵਕਤੀ ਤੌਰ 'ਤੇ ਹਰਾ ਦੇਵੇ ਪਰ ਸ਼ਾਨਦਾਰ ਸਾਮਰਾਜਵਾਦ-ਵਿਰੋਧੀ ਰਵਾਇਤਾਂ ਵਾਲੇ 9 ਕਰੋੜ ਤੋਂ ਵੱਧ ਇਰਾਨੀ ਲੋਕ ਅਮਰੀਕੀ ਸਾਮਰਾਜਵਾਦ ਅੱਗੇ ਹਰਗਿਜ਼ ਨਹੀਂ ਝੁਕਣਗੇ ਅਤੇ ਆਪਣੀ ਪ੍ਰਭੁਸੱਤਾ ਤੇ ਆਜ਼ਾਦ ਹੈਸੀਅਤ ਦੀ ਰਾਖੀ ਲਈ ਜਾਨ-ਹੂਲਵਾਂ ਸੰਘਰਸ਼ ਜਾਰੀ ਰੱਖਣਗੇ। ਅਜਿਹੇ ਸੰਘਰਸ਼ ਜਿੱਤ ਨਾਲੋਂ ਦੁਸ਼ਟ ਸਾਮਰਾਜੀਆਂ ਵਿਰੁੱਧ ਡਟੇ ਰਹਿਣ ਦੇ ਪੱਖੋਂ ਵਧੇਰੇ ਮਹੱਤਵ ਰੱਖਦੇ ਹਨ। ਪਰ ਆਖਿਰਕਾਰ ਅਮਰੀਕੀ ਸਾਮਰਾਜੀਆਂ ਨੂੰ ਵੀਅਤਨਾਮ ਤੇ ਅਫ਼ਗਾਨਿਸਤਾਨ ਦੀ ਤਰ੍ਹਾਂ ਇੱਥੋਂ ਵੀ ਮੂੰਹ ਭੰਨਾ ਕੇ ਨਮੋਸ਼ੀ ਨਾਲ ਭੱਜਣਾ ਪਵੇਗਾ।

ਦੁਨੀਆ ਭਰ ਦੀਆਂ ਸਾਮਰਾਜਵਾਦ ਵਿਰੋਧੀ ਤਾਕਤਾਂ ਇਸ ਧਾੜਵੀ ਹਮਲੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾ ਰਹੀਆਂ ਹਨ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਅਮਰੀਕੀ-ਇਜ਼ਰਾਇਲੀ ਗੱਠਜੋੜ ਦੇ ਇਰਾਨ ਦੀ ਪ੍ਰਭੁਸੱਤਾ ਉੱਪਰ ਇਸ ਘਿਣਾਉਣੇ ਹਮਲੇ ਅਤੇ ਇਰਾਨੀ ਆਗੂਆਂ ਦੇ ਬੁਜ਼ਦਿਲ ਤਰੀਕੇ ਨਾਲ ਕੀਤੇ ਕਤਲਾਂ ਦੀ ਸਖ਼ਤ ਨਿਖੇਧੀ ਕਰਦਾ ਹੋਇਆ ਇਰਾਨ ਦੇ ਸਾਮਰਾਜਵਾਦ ਵਿਰੋਧੀ ਲੋਕਾਂ ਨਾਲ ਇਕਮੁੱਠਤਾ ਪ੍ਰਗਟਾਉਂਦਾ ਹੈ ਅਤੇ ਦੁਨੀਆ ਭਰ ਦੇ ਇਨਸਾਫ਼ਪਸੰਦ ਲੋਕਾਂ ਨੂੰ ਇਸ ਧਾੜਵੀ ਹਮਲੇ ਵਿਰੁੱਧ ਮਜ਼ਬੂਤ ਲਹਿਰ ਉਸਾਰਨ ਦੀ ਅਪੀਲ ਕਰਦਾ ਹੈ।

**(ਸਰੋਕਾਰਾਂ ਦੀ ਆਵਾਜ਼ ਬਿਊਰੋ)**










# ਨਿਹਚਾਵਾਨ ਇਨਕਲਾਬੀ ਰਣਜੀਤ ਲਹਿਰਾ ਦਾ ਵਿਛੋੜਾ

**ਕੰਵਲਜੀਤ ਖੰਨਾ**
+91 94170 67344

ਜ਼ਿੰਦਗੀ ਜਿਉਣ ਦਾ ਸਲੀਕਾ, ਜ਼ਿੰਦਗੀ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਤੁਰਨ ਦੀ ਜਾਂਚ ਅਤੇ ਜੇ ਬੰਦਾ ਗੰਭੀਰ ਸਰੀਰਕ ਦਿੱਕਤ ਕਾਰਨ ਤੁਰਨ-ਫਿਰਨ ਤੋਂ ਆਹਰੀ ਹੋ ਜਾਵੇ ਤਾਂ ਕਲਮ ਨੂੰ ਹਥਿਆਰ ਬਣਾ ਸਰਪਟ ਛਾਲਾਂ ਮਾਰਨ ਦਾ ਹੁਨਰ ਜੇ ਕਿਸੇ ਨੇ ਜਾਨਣਾ ਤੇ ਮਾਨਣਾ ਹੋਵੇ ਤਾਂ ਉਸਨੂੰ ਰਣਜੀਤ ਲਹਿਰਾ ਦੀ ਜੀਵਨ-ਜਾਂਚ ਦੀ ਉਂਗਲ ਫੜ ਮਲਕ-ਮਲਕ ਤੁਰਣਾ ਚਾਹੀਦਾ ਹੈ। ਬੀਤੀ ਦਸ ਫਰਵਰੀ ਨੂੰ ਸਨੇਹੀਆਂ ਤੋਂ ਬੇਹੱਦ ਉਦਾਸ ਖ਼ਬਰ ਮਿਲੀ ਕਿ ਤਾਉਮਰ ਮੌਤ ਨੂੰ ਟਿੱਚ ਜਾਣ ਕੇ ਮਖੌਲਾਂ ਕਰਨ ਵਾਲਾ ਯੋਧਾ ਪਟਿਆਲਾ ਦੇ ਦਿਲ ਦੇ ਰੋਗਾਂ ਦੇ ਮਾਹਿਰ ਡਾ. ਗੁਰਪ੍ਰੀਤ ਸਿੰਘ ਦੇ ਹਸਪਤਾਲ 'ਚ ਆਖਰੀ ਸਲਾਮ ਕਹਿ ਸਦਾ ਲਈ ਸਾਨੂੰ ਵਿਛੋੜਾ ਦੇ ਗਿਆ, ਤਾਂ ਹਰ ਕਿਸੇ ਜਾਨਣ-ਚਾਹੁੰਣ ਵਾਲੇ ਨੂੰ ਵੱਡਾ ਸਦਮਾ ਪੁੱਜਾ। ਦਿਲ ਦੇ ਰੋਗਾਂ ਦੇ ਮਾਹਿਰ ਡਾ. ਗੁਰਪ੍ਰੀਤ ਸਿੰਘ ਪਟਿਆਲਾ ਅਤੇ ਲੰਮਾਂ ਸਮਾਂ ਵਿਚਾਰਾਂ ਦੇ ਸਾਂਝੀਦਾਰ ਰਹੇ ਡਾ. ਧਰਮਵੀਰ ਗਾਂਧੀ ਸਾਥੀ ਰਣਜੀਤ ਲਈ ਚਾਰ ਦਹਾਕੇ ਸੰਜੀਵਨੀ ਬੂਟੀ ਬਣੇ ਰਹੇ। ਧੰਨ ਹੈ ਕਾਮਰੇਡ ਰਣਜੀਤ ਦੀ ਸਮਰਪਿਤ ਜੀਵਨ ਸਾਥਣ ਰਾਜਪਾਲ, ਜਿਸਨੇ ਬੇਹੱਦ ਸੰਵੇਦਨਸ਼ੀਲ ਨਰਸ ਵਾਂਗ ਰਣਜੀਤ ਦੀ ਅੰਤ ਤੱਕ ਸੇਵਾ-ਸੰਭਾਲ ਕੀਤੀ। ਦਿਲ ਦੇ ਗੰਭੀਰ ਰੋਗ ਦੇ ਚੱਲਦਿਆਂ ਉਸ ਨੂੰ ਆਕਸੀਜਨ ਦੀ ਲੋੜ ਪੈਂਦੀ ਸੀ। ਆਕਸੀਜਨ ਦੇ ਸਹਾਰੇ ਨਾਲੋਂ ਵੱਧ ਕੇ ਉਸ ਨੇ ਦਿਲ ਦੇ ਛੇਕ ਦੇ ਬਾਵਜੂਦ ਜੇ ਹਰ ਵਾਰ ਮੌਤ ਨੂੰ ਗਲਾਮਿਓਂ ਫੜ ਪਿੱਛੇ ਮੋੜਿਆ ਤਾਂ ਇਹ ਉਸ ਨੂੰ ਆਪਣੇ ਜੀਵਨ ਸੰਗਰਾਮ ਚੋਂ ਮਿਲੀ ਮਾਰਕਸਵਾਦੀ-ਲੈਨਿਨਵਾਦੀ-ਮਾਓਵਾਦੀ ਵਿਚਾਰਧਾਰਕ ਆਕਸੀਜਨ ਸੀ, ਚੇਤਨਾ ਸੀ। ਗੰਭੀਰ ਸਰੀਰਕ ਬੀਮਾਰੀ ਦੇ ਚੱਲਦਿਆਂ ਮੈਡੀਕਲ ਸਾਇੰਸ ਲਈ ਚੁਣੌਤੀ ਬਣੇ ਉਸ ਦੇ ਹੱਸਮੁੱਖ ਜੀਵਨ ਨੇ, ਉਸ ਦੀ ਜਿਉਣ ਦੀ ਇੱਛਾ ਸ਼ਕਤੀ ਨੇ ਬਹੁਤਿਆਂ ਨੂੰ ਹੈਰਾਨ ਕੀਤਾ ਹੈ।


ਇਕ ਨਿਮਨ ਮੱਧਵਰਗੀ ਪਰਿਵਾਰ 'ਚ ਪੰਜ ਭੈਣਾਂ ਭਰਾਵਾਂ ਚੋਂ ਸਭ ਤੋਂ ਛੋਟੇ ਰਣਜੀਤ ਨੇ ਦੱਸਵੀਂ ਕਰਨ ਉਪਰੰਤ ਬੁਢਲਾਡਾ ਆਈ ਟੀ ਆਈ ਸੰਸਥਾਂ 'ਚ ਦਾਖਲਾ ਲਿਆ ਸੀ। ਵਿਸ਼ੇ ਦੀ ਪੜਾਈ ਦੇ ਨਾਲ-ਨਾਲ ਜੋ ਸਮਾਜਿਕ ਪੜਾਈ ਸਾਥੀ ਰਣਜੀਤ ਨੇ ਇਸ ਸੰਸਥਾਂ 'ਚ ਹਾਸਲ ਕੀਤੀ ਉਹ ਇਸ ਦੇ ਜੀਵਨ 'ਚ ਕੂਹਣੀ ਮੋੜ ਸਾਬਤ ਹੋਈ। ਉਸ ਸਮੇਂ ਦੇ ਵਿਦਿਆਰਥੀ ਜੀਵਨ 'ਚ ਉਸ ਦੀ ਸ਼ਖ਼ਸੀਅਤ ਉਸਾਰੀ ਕਰਨ 'ਚ, ਉਸ ਦੀ ਜੀਵਨ ਸੇਧ ਤੈਅ ਕਰਨ 'ਚ ਪੰਜਾਬ ਸਟੂਡੈਂਟਸ ਯੂਨੀਅਨ ਨੇ ਮੁੱਖ ਭੂਮਿਕਾ ਨਿਭਾਈ। ਉਥੇ ਪੜ੍ਹਦਿਆਂ ਸਮੇਂ ਦੀਆਂ ਸਰਕਾਰਾਂ ਅਤੇ ਅਧਿਕਾਰੀਆਂ ਖਿਲਾਫ ਵਿਦਿਆਰਥੀ ਮੰਗਾਂ ਲਈ ਜੂਝਦਿਆਂ, ਗੁੰਡਾਗਰਦੀ ਨਾਲ ਜੱਥੇਬੰਦਕ ਤਾਕਤ ਦੇ ਜ਼ੋਰ ਮੱਥਾ ਲਾਉਂਦਿਆਂ, ਜੱਥੇਬੰਦੀ 'ਚ ਡੂੰਘੀਆਂ ਬਹਿਸਾਂ-ਵਿਚਾਰਾਂ ਕਰਦਿਆਂ, ਸੰਸਾਰ ਵਰਤਾਰਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਉਹ ਜ਼ਿੰਦਗੀ ਦੇ ਜਿਸ ਗੂੜ੍ਹੇ ਲਾਲ ਰੰਗ 'ਚ ਰੰਗਿਆ ਗਿਆ ਤਾਂ ਫਿਰ ਉਸਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਪੰਜਾਬ ਸਟੂਡੈਂਟਸ ਯੂਨੀਅਨ ਨੇ ਸੱਤਰਵਿਆਂ ਦੇ ਦੌਰ 'ਚ ਰਾਜ ਅਤੇ ਸਮਾਜ ਬਦਲੀ ਦੇ ਕਾਫ਼ਲਿਆਂ 'ਚ ਜਿਨ੍ਹਾਂ ਨੂੰ ਵੀ ਤਿਆਰ ਕਰਕੇ ਤੋਰਿਆ ਉਨ੍ਹਾਂ ਚੋਂ ਭਾਵੇਂ ਕੁੱਝ ਸੰਮੁਦਰ ਟੱਪ ਗਏ ਤੇ ਕੁੱਝ ਪ੍ਰਤੀਬੱਧਤਾਵਾਂ ਬਦਲ ਗਏ ਪਰ ਅਨੇਕਾਂ ਨੌਜਵਾਨ ਰਣਜੀਤ ਲਹਿਰਾ ਵਾਂਗ ਅੱਜ ਵੀ ਰਣਤੱਤੇ 'ਚ ਜੂਝ ਰਹੇ ਹਨ। ਰਣਜੀਤ ਲਹਿਰਾ ਜਿੱਥੇ ਇਕ ਸਫਲ ਲੇਖਕ ਸੀ, ਅਨੁਵਾਦਕ ਸੀ, ਕਾਲਮ ਨਵੀਸ ਸੀ, ਇਨਕਲਾਬੀ ਦੋ ਮਾਸਿਕ 'ਲਾਲ ਪਰਚਮ' ਦਾ ਸੰਪਾਦਕ ਸੀ ਉਥੇ ਇਨਕਲਾਬੀ ਕੇਂਦਰ ਪੰਜਾਬ ਦੀ ਬਤੌਰ ਕਨਵੀਨਰ ਅਤੇ ਤੇਰਾਂ ਸਾਲ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ। 1992 'ਚ ਇਨਕਲਾਬੀ ਕੇਂਦਰ ਪੰਜਾਬ ਦੇ ਬਰੇਟਾ ਅਜਲਾਸ 'ਚ ਉਹ ਜਨਰਲ ਸਕੱਤਰ ਚੁਣਿਆ ਗਿਆ। ਅੱਸੀਵਿਆਂ 'ਚ ਪੰਜਾਬ ਫਿਰਕੂ ਤੇ ਸਰਕਾਰੀ ਦਹਿਸਤਗਰਦੀ ਦੇ ਜਬਾੜਿਆਂ 'ਚ ਫਸਿਆ ਜੋ ਬੇਇੰਤਹਾ ਪੀੜਾਂ ਹੰਢਾ ਰਿਹਾ ਸੀ। ਆਮ ਲੋਕਾਂ ਦੇ ਨਾਲ ਖੱਬੀਆਂ ਅਤੇ ਇਨਕਲਾਬੀ ਧਿਰਾਂ ਦੇ ਆਗੂਆਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਏ ਜਾ ਰਹੇ ਸਨ, ਅਪਰੇਸ਼ਨ ਬਲਿਊ ਸਟਾਰ ਅਤੇ ਇੰਦਰਾ



ਗਾਂਧੀ ਦੇ ਕਤਲ ਤੋਂ ਬਾਅਦ ਦੇਸ ਭਰ 'ਚ ਸਿੱਖਾਂ ਦੇ ਕਤਲੇਆਮ ਦੇ ਦੌਰ 'ਚ ਇਨਕਲਾਬੀ ਲਹਿਰ ਦੀ ਏਕਤਾ, ਇੱਕਜੁੱਟਤਾ ਦੇ ਮੁੱਦੇ ਨੇ ਜ਼ੋਰ ਫੜਿਆ ਤਾਂ ਪੰਜਾਬ ਭਰ 'ਚ ਅਨੇਕਾਂ ਸਾਂਝੀਆਂ ਮੀਟਿੰਗਾਂ ਹੋਈਆਂ। ਉਸ ਸਮੇਂ ਪੰਜਾਬ ਦੀ ਇਨਕਲਾਬੀ ਲਹਿਰ ਦੇ ਏਕਤਾ ਯਤਨਾਂ ਦੀ ਅਗਵਾਈ ਕਰਨ 'ਚ ਇਨਕਲਾਬੀ ਚਿੰਤਕ ਅਤੇ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਨੇ ਮੋਹਰੀ ਰੋਲ ਨਿਭਾਇਆ ਸੀ। ਉਸ ਸਮੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇੱਕ ਇਨਕਲਾਬੀ ਧਿਰ ਨੂੰ ਛੱਡ ਕੇ ਬਾਕੀ ਲਗਭਗ ਸਾਰੀਆਂ ਹੀ ਇਨਕਲਾਬੀ ਧਿਰਾਂ ਨੇ ਇਸ ਮੀਟਿੰਗ 'ਚ ਭਾਗ ਲਿਆ ਸੀ। ਇਥੇ ਸ਼ਾਮਲ ਸਾਰੀਆਂ ਧਿਰਾਂ ਦੀ ਸਹਿਮਤੀ ਨਾਲ ਇੱਕ ਸਾਂਝਾ ਐਲਾਨਨਾਮਾ ਜਾਰੀ ਕੀਤਾ ਗਿਆ ਸੀ। ਇਸ ਸਮੇਂ ਚੁਣੀ ਗਈ ਸੂਬਾ ਕਮੇਟੀ 'ਚ ਸਾਥੀ ਰਣਜੀਤ ਲਹਿਰਾ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਅੱਤਵਾਦ ਦੇ ਉਸ ਦੌਰ 'ਚ ਜਦੋਂ ਬਲਦੇਵ ਮਾਨ, ਜੈਮਲ ਪੱਡਾ, ਗਿਆਨ ਸੰਘਾ, ਮੇਘਰਾਜ, ਮਲਕੀਤ ਸਿੰਘ, ਨਰਿੰਦਰ ਨਿੰਦੀ ਜਿਹੇ ਆਗੂ ਸਾਥੀ ਕਤਲ ਕੀਤੇ ਜਾ ਰਹੇ ਸਨ ਤਾਂ 'ਇਨਕਲਾਬੀ ਏਕਤਾ ਕੇਂਦਰ' ਨੇ ਇਕ ਆਸ ਜਗਾਈ, ਇਨਕਲਾਬੀ ਲਹਿਰ ਨੂੰ ਵੱਡਾ ਹੁਲਾਰਾ ਦਿੱਤਾ ਸੀ। ਉਨਾਂ ਸਮਿਆਂ 'ਚ ਪ੍ਰਸਿੱਧ ਫਿਲਮਸਾਜ਼ ਆਨੰਦ ਪਟਵਰਧਨ ਹੋਰਾਂ ਨੇ ਇਨ੍ਹਾਂ ਬੇਸ਼ਕੀਮਤੀ ਸ਼ਹਾਦਤਾਂ ਨੂੰ ਲੈ ਕੇ 'ਓਹਨਾਂ ਮਿੱਤਰਾਂ ਦੀ ਯਾਦ ਪਿਆਰੀ' ਡਾਕੂਮੈਂਟਰੀ ਬਣਾਈ ਸੀ ਜਦੋਂ ਮਾਝੇ ਦੁਆਬੇ ਦੇ ਪਿੰਡਾਂ-ਕਸਬਿਆਂ ਤੋਂ ਮਾਰਚ ਕਰਦਾ ਇਨਕਲਾਬੀ ਏਕਤਾ ਕੇਂਦਰ ਦਾ ਵੱਡਾ ਕਾਫ਼ਲਾ ਤੇਈ ਮਾਰਚ ਵਾਲੇ ਦਿਨ ਖਟਕੜ ਕਲਾਂ ਪੁੱਜਾ ਸੀ। ਪੰਜਾਬ ਸਰਕਾਰ ਨੇ ਇਸ ਵੱਡੇ ਕਾਫ਼ਲੇ ਵਲੋਂ ਆਪਣੇ ਸ਼ਹੀਦਾਂ ਨੂੰ ਸਿਜਦਾ ਕਰਨ ਤੋਂ ਰੋਕਣ ਤੇ ਉਥੇ ਭਿਆਨਕ ਟੱਕਰ ਹੁੰਦੀ-ਹੁੰਦੀ ਬਚੀ ਸੀ। ਉਸ ਕਾਫਲੇ 'ਚ ਸ਼ਾਮਲ ਸਾਥੀ ਰਣਜੀਤ ਨੇ ਵੀ ਹੋਰਨਾਂ ਸੰਗ ਨਾਅਰੇ ਗੁੰਜਾਏ ਸਨ ਕਿ ਭਗਤ ਸਿੰਘ ਸਾਡਾ ਹੈ, ਸਾਡਾ ਹੈ। ਸਾਂਝੇ ਮੰਚ ਨੇ ਲੋਕ ਮੁੱਦਿਆਂ ਨੂੰ ਲੈਕੇ ਨਿਰੰਤਰ ਸਰਗਰਮੀਆਂ ਜਾਰੀ ਰਖੀਆਂ, ਪਰ ਬਦਕਿਸਮਤੀ ਨਾਲ ਅਨੇਕਾਂ ਕਾਰਨਾਂ ਕਰਕੇ ਪੰਜਾਬ ਦੇ ਇਨਕਲਾਬੀਆਂ ਦਾ ਸਾਂਝਾ ਮੰਚ ਲੰਮਾਂ ਸਮਾਂ ਕਾਇਮ ਨਾ ਰਹਿ ਸਕਿਆ। ਉਪਰੰਤ ਬਰੇਟਾ ਅਜਲਾਸ 'ਚ ਇਨਕਲਾਬੀ ਕੇਂਦਰ ਪੰਜਾਬ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਰਣਜੀਤ ਲਹਿਰਾ ਨੂੰ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ। ਸਾਥੀ ਰਣਜੀਤ ਨੇ ਪੰਜਾਬ ਅੰਦਰ ਅਨੇਕਾਂ ਜਨਤਕ ਸਰਗਰਮੀਆਂ ਦੀ ਠੋਸ ਅਗਵਾਈ ਕਰਦਿਆਂ ਵੱਡੇ ਪੱਧਰ ਤੇ ਜਨਤਾ ਨੂੰ ਲੁਟੇਰੇ ਪ੍ਰਬੰਧ ਖਿਲਾਫ ਸੁਚੇਤ ਕੀਤਾ। ਉਹ ਲੋਕ ਚੇਤਨਾ ਮੰਚ ਲਹਿਰਾਗਾਗਾ ਦਾ ਪ੍ਰੈਸ ਸੱਕਤਰ ਸੀ। ਉਹ ਜਨਸਿਹਤ ਮਹਿਕਮੇ ਚੋ ਸੇਵਾਮੁਕਤ ਹੋਇਆ ਯੂਨੀਅਨ ਦਾ ਸੂਬਾਈ ਆਗੂ ਵੀ ਸੀ। ਸਾਥੀ ਰਣਜੀਤ ਦੀ ਬੇਟੀ ਅਰਸ਼ਪ੍ਰੀਤ ਸੰਧੂ/ਰਾਵੀ ਸੰਧੂ ਇਕ ਸਫਲ ਸੂਝਵਾਨ ਪੱਤਰਕਾਰ ਹੈ ਅਤੇ ਪ੍ਰੈਸ ਕਲੱਬ ਚੰਡੀਗੜ੍ਹ ਦੀ ਮੀਤ ਪ੍ਰਧਾਨ ਹੈ।

ਡਾਕਟਰਾਂ ਮੁਤਾਬਕ ਸਾਥੀ ਰਣਜੀਤ ਦੇ ਲੰਮਾਂ ਸਮਾਂ ਇਸੇ ਤਰ੍ਹਾਂ ਭੱਜ ਨੱਠ ਕਰਦਾ ਰਿਹਾ ਤਾਂ ਨੁਕਸਾਨ ਹੋ ਸਕਦਾ ਹੈ, ਦੀ ਹਿਦਾਇਤ ਨੂੰ ਮੰਨਦਿਆਂ ਸਾਥੀ ਦੀ ਸਰਗਰਮੀ ਪਿਛਲੇ ਦੋ ਦਹਾਕਿਆਂ ਤੋਂ ਸੀਮਤ ਕੀਤੀ ਗਈ ਸੀ। ਇਸ ਕਠਿਨ ਸਮੇਂ 'ਚ ਸਾਡੇ ਰਣਜੀਤ ਲਹਿਰਾ ਨੇ ਫਿਰ ਕਲਮ ਨੂੰ ਹੀ ਅਪਣਾ ਹਥਿਆਰ ਬਣਾਇਆ। 'ਪੰਜਾਬੀ ਟ੍ਰਿਬਿਊਨ' ਦੇ ਮਿਡਲ 'ਚ ਅਕਸਰ ਆਪਣੀਆਂ ਪਿਆਰੀਆਂ ਲਿਖਤਾਂ ਲੈ ਕੇ ਛਪਣ ਵਾਲਾ ਰਣਜੀਤ ਲਹਿਰਾ ਸਭ ਤੋਂ ਵੱਧ ਪੜਿਆ ਤੇ ਉਡੀਕਿਆ ਜਾਣ ਵਾਲਾ ਲੇਖਕ ਸਾਬਤ ਹੋਇਆ। ਉਸ ਦੇ ਦੱਸਣ ਮੁਤਾਬਿਕ ਇਸੇ ਅਖ਼ਬਾਰ ਦਾ ਸੰਪਾਦਕ ਰਹੇ ਦਲਬੀਰ ਸਿੰਘ ਉਸ ਦਾ ਪ੍ਰੇਰਨਾ ਸਰੋਤ ਸਨ। ਉਸ ਦੇ ਮਿਡਲ ਲੇਖਾਂ ਦੀ ਕਿਤਾਬ 'ਕਲਮ ਦਾ ਇਸ਼ਕ' ਅਤੇ ਉਸ ਦੀ ਸਵੈਜੀਵਨੀ 'ਜ਼ਿੰਦਗੀ ਦੇ ਰਾਹਾਂ ਤੇ' ਪੰਜਾਬੀ ਦੇ ਅਗਾਂਹਵਧੂ ਸਾਹਿਤ ਦਾ ਅਮੀਰ ਖਜ਼ਾਨਾ ਹੈ। ਉਸ ਨੇ 'ਜੋ ਜੂਝੇ ਲੋਕਾਂ ਲਈ' ਰਾਹੀਂ ਕਈ ਅਜ਼ਾਦੀ ਘੁਲਾਟੀਏ ਲੋਕਾਂ ਦੇ ਸਨਮੁੱਖ ਕੀਤੇ ਹਨ। ਨਕਸਲੀ ਸ਼ਹੀਦ ਗੁਲਜ਼ਾਰਾ ਭੱਠਲ ਦੀ ਮਾਤਾ ਸੋਦਾਂ ਦੀ ਜੀਵਨੀ, ਇਨਕਲਾਬੀ ਜਮਹੂਰੀ ਲਹਿਰ ਦੇ ਆਗੂ ਸਾਥੀ ਨਾਮਦੇਵ ਭੁਟਾਲ ਦੇ ਜੀਵਨ ਤੇ ਕਿਤਾਬ ਦੀ ਸੰਪਾਦਨਾ, ਆਜ਼ਾਦ ਹਿੰਦ ਫ਼ੌਜ ਦੇ ਸੰਗਰਾਮ ਬਾਰੇ ਕਿਤਾਬ ਤੋਂ ਬਿਨਾਂ ਉਸ ਨੇ ਦੋ ਮਹੱਤਵਪੂਰਨ ਕਿਤਾਬਾਂ ਦਾ ਖੂਬਸੂਰਤ ਅਨੂਵਾਦ ਕਰਕੇ ਇਕ ਕਾਰਨਾਮਾ ਹੀ ਕੀਤਾ ਹੈ। ਮਨਦੀਪ-ਰਣਦੀਪ ਦੁਆਰਾ ਸੰਪਾਦਿਤ ਕਿਤਾਬ 'ਗਾਥਾ ਗਦਰੀਆਂ ਦੀ' 'ਚ ਰਣਜੀਤ ਵੱਲੋਂ ਸਾਂਭੀਆਂ ਗਦਰੀਆਂ ਦੀਆਂ ਜੀਵਨੀਆਂ ਦੀ ਅਹਿਮ ਭੂਮਿਕਾ ਸੀ। ਪੀ. ਐਸ. ਯੂ. 'ਚ ਉਸ ਦੇ ਆਗੂ ਰਹੇ ਸਾਥੀ ਅਜਾਇਬ ਸਿੰਘ ਟਿਵਾਣਾ ਨੇ ਉਸ ਦੀ ਤੁਲਣਾ 'ਕਬਹੂ ਨਾ ਛਾਡੈ ਖੇਤ' ਦੇ ਨਾਇਕ ਨਿਕੋਲਾਈ ਅਸਤਰੋਵਸਕੀ ਨਾਲ ਕੀਤੀ ਹੈ ਜਿਸ ਨੇ ਕਠਿਨ ਤੋਂ ਕਠਿਨ ਸਮਿਆਂ 'ਚ ਵੀ ਹਾਰ ਨਹੀਂ ਮੰਨੀ ਸੀ। ਸੱਚ-ਮੁੱਚ ਸਾਡੇ ਸਮਿਆਂ ਦਾ ਇਕ ਯੋਧਾ ਲੇਖਕ, ਇਨਕਲਾਬੀ ਲਹਿਰ ਦਾ ਉਸੱਰਿਆ ਸਾਨੂੰ ਵਿਛੋੜਾ ਦੇ ਕੇ ਸੁੰਨ ਕਰ ਗਿਆ ਹੈ। ਸਾਥੀ ਰਣਜੀਤ ਲਹਿਰਾ ਦੇ ਪਰਿਵਾਰ ਯਾਨਿ ਉਸ ਦੀ ਪਤਨੀ ਅਤੇ ਧੀ ਅਰਸ਼ਦੀਪ ਨੇ ਉਨਾਂ ਦੀ ਦੇਹ ਸਰਕਾਰੀ ਰਾਜਿੰਦਰਾ ਕਾਲਜ ਅਤੇ ਹਸਪਤਾਲ ਪਟਿਆਲਾ ਨੂੰ ਵਿਸ਼ੇਸ਼ ਖੋਜ ਕਾਰਜਾਂ ਲਈ ਅਰਪਿਤ ਕੀਤੀ ਹੈ। ਉਸ ਦੀ ਅੰਤਿਮ ਯਾਤਰਾ ਤੋਂ ਪਹਿਲਾਂ ਦੋ ਦਰਜਨ ਦੇ ਕਰੀਬ ਜੱਥੇਬੰਦੀਆਂ ਨੇ ਵਿਛੜੇ ਲੋਕ ਆਗੂ ਨੂੰ ਸਨਮਾਨ ਭੇਟ ਕਰਕੇ ਨਾਅਰਿਆਂ ਦੀ ਗੂੰਜ 'ਚ ਸ਼ਰਧਾਂਜਲੀ ਭੇਟ ਕੀਤੀ।










# ਸੰਸਾਰ ਪ੍ਰਸਿੱਧ ਨਾਵਲ 'ਅਮਰੀਕਨ' ਦੇ ਅਨੁਵਾਦ ਦਾ ਲੰਮਾ ਪੈਂਡਾ

ਅਮਰੀਕਨ ਲੇਖਕ ਹਾਵਰਡ ਫਾਸਟ ਦੇ ਸੰਸਾਰ ਪ੍ਰਸਿੱਧ ਇਤਿਹਾਸਕ ਨਾਵਲ 'ਦ ਅਮਰੀਕਨ' ਦਾ ਹਿੰਦੀ ਵਿੱਚ ਅਨੁਵਾਦ 'ਇਤਿਹਾਸ ਬੋਧ' ਦੇ ਸੰਪਾਦਕ ਸ਼੍ਰੀ ਲਾਲ ਬਹਾਦਰ ਵਰਮਾ (ਇਲਾਹਾਬਾਦ) ਵੱਲੋਂ ਸੰਨ 2000 ਵਿੱਚ ਕੀਤਾ ਗਿਆ ਸੀ। ਉਨ੍ਹਾਂ ਹੀ ਦਿਨਾਂ ਵਿੱਚ ਉਨ੍ਹਾਂ 'ਇਤਿਹਾਸ ਜਾਣੋ, ਇਤਿਹਾਸ ਬਦਲੋ' ਯਾਤਰਾ ਤਹਿਤ ਮੇਰੇ ਸ਼ਹਿਰ ਲਹਿਰਾਗਾਗਾ ਵਿਚ ਇੱਕ ਪ੍ਰੋਗਰਾਮ ਮੌਕੇ ਮੈਨੂੰ ਨਾਵਲ ਦੇ ਹਿੰਦੀ ਅਨੁਵਾਦ ਦੀ ਇੱਕ ਕਾਪੀ ਭੇਟ ਕੀਤੀ ਸੀ। ਸ੍ਰੀ ਲਾਲ ਬਹਾਦਰ ਵਰਮਾ ਹਿੰਦੀ ਦੇ ਉੱਘੇ ਵਿਦਵਾਨ ਅਤੇ 'ਇਤਿਹਾਸ ਬੋਧ' ਮੈਗਜ਼ੀਨ ਦੇ ਸੰਪਾਦਕ ਤੇ ਮੇਰੇ ਵਾਕਿਫ਼ ਸਨ।

ਕੁੱਝ ਹੀ ਦਿਨਾਂ ਬਾਅਦ ਮੈਂ ਲਗਾਤਾਰਤਾ ਨਾਲ ਨਾਵਲ ਪੜ੍ਹਨਾ ਸ਼ੁਰੂ ਕੀਤਾ ਤੇ ਜਲਦੀ ਹੀ ਨਿਪਟਾ ਲਿਆ। ਨਾਵਲ ਪੜ੍ਹਦਿਆਂ ਮੈਨੂੰ ਲੱਗਿਆ ਕਿ ਦੁਨੀਆਂ ਭਰ ਦੇ ਕਿਰਤੀ ਕਾਮੇ ਮਈ 1886 ਦੇ ਜਿਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਹਰ ਸਾਲ ਦੇਸ਼ ਦੁਨੀਆਂ ਦੀਆਂ ਸਰਹੱਦਾਂ ਤੋੜ ਕੇ 'ਪਹਿਲੀ ਮਈ ਦਾ ਦਿਹਾੜਾ' ਮਨਾਉਂਦੇ ਹਨ, ਉਨ੍ਹਾਂ ਸ਼ਹੀਦਾਂ ਦੀ ਸ਼ਹਾਦਤ ਅਤੇ 'ਕੰਮ ਦੇ ਘੰਟੇ ਅੱਠ' ਆਲਮੀ ਅੰਦੋਲਨ ਦੇ ਦੁਆਲੇ ਘੁੰਮਦੇ ਇਸ ਇਤਿਹਾਸਕ ਨਾਵਲ ਨੂੰ ਪੰਜਾਬੀ ਵਿੱਚ ਅਨੁਵਾਦ ਕੀਤਾ ਜਾਣਾ ਚਾਹੀਦਾ ਹੈ। ਹਾਲਾਂ ਕਿ ਮੈਂ ਕੋਈ ਨਾਵਲ ਜਾਂ ਕਿਤਾਬ ਕਦੇ ਅਨੁਵਾਦ ਨਹੀਂ ਸੀ ਕੀਤੀ ਪਰ 'ਲਾਲ ਪਰਚਮ' ਲਈ ਲੇਖ ਵਗੈਰਾ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕਰਦਾ ਰਹਿੰਦਾ ਸੀ। ਮੈਂ ਬਿਨਾਂ ਦੇਰੀ ਤੇ ਬਿਨਾਂ ਕਿਸੇ ਬਹੁਤੇ ਤਜ਼ਰਬੇ ਦੇ ਨਾਵਲ ਨੂੰ ਪੰਜਾਬੀ ਵਿੱਚ ਅਨੁਵਾਦ ਕਰਨਾ ਸ਼ੁਰੂ ਕਰ ਦਿੱਤਾ। ਨਾ ਤਾਂ ਉਦੋਂ ਲੈਪਟਾਪ ਹੁੰਦਾ ਸੀ ਤੇ ਨਾ ਹੀ ਮੇਰੇ ਵਰਗੇ ਕੋਲ ਕੰਪਿਊਟਰ। ਸੋ ਹੱਥ ਲਿਖਤ ਕੰਮ ਹੀ ਹੋਣਾ ਸੀ। ਇੱਕ ਤੋਂ ਬਾਅਦ ਇੱਕ ਮੈਂ ਫਾਈ ਰਜਿਸਟਰ ਲਿਖ ਲਿਖ ਕੇ ਭਰ ਦਿੱਤੇ। ਜਿੱਥੇ ਕਿਤੇ ਕਿਸੇ ਸ਼ਬਦ ਦੀ ਸਮੱਸਿਆ ਆਉਂਦੀ ਉਹਨੂੰ ਮੇਰੇ ਮਿੱਤਰ ਮਾਸਟਰ ਇਸ਼ਵਰ ਸਿੰਘ ਹੱਲ ਕਰ ਦਿੰਦੇ। ਓਹ ਹਿੰਦੀ ਦੀ ਚੱਲਦੀ ਫਿਰਦੀ ਡਿਕਸਨਰੀ ਸਨ। ਅਚਾਨਕ ਅੱਧੇ ਤੋਂ ਵੱਧ ਕੰਮ ਕਰ ਲੈਣ ਤੋਂ ਬਾਅਦ ਮੈਨੂੰ ਲੱਗਿਆ ਕਿ ਤਿੰਨ ਸੌ ਦੇ ਕਰੀਬ ਸਫ਼ਿਆਂ ਦੇ ਇਸ ਵੱਡ ਅਕਾਰੀ ਨਾਵਲ ਨੂੰ ਸ਼ਾਇਦ ਹੀ ਕੋਈ ਪ੍ਰਕਾਸ਼ਕ ਛਾਪਣ ਦਾ ਜੋਖ਼ਮ ਲਵੇ। ਉਦੋਂ ਪ੍ਰਕਾਸ਼ਕ ਹੁੰਦੇ ਵੀ ਘੱਟ ਹੀ ਸਨ। ਤੇ ਪਲਿਓਂ ਪੈਸੇ ਖਰਚ ਕੇ ਛਪਾਉਣ ਲਈ ਮੇਰੇ ਪੱਲੇ ਹੈ ਕੁੱਝ ਨਹੀਂ ਸੀ। ਇੰਝ ਹਤਾਸ਼ ਜਿਹਾ ਹੋ ਕੇ ਮੈਂ ਕੰਮ ਬੰਦ ਕਰ ਦਿੱਤਾ ਅਤੇ ਨਾਵਲ ਤੇ ਹੱਥ ਲਿਖਤ ਰਜਿਸਟਰ ਕਿਧਰੇ ਖੂੰਜੇ ਲਾ ਕੇ ਧਰ ਦਿੱਤੇ। ਅਚਾਨਕ ਸਾਲ ਕ ਪਹਿਲਾਂ ਬਰਨਾਲੇ ਵਾਲਾ ਮੇਰਾ ਮਿੱਤਰ ਨਰੈਣ ਦੱਤ ਕਹਿਣ ਲੱਗਿਆ ਕਿ ਇੱਕ ਨਾਵਲ 'ਅਮਰੀਕਨ' ਬਠਿੰਡੇ ਵਾਲੇ ਡਾ. ਬਲਜਿੰਦਰ ਤੇ ਪ੍ਰਿਤਪਾਲ ਮੰਡੀ ਕਲਾਂ ਨੇ ਪੜ੍ਹਿਆ ਹੈ, ਨਾਵਲ ਵਧੀਆ ਹੈ, ਜੇ ਤੁਸੀਂ ਰਲ ਕੇ ਅਨੁਵਾਦ ਕਰ ਲਵੋ ਤਾਂ ਸੌਖਿਆਂ ਹੀ ਕੀਤਾ ਜਾ ਸਕਦਾ ਹੈ। ਮੈਂ ਕਿਹਾ ਕਿ ਉਹ ਨਾਵਲ ਤਾਂ ਮੈਂ ਅੱਧੇ ਤੋਂ ਵੱਧ ਪੰਜਾਬੀ ਵਿੱਚ ਕੀਤਾ ਪਿਆ ਤੇ ਜੇਕਰ ਸਹਿਯੋਗ ਮਿਲ ਜਾਵੇ ਤਾਂ ਬਾਕੀ ਵੀ ਕੀਤਾ ਜਾ ਸਕਦਾ। ਕਿਸੇ ਖੱਲ ਖੂੰਜੇ ਵਿਚੋਂ ਲੱਭ






ਕੇ ਜਦੋਂ ਹੱਥ-ਲਿਖਤ ਰਜਿਸਟਰਾਂ ਤੇ ਨਾਵਲ ਦਾ ਗਰਦਾ ਝਾੜ ਕੇ ਦੇਖਿਆ ਤਾਂ ਦੋ ਸੌ ਦੇ ਕਰੀਬ ਪੇਜ ਅਨਵਾਦ ਕੀਤੇ ਪਏ ਸਨ ਤੇ ਸਿਰਫ਼ ਨੱਬੇ ਕੁ ਪੇਜ਼ ਹੀ ਅਨੁਵਾਦ ਕਰਨੇ ਰਹਿੰਦੇ ਸਨ। ਨਾਵਲ ਦੀ ਕਾਪੀ ਉੱਤੇ, ਜਿਵੇਂ ਬੱਚੇ ਅਕਸਰ ਕਰਦੇ ਹੁੰਦੇ ਨੇ, ਮੇਰੀ ਬੇਟੀ ਅਰਸ਼ਦੀਪ ਅਰਸ਼ੀ ਨੇ ਪੈਨਸਿਲ ਨਾਲ ਲਿਖਿਆ ਸੀ 'ਅਰਸ਼ਦੀਪ ਅਰਸ਼ੀ ਕਲਾਸ - Dth, ਰੋਲ ਨੰਬਰ - Fth। ਜਿਸ ਤੋਂ ਯਾਦ ਆਇਆ ਕਿ ਅਨੁਵਾਦ ਦਾ ਕੰਮ ਸੰਨ 2000 ਦੇ ਨੇੜੇ ਤੇੜੇ ਹੀ ਸ਼ੁਰੂ ਕੀਤਾ ਹੋਇਆ ਸੀ। ਕੀਤਾ ਹੋਇਆ ਕੰਮ ਬਠਿੰਡੇ ਵਾਲੇ ਸਾਥੀਆਂ ਨੂੰ ਸੋਧਣ ਤੇ ਟਾਇਪ ਕਰਨ ਲਈ ਭੇਜ ਕੇ ਮੈਂ ਬਾਕੀ ਬਚੇ ਕੰਮ ਨੂੰ ਲੱਗ ਪਿਆ। ਉਨ੍ਹਾਂ ਨੈੱਟ ਤੋਂ ਨਾਵਲ ਦੀ ਅੰਗਰੇਜ਼ੀ ਛਾਪ ਵੀ ਕੱਢ ਲਈ ਜੀਹਦੇ ਨਾਲ ਪੰਜਾਬੀ ਅਨੁਵਾਦ ਨੂੰ ਹੋਰ ਅਮੀਰ ਬਣਾਉਣ ਚ ਡਾਹਢੀ ਮਦਦ ਮਿਲੀ। ਤੇ ਇੰਝ ਹੁਣ ਢਾਈ ਦਹਾਕੇ ਪਹਿਲਾਂ ਹੱਥ ਲਏ ਬੇਹੱਦ ਅਹਿਮ ਨਾਵਲ ਨੂੰ, ਬਠਿੰਡੇ ਵਾਲੇ ਸਾਥੀਆਂ ਅਤੇ ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ ਦੇ ਭਰਵੇਂ ਸਹਿਯੋਗ ਨਾਲ, ਪੰਜਾਬੀ ਪਾਠਕਾਂ ਦੀ ਝੋਲੀ ਪਾਉਣ ਦੀ ਮੁਬਾਰਕ ਘੜੀ ਆ ਸਕੀ ਹੈ ।


'ਦ ਅਮਰੀਕਨ' ਦਾ ਨਾਇਕ ਆਲਟਗੈਲਡ, ਇਲੀਨੌਇਸ ਦਾ ਗਵਰਨਰ, ਖ਼ੁਦ ਜ਼ੀਰੋ ਤੋਂ ਉੱਠ ਕੇ ਕੀਤੀਆਂ ਆਪਣੀਆਂ ਪ੍ਰਾਪਤੀਆਂ ਨਾਲ ਅਮਰੀਕਾ ਨੂੰ ਸੰਭਾਵਨਾਵਾਂ ਭਰਪੂਰ ਦੇਸ਼ ਮੰਨਦਾ ਹੈ। ਉਹਦਾ ਵਿਸ਼ਵਾਸ ਹੈ ਕਿ ਅਮਰੀਕੀ ਜਮਹੂਰੀਅਤ ਹੁਣ ਤੱਕ ਦੇ ਮਨੁੱਖੀ ਸਮਾਜਾਂ/ਨਿਜ਼ਾਮਾਂ ਵਿੱਚੋਂ ਸਰਬੋਤਮ ਹੈ। ਉਹਨੂੰ ਧੱਕਾ ਉਦੋਂ ਲੱਗਦਾ ਹੈ ਜਦੋਂ ਉਹ ਸਮਝ ਜਾਂਦਾ ਹੈ ਕਿ ਮਈ ਦਿਵਸ ਦੇ ਸ਼ਹੀਦ ਪਾਰਸਨਜ਼ ਤੇ ਉਹਦੇ ਨਿਰਦੋਸ਼ ਸਾਥੀਆਂ ਨੂੰ ਜਾਣ ਬੁੱਝ ਕੇ ਸਾਜ਼ਿਸ਼ ਰਚ ਕੇ ਹਕੂਮਤ ਵੱਲੋਂ ਫਾਂਸੀ ਦਿੱਤੀ ਗਈ ਹੈ। ਪਰ ਉਹ ਆਪਣੇ ਨਿਜ਼ਾਮ ਵਿੱਚ ਇਸ ਕਦਰ ਡੁੱਬਿਆ ਹੋਇਆ ਹੈ ਕਿ ਉਹ ਵਾਰ-ਵਾਰ ਦੁਹਰਾਉਂਦਾ ਰਹਿੰਦਾ ਹੈ ਕਿ ਉਹ ਸਮਾਜਵਾਦੀ ਨਹੀਂ ਹੈ। ਫਿਰ ਵੀ ਇੱਕ ਵਾਰ ਬੁਨਿਆਦੀ ਸਵਾਲ ਉਠਾ ਦੇਣ ਤੋਂ ਬਾਅਦ ਨਿਜ਼ਾਮ ਦੇ ਕਰਤਾ ਧਰਤਾ ਉਹਨੂੰ ਮੁਆਫ਼ ਨਹੀਂ ਕਰਦੇ। ਹਾਰਾਂ ਤੇ ਥੁੜ੍ਹਾਂ ਨਾਲ ਜੂਝਦਾ ਆਲਟਗੈਲਡ ਖੁੱਲ੍ਹ ਕੇ ਮਿਹਨਤਕਸ਼ ਲੋਕਾਂ ਦੇ ਪੱਖ ਵਿੱਚ ਖੜ੍ਹਾ ਹੋ ਜਾਂਦਾ ਹੈ । ਅਸਲ ਵਿੱਚ ਆਲਟਗੈਲਡ ਹੀ ਅਮਰੀਕਾ ਦਾ ਸਰਬੋਤਮ ਪ੍ਰਤੀਨਿਧ ਹੈ ਅਤੇ ਅਸਲ ਮਾਅਨਿਆਂ ਵਿੱਚ ਉਹੀ 'ਅਮਰੀਕਨ' ਹੈ ।

ਸਤਨਾਮ (ਜੰਗਲਨਾਮਾ) ਵੱਲੋਂ 1980ਵਿਆਂ 'ਚ ਹਾਵਰਡ ਫਾਸਟ ਦਾ ਨਾਵਲ 'ਸਪਾਰਟਕਸ' (ਆਦਿ ਵਿਦਰੋਹੀ) ਪੰਜਾਬੀ ਵਿੱਚ ਅਨੁਵਾਦ ਕਰਨ ਤੋਂ ਬਾਅਦ ਹਾਵਰਡ ਫਾਸਟ ਦਾ ਇਹ ਦੂਜਾ ਨਾਵਲ ਪੰਜਾਬੀ ਵਿੱਚ ਅਨੁਵਾਦ ਕਰਨ ਦਾ ਕੰਮ ਮੇਰੇ ਹਿੱਸੇ ਆਇਆ ਹੈ। ਨਾਵਲ ਦੀ ਸਾਹਿਤਕ ਵਿਧਾ ਬਾਰੇ ਮੈਨੂੰ ਬਹੁਤੀ ਜਾਣਕਾਰੀ ਨਹੀਂ ਇਸ ਲਈ ਮੈਂ ਉਹਦੀਆਂ ਬਾਰੀਕੀਆਂ ਬਾਰੇ ਕੋਈ ਗੱਲ ਨਹੀਂ ਕਰਾਂਗਾ ਬਸ ਇੰਨਾ ਹੀ ਕਹਾਂਗਾ ਕਿ ਮੈਂ ਪੂਰੀ ਲਗਨ ਤੇ ਮਿਹਨਤ ਨਾਲ ਨਾਵਲ ਦਾ ਅਨੁਵਾਦ ਕੀਤਾ ਹੈ। ਪਰ ਬਿਦੇਸ਼ੀ ਭਾਸ਼ਾ ਦੀ ਲਿਖਤ ਆਪਣੀ ਭਾਸ਼ਾ/ਬੋਲੀ ਵਿੱਚ ਕਰਨ ਲੱਗੇ ਕਈ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਪੂਰੀ ਤਰ੍ਹਾਂ ਢੁਕਵਾਂ ਬਦਲ ਨਹੀਂ ਲੱਭਦਾ। ਵਿਦੇਸ਼ੀ ਭਾਸ਼ਾ ਦਾ ਆਪਣਾ ਇੱਕ ਮੁਹਾਵਰਾ ਹੈ ਅਤੇ ਸਾਡੀ ਪੰਜਾਬੀ ਦਾ ਆਪਣਾ। ਕੋਸ਼ਿਸ਼ ਦੇ ਬਾਵਜੂਦ ਜਿਹੜੇ ਫ਼ਰਕ ਰਹਿ ਗਏ ਹੋਣਗੇ, ਉਹ ਗੁਸਤਾਖੀਆਂ ਮੇਰੇ ਹਿੱਸੇ। ਪਰ ਨਾਵਲ ਦੇ ਥੀਮ ਦੀ ਆਪਣੀ ਮਹੱਤਤਾ ਅਤੇ ਅਮੀਰੀ ਹੈ, ਜਿਹੜੀ ਪਾਠਕਾਂ ਨੂੰ ਪਸੰਦ ਆਵੇਗੀ। ਉਮੀਦ ਹੈ ਪਾਠਕ ਮੇਰੀ ਇਹ ਕੋਸ਼ਿਸ਼ ਕਬੂਲ ਕਰਨਗੇ ।

**ਅਨੁਵਾਦ : ਰਣਜੀਤ ਲਹਿਰਾ**


Sandhu G Construction Ltd.
Preparation- Shower Base - Water Proof
We can install Ceramic Tiles & Marble, Back Splash Tiles,
Tiles on Walls, Kitchen, Washroom or anywhere in Home.
You can upgrade your Kitchen or Washroom



ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ
Harmanjot Dhudike
403-975-0006
Sharmanjot22@gmail.com

Universal Health
It's all about "U"
PHARMACY
Compounding & Home Health Care



Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar B.Comm. CPA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

# "ਨਿਯਮ-ਅਧਾਰਤ ਅੰਤਰਰਾਸ਼ਟਰੀ ਵਿਵਸਥਾ" ਜਿਸਦਾ ਅੰਤ ਹੋ ਰਿਹਾ ਹੈ, ਕੀ ਸੀ ?

ਬੇਨੋਇਟ ਟੈਂਗੁਏ
ਅਨੁਵਾਦ: ਡਾ ਹਰਦੀਪ ਸਿੰਘ



*ਦੂਜੇ ਵਿਸ਼ਵ-ਯੁੱਧ ਤੋਂ ਬਾਅਦ ਵਿਕਸਤ ਹੋਈ ਅੰਤਰਰਾਸ਼ਟਰੀ ਕਾਨੂੰਨੀ ਪ੍ਰਣਾਲੀ, ਕਦੇ ਵੀ ਸਾਮਰਾਜੀ ਹਮਲੇ ਵਿੱਚ ਰੁਕਾਵਟ ਨਹੀਂ ਬਣੀ। ਯੁੱਧ ਤੋਂ ਬਾਅਦ ਦੇ ਸਮੇਂ ਵਿੱਚ ਸਥਾਪਤ ''ਨਿਯਮ-ਅਧਾਰਤ ਵਿਸ਼ਵ ਵਿਵਸਥਾ" ਸੰਯੁਕਤ ਰਾਜ ਦੀ ਅਗਵਾਈ ਵਾਲੇ ਪੱਛਮੀ ਦੇਸ਼ਾਂ ਲਈ ਦਬਦਬੇ ਦਾ ਇੱਕ ਸਾਧਨ ਹੈ, ਜਿਸ ਨੇ ਇਸ ਦੀ ਵਰਤੋਂ ਬਾਜ਼ਾਰਾਂ ਨੂੰ ਜਿੱਤਣ, ਕੁਦਰਤੀ ਸਰੋਤਾਂ ਨੂੰ ਚੋਰੀ ਕਰਨ ਅਤੇ ਦੁਨੀਆ ਭਰ ਵਿੱਚ ਸਸਤੀ ਮਜ਼ਦੂਰੀ ਦਾ ਸ਼ੋਸ਼ਣ ਕਰਨ ਲਈ ਕੀਤੀ ਹੈ। -ਸੰਪਾਦਕ*

'Rules-based internaitonal order' ਸ਼ਬਦ ਇਨ੍ਹਾਂ ਦਿਨਾਂ ਵਿੱਚ ਹਰ ਕਿਸੇ ਦੇ ਜ਼ੁਬਾਨ 'ਤੇ ਹੈ। ਲਿਬਰਲ ਟਿੱਪਣੀਕਾਰਾਂ ਨੇ ਟਰੰਪ ਉੱਪਰ ਦੋਸ਼ ਲਾਇਆ ਕਿ ਗ੍ਰੀਨਲੈਂਡ ਦੀ ਪ੍ਰਭੁਸੱਤਾ ਦਾ ਸਤਿਕਾਰ ਨਹੀਂ ਕਰ ਰਿਹਾ ਅਤੇ ਇਸਤੇ ਕਬਜ਼ੇ ਦੀਆਂ ਧਮਕੀਆਂ ਦੇ ਰਿਹਾ ਹੈ। ਮਾਰਕ ਕਾਰਨੀ ਨੇ ਦਾਵੋਸ ਵਿੱਚ ਆਪਣੇ ਮਸ਼ਹੂਰ ਭਾਸ਼ਣ ਵਿੱਚ, ਇਸ "ਨਿਯਮ-ਅਧਾਰਤ ਵਿਸ਼ਵ ਵਿਵਸਥਾ" ਦੇ ਅੰਤ ਦੀ ਘੋਸ਼ਣਾ ਕਰ ਦਿੱਤੀ। ਅਸੀਂ ਜਾਣਦੇ ਹਾਂ ਕਿ ਪੁਰਾਣਾ ਆਰਡਰ ਵਾਪਸ ਨਹੀਂ ਆ ਰਿਹਾ। ਸਾਨੂੰ ਇਸ 'ਤੇ ਸੋਗ ਨਹੀਂ ਕਰਨਾ ਚਾਹੀਦਾ।

ਖੱਬੀਆਂ ਧਿਰਾਂ ਵਾਲੇ ਮਹਿਸੂਸ ਕਰਦੇ ਹਨ ਕਿ ਹੁਣ ਅੰਤਰਰਾਸ਼ਟਰੀ ਕਾਨੂੰਨ ਦਾ ਸਤਿਕਾਰ ਨਹੀਂ ਕੀਤਾ ਜਾ ਰਿਹਾ ਅਤੇ ਯੂ.ਐਨ (ਸੰਯੁਕਤ ਰਾਸ਼ਟਰ) ਨੂੰ ਦਰ-ਕਿਨਾਰ ਕਰ ਦਿੱਤਾ ਗਿਆ ਹੈ।

**ਐਨ.ਡੀ.ਪੀ ਨੇ ਵੈਨੇਜ਼ੁਏਲਾ 'ਤੇ ਅਮਰੀਕੀ ਹਮਲੇ ਦੀ ਇਨ੍ਹਾਂ ਸ਼ਬਦਾਂ ਵਿੱਚ ਨਿੰਦਾ ਕੀਤੀ:** "ਵੈਨੇਜ਼ੁਏਲਾ ਉੱਪਰ ਅਮਰੀਕੀ ਹਮਲਾ ਨਾ ਤਾਂ ਸਵੈ-ਰੱਖਿਆ ਵਾਲਾ ਹੈ ਅਤੇ ਨਾ ਹੀ ਇਸ ਨੂੰ 'ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ' ਦੀ ਮਨਜ਼ੂਰੀ ਮਿਲੀ ਹੈ। ਇਸ ਲਈ ਇਹ ਗੈਰ-ਕਾਨੂੰਨੀ ਹੈ, ਅਤੇ ਸੰਯੁਕਤ ਰਾਸ਼ਟਰ ਦੇ ਇਕਰਾਰਨਾਮਿਆਂ ਦੀ ਉਲੰਘਣਾ ਹੈ ਜਿਸ ਨੂੰ ਅਮਰੀਕਾ ਇੱਕ ਮੈਂਬਰ ਦੇਸ਼ ਵਜੋਂ ਬਰਕਰਾਰ ਰੱਖਣ ਲਈ ਸਹਿਮਤ ਹੋਇਆ ਹੈ" ਕਿਊਬਿਕ ਦੇ ਬੁਲਾਰੇ ਰੂਬਾ ਗਜ਼ਲ ਨੇ ਟਵਿੱਟਰ 'ਤੇ ਲਿਖਿਆ: "ਟਰੰਪ ਦੀ ਫੌਜੀ ਦਖਲਅੰਦਾਜ਼ੀ ਨਾਮਨਜ਼ੂਰੀ ਵਾਲੀ ਹੈ ਅਤੇ ਇਸ ਦੀ ਸਖਤ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਇਹ ਅੰਤਰਰਾਸ਼ਟਰੀ ਕਾਨੂੰਨ ਨੂੰ ਦਰੜ੍ਹਦਾ ਹੈ, ਜਿਹੜਾ ਕਿਸੇ ਨੂੰ ਮਨਮਾਨੀ ਅਤੇ ਸਾਮਰਾਜੀ ਰਾਜ ਵਿੱਚ ਸ਼ਾਮਿਲ ਕਰਨ ਤੋਂ ਰੋਕਣ ਲਈ ਸਾਡਾ ਰਾਹ ਦਰਸਾਉ ਹੋਣਾ ਚਾਹੀਦਾ ਹੈ। ਇਹ ਟਰੰਪ ਦੇ ਸੰਯੁਕਤ ਰਾਜ ਜਾਂ ਕਿਸੇ ਹੋਰ ਰਾਜ 'ਤੇ ਨਿਰਭਰ ਨਹੀਂ ਕਰਦਾ ਕਿ ਉਹ ਪਹਿਲਾਂ ਸੰਯੁਕਤ ਰਾਸ਼ਟਰ ਤੋਂ ਮਨਜ਼ੂਰੀ ਪ੍ਰਾਪਤ ਕੀਤੇ ਬਿਨਾਂ ਕਿਸੇ ਵਿਦੇਸ਼ੀ ਦੇਸ਼ ਵਿੱਚ ਦਖਲ ਦੇਵੇ"।

ਪਰ ਜਿਵੇਂ ਕਿ ਕਾਰਨੀ ਨੇ ਪੂਰੀ ਦੁਨੀਆ ਦੇ ਸਾਹਮਣੇ ਮੰਨਿਆ ਸੀ, ਇਹ "ਨਿਯਮ-ਅਧਾਰਤ ਅੰਤਰਰਾਸ਼ਟਰੀ ਵਿਵਸਥਾ" ਇੱਕ "ਖਿਆਲੀ ਕਿੱਸਾ" ਸੀ, ਇਹ ਸਾਮਰਾਜੀ ਦੇਸ਼ਾਂ ਦੇ ਦਬਦਬੇ ਨੂੰ ਲੁਕਾਉਣ ਲਈ ਇੱਕ ਝੂਠ ਸੀ। ਇਹ ਸਪੱਸ਼ਟ ਹੋ ਜਾਂਦਾ ਹੈ ਜਦੋਂ ਅਸੀਂ ਵੇਖਦੇ ਹਾਂ ਕਿ "ਨਿਯਮਾਂ" ਦੀ ਇਹ ਪ੍ਰਣਾਲੀ ਕਿਵੇਂ ਸਥਾਪਤ ਕੀਤੀ ਗਈ ਸੀ ਅਤੇ ਇਤਿਹਾਸ ਵਿੱਚ ਸ਼ਕਤੀਸ਼ਾਲੀ ਲੋਕਾਂ ਦੁਆਰਾ ਇਸ ਦੀ ਵਰਤੋਂ ਕਿਵੇਂ ਕੀਤੀ ਗਈ ਹੈ। ਸਾਨੂੰ ਇਸ ਦੇ ਖ਼ਾਤਮੇ 'ਤੇ ਸੋਗ ਨਹੀਂ ਕਰਨਾ ਚਾਹੀਦਾ ਸਗੋਂ ਇਸ ਦੀ ਵਰਤੋਂ ਬਿਹਤਰੀ ਲਈ, ਸਾਮਰਾਜਵਾਦ ਨੂੰ ਉਖਾੜ ਸੁੱਟਣ ਵਾਲੀ ਲੜ੍ਹਨ ਲਈ ਕਰਨੀ ਚਾਹੀਦੀ ਹੈ।

**ਸੰਯੁਕਤ ਰਾਸ਼ਟਰ ਦੀ ਮਿੱਥ**

ਸ਼ਬਦ "ਨਿਯਮ-ਅਧਾਰਤ ਅੰਤਰਰਾਸ਼ਟਰੀ ਵਿਵਸਥਾ", ਦੂਜੇ ਵਿਸ਼ਵ-ਯੁੱਧ ਤੋਂ ਬਾਅਦ ਸਥਾਪਤ ਵਿਸ਼ਵ-ਵਿਵਸਥਾ ਦਾ ਹਵਾਲਾ ਦੇਣ ਲਈ ਵਰਤਿਆ ਜਾਂਦਾ ਹੈ। ਸੱਤਾਧਾਰੀ ਜਮਾਤ ਦੇ ਵਿਚਾਰਧਾਰਕਾਂ ਦੁਆਰਾ ਪੇਸ਼ ਕੀਤੇ ਗਏ ਮਿਥਿਹਾਸ ਦੇ ਅਨੁਸਾਰ, ਇਹ ਆਰਡਰ ਮੁਕਾਬਲਤਨ ਸ਼ਾਂਤੀ, ਮੁਕਤ ਵਪਾਰ, ਅੰਤਰਰਾਸ਼ਟਰੀ ਕਾਨੂੰਨ ਅਤੇ ਕੂਟਨੀਤੀ ਦੁਆਰਾ ਸੁਲਝਾਏ ਗਏ ਦੇਸ਼ਾਂ ਵਿਚਾਲੇ ਵਿਵਾਦਾਂ ਅਤੇ ਰਾਸ਼ਟਰਾਂ ਦੀ ਪ੍ਰਭੂਸੱਤਾ ਦਾ ਸਤਿਕਾਰ ਦੁਆਰਾ ਵਿਖਾਇਆ ਗਿਆ ਸੀ। ਇਹ ਸਾਰੇ ਅੰਤਰਰਾਸ਼ਟਰੀ ਸੰਗਠਨਾਂ ਦੁਆਰਾ ਅਤੇ ਸੰਯੁਕਤ ਰਾਜ ਅਮਰੀਕਾ ਅਤੇ ਇਸਦੇ ਨਾਟੋ ਸਹਿਯੋਗੀਆਂ ਦੀ ਦਿਆਲੂ ਸਰਪ੍ਰਸਤੀ ਹੇਠ ਸਨ। ਇਸ ਮਿਥਿਹਾਸਕ ਵਿਸ਼ਵ ਵਿਵਸਥਾ ਦੀ ਸਭ ਤੋਂ ਵਧੀਆ ਨੁਮਾਇੰਦਗੀ ਕਰਨ ਵਾਲੀ ਸੰਸਥਾ 'ਸੰਯੁਕਤ ਰਾਸ਼ਟਰ' (ਯੂ.ਐਨ) ਹੈ। ਪਰ ਜੇ ਅਸੀਂ ਸੰਯੁਕਤ ਰਾਸ਼ਟਰ ਦੇ ਇਤਿਹਾਸ 'ਤੇ ਨੇੜਿਓਂ ਨਜ਼ਰ ਮਾਰੀਏ, ਤਾਂ ਮਿੱਥ ਟੁੱਟ ਜਾਂਦੀ ਹੈ।

ਸੰਯੁਕਤ-ਰਾਸ਼ਟਰ ਪ੍ਰੋਜੈਕਟ ਦਾ ਜਨਮ ਦੂਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਵਿੱਚ ਅਮਰੀਕੀ ਵਿਦੇਸ਼ ਵਿਭਾਗ ਦੇ ਅੰਦਰ ਹੋਇਆ ਸੀ, ਨਾਕਿ ਇਹ ਰਾਸ਼ਟਰਾਂ ਦੁਆਰਾ ਕਿਸੇ ਕਿਸਮ ਦੇ ਠੋਸ ਯਤਨਾਂ ਦਾ ਨਤੀਜਾ ਹੈ। ਉਸ ਸਮੇਂ, ਰੂਜ਼ਵੈਲਟ ਪ੍ਰਸ਼ਾਸਨ ਨੇ ਪਹਿਲਾਂ ਹੀ ਭਵਿੱਖਬਾਣੀ ਕੀਤੀ ਸੀ ਕਿ 'ਸੰਯੁਕਤ ਰਾਜ ਅਮਰੀਕਾ' ਯੁੱਧ ਤੋਂ ਮੋਹਰੀ ਵਿਸ਼ਵ ਸ਼ਕਤੀ ਵਜੋਂ ਉਭਰੇਗਾ। ਇਸ ਦਬਦਬੇ ਦਾ ਪ੍ਰਬੰਧ ਕਿਵੇਂ ਕੀਤਾ ਜਾਵੇ ? ਇਸ ਸਵਾਲ 'ਤੇ ਸਰਕਾਰ ਦੇ ਨਜ਼ਦੀਕੀ ਬੁੱਧੀਜੀਵੀ ਹਲਕਿਆਂ ਵਿੱਚ ਬਹਿਸ ਕੀਤੀ ਗਈ। ਸਮੁੰਦਰਾਂ ਨੂੰ ਕੰਟਰੋਲ ਕਰਨ ਅਤੇ ਇੱਕ "ਅਮਰੀਕੀ ਬ੍ਰਿਟਿਸ਼ ਵਿਸ਼ਵ ਵਿਵਸਥਾ" ਬਣਾਉਣ ਲਈ ਗ੍ਰੇਟ ਬ੍ਰਿਟੇਨ ਦੇ ਨਾਲ ਇੱਕ ਸੰਯੁਕਤ ਜਲ-ਸੈਨਾ ਸਥਾਪਤ ਕਰਨ ਦਾ ਵਿਚਾਰ ਸਭ ਤੋਂ ਪਹਿਲਾਂ ਸਾਹਮਣੇ ਆਇਆ। ਰੂਜ਼ਵੈਲਟ ਨੇ ਅਮਰੀਕਾ, ਗ੍ਰੇਟ ਬ੍ਰਿਟੇਨ ਅਤੇ ਯੂ.ਐਸ.ਐਸ.ਆਰ ਤੋਂ ਇਲਾਵਾ ਹੋਰ ਸਾਰੇ ਦੇਸ਼ਾਂ ਨੂੰ ਪੂਰੀ ਤਰ੍ਹਾਂ ਨਿਹੱਥੇ ਕਰਨ ਬਾਰੇ ਵੀ ਵਿਚਾਰ ਕੀਤਾ।

**ਪਰ ਇਸ ਦਬਦਬੇ ਨੂੰ ਲੁਕਾਉਣ ਦੀ ਜ਼ਰੂਰਤ ਸਪੱਸ਼ਟ ਹੋ ਗਈ:** ਵਿਦੇਸ਼ ਵਿਭਾਗ ਦੀ ਕੌਂਸਲ ਨੇ ਚੇਤਾਵਨੀ ਦਿੱਤੀ "ਸਮੁੰਦਰਾਂ ਦੀ ਅਨੁਮਾਨਤ ਅਮਰੀਕੀ-ਬ੍ਰਿਟਿਸ਼ ਪੁਲਿਸਿੰਗ ਨੂੰ ਇੱਕ ਸਾਮਰਾਜੀ ਅਰਥ ਦਿੱਤਾ ਜਾ ਸਕਦਾ ਹੈ," ਇਹ ਕੌਂਸਲ ਸਰਕਾਰੀ ਵਿਭਾਗ ਨੂੰ ਸਲਾਹ ਦੇਣ ਲਈ ਜ਼ਿੰਮੇਵਾਰ ਸੀ। ਇਸ ਤਰ੍ਹਾਂ, ਇੱਕ ਅੰਤਰਰਾਸ਼ਟਰੀ ਸੰਗਠਨ ਦੇ ਅੰਦਰ ਇਸ ਦਬਦਬੇ ਨੂੰ ਲੁਕਾਉਣ ਦਾ ਵਿਚਾਰ ਪੈਦਾ ਹੋਇਆ, ਜੋ ਕਿ ਨਖਿੱਧ 'ਲੀਗ ਆਫ਼ ਨੇਸ਼ਨਜ਼' ਤੋਂ ਪ੍ਰੇਰਿਤ ਸੀ, ਪਰ ਅਮਰੀਕੀ ਹੁਕਮਾਂ ਲਈ ਬਹੁਤ ਜ਼ਿਆਦਾ ਲਚਕੀਲਾ ਸੀ।

ਸੰਯੁਕਤ ਰਾਸ਼ਟਰ (ਯੂ.ਐਨ) ਚਾਰਟਰ ਵੀ ਸੰਯੁਕਤ ਰਾਜ ਦੁਆਰਾ ਲਿਖਿਆ ਗਿਆ ਸੀ ਅਤੇ 1944 ਵਿੱਚ ਡੰਬਾਰਟਨ ਓਕਸ ਕਾਨਫਰੰਸ ਵਿੱਚ ਸੋਵੀਅਤ ਯੂਨੀਅਨ ਅਤੇ ਯੂਨਾਈਟਿਡ ਕਿੰਗਡਮ ਨਾਲ ਗੱਲਬਾਤ ਕੀਤੀ ਗਈ ਸੀ। ਚੀਨ, ਜਿਸ 'ਤੇ ਉਸ ਵੇਲੇ ਅਮਰੀਕਾ ਨਾਲ ਜੁੜੇ ਬੁਰਜੂਆ ਕੁਓਮਿਨਤਾਂਗ ਦੀ ਸਰਕਾਰ ਦਾ ਰਾਜ ਸੀ, ਨੇ ਵੀ ਇਸ ਵਿੱਚ ਹਿੱਸਾ ਲਿਆ, ਹਾਲਾਂਕਿ ਤਿੰਨ ਵੱਡੀਆਂ ਸ਼ਕਤੀਆਂ ਨੇ ਇਸ ਵਿਚਾਰ-ਵਟਾਂਦਰੇ ਦੀ ਅਗਵਾਈ ਕੀਤੀ।

ਬ੍ਰਿਟਿਸ਼ ਅਤੇ ਫ੍ਰੈਂਚ ਨੂੰ ਡਰ ਸੀ ਕਿ ਸੰਯੁਕਤ ਰਾਸ਼ਟਰ ਦੇ ਸਾਮਰਾਜੀ ਉਦੇਸ਼ਾਂ ਲਈ ਅੰਜੀਰ ਦੇ ਪੱਤੇ ਵਜੋਂ ਕੰਮ ਕਰਨ ਵਾਲੇ ਮਹਾਨ ਸਿਧਾਂਤ ਉਨ੍ਹਾਂ ਦੇ ਬਸਤੀਵਾਦੀ ਸਾਮਰਾਜਾਂ ਨੂੰ ਖ਼ਤਰਾ ਪੈਦਾ ਕਰ ਸਕਦੇ ਹਨ, ਇਹ ਦੇਸ਼, ਇਹ ਗੱਲ ਯਕੀਨੀ ਬਣਾਉਣ ਵਿੱਚ ਸਫਲ ਹੋ ਗਏ ਕਿ ਸੰਯੁਕਤ ਰਾਸ਼ਟਰ ਚਾਰਟਰ ਲੋਕਾਂ ਦੇ ਸਵੈ-ਨਿਰਣੇ ਦੇ ਅਧਿਕਾਰ ਨੂੰ ਮਾਨਤਾ ਨਾ ਦੇਵੇ। ਬਹੁਤ ਸਾਰੇ ਜਾਪਾਨੀ ਟਾਪੂਆਂ 'ਤੇ ਸੰਯੁਕਤ ਰਾਜ ਦੇ ਕਬਜ਼ੇ ਨੂੰ ਕਾਨੂੰਨੀ ਬਣਾਉਣ ਲਈ "ਆਦੇਸ਼ਾਂ" ਦੀ ਇੱਕ ਪ੍ਰਣਾਲੀ ਵੀ ਸਥਾਪਤ ਕੀਤੀ ਗਈ ਸੀ।

1945 ਦੀ ਸੈਨ ਫ੍ਰਾਂਸਿਸਕੋ ਕਾਨਫਰੰਸ, ਜਿਸ ਵਿੱਚ ਪੰਜਾਹ ਦੇਸ਼ਾਂ ਨੇ ਸ਼ਿਰਕਤ ਕੀਤੀ ਅਤੇ ਜਿਨ੍ਹਾਂ ਨੇ ਚਾਰਟਰ ਨੂੰ ਅਪਣਾਇਆ, ਡੰਬਰਟਨ ਓਕਸ ਵਿਖੇ ਚਾਰ ਵੱਡੀਆਂ ਸ਼ਕਤੀਆਂ ਦੁਆਰਾ ਲਏ ਗਏ ਫੈਸਲਿਆਂ ਲਈ ਇੱਕ ਰਬੜ-ਸਟੈਂਪਿੰਗ ਅਭਿਆਸ ਸੀ। ਯੂ.ਐਸ.ਏ ਨੇ ਇਹ ਸੁਨਿਸ਼ਚਿਤ ਕੀਤਾ ਕਿ ਇਹ ਐਫ.ਬੀ.ਆਈ. ਨੂੰ ਯੋਜਨਾਬੱਧ ਤਰੀਕੇ ਨਾਲ ਸਾਰੇ ਡੈਲੀਗੇਟਾਂ ਦੀ ਜਾਸੂਸੀ ਕਰਕੇ ਸਾਰੀ ਕਾਰਵਾਈ ਨੂੰ ਕੰਟਰੋਲ ਕਰੇ।

ਪਰ ਬ੍ਰਿਟਿਸ਼ ਅਤੇ ਅਮਰੀਕੀ ਇਹ ਯਕੀਨੀ ਬਣਾਉਣਾ ਚਾਹੁੰਦੇ ਸਨ ਕਿ ਉਹ ਸਾਰੇ ਮਹੱਤਵਪੂਰਨ ਫੈਸਲਿਆਂ 'ਤੇ ਕੰਟਰੋਲ ਬਰਕਰਾਰ ਰੱਖਣ। ਉਹ ਸੰਯੁਕਤ ਰਾਸ਼ਟਰ ਦੇ ਪੂਰਵਗਾਮੀ, ਲੀਗ ਆਫ਼ ਨੇਸ਼ਨਜ਼ ਦੀ ਅਸਫ਼ਲਤਾ ਨੂੰ ਦੁਹਰਾਉਣਾ ਨਹੀਂ ਚਾਹੁੰਦੇ ਸਨ, ਜੋ ਕਿ ਇੱਕ ਖੋਖਲਾ ਸ਼ੈੱਲ ਸੀ ਜਿਸ ਵਿੱਚ ਕੋਈ ਸ਼ਕਤੀ ਨਹੀਂ ਸੀ। ਕੰਟਰੋਲ ਬਣਾਈ ਰੱਖਣ ਲਈ, ਉਨ੍ਹਾਂ ਨੇ ਸੁਰੱਖਿਆ ਪ੍ਰੀਸ਼ਦ ਦੀ ਸਥਾਪਨਾ ਕੀਤੀ, ਜਿਸ ਨੇ ਸਾਰੇ ਅਸਲੀ ਫੈਸਲੇ ਲਏ ਅਤੇ ਜਿਸ ਵਿੱਚ ਉਨ੍ਹਾਂ ਨੇ ਆਪਣੇ ਆਪ ਲਈ ਵੀਟੋ ਸ਼ਕਤੀ ਪ੍ਰਾਪਤ ਕੀਤੀ।

ਜਿਵੇਂ ਕਿ ਮਾਰਕਸਵਾਦੀ ਟੈਡ ਗ੍ਰਾਂਟ ਨੇ ਉਸ ਸਮੇਂ ਲਿਖਿਆ ਸੀ, "ਬ੍ਰਿਟੇਨ ਅਤੇ ਅਮਰੀਕਾ... ਸੋਵੀਅਤ ਵਿਰੋਧੀ ਸਾਜ਼ਿਸ਼ਾਂ ਲਈ ਇੱਕ ਪ੍ਰਜਨਨ ਦੇ ਸਥਾਨ ਵਜੋਂ ਇਸ ਲੀਗ ਦੀ ਵਰਤੋਂ ਕਰਨ ਦੇ ਯੋਗ ਹੋਣਾ ਪਸੰਦ ਕਰਦਾ ਸੀ।" ਪਰ ਸਾਮਰਾਜੀਆਂ ਕੋਲ ਜੰਗ ਦੇ ਅਸਲ ਜੇਤੂ ਸੋਵੀਅਤ ਸੰਘ ਨੂੰ ਸੁਰੱਖਿਆ ਪ੍ਰੀਸ਼ਦ ਵਿੱਚ ਸੀਟ ਅਤੇ ਵੀਟੋ ਸ਼ਕਤੀ ਦੇਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਸਾਮਰਾਜੀਆਂ ਦੇ ਅਧੀਨ-ਭਾਈਵਾਲ ਫਰਾਂਸ ਅਤੇ ਚੀਨ ਨੇ ਵੀ ਆਪਣੀਆਂ ਸੀਟਾਂ ਅਤੇ ਵੀਟੋ ਸ਼ਕਤੀ ਹਾਸਲ ਕਰ ਲਈਆਂ। ਤੁਰਕੀ ਦੇ ਇੱਕ ਡੈਲੀਗੇਟ ਨੇ ਸ਼ਿਕਾਇਤ ਕੀਤੀ ਕਿ ਇਹ ਵੋਟਿੰਗ ਪ੍ਰਣਾਲੀ "ਵੱਡੀਆਂ ਸ਼ਕਤੀਆਂ ਦੇ ਪ੍ਰਾਜੈਕਟਾਂ ਨੂੰ ਕਾਨੂੰਨੀ ਬਣਾਉਣ" ਲਈ ਤਿਆਰ ਕੀਤੀ ਗਈ ਸੀ ਅਤੇ "ਉਨ੍ਹਾਂ ਨੂੰ ਛੋਟ ਨੂੰ ਯਕੀਨੀ ਬਣਾ ਰਹੀ ਹੈ।"

ਇਸ ਦੌਰਾਨ, ਜਨਰਲ ਅਸੈਂਬਲੀ ਕੋਲ ਸਿਰਫ ਸਲਾਹਕਾਰ ਸ਼ਕਤੀਆਂ ਹਨ। ਰੂਜ਼ਵੈਲਟ ਦੇ ਸ਼ਬਦਾਂ ਵਿੱਚ, ਇਸਦਾ ਇਕੋ ਇਕ ਉਦੇਸ਼ ਛੋਟੇ ਦੇਸ਼ਾਂ ਨੂੰ "ਭਾਫ਼ ਕੱਢਣ" ਦੀ ਆਗਿਆ ਦੇਣਾ ਹੈ। ਜਿਵੇਂ ਕਿ ਸੰਯੁਕਤ ਰਾਸ਼ਟਰ ਚਾਰਟਰ ਦੇ ਆਰਕੀਟੈਕਟਾਂ ਵਿੱਚੋਂ ਇੱਕ, ਸਮਨਰ ਵੇਲਜ਼ ਨੇ ਕਿਹਾ: "ਸਪੱਸ਼ਟ ਹੋਣ ਲਈ, ਸਾਨੂੰ ਛੋਟੇ ਰਾਜਾਂ ਲਈ ਇੱਕ ਫ਼ਾਇਦੇ ਦੀ ਜ਼ਰੂਰਤ ਸੀ: ਕੁਝ ਸੰਗਠਨ ਜਿਸ ਵਿੱਚ ਉਨ੍ਹਾਂ ਦੀ ਨੁਮਾਇੰਦਗੀ ਕੀਤੀ ਜਾ ਸਕਦੀ ਹੈ ਅਤੇ ਆਪਣੇ ਆਪ ਨੂੰ ਭਾਗੀਦਾਰ ਮਹਿਸੂਸ ਕੀਤਾ ਜਾ ਸਕਦਾ ਹੈ।"

ਜਿਵੇਂ ਕਿ ਉਮੀਦ ਕੀਤੀ ਗਈ ਸੀ, ਸੰਯੁਕਤ ਰਾਜ ਅਮਰੀਕਾ ਦੂਜੇ ਵਿਸ਼ਵ ਯੁੱਧ ਤੋਂ ਦਬਦਬੇ ਵਾਲੀ ਸਥਿਤੀ ਵਿੱਚ ਉਭਰਿਆ ਸੀ। ਸੰਸਾਰ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਆਰਥਿਕਤਾ, ਉਨ੍ਹਾਂ ਦੀਆਂ ਫੈਕਟਰੀਆਂ ਅਤੇ ਪੂੰਜੀ ਨੇ ਯੁੱਧ ਪ੍ਰਭਾਵਿਤ ਯੂਰਪ ਦਾ ਪੁਨਰ ਨਿਰਮਾਣ ਕੀਤਾ। ਉਨ੍ਹਾਂ ਨੇ ਦੁਨੀਆ ਭਰ ਵਿੱਚ ਫੌਜੀ ਅੱਡੇ ਸਥਾਪਤ ਕੀਤੇ। ਸਿਰਫ਼ ਸੋਵੀਅਤ ਸੰਘ ਕੋਲ ਹੀ ਉਨ੍ਹਾਂ ਦੇ ਸਾਹਮਣੇ ਖੜ੍ਹੇ ਹੋਣ ਦੀ ਤਾਕਤ ਸੀ। ਜਿਵੇਂਕਿ ਦੁਨੀਆ ਇੱਕ ਪੂੰਜੀਵਾਦੀ ਕੈਂਪ ਅਤੇ ਦੂਸਰੇ ਸੋਵੀਅਤ ਕੈਂਪ ਵਿੱਚ ਵੰਡੀ ਗਈ ਸੀ, ਅੰਤਰਰਾਸ਼ਟਰੀ ਵਪਾਰ ਦੀ ਸਥਿਰਤਾ ਨੂੰ ਯਕੀਨੀ ਬਣਾਉਣ, ਗਰੀਬ ਦੇਸ਼ਾਂ ਦੀ ਲੁੱਟ ਦੀ ਸਹੂਲਤ ਬਣਾਉਣ ਅਤੇ ਸੋਵੀਅਤ ਕੈਂਪ ਦੇ ਫੈਲਣ ਨੂੰ ਰੋਕਣ ਲਈ ਸੰਸਥਾਵਾਂ ਦੀ ਇੱਕ










ਲੜੀ ਬਣਾਈ ਗਈ ਸੀ। ਇਸ ਨਾਲ 'ਨਾਟੋ ਫੌਜੀ ਗੱਠਜੋੜ' ਅਤੇ 'ਬ੍ਰੈਟਨ ਵੁੱਡਸ' ਵਿੱਤੀ ਅਤੇ ਵਪਾਰਕ ਢਾਂਚੇ ਦੀ ਸਿਰਜਣਾ ਹੋਈ, ਜਿਸ ਨੇ ਅਮਰੀਕੀ ਡਾਲਰ ਨੂੰ ਵਿਸ਼ਵਵਿਆਪੀ ਵਪਾਰ ਦੀ ਮੁਦਰਾ ਵਜੋਂ ਸਥਾਪਤ ਕੀਤਾ। ਦੂਜੇ ਦਰਜੇ ਦੀਆਂ ਸਾਮਰਾਜੀ ਤਾਕਤਾਂ ਜਿਵੇਂਕਿ ਕੈਨੇਡਾ ਅਤੇ ਯੂਰਪੀਅਨ ਸ਼ਕਤੀਆਂ ਆਪਣੀ ਮਰਜ਼ੀ ਨਾਲ ਇਸ ਗੱਠਜੋੜ ਵਿੱਚ ਸ਼ਾਮਲ ਹੋਕੇ ਲੁੱਟ ਵਿੱਚ ਹਿੱਸਾ ਲੈਣ ਲਗੀਆਂ।

**ਸਾਮਰਾਜਵਾਦ ਦਾ ਅੰਜੀਰ ਪੱਤਾ**

'ਸੰਯੁਕਤ ਰਾਸ਼ਟਰ' ਇਨ੍ਹਾਂ ਸੰਸਥਾਵਾਂ ਵਿੱਚੋਂ ਇੱਕ ਹੈ, ਜੋ ਪੱਛਮੀ ਸਾਮਰਾਜੀ ਦਬਦਬੇ ਨੂੰ ਕਾਨੂੰਨੀ ਬਣਾਉਣ ਲਈ ਇੱਕ ਸਾਧਨ ਵਜੋਂ ਕੰਮ ਕਰਦਾ ਹੈ। ਵਾਰ-ਵਾਰ, ਇਸ ਦੀ ਵਰਤੋਂ ਪੱਛਮੀ ਸਾਮਰਾਜੀਆਂ ਦੀਆਂ ਲੜਾਈਆਂ ਅਤੇ ਹਮਲੇ ਨੂੰ ਜਾਇਜ਼ ਠਹਿਰਾਉਣ ਲਈ ਕੀਤੀ ਜਾਂਦੀ ਰਹੀ ਹੈ। ਇੱਕ ਉਦਾਹਰਣ, ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੁਆਰਾ 1947 ਵਿੱਚ ਫਲਸਤੀਨੀਆਂ ਦੀ ਮਨਜ਼ੂਰੀ ਤੋਂ ਬਿਨਾਂ ਅਪਣਾਈ ਗਈ ਫਲਸਤੀਨੀ-ਵੰਡ ਯੋਜਨਾ ਹੈ, ਜਿਸ ਨੇ ਇਜ਼ਰਾਈਲੀਆਂ ਦੁਆਰਾ ਉਨ੍ਹਾਂ ਦੇ ਅੱਧੇ ਖੇਤਰ ਦੀ ਚੋਰੀ ਕਰਨ ਲਈ ਕਾਨੂੰਨੀ ਕਵਰ ਵਜੋਂ ਕੰਮ ਕੀਤਾ। ਉਸ ਸਮੇਂ ਤੋਂ, ਫਲਸਤੀਨ ਬਾਰੇ ਸੁਰੱਖਿਆ ਪ੍ਰੀਸ਼ਦ ਦੇ ਮਤੇ ਇਕੱਠੇ ਹੋ ਰਹੇ ਹਨ, ਜਿਸ ਵੇਲੇ ਉਹ ਇਜ਼ਰਾਈਲ ਦੇ ਅਨੁਕੂਲ ਨਹੀਂ ਹੁੰਦੇ ਤਾਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਅਤੇ ਜਦੋਂ ਉਹ ਕਰਦੇ ਹਨ ਤਾਂ ਲਾਗੂ ਕੀਤੇ ਜਾਂਦੇ ਹਨ-ਜ਼ਰਾ ਇਜ਼ਰਾਈਲ ਅਤੇ ਹਿਜ਼ਬੁੱਲਾ ਦੇ ਵਿਚਕਾਰ ਜੰਗਬੰਦੀ ਬਾਰੇ ਸੋਚੋ, ਜੋ ਅਸਲ ਵਿੱਚ ਇੱਕ ਪਾਸੜ ਜੰਗਬੰਦੀ ਹੈ, ਇਜ਼ਰਾਈਲ ਨਿਯਮਤ ਤੌਰ 'ਤੇ ਲੇਬਨਾਨ 'ਤੇ ਬੰਬ ਸੁੱਟਣਾ ਜਾਰੀ ਰੱਖਦਾ ਹੈ। ਅਸੀਂ ਕੋਰੀਆਈ ਯੁੱਧ ਬਾਰੇ ਵੀ ਸੋਚ ਸਕਦੇ ਹਾਂ, ਇੱਕ ਯੁੱਧ ਜਿਸਦਾ ਉਦੇਸ਼ ਸੰਯੁਕਤ ਰਾਜ ਅਮਰੀਕਾ ਦੇ ਨਾਲ ਜੁੜੇ ਤਾਨਾਸ਼ਾਹ ਨੂੰ ਥੋਪਣਾ ਸੀ। ਇਸ ਸਾਮਰਾਜਵਾਦੀ ਹਮਲੇ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੁਆਰਾ ਮਨਜ਼ੂਰੀ ਦਿੱਤੀ ਗਈ ਸੀ (ਯੂ.ਐਸ.ਐਸ.ਆਰ. ਉਸ ਸਮੇਂ ਮਾਓਵਾਦੀ ਚੀਨ ਨੂੰ ਬਾਹਰ ਕੱਢਣ ਦੇ ਵਿਰੋਧ ਵਿੱਚ ਸੁਰੱਖਿਆ ਪ੍ਰੀਸ਼ਦ ਦਾ ਬਾਈਕਾਟ ਕਰ ਰਿਹਾ ਸੀ) ਅਤੇ ਇਸ ਲਈ ਅੰਤਰਰਾਸ਼ਟਰੀ ਕਾਨੂੰਨ ਦੇ ਅਧੀਨ ਇਹ ਬਿਲਕੁਲ "ਕਾਨੂੰਨੀ" ਕੰਮ ਸੀ ।

ਬਾਅਦ ਵਿੱਚ, ਇਹ ਸੰਯੁਕਤ-ਰਾਸ਼ਟਰ ਦਾ ਇੱਕ "ਸ਼ਾਂਤੀ ਰੱਖਿਅਕ" ਮਿਸ਼ਨ ਸੀ ਜਿਸਨੇ ਬੈਲਜੀਅਮ ਦੇ ਬਸਤੀਵਾਦ ਤੋਂ ਆਜ਼ਾਦ ਹੋਣ ਤੋਂ ਬਾਅਦ, 1960 ਵਿੱਚ ਕਾਂਗੋ ਦੀ ਪਹਿਲੀ ਲੋਕਤੰਤਰੀ ਤੌਰ 'ਤੇ ਚੁਣੀ ਗਈ ਸਰਕਾਰ ਦੇ ਵਿਰੁੱਧ ਤਖਤਾਪਲਟ ਵਿੱਚ ਹਿੱਸਾ ਲਿਆ। ਸੰਯੁਕਤ ਰਾਸ਼ਟਰ ਦੀਆਂ ਫੌਜਾਂ ਨੇ ਸੀ.ਆਈ.ਏ. ਅਤੇ ਬੈਲਜੀਅਮ ਦੀਆਂ ਗੁਪਤ ਸੇਵਾਵਾਂ ਨੂੰ, ਰਾਸ਼ਟਰਪਤੀ ਪੈਟ੍ਰਿਸ ਲੁਮੁੰਬਾ ਨੂੰ ਅਗਵਾ ਕਰਨ ਅਤੇ ਕਤਲ ਕਰਨ ਵਿੱਚ ਸਹਾਇਤਾ ਕੀਤੀ, ਜੋ ਅਫਰੀਕਾ ਵਿੱਚ ਬਸਤੀਵਾਦੀ ਆਜ਼ਾਦੀ ਦੇ ਸੰਘਰਸ਼ ਵਿੱਚ ਪ੍ਰਮੁੱਖ ਸ਼ਖ਼ਸੀਅਤਾਂ ਵਿੱਚੋਂ ਇੱਕ ਸੀ। ਅਸੀਂ ਇਹ ਨਿਰਣਾ ਕਰਨ ਲਈ ਕਾਨੂੰਨੀ ਮਾਹਿਰਾਂ 'ਤੇ ਛੱਡ ਦਿੰਦੇ ਹਾਂ ਕਿ ਸੰਯੁਕਤ ਰਾਸ਼ਟਰ ਦੀ ਮਨਜ਼ੂਰੀ ਨੇ ਕਾਨੂੰਨੀ ਤੌਰ 'ਤੇ ਉਸਦੇ ਸਰੀਰ ਦੇ ਟੁਕੜੇ ਕਰਕੇ ਤੇਜ਼ਾਬ ਵਿੱਚ ਇਸ ਨੂੰ ਸਾੜਨਾ ਜਾਇਜ਼ ਠਹਿਰਾਇਆ।

ਹਾਲ ਹੀ ਵਿੱਚ, ਹੈਤੀ ਵਿੱਚ ਸੰਯੁਕਤ ਰਾਸ਼ਟਰ ਦਾ "ਸ਼ਾਂਤੀ ਰੱਖਿਅਕ" ਮਿਸ਼ਨ ਵੀ ਸੀ। ਸਨ 2004 ਵਿੱਚ, ਸੰਯੁਕਤ ਰਾਜ ਅਮਰੀਕਾ ਨੇ ਜੀਨ-ਬਰਟਰੈਂਡ ਅਰਸਟਾਈਡ ਦੀ ਲੋਕਤੰਤਰੀ ਤੌਰ 'ਤੇ ਚੁਣੀ ਗਈ ਸਰਕਾਰ ਦੇ ਵਿਰੁੱਧ ਕੈਨੇਡਾ ਦੀ ਮਜ਼ਬੂਤ ਭਾਗੀਦਾਰੀ ਨਾਲ ਇੱਕ ਤਖਤਾ ਪਲਟ ਕੀਤਾ। ਅਰਸਟਾਈਡ ਨੇ ਵਿਆਪਕ ਤੌਰ 'ਤੇ ਪ੍ਰਸਿੱਧ ਨੀਤੀਆਂ ਅਪਣਾਈਆਂ ਸਨ ਜਿਨ੍ਹਾਂ ਨੇ ਗਰੀਬਾਂ ਨੂੰ ਉੱਚਾ ਚੁੱਕਿਆ, ਘੱਟੋ ਘੱਟ ਉਜਰਤ ਵਧਾਈ, ਸਥਾਨਕ ਭੋਜਨ ਉਤਪਾਦਨ ਦੀ ਰੱਖਿਆ ਕੀਤੀ ਅਤੇ ਹੋਰ ਵੀ। ਪਰ ਇਹ ਨੀਤੀਆਂ ਚਾਵਲ ਕਿਸਾਨਾਂ ਅਤੇ ਕੱਪੜੇ ਨਿਰਮਾਤਾਵਾਂ ਦੇ ਹਿੱਤਾਂ ਵਾਂਗ ਫ੍ਰੈਂਚ, ਕੈਨੇਡੀਅਨ ਅਤੇ ਅਮਰੀਕੀ ਵਪਾਰਕ ਹਿੱਤਾਂ ਦੇ ਖ਼ਿਲਾਫ਼ ਜਾਂਦੀਆਂ ਸਨ। ਕਈ ਸਾਲਾਂ ਦੇ ਦਬਾਅ ਦੀਆਂ ਰਣਨੀਤੀਆਂ ਤੋਂ ਬਾਅਦ, ਅਰਸਟਾਈਡ ਨੂੰ ਅਮਰੀਕੀ ਵਿਸ਼ੇਸ਼ ਬਲਾਂ ਦੁਆਰਾ ਅਗਵਾ ਕਰ ਲਿਆ ਗਿਆ ਅਤੇ ਉਸ ਦੀ ਥਾਂ ਆਪਣਾ ਵਧੇਰੇ ਆਗਿਆਕਾਰੀ ਰਾਸ਼ਟਰਪਤੀ ਥਾਪ ਦਿੱਤਾ ਗਿਆ। ਹੈਤੀ ਵਿੱਚ ਸੰਯੁਕਤ ਰਾਸ਼ਟਰ ਸਥਿਰਤਾ ਮਿਸ਼ਨ (MINUSTAH) ਨੇ ਅਰਿਸਟਾਈਡ ਦੀ ਥਾਂ ਲੈਣ ਵਾਲੇ ਤਖਤਾਪਲਟ ਸ਼ਾਸਨ ਲਈ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਲਈ ਸ਼ੁਰੂਆਤ ਕੀਤੀ। ਸੰਯੁਕਤ ਰਾਸ਼ਟਰ ਦੀਆਂ ਇਹ ਫੌਜਾਂ ਉਥੇ ਖੱਬੇ ਪੱਖੀਆਂ ਨੂੰ ਹਿੰਸਕ ਢੰਗ ਨਾਲ ਦਬਾਉਣ ਲਈ ਵਰਤੀਆਂ ਗਈਆਂ ਸਨ।

ਸੰਯੁਕਤ ਰਾਸ਼ਟਰ ਵਿੱਚ ਵੋਟਾਂ ਵੱਡੀਆਂ ਸ਼ਕਤੀਆਂ ਨੂੰ ਪੱਖਪਾਤ ਦਾ ਆਦਾਨ-ਪ੍ਰਦਾਨ ਕਰਨ ਅਤੇ ਗਰੀਬ ਦੇਸ਼ਾਂ ਦੀਆਂ ਵੋਟਾਂ ਖਰੀਦਣ ਦਾ ਮੌਕਾ ਵੀ ਪ੍ਰਦਾਨ ਕਰਦੀਆਂ ਹਨ। ਮਤੇ 940 ਅਤੇ 937 ਇਸ ਦੀਆਂ ਉਦਾਹਰਣਾਂ ਹਨ। ਸੰਨ 1994 ਵਿੱਚ, ਸੰਯੁਕਤ ਰਾਜ ਅਮਰੀਕਾ ਨੇ ਹੈਤੀ ਵਿੱਚ ਇੱਕ "ਸ਼ਾਂਤੀ ਰੱਖਿਅਕ" ਮਿਸ਼ਨ ਸਥਾਪਤ ਕੀਤਾ ਤਾਂ ਜੋ ਉਸ ਸਮੇਂ ਸੱਤਾ ਵਿੱਚ ਫ਼ੌਜੀ ਗੁੱਟ ਨੂੰ ਉਖਾੜ ਦਿੱਤਾ ਜਾ ਸਕੇ, ਜੋ ਇਸ ਦੇ ਪੱਖ ਲਈ ਇੱਕ ਰੋੜ੍ਹਾ ਬਣ ਗਿਆ ਸੀ। ਸੁਰੱਖਿਆ ਪ੍ਰੀਸ਼ਦ ਵਿੱਚ ਰੂਸ ਦੇ ਗੈਰ-ਹਾਜ਼ਰੀ ਦੇ ਬਦਲੇ ਵਿੱਚ, ਉਹ ਰੂਸ ਨੂੰ ਜਾਰਜੀਆ ਵਿੱਚ ਸੰਯੁਕਤ ਰਾਸ਼ਟਰ ਦੇ ਬੈਨਰ ਹੇਠ ਆਪਣਾ "ਸ਼ਾਂਤੀ ਰੱਖਿਅਕ" ਮਿਸ਼ਨ ਸਥਾਪਤ ਕਰਨ ਦੀ ਆਗਿਆ ਦੇਣ ਲਈ ਸਹਿਮਤ ਹੋਏ, ਜਿਸ 'ਤੇ ਰੂਸ ਮੁੜ-ਕੰਟਰੋਲ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਸ਼ਾਂਤੀ ਰੱਖਿਅਕ ਅਸਲ ਵਿੱਚ ਪੂਰੀ ਤਰ੍ਹਾਂ ਰੂਸੀ ਸਨ ਅਤੇ ਰੂਸੀ ਕਮਾਂਡ ਦੇ ਅਧੀਨ ਸਨ ਅਤੇ ਚੀਨ ਦੀ ਗੈਰਹਾਜ਼ਰੀ ਨੂੰ ਸੁਰੱਖਿਅਤ ਕਰਨ ਲਈ, ਸੰਯੁਕਤ ਰਾਜ ਨੇ ਇਸ ਨੂੰ ਵਿਸ਼ਵ ਬੈਂਕ ਦੁਆਰਾ ਕਰਜ਼ੇ ਦੇ ਨਾਲ ਨਾਲ ਤਾਈਵਾਨ ਨਾਲ ਸਬੰਧਤ ਗਾਰੰਟੀਆਂ ਵੀ ਦਿੱਤੀਆਂ।

**ਕਿਸ ਦੇ ਨਿਯਮ ?**

ਯੁੱਧ ਤੋਂ ਬਾਅਦ ਵਾਲੀ ਵਿਸ਼ਵ-ਵਿਵਸਥਾ ਨੇ ਦੁਨੀਆ ਭਰ ਦੇ ਜ਼ਿਆਦਾਤਰ ਦੇਸ਼ਾਂ ਦੁਆਰਾ ਦਸਤਖਤ ਕਰਕੇ ਪੁਸ਼ਟੀ ਕੀਤੀਆਂ ਗਈਆਂ ਸੰਧੀਆਂ ਦੀ ਇੱਕ ਲੜੀ ਦੁਆਰਾ ਆਧੁਨਿਕ ਰੂਪ ਦੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਸਥਾਪਨਾ ਕੀਤੀ, ਜਿਵੇਂ ਕਿ 1961 ਦਾ ਵਿਏਨ੍ਹਾ ਕਨਵੈਨਸ਼ਨ, ਜੋ ਕੂਟਨੀਤਕ ਸੰਬੰਧਾਂ ਨੂੰ ਨਿਯਮਤ ਕਰਦਾ ਹੈ, ਅਤੇ 1969 ਦੀ ਵਿਏਨਾ ਕਨਵੈਨਸ਼ਨ, ਜੋ ਸੰਧੀਆਂ ਦੇ ਕਾਨੂੰਨ ਚਲਾਉਂਦਾ ਹੈ। ਅੰਤਰਰਾਸ਼ਟਰੀ ਕਾਨੂੰਨ ਰਾਜਾਂ ਵਿਚਾਲੇ ਸੰਬੰਧਾਂ ਦੇ ਢਾਂਚੇ ਲਈ ਲਾਭਦਾਇਕ ਹੁੰਦਾ ਹੈ ਜਦੋਂ ਉਹ ਸੰਬੰਧ ਟਿਕੇ ਹੋਏ ਹੁੰਦੇ ਹਨ, ਪਰ ਇਹ ਤਾਕਤਵਰ ਨੂੰ ਕਮਜ਼ੋਰ 'ਤੇ ਹਾਵੀ ਹੋਣ ਤੋਂ ਰੋਕਣ ਵਿੱਚ ਬੇਅਸਰ ਹੁੰਦਾ ਹੈ। ਕਾਰਨ ਬਹੁਤ ਸੌਖਾ ਹੈ: ਇੱਥੇ ਕੋਈ ਵੀ "ਨਿਰਪੱਖ" ਵਿਚੋਲਾ ਨਹੀਂ ਹੈ ਜੋ ਅੰਤਰਰਾਸ਼ਟਰੀ ਪੱਧਰ 'ਤੇ ਨਿਰਣਾ ਕਰ ਸਕਦਾ ਹੈ ਅਤੇ ਪਾਬੰਦੀਆਂ ਲਗਾ ਸਕਦਾ ਹੈ। ਇਸ ਦੀ ਅਰਜ਼ੀ ਵਿਵਾਦ ਲਈ ਦੋਵਾਂ ਧਿਰਾਂ ਦੀ ਸਹਿਮਤੀ 'ਤੇ ਨਿਰਭਰ ਕਰਦੀ ਹੈ। ਜਿਵੇਂ ਕਿ ਸਟੀਫਨ ਬੁਡਿਆਨਸਕੀ ਕਹਿੰਦਾ ਹੈ, "ਅੰਤਰਰਾਸ਼ਟਰੀ ਕਾਨੂੰਨ ਪੇਸ਼ੇਵਰ ਕੁਸ਼ਤੀਆਂ ਲਈ ਕੁਸ਼ਤੀ ਕਰਨ ਲਈ ਕਾਨੂੰਨ ਬਣਾਉਣਾ ਹੈ।"

ਜਦੋਂ ਤਾਕਤਵਰ ਕਮਜ਼ੋਰ 'ਤੇ ਹਮਲਾ ਕਰਦੇ ਹਨ ਕਿ ਅੰਤਰਰਾਸ਼ਟਰੀ ਕਾਨੂੰਨ ਕੰਮ ਕਰਨਾ ਬੰਦ ਕਰ ਦਿੰਦਾ ਹੈ, ਯਾਦ ਰਹੇ ਕਿ ਕੋਈ ਵੀ ਕਦੇ ਸੰਯੁਕਤ-ਰਾਜ-ਅਮਰੀਕਾ ਨਾਲੋਂ ਤਾਕਤਵਰ ਨਹੀਂ ਹੁੰਦਾ। ਇਸ ਤਰ੍ਹਾਂ, ਅੰਤਰਰਾਸ਼ਟਰੀ ਕਾਨੂੰਨ ਸਾਮਰਾਜੀ ਤਾਕਤਾਂ ਲਈ ਆਪਣੇ ਫੈਸਲਿਆਂ ਨੂੰ ਜਾਇਜ਼ ਠਹਿਰਾਉਣ ਵਿੱਚ ਲਾਭਦਾਇਕ ਹੁੰਦਾ ਹੈ। ਪਰ ਜਦੋਂ ਇਹੀ ਕਾਨੂੰਨ, ਉਨ੍ਹਾਂ ਦੇ ਹਿੱਤਾਂ ਲਈ ਰੁਕਾਵਟ ਬਣ ਜਾਂਦਾ ਹੈ ਤਾਂ ਉਹ ਇਸ ਨੂੰ ਖਿੜਕੀ ਤੋਂ ਬਾਹਰ ਵਗਾਹ ਮਾਰਦੇ ਹਨ। ਜਿਵੇਂ ਕਿ ਮਾਰਕ ਕਾਰਨੀ ਨੇ ਆਪਣੇ ਭਾਸ਼ਣ ਵਿੱਚ ਸਵੀਕਾਰ ਕੀਤਾ, "ਅੰਤਰਰਾਸ਼ਟਰੀ ਕਾਨੂੰਨ ਮੁਲਜ਼ਮ ਜਾਂ ਪੀੜਤ ਦੀ ਪਛਾਣ ਦੇ ਅਧਾਰ ਤੇ ਵੱਖ ਵੱਖਰੀ ਸਖ਼ਤੀ ਨਾਲ ਲਾਗੂ ਹੁੰਦਾ ਹੈ।"

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਵਿਕਸਤ ਹੋਈ ਅੰਤਰਰਾਸ਼ਟਰੀ ਕਾਨੂੰਨੀ ਪ੍ਰਣਾਲੀ ਕਦੇ ਵੀ ਸਾਮਰਾਜੀ ਹਮਲੇ ਵਿੱਚ ਰੁਕਾਵਟ ਨਹੀਂ ਬਣੀ। ਯੁੱਧ ਤੋਂ ਬਾਅਦ ਦੇ ਸਮੇਂ ਵਿੱਚ ਸਥਾਪਤ "ਨਿਯਮ-ਅਧਾਰਤ ਵਿਸ਼ਵ ਵਿਵਸਥਾ" ਸੰਯੁਕਤ ਰਾਜ ਅਮਰੀਕਾ ਦੀ ਅਗਵਾਈ ਵਾਲੇ ਪੱਛਮੀ ਦੇਸ਼ਾਂ ਦੇ ਦਬਦਬੇ ਦਾ ਇੱਕ ਰੂਪ ਹੈ, ਜਿਸ ਦੀ ਵਰਤੋਂ ਬਾਜ਼ਾਰਾਂ ਨੂੰ ਜਿੱਤਣ, ਕੁਦਰਤੀ ਸਰੋਤਾਂ ਨੂੰ ਚੋਰੀ ਕਰਨ ਅਤੇ ਦੁਨੀਆ ਭਰ ਵਿੱਚ ਸਸਤੀ ਮਜ਼ਦੂਰੀ ਦਾ ਸ਼ੋਸ਼ਣ ਕਰਨ ਲਈ ਕੀਤੀ ਜਾਂਦੀ ਹੈ। ਗ੍ਰੀਨਲੈਂਡ 'ਤੇ ਕਬਜ਼ਾ ਕਰਨ ਦੀਆਂ 'ਟਰੰਪ ਦੀਆਂ ਇੱਛਾਵਾਂ' ਨੂੰ ਕੋਈ ਸ਼ਾਇਦ ਬੇਮਿਸਾਲ ਦੱਸ ਸਕਦਾ ਹੈ। ਇਹ ਉਨ੍ਹਾਂ ਦੇਸ਼ਾਂ ਦੇ ਰਾਜਾਂ ਦੇ ਵਿਰੁੱਧ ਤਖਤਾਪਲਟ, ਹਮਲਿਆਂ ਅਤੇ ਹੋਰ "ਪ੍ਰਭੂਸੱਤਾ ਦੀ ਉਲੰਘਣਾ" ਦੀ ਇੱਕ ਲੰਬੀ ਸੂਚੀ ਵਿੱਚ ਤਾਜ਼ਾ ਉਦਾਰਣ ਹੈ ਜਿਨ੍ਹਾਂ ਨੇ ਅਮਰੀਕੀ ਹੁਕਮਾਂ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਹੈ। ਫ਼ਰਕ ਇਹ ਹੈ ਕਿ ਇਸ ਵਾਰ, ਟਰੰਪ ਨੇ ਅੰਤਰਰਾਸ਼ਟਰੀ ਕਾਨੂੰਨ ਦੇ ਪਖੰਡੀ ਮਖੌਟੇ ਦੇ ਪਿੱਛੇ, ਅਮਰੀਕੀ ਸਾਮਰਾਜ ਦੀਆਂ ਕਰਤੂਤਾਂ ਨੂੰ ਲੁਕਾਉਣ ਦੀ ਖੇਚਲ ਵੀ ਨਹੀਂ ਕੀਤੀ।

ਟਰੰਪ ਦੀਆਂ ਕਾਰਵਾਈਆਂ ਦਾ ਸਾਮਰਾਜੀ ਸੁਭਾਅ, ਉਦੋਂ ਪੱਛਮੀ ਪੂੰਜੀਵਾਦੀ ਸਿਆਸਤਦਾਨਾਂ ਨੂੰ ਇੰਨਾ ਹੈਰਾਨ ਨਹੀਂ ਸੀ ਕਰਦਾ, ਜਦੋਂ ਇਨ੍ਹਾਂ ਦੇਸ਼ਾਂ ਨੂੰ ਫਲਸਤੀਨ ਵਿੱਚ ਨਸਲਕੁਸ਼ੀ, ਯਮਨ ਦੇ ਵਿਰੁੱਧ ਸਾਊਦੀ ਅਰਬ ਦੇ ਹਮਲੇ ਨਾਲ ਜਾਂ ਮਾਦੁਰੋ ਦੇ ਅਗਵਾ ਨਾਲ ਕੋਈ ਸਮੱਸਿਆ ਨਹੀਂ ਸੀ। ਪਰ ਨਹੀਂ, ਇਸ ਵਾਰ, ਯੂਰਪੀਅਨ ਰਾਜਧਾਨੀਆਂ ਅਤੇ ਓਟਾਵਾ ਵਿੱਚ ਇਸ ਤਰ੍ਹਾਂ ਦੇ ਗੁੱਸੇ ਦਾ ਕਾਰਨ ਇਹ ਹੈ ਕਿ, ਅਮਰੀਕੀ ਸਾਮਰਾਜ ਆਪਣੇ ਦੂਸਰੇ ਭਾਈਵਾਲ ਪੱਛਮੀ ਸਾਮਰਾਜੀ ਦੇਸ਼, ਡੈਨਮਾਰਕ 'ਤੇ ਹਮਲਾ ਕਰ ਰਿਹਾ ਹੈ।

"ਨਿਯਮ-ਅਧਾਰਤ ਵਿਸ਼ਵ ਵਿਵਸਥਾ" ਦੇ ਨਿਯਮ ਸੰਯੁਕਤ ਰਾਜ ਅਤੇ ਇਸਦੇ ਨਾਟੋ ਸਹਿਯੋਗੀਆਂ ਦੇ ਨਿਯਮ ਹੋਣੇ ਚਾਹੀਦੇ ਸਨ। ਵਿਸ਼ਵ-ਯੁੱਧ ਤੋਂ ਬਾਅਦ ਦੇ ਸਮੇਂ ਵਿੱਚ, ਕੈਨੇਡਾ ਵਰਗੇ ਦੂਜੇ ਦਰਜੇ ਦੇ ਸਾਮਰਾਜੀ ਦੇਸ਼, ਸੰਯੁਕਤ ਰਾਜ ਅਮਰੀਕਾ ਵਰਗੇ ਸ਼ਿਕਾਰੀ ਦੇ ਨਾਲ ਨਾਲ, ਇਸ ਦੁਆਰਾ ਛੱਡੇ ਬਚੇ-ਖੁਚੇ ਭੋਜਨ ਦੀ ਸਫਾਈ ਕਰਨ ਵਾਲੇ ਜਾਨਵਰਾਂ ਵਾਂਗ ਘੁੰਮਦੇ ਹਨ ।

ਪਰ ਜਿਵੇਂ ਕਿ ਮਾਰਕਸਵਾਦੀ ਕਈ ਸਾਲਾਂ ਤੋਂ ਸਮਝਾ ਰਹੇ ਹਨ, ਅਮਰੀਕੀ ਸਾਮਰਾਜ ਮੁਕਾਬਲਤਨ ਪਤਨ ਵਿੱਚ ਹੈ ਅਤੇ ਨਵੀਆਂ ਤਾਕਤਾਂ, ਖਾਸ ਕਰਕੇ ਚੀਨ, ਉਭਰ ਰਹੇ ਹਨ। ਅਮਰੀਕੀ ਸਾਮਰਾਜੀ ਹੁਣ ਬਾਕੀ ਨਾਟੋ ਦੇਸ਼ਾਂ ਨੂੰ ਆਪਣੀ ਜੁੰਡਲੀ ਵਿੱਚ ਰੱਖਣ ਦੇ ਕਾਬਲ ਨਹੀਂ ਹੈ। ਇਸ ਤਰ੍ਹਾਂ, ਉਹ ਆਪਣੇ ਕੈਨੇਡੀਅਨ ਅਤੇ ਯੂਰਪੀਅਨ ਭਾਈਵਾਲਾਂ ਨਾਲ, ਪੁਰਾਣੇ ਸੰਬਧਾਂ ਤੋਂ ਤੋੜ-ਵਿਛੋੜਾ ਕਰ ਰਿਹਾ ਹੈ।

**ਸਾਮਰਾਜਵਾਦ ਦੀ ਮੌਤ !**

ਲੈਨਿਨ ਨੇ ਲੀਗ ਆਫ਼ ਨੇਸ਼ਨਜ਼ ਨੂੰ "ਚੋਰਾਂ ਦੀ ਰਸੋਈ" ਕਿਹਾ ਸੀ। ਜਦੋਂ ਸੰਯੁਕਤ ਰਾਸ਼ਟਰ ਬਣਾਇਆ ਗਿਆ ਸੀ, ਤਾਂ ਟੇਡ ਗ੍ਰਾਂਟ ਨੇ ਲਿਖਿਆ: "ਇਹ ਨਵੀਂ ਚੋਰਾਂ ਦੀ ਰਸੋਈ ਸੈਕੰਡਰੀ ਸਮੱਸਿਆਵਾਂ ਨੂੰ ਹੱਲ ਕਰ ਸਕਦੀ ਹੈ ਪਰ ਵਿਸ਼ਵ ਪੂੰਜੀਵਾਦ ਅਤੇ ਵਿਸ਼ਵ ਸਾਮਰਾਜ ਦਾ ਸਾਹਮਣਾ ਕਰਨ ਵਾਲੇ ਬੁਨਿਆਦੀ ਵਿਰੋਧਤਾਈਆਂ ਵਿੱਚੋਂ ਇੱਕ ਦਾ ਵੀ ਹੱਲ ਨਹੀਂ ਕਰ ਸਕਦੀ।" ਇਹ ਵਿਰੋਧਤਾਈਆਂ ਸਾਡੇ ਸਮੇਂ ਵਿੱਚ ਸਿਖ਼ਰਲੇ ਪੱਧਰ'ਤੇ ਪਹੁੰਚ ਗਈਆਂ ਹਨ। ਪੁਰਾਣੀ ਵਿਸ਼ਵ-ਵਿਵਸਥਾ ਮਰ ਰਹੀ ਹੈ, ਪਰ ਸਾਮਰਾਜਵਾਦ ਅਜੇ ਵੀ ਜੀਉਂਦਾ ਹੈ। ਸੰਸਾਰ ਯੁੱਧਾਂ ਨਾਲ ਤਬਾਹ ਹੋ ਗਿਆ ਹੈ, ਜਦੋਂਕਿ ਇਹ ਪ੍ਰਭਾਵ ਦੇ ਖੇਤਰਾਂ ਵਿੱਚ ਵੰਡਿਆ ਹੋਇਆ ਹੈ, ਅਤੇ ਹਰ ਸਾਮਰਾਜੀ ਸ਼ਕਤੀ ਆਪਣੇ ਹਿੱਸੇ ਦੇ ਵੱਡੇ ਟੁਕੜੇ ਲਈ ਲੜਦੀ ਹੈ।

ਫਲਸਤੀਨ ਵਿੱਚ ਨਸਲਕੁਸ਼ੀ ਦਾ ਸਮਰਥਨ ਕਰਨ ਅਤੇ ਟਰੰਪ ਦੇ ਖੁੱਲ੍ਹੇ ਸਾਮਰਾਜੀ ਹਮਲੇ ਵਰਗੀਆਂ ਬੇਸ਼ਰਮ ਕਾਰਵਾਈਆਂ ਦੁਆਰਾ, ਸੱਤਾਧਾਰੀ ਜਮਾਤ ਵਿਆਪਕ ਕੱਟੜਪੰਥੀ ਨੂੰ ਭੜਕਾ ਰਹੀ ਹੈ। ਹੁਣ ਇਹ ਅਤੀਤ ਦੇ ਭਰਮਾਂ ਨੂੰ ਕਾਇਮ ਰੱਖਣ ਦੇ ਯੋਗ ਨਹੀਂ ਹੈ, ਇਸੇ ਕਰਕੇ ਇਹ ਮਾਰਕ ਕਾਰਨੀ ਵਰਗੇ ਸਿਆਸਤਦਾਨਾਂ ਨੂੰ ਪੂੰਜੀਵਾਦ ਦੀ ਕਠੋਰ ਹਕੀਕਤ ਨੂੰ ਸਵੀਕਾਰ ਕਰਨ ਲਈ ਮਜਬੂਰ ਕਰ ਰਿਹਾ ਹੈ, ਜੋ ਪੂੰਜੀਵਾਦ ਦੇ ਅਸਲ ਸੁਭਾਅ ਵੱਲ ਲੱਖਾਂ ਮਜ਼ਦੂਰਾਂ ਦੀਆਂ ਅੱਖਾਂ ਖੋਲ੍ਹ ਰਿਹਾ ਹੈ।

ਇੱਕ ਕਮਿਊਨਿਸਟ ਹੋਣ ਦੇ ਨਾਤੇ, ਸਾਡੀ ਭੂਮਿਕਾ ਸੰਯੁਕਤ-ਰਾਸ਼ਟਰ ਵਰਗੀਆਂ ਬੁਰਜੂਆ ਸੰਸਥਾਵਾਂ ਰਾਹੀਂ ਸ਼ਾਂਤੀ ਹਾਸਲ ਕਰਨ ਦੀ ਸੰਭਾਵਨਾ ਬਾਰੇ ਭਰਮ ਫੈਲਾਉਣਾ ਨਹੀਂ ਹੈ, ਬਲਕਿ ਉਨ੍ਹਾਂ ਦਾ ਪਰਦਾਫਾਸ਼ ਕਰਨਾ ਹੈ। ਸਾਨੂੰ ਇਨ੍ਹਾਂ ਮੌਕਿਆਂ ਦਾ ਫਾਇਦਾ ਉਠਾ ਕੇ ਸਿਸਟਮ ਦੀ ਪ੍ਰਕਿਰਤੀ ਨੂੰ ਪ੍ਰਗਟ ਕਰਨਾ ਚਾਹੀਦਾ ਹੈ ਅਤੇ ਪੂੰਜੀਵਾਦ ਦੇ ਵਿਰੁੱਧ ਸੰਘਰਸ਼ ਲਈ ਵਧੇਰੇ ਲੋਕਾਂ ਨੂੰ ਲਾਮਬੰਦ ਕਰਨਾ ਚਾਹੀਦਾ ਹੈ, ਇਸ ਬਿਮਾਰ ਪੂੰਜੀਵਾਦੀ ਪ੍ਰਣਾਲੀ ਨੂੰ ਖਤਮ ਕਰਨਾ ਚਾਹੀਦਾ ਹੈ ਜੋ ਯੁੱਧ ਅਤੇ ਦੁੱਖ ਬੀਜਦਾ ਹੈ।

"ਕਮਿਊਨਿਸਟ ਰੈਵੋਲੀਉਸ਼ਨ" ਪਰਚੇ ਤੋਂ ਧੰਨਵਾਦ ਸਹਿਤ

# ਰਣਜੀਤ ਲਹਿਰਾ ਨੂੰ ਇਨਕਲਾਬੀ ਸ਼ਰਧਾਂਜਲੀ : ਪੰਜਾਬ ਭਰ 'ਚੋਂ ਪੁੱਜੇ ਇਨਕਲਾਬੀ-ਜਮਹੂਰੀ ਲਹਿਰ ਦੇ ਕਾਰਕੁੰਨ

**ਬਲਜਿੰਦਰ ਸਿੰਘ ਪਟਿਆਲਾ**







ਕਮਿਊਨਿਸਟ ਇਨਕਲਾਬੀ ਤੇ ਜਮਹੂਰੀ ਲਹਿਰ ਚੋਂ ਵਿਛੜੇ ਕਾਮਰੇਡ ਰਣਜੀਤ ਲਹਿਰਾ ਨੂੰ ਸ਼ਰਧਾਜਲੀ ਦੇਣ ਲਈ ਪੰਜਾਬ ਭਰ 'ਚੋਂ ਇਨਕਲਾਬੀ-ਜਮਹੂਰੀ ਲਹਿਰ ਦੇ ਕਾਰਕੁੰਨ ਲਹਿਰਾਗਾਗਾ ਵਿਖੇ ਪੁੱਜੇ। ਇੱਥੋਂ ਦੇ ਜੀਪੀਐਫ ਕੰਪਲੈਕਸ 'ਚ ਹੋਈ ਵਿਸ਼ਾਲ ਇਕੱਤਰਤਾ ਦੌਰਾਨ ਅਜਮੇਰ ਅਕਲੀਆ ਨੇ ਇਨਕਲਾਬੀ ਗੀਤ ਗਾ ਕੇ ਵਿਛੜੇ ਕਾਮਰੇਡ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ 'ਲਾਲ ਪਰਚਮ' ਦੇ ਸੰਪਾਦਕ ਮੁਖਤਿਆਰ ਪੂਹਲਾ ਨੇ ਉਨ੍ਹਾਂ ਦੀ ਕਮਿਊਨਿਸਟ ਇਨਕਲਾਬੀ ਵਿਚਾਰਧਾਰਾ 'ਚ ਪ੍ਰਤੀਬੱਧਤਾ ਨੂੰ ਉਚਿਆਇਆ। ਉਹਨਾਂ ਨੇ ਰਣਜੀਤ ਲਹਿਰਾ ਦੇ ਲਹਿਰ ਵਿੱਚ ਅਡੋਲ ਖੜੇ ਰਹਿਣ ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਉਹ ਗੰਭੀਰ ਬਿਮਾਰੀ ਦੇ ਬਾਵਜੂਦ ਅੰਤਿਮ ਸਾਹਾਂ ਤੱਕ ਇਨਕਲਾਬੀ-ਜਮਹੂਰੀ ਲਹਿਰ 'ਚ ਅਡੋਲ ਖੜੇ ਰਹੇ ਤੇ ਖਰੀ ਕਮਿਊਨਿਸਟ ਵਿਚਾਰਧਾਰਾ ਦਾ ਪੱਲਾ ਫੜੀ ਰੱਖਿਆ। ਇਸ ਦੌਰਾਨ 'ਸੁਰਖ ਲੀਹ' ਦੇ ਮੁੱਖ ਸੰਪਾਦਕ ਜਸਪਾਲ ਜੱਸੀ ਨੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਜਦੋਂ ਸੰਸਾਰ ਭਰ ਵਿੱਚ ਕਮਿਊਨਿਸਟ ਇਨਕਲਾਬੀ ਵਿਚਾਰਧਾਰਾ ਦੇ ਸਮਾਂ ਵਿਹਾ ਚੁੱਕੇ ਹੋਣ ਦੇ ਐਲਾਨ ਹੋਏ ਤਾਂ ਉਸ ਸਮੇਂ ਰਣਜੀਤ ਲਹਿਰਾ ਵਰਗੇ ਜੁਝਾਰੂ ਨੇ ਕਮਿਊਨਿਸਟ ਵਿਚਾਰਧਾਰਾ ਦਾ ਝੰਡਾ ਕਾਇਮ ਰੱਖਿਆ। ਉਸਨੇ ਸੱਤਰਵਿਆਂ ਦੀ ਪੀਐਸੂ ਤੋਂ ਲੈ ਕੇ ਅੱਜ ਅੱਧੀ ਸਦੀ ਤੱਕ ਲਹਿਰ ਦੇ ਅਨੇਕਾਂ ਉਤਰਾਵਾਂ-ਚੜ੍ਹਾਵਾਂ ਦਾ ਸਾਹਮਣਾ ਕੀਤਾ। ਲੋਕ ਚੇਤਨਾ ਮੰਚ ਲਹਿਰਾਗਾਗਾ ਵੱਲੋਂ ਗਿਆਨ ਚੰਦ ਸ਼ਰਮਾ ਨੇ ਰਣਜੀਤ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਰਣਜੀਤ ਲਹਿਰਾ ਨਵਾਂ-ਨਰੋਆ ਸਮਾਜ ਸਿਰਜਣ ਵਾਲਾ ਸੰਘਰਸ਼ੀ ਯੋਧਾ ਸੀ।

ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਮੰਚ ਸੰਚਾਲਨਾ ਕਰਦੇ ਹੋਏ ਰਣਜੀਤ ਲਹਿਰਾ ਦੀ ਸੰਘਰਸ਼ੀ ਤੇ ਵਿਚਾਰਧਾਰਕ ਜ਼ਿੰਦਗੀ ਦੇ ਨਾਲ-ਨਾਲ ਉਸਦੀ ਸਾਹਿਤਕ-ਸਿਆਸੀ ਘਾਲਣਾ ਨੂੰ ਉਭਾਰਿਆ। ਡਾ. ਧਰਮਵੀਰ ਗਾਂਧੀ ਨੇ ਸਰੀਰਦਾਨੀ ਰਣਜੀਤ ਲਹਿਰਾ ਨਾਲ ਬਿਤਾਏ ਜੱਥੇਬੰਦਕ ਤੇ ਨਿੱਜੀ ਪਲਾਂ ਨੂੰ ਯਾਦ ਕਰਦਿਆਂ ਇੱਕ ਨਿਮਰ ਤੇ ਚੇਤੰਨ ਦੋਸਤ ਦੇ ਚਲੇ ਜਾਣ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਰਣਜੀਤ ਲਹਿਰਾ ਦੀ ਬੇਟੀ ਅਰਸ਼ਦੀਪ ਅਰਸ਼ੀ ਨੇ ਆਪਣੀਆਂ ਸੰਵੇਦਨਾਵਾਂ ਸਾਂਝੀਆਂ ਕਰਦਿਆਂ ਆਪਣੇ ਦੋਸਤ ਵਰਗੇ ਪਾਪਾ ਨੂੰ ਸਨੇਹ, ਸੁਚੱਜੀ ਪਰਵਰਿਸ਼ ਅਤੇ ਇੱਕ ਮਾਰਗ ਦਰਸ਼ਕ ਕਰਨ ਵਾਲੇ ਅਧਿਆਪਕ ਵਜੋਂ ਯਾਦ ਕੀਤਾ। ਰਣਜੀਤ ਲਹਿਰਾ ਦੀ ਜੀਵਨ ਸਾਥਨ ਰਾਜਪਾਲ ਕੌਰ ਨੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਉਹ ਇੱਕ ਅਰਥ ਭਰਪੂਰ ਜ਼ਿੰਦਗੀ ਜਿਊਂਦਿਆਂ ਆਪਣੀਆਂ ਯਾਦਾਂ ਦਾ ਸਰਮਾਇਆ ਸਾਡੇ ਕੋਲ ਛੱਡ ਕੇ ਵਿਦਾ ਹੋਏ ਹਨ। ਉਹ ਸਾਨੂੰ ਆਪਣੇ ਪਿੱਛੇ ਇੱਕ ਵੱਡਾ ਪਰਿਵਾਰ ਛੱਡੇ ਕੇ ਗਏ ਹਨ। ਉਹਨਾਂ ਕਿਹਾ ਆਖ਼ਰੀ ਸਾਹਾਂ ਤੱਕ ਉਹਨਾਂ ਦੀ ਕਲਮ ਚੱਲਦੀ ਰਹੀ।

ਭਾਕਿਯੂ ਏਕਤਾ (ਡਕੌਂਦਾ) ਦੇ ਸੂਬਾ ਪ੍ਰਧਾਨ ਮਨਜੀਤ ਧਨੇਰ ਨੇ ਕਿਹਾ ਕਿ ਉਹ ਕਿਸਾਨ ਅੰਦੋਲਨ ਵੇਲੇ ਕਿਸਾਨ ਲਹਿਰ ਦੀ ਅਵਾਜ਼ ਬਣਕੇ ਰਾਖੀ ਕਰਦਾ ਰਿਹਾ। ਇਹਨਾਂ ਤੋਂ ਇਲਾਵਾ ਸਾਬਕਾ ਵਿਦਿਆਰਥੀ ਆਗੂ ਅਜਾਇਬ ਟਿਵਾਣਾ ਨੇ ਰਣਜੀਤ ਦੇ ਵਿਦਿਆਰਥੀ ਜੀਵਨ ਦੀ ਸੰਘਰਸ਼ਸ਼ੀਲ ਗਾਥਾ ਸੁਣਾਈ। ਭਾਕਿਯੂ ਏਕਤਾ (ਉਗਰਾਹਾਂ) ਦੇ ਜਨਕ ਭੂਟਾਲ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪ੍ਰਧਾਨ ਡਾ. ਦਰਸ਼ਨਪਾਲ ਨੇ ਕਿਹਾ ਕਿਸਾਨ ਸੰਘਰਸ਼ ਦੀ ਲਾਮਬੰਦੀ ਅਤੇ ਏਕਤਾ ਦੇ ਮੁਦੱਈ ਰਣਜੀਤ ਨੂੰ ਸੱਚੀ ਸ਼ਰਧਾਂਜਲੀ ਉਸਦੇ ਅਕੀਦਿਆਂ ਨੂੰ ਹੋਰ ਅੱਗੇ ਵਧਾਉਣ 'ਚ ਹੋਵੇਗੀ। ਡਾ. ਅਰੀਤ ਨੇ ਕਮਿਊਨਿਸਟ ਲਹਿਰ ਦੀ ਏਕਤਾ ਉੱਤੇ ਜ਼ੋਰ ਦਿੰਦਿਆਂ ਕੌਮਾਂਤਰੀ ਪੱਧਰ ਤੇ ਸਾਮਰਾਜੀ ਲੁੱਟ-ਦਾਬੇ ਦੇ ਖਾਤਮੇ ਲਈ ਸੰਘਰਸ਼ ਕਰਨ ਉੱਤੇ ਜ਼ੋਰ ਦਿੱਤਾ। ਸੀਪੀਆਈ ਲਿਬਰੇਸ਼ਨ ਦੇ ਆਗੂ ਸੁਖਦਰਸ਼ਨ ਨੱਤ ਨੇ ਕਿਹਾ ਕਿ ਰਣਜੀਤ ਲਹਿਰਾ ਮੁਸ਼ਕਲ ਹਾਲਤਾਂ ਵਿੱਚ ਕ੍ਰਾਂਤੀ ਦੀ ਬਲਦੀ ਲਾਟ ਸੀ। ਸੀਪੀਆਈ ਦੇ ਆਗੂ ਹਰਦੇਵ ਅਰਸ਼ੀ ਅਤੇ ਸੀਪੀਆਈਐਮਐਲ (ਨਿਊ ਡੈਮੋਕਰੇਸੀ) ਦੇ ਆਗੂ ਦਰਸ਼ਨ ਖਟਕੜ ਨੇ ਫਾਸ਼ੀਵਾਦ ਖਿਲਾਫ਼ ਸਾਂਝਾ ਸੰਘਰਸ਼ ਕਰਨ ਤੇ ਜ਼ੋਰ ਦਿੱਤਾ। ਤਰਕਸ਼ੀਲ ਸੁਸਾਇਟ ਪੰਜਾਬ ਦੇ ਰਾਜਿੰਦਰ ਭਦੌੜ, ਜਮਹੂਰੀ ਅਧਿਕਾਰ ਸਭਾ ਦੇ ਨਰਭਿੰਦਰ, ਸੁਖਦੇਵ ਭੂਪਾਲ, ਕਰਮਜੀਤ ਬੀਹਲਾ, ਲੋਕ ਸੰਗਰਾਮ ਮੰਚ ਦੇ ਸੁਖਮੰਦਰ ਸਿੰਘ ਨੇ ਸਾਮਰਾਜ ਤੇ ਸਰਮਾਏਦਾਰੀ ਖਿਲਾਫ਼ ਲੋਕ ਲਾਮਬੰਦੀ ਕਰਨ ਦਾ ਸੱਦਾ ਦਿੱਤਾ। ਨਿਊ ਸੋਸ਼ਲਿਸਟ ਇਨਸ਼ੀਏਟਿਵ ਵੱਲੋਂ ਡਾ. ਰਵੀ ਸਿਨਹਾ ਨੇ ਰਣਜੀਤ ਲਹਿਰਾ ਨਾਲ ਬਿਤਾਏ ਦੋ ਦਹਾਕਿਆਂ ਦੇ ਸੰਘਰਸ਼ੀ ਜੀਵਨ ਨੂੰ ਯਾਦ ਕੀਤਾ।

ਇਸ ਸਮੇਂ ਵੱਖ-ਵੱਖ ਜਥੇਬੰਦੀਆਂ ਤੇ ਸਖਸ਼ੀਅਤਾਂ ਵੱਲੋਂ ਆਏ ਸ਼ੋਕ ਸੁਨੇਹੇ ਮੰਚ ਤੋਂ ਪੜੇ ਗਏ। ਸ਼ਰਧਾਂਜਲੀ ਸਮਾਗਮ ਵਿਚ ਇਨਕਲਾਬੀ-ਜਨਤਕ ਲਹਿਰ ਦੀਆਂ ਕਈ ਉੱਘੀਆਂ ਸਖਸ਼ੀਅਤਾਂ ਅਤੇ ਕਾਰਕੁੰਨ ਸ਼ਾਮਲ ਸਨ। ਰਣਜੀਤ ਲਹਿਰਾ ਦੀ ਘਾਲਣਾ ਨੂੰ ਬਿਆਨ ਕਰਦੀਆਂ ਫਲੈਕਸਾਂ ਨਾਲ ਸਜੇ ਪੰਡਾਲ 'ਚ ਰਣਜੀਤ ਲਹਿਰਾ ਦੀਆਂ ਪੁਸਤਕਾਂ ਅਤੇ ਉਸਨੂੰ ਸਮਰਪਿਤ 'ਲਾਲ ਪਰਚਮ' ਦਾ ਵਿਸ਼ੇਸ਼ ਅੰਕ ਪ੍ਰਦਰਸ਼ਿਤ ਕੀਤਾ ਗਿਆ। ਇਸ ਦੌਰਾਨ ਡਾ. ਚਮਨ ਲਾਲ, ਡਾ. ਯਸ਼ਪਾਲ, ਰਾਕੇਸ਼ ਕੁਮਾਰ, ਜਗਮੋਹਨ ਪਟਿਆਲਾ, ਬਲਵੀਰ ਚੰਦ ਲੌਂਗੋਵਾਲ, ਜਗਰਾਜ ਟੱਲੇਵਾਲ, ਜਗਦੇਵ ਜੱਗਾ, ਜਸਵੀਰ ਸਮਰ, ਨੀਲ ਕਮਲ, ਗੁਰਪ੍ਰੀਤ ਭੰਗੂ, ਸੁਖਦੇਵ ਭੂੰਦੜੀ, ਸੁਰਿੰਦਰ ਸ਼ਰਮਾ, ਅਮਨ ਦਿਉਲ, ਜਗਦੀਸ਼ ਪਾਪੜਾ, ਕੁਲਵੰਤ ਕਿਸ਼ਨਗੜ੍ਹ, ਹਰਭਗਵਾਨ ਗੁਰਨੇ, ਸੰਜੀਵ ਮਿੰਟੂ, ਸ਼ਮਿੰਦਰ ਸਿੰਘ, ਸੁਖਦੇਵ ਚੰਗਾਲੀਵਾਲਾ, ਪਲਸ ਮੰਚ, ਪ੍ਰੈੱਸ ਕਲੱਬ ਚੰਡੀਗੜ੍ਹ ਦੇ ਪ੍ਰਧਾਨ ਸੌਰਭ ਦੁੱਗਲ, ਸ਼ਹੀਦ ਕਿਰਨਜੀਤ ਮਹਿਲ ਕਲਾਂ ਕਮੇਟੀ, ਸਫ਼ਾਈ ਸੇਵਕ ਯੂਨੀਅਨ, ਡੀਟੀਐੱਫ, ਪੰਜਾਬੀ ਸਾਹਿਤ ਸਭਾ, ਇਨਕਲਾਬੀ ਮਜ਼ਦੂਰ ਕੇਂਦਰ ਵੱਲੋਂ ਸੋਗ ਮਤੇ ਭੇਜੇ ਗਏ। 'ਸਰੋਕਾਰ ਦੀ ਆਵਾਜ਼' ਇਸ ਵਿਛੜੇ ਆਗੂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

ਪਰਿਵਾਰ ਵੱਲੋਂ ਡਾ. ਗੁਰਪ੍ਰੀਤ ਸਿੱਧੂ, ਡਾ. ਧਰਮਵੀਰ ਗਾਂਧੀ ਤੇ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਗਿਆ।


# 27 ਫਰਵਰੀ 1923 ਦੇ ਬੱਬਰ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ



ਪਰਮਿੰਦਰ ਕੌਰ ਸਵੈਚ
604 760 4794

27 ਫਰਵਰੀ 1923 ਦਾ ਇਤਿਹਾਸ ਉਹ ਅਣਫਰੋਲ਼ਿਆਂ ਸਫ਼ਾ ਹੈ ਜਿਸ ਨੂੰ ਇਸ ਸਮੇਂ ਇੱਕ ਸਦੀ ਬਾਅਦ ਵੀ ਜੇ ਨਾ ਯਾਦ ਕੀਤਾ ਗਿਆ ਤਾਂ ਇਹ ਸਮੇਂ ਦੀ ਧੂੜ ਵਿੱਚ ਰੁਲ਼ ਕੇ ਰਹਿ ਜਾਵੇਗਾ। ਉਹਨਾਂ ਵਡਮੁੱਲੀਆਂ ਕੁਰਬਾਨੀਆਂ ਜਿਨ੍ਹਾਂ ਨੇ ਭਾਰਤ ਦੇਸ਼ ਦੇ ਲੋਕ ਹਿਤਾਂ ਨੂੰ ਬਚਾਉਣ ਲਈ ਤਸ਼ੱਦਦ ਸਹੇ ਤੇ ਫਾਂਸੀਆਂ 'ਤੇ ਝੂਲ ਗਏ ਤਾਂ ਕਿ ਆਉਣ ਵਾਲ਼ੀਆਂ ਪੀੜ੍ਹੀਆਂ ਅਜ਼ਾਦ ਹਵਾ ਦੇ ਤਰੌਂਕੇ ਵਿੱਚ ਸੁੱਖ ਦਾ ਸਾਹ ਲੈ ਸਕਣ। ਦੁਨੀਆਂ ਵਿੱਚ ਜਿੰਨੀਆਂ ਵੀ ਲਹਿਰਾਂ ਉੱਠੀਆਂ ਸਮਾਂ, ਸਥਾਨ ਤੇ ਗਤੀ ਭਾਵੇਂ ਆਪੋ ਆਪਣੀ ਰਹੀ ਹੈ ਤੇ ਲੋਕਾਂ ਵਿੱਚ ਮਕਬੂਲੀਅਤ ਤੇ ਸਥਾਪਤੀ ਦੀਆਂ ਅੱਖਾਂ ਵਿੱਚ ਚੁੰਭਨ ਵੀ, ਜਿਸ ਦੀ ਮਿਸਾਲ ਹੈ ਬੱਬਰ ਲਹਿਰ। ਇਸ ਦਾ ਸਮਾਂ ਬੇਸ਼ੱਕ 2-3 ਸਾਲ ਦਾ ਹੀ ਸੀ ਪਰ ਉਸ ਨੇ ਦੁਆਬੇ ਦੇ ਇਲਾਕੇ ਵਿੱਚ ਬ੍ਰਿਟਿਸ਼ ਰਾਜ ਦੀ ਨੀਂਦ ਹਰਾਮ ਕਰ ਦਿੱਤੀ ਸੀ। ਸਾਰੀ ਦੁਨੀਆਂ ਵਿੱਚ ਛਾਈ ਹੋਈ ਬ੍ਰਿਟਿਸ਼ ਹਕੂਮਤ ਨੇ ਗ਼ਦਰ ਲਹਿਰ ਨੂੰ ਖ਼ਤਮ ਕਰਕੇ ਵੱਡੇ ਵੱਡੇ ਕਾਂਡ ਕਰਨੇ ਸ਼ੁਰੂ ਕਰ ਦਿੱਤੇ ਸਨ ਜਿਵੇਂ ਜਲ੍ਹਿਆਂਵਾਲੇ ਬਾਗ਼ ਦਾ ਕਤਲੇਆਮ, ਨਨਕਾਣਾ ਸਾਹਿਬ ਦਾ ਸਾਕਾ। ਉਦੋਂ ਬ੍ਰਿਟਿਸ਼ ਨੇ ਲੋਕਾਂ ਵਿੱਚ ਜਾਤਾਂ-ਪਾਤਾਂ ਤੇ ਧਾਰਮਿਕ ਵੰਡੀਆਂ ਤਾਂ ਫੈਲਾ ਹੀ ਦਿੱਤੀਆਂ ਸਨ ਪਰ ਗੁਰਦਵਾਰਿਆਂ 'ਤੇ ਵੀ ਅਯਾਸ਼ ਕਿਸਮ ਦੇ ਮਹੰਤ ਬਿਠਾ ਦਿੱਤੇ ਸਨ ਜੋ ਸਿੱਖ ਧਰਮ ਦੀ ਬੇਹੁਰਮਤੀ ਕਰਦੇ ਸਨ। ਲੋਕਾਂ ਨੇ ਗੁਰਦਵਾਰਿਆਂ ਨੂੰ ਸ਼੍ਰੋਮਣੀ ਗੁਰਦਵਾਰਾ ਕਮੇਟੀ ਦੇ ਹਵਾਲੇ ਕਰਨ ਲਈ ਕਿਹਾ ਤਾਂ ਉਹਨਾਂ ਨੇ ਲੋਕ ਗੋਲ਼ੀਆਂ ਨਾਲ ਭੁੰਨ ਦਿੱਤੇ। ਲੋਕਾਂ ਨੇ ਸ਼ਾਂਤਮਈ ਢੰਗ ਨਾਲ਼ ਗੁਰੂ ਕੇ ਬਾਗ਼ ਦਾ ਮੋਰਚਾ ਲਾਇਆ ਜਿਸ ਵਿੱਚ ਗ੍ਰਿਫਤਾਰੀਆਂ ਦੇਣੀਆਂ ਸ਼ੁਰੂ ਕੀਤੀਆਂ ਪਰ ਸਰਕਾਰ 'ਤੇ ਇਸ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ ਤਾਂ ਕੁੱਝ ਅਣਖੀ ਨੌਜਵਾਨਾਂ ਨੂੰ ਪਤਾ ਲੱਗ ਗਿਆ ਸੀ ਕਿ ਹੱਕ ਮੰਗਿਆਂ ਨਹੀਂ ਮਿਲਦੇ, ਹੱਕ ਖੋਹੇ ਜਾਂਦੇ ਹਨ। ਉਹ ਯੋਧੇ ਸਨ ਬੱਬਰ ਅਕਾਲੀ। ਜਿਨ੍ਹਾਂ ਦੇ ਲੀਡਰ ਕਿਸ਼ਨ ਸਿੰਘ ਗੜਗੱਜ ਤੇ ਕਰਮ ਸਿੰਘ ਦੌਲਤਪੁਰ ਨੇ ਪਹਿਲਾਂ ਆਪੋ ਆਪਣੇ ਤਰੀਕੇ ਕੰਮ ਸ਼ੁਰੂ ਕੀਤਾ ਤੇ ਜਦੋਂ ਉਹ ਕਰਮ ਸਿੰਘ ਝਿੰਗੜ ਦੀ ਬਦੌਲਤ ਮਿਲੇ ਤਾਂ ਇਕੱਠੇ ਕੰਮ ਕਰਨਾ ਸ਼ੁਰੂ ਕੀਤਾ। ਲੋਕਾਂ ਵਿੱਚ ਪਰਚਾਰ, ਥਾਂ-ਥਾਂ 'ਤੇ ਜਲਸੇ ਜਾਂ ਗ਼ਦਰ ਅਖ਼ਬਾਰ ਦੀ ਤਰਜ਼ 'ਤੇ 'ਬੱਬਰ ਅਕਾਲੀ ਦੋਆਬਾ ਅਖ਼ਬਾਰ' ਕੱਢ ਕੇ ਅੰਗਰੇਜ਼ਾਂ ਦੇ ਕਾਲ਼ੇ ਕਾਰਨਾਮਿਆਂ ਨੂੰ ਲੋਕਾਂ ਤੱਕ ਪਹੁੰਚਾਇਆ। ਉਹਨਾਂ ਨੇ ਬੀੜਾ ਚੁੱਕਿਆ ਕਿ ਬ੍ਰਿਟਿਸ਼ ਸਰਕਾਰ ਜਿਹੜੇ ਭਾਰਤੀ ਦਲਾਲਾਂ ਜਿਵੇਂ ਜ਼ੈਲਦਾਰ, ਸਫੈਦਪੋਸ਼, ਝੋਲ਼ੀਚੁੱਕਾਂ, ਮੁਖਬਰਾਂ ਦੇ ਸਿਰ 'ਤੇ ਲੋਕਾਂ ਜਾਣੀ ਆਮ ਜਨਤਾ 'ਤੇ ਤਸ਼ੱਦਦ ਕਰ ਰਹੀ ਹੈ, ਉਨ੍ਹਾਂ ਦਾ ਰੋੜਕਾ ਚੁੱਕਣਾ ਬਹੁਤ ਜ਼ਰੂਰੀ ਹੈ। ਉਹ ਆਪਣੇ ਕੰਮ ਨੂੰ 1922 ਵਿੱਚ ਸ਼ੁਰੂ ਕਰਕੇ 1923 ਤੱਕ ਹੀ ਲਿਜਾ ਸਕੇ। ਲੋਹੜਿਆਂ ਦੇ ਤਸ਼ੱਦਦ ਨੇ ਕੁੱਝ ਲੋਕਾਂ ਦੇ ਹੌਂਠ ਨੂੰ ਤੋੜ ਦਿੱਤਾ ਜਿਸ ਕਰਕੇ ਬੱਬਰ ਲਹਿਰ ਦੇ ਆਗੂ ਫੜ੍ਹੇ ਗਏ ਜਾਂ ਪੁਲਸ ਮੁਕਾਬਲਿਆਂ ਵਿੱਚ ਸ਼ਹੀਦੀਆਂ ਪਾ ਗਏ। ਜੋ ਫੜ੍ਹੇ ਗਏ ਉਨ੍ਹਾਂ ਨੂੰ ਫਾਂਸੀਆਂ, ਕਾਲ਼ੇ ਪਾਣੀਆਂ, ਭਾਰਤੀ ਜੇਲ੍ਹਾਂ ਤੇ ਜੂਹਬੰਦ ਦੀਆਂ ਸਜ਼ਾਵਾਂ ਮਿਲੀਆਂ। ਇਨ੍ਹਾਂ ਵਿੱਚੋਂ 27 ਫਰਬਰੀ, 1926 ਨੂੰ ਚੋਟੀ ਦੇ ਬੱਬਰਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਇਸ ਸਾਲ ਇਹਨਾਂ ਛੇ ਬੱਬਰਾਂ ਦੀ ਸ਼ਹੀਦੀ ਦਾ ਸ਼ਤਾਬਦੀ ਵਰ੍ਹਾ ਹੈ ਸੋ ਉਹਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨਾ, ਸ਼ਰਧਾਂਜ਼ਲੀ ਦੇਣਾ, ਉਹਨਾਂ ਦੇ ਨਕਸ਼ ਕਦਮਾਂ 'ਤੇ ਚੱਲਣਾ ਤੇ ਵਰਤਮਾਨ ਸਮੇਂ ਨੂੰ ਇਤਿਹਾਸ ਨਾਲ ਆਂਕਣਾ, ਜ਼ਿੰਦਾ ਦਿਲ ਲੋਕਾਂ ਦਾ ਫਰਜ਼ ਹੈ। ਆਓ ਮੁੜ ਤੋਂ ਇਤਿਹਾਸ ਦੇ ਵਰਕੇ ਦੁਆਰਾ ਤੋਂ ਫਰੋਲੀਏ। ਅਸੀਂ ਉਹਨਾਂ ਦੀ ਜ਼ਿੰਦਗੀ ਦੇ ਕਾਰਜਾਂ ਤੋਂ ਕੁੱਝ ਸੇਧ ਲੈ ਸਕੀਏ।

**ਬੱਬਰ ਕਿਸ਼ਨ ਸਿੰਘ ਗੜਗੱਜ :** ਸ਼ੈਸ਼ਨ ਜੱਜ ਦੀ ਰਾਇ ਮੁਤਾਬਕ, "ਬੱਬਰ ਕਿਸ਼ਨ ਸਿੰਘ ਗੜਗੱਜ ਬੱਬਰ ਅਕਾਲੀ ਲਹਿਰ ਦਾ ਮੋਢੀ ਅਤੇ ਅੰਦਰਲੇ ਘੇਰਿਆਂ ਵਿੱਚ ਅਸਲੀ ਦਿਮਾਗ਼ ਸੀ।" ਜਦੋਂ ਸ਼ਾਂਤਮਈ ਅੰਦੋਲਨਾਂ



ਨਾਲ਼ ਲੋਕਾਂ ਦਾ ਕੁੱਝ ਸੰਵਰ ਨਹੀਂ ਸੀ ਰਿਹਾ ਤਾਂ ਕੁੱਝ ਅਣਖੀ ਯੋਧਿਆਂ ਨੇ ਮਾਰਚ 1921 ਵਿੱਚ ਮਾਸਟਰ ਮੋਤਾ ਸਿੰਘ ਦੀ ਪ੍ਰਧਾਨਗੀ ਹੇਠ 13 ਮੈਂਬਰੀ ਮੀਟਿੰਗ ਕੀਤੀ। ਜਿਸ ਵਿੱਚ ਇਹ ਪਾਸ ਹੋਇਆ ਕਿ ਪਿੰਡਾਂ ਵਿੱਚ ਜਾ ਕੇ ਜਲਸੇ ਕੀਤੇ ਜਾਣ ਤੇ ਲੋਕਾਂ ਨੂੰ ਜਾਗਰਿਤ ਕੀਤਾ ਜਾਵੇ। ਧੋਖੇਬਾਜ਼ ਦੇਸ਼ ਧ੍ਰੋਹੀ ਝੋਲ਼ੀਚੁੱਕਾਂ ਨੂੰ ਸਬਕ ਸਿਖਾਇਆ ਜਾਵੇ। ਉਨ੍ਹਾਂ ਨਾਲ਼ ਮਿਲਵਰਤਣ ਬੰਦ ਕੀਤਾ ਜਾਵੇ। ਹਥਿਆਰਬੰਦ ਹੋ ਕੇ ਦੇਸ਼ ਲਈ ਲੜਨਾ ਤੇ ਫੌਜੀ ਦਸਤਿਆਂ ਨੂੰ ਬਗ਼ਾਵਤ ਲਈ ਤਿਆਰ ਕਰਨਾ ਉਹ ਲਲਕਾਰ ਕੇ ਸਟੇਜ ਤੋਂ ਕਹਿੰਦੇ ਸਨ। ਪਹਿਲੀ ਮੀਟਿੰਗ ਤੋਂ ਬਾਅਦ ਹੀ ਮਾਸਟਰ ਮੋਤਾ ਸਿੰਘ ਤੇ ਕਿਸ਼ਨ ਸਿੰਘ ਨੂੰ ਇਸ਼ਤਿਹਾਰੀ ਮੁਜ਼ਰਮ ਕਰਾਰ ਕਰ ਦਿੱਤਾ ਗਿਆ ਸੀ। ਮਾਸਟਰ ਮੋਤਾ ਸਿੰਘ ਕਾਬਲ ਜਾ ਕੇ ਜਥੇਬੰਦੀ ਲਈ ਕੰਮ ਕਰਦੇ ਰਹੇ ਤੇ ਕਿਸ਼ਨ ਸਿੰਘ ਨੇ ਦੁਆਬੇ ਦੇ ਪਿੰਡਾਂ ਵਿੱਚ ਲੁਕ ਛਿਪ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਜਥੇ ਦਾ ਨਾਂ ਚੱਕਰਵਰਤੀ ਰੱਖ ਦਿੱਤਾ ਸੀ। ਉਨ੍ਹਾਂ ਨੇ ਦਸੰਬਰ 6, 1921 ਨੂੰ ਪਿੰਡ ਹਰੀਪੁਰ, ਜਨਵਰੀ, 1922 ਵਿੱਚ ਧੰਨੋਵਾਲ਼ੀ, ਮਾਰਚ, 1922 ਪਿੰਡ ਅਚਲਪੁਰ, 20 ਨਵੰਬਰ 1922 ਪਿੰਡ ਪੰਡੋਰੀ ਨਿੱਜਰਾਂ, ਪਿੰਡ ਬਹਾਨੀ ਥਾਣਾ, ਫਗਵਾੜਾ ਵਿੱਚ ਨਿਧੜਕ ਹੋ ਕੇ ਪ੍ਰਚਾਰ ਕੀਤਾ।

26 ਫਰਵਰੀ, 1923 ਨੂੰ ਬੱਬਰ ਕਿਸ਼ਨ ਸਿੰਘ ਦੇ ਚਾਚੇ ਦੇ ਪੁੱਤ ਕਾਬਲ ਸਿੰਘ ਨੇ ਆਪਣੇ ਸਹੁਰੇ ਲਾਭ ਸਿੰਘ ਦੇ ਪਿੰਡ ਢੱਡੇ ਫਤਿਹ ਸਿੰਘ ਦੇ ਕਹਿਣ 'ਤੇ ਇਨਾਮ ਦੇ ਲਾਲਚ ਵਿੱਚ ਆ ਕੇ ਉਸ ਨੇ ਆਪਣੇ ਹੀ ਭਰਾ ਨਾਲ਼ ਭਰਾ ਮਾਰ ਕਰ ਦਿੱਤੀ ਸੀ। ਉਹ ਕਿਸੇ ਬਹਾਨੇ ਬੱਬਰ ਨੂੰ ਢੱਡੇ ਫਤਿਹ ਸਿੰਘ ਲੈ ਗਿਆ। ਰਾਤ ਨੂੰ ਹਥਿਆਰ ਪਰ੍ਹੇ ਕਰ ਦਿੱਤੇ ਤੇ ਕਮਰੇ ਨੂੰ ਬਾਹਰੋਂ ਕੁੰਡਾ ਲਾ ਦਿੱਤਾ ਤੇ ਹਰਿਆਣੇ ਤੋਂ ਪੁਲਸ ਬੁਲਾ ਕੇ ਉਸ ਨੂੰ ਹੱਥਕੜੀਆਂ ਤੇ ਪੈਰੀਂ ਬੇੜੀਆਂ ਪਵਾ ਦਿੱਤੀਆਂ ਸਨ। ਉਨ੍ਹਾਂ ਦੀ ਗ੍ਰਿਫਤਾਰੀ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਲੋਕ ਪਿੰਡ ਪੰਡੋਰੀ ਨਿੱਝਰਾਂ ਦੇ ਗੁਰਦਵਾਰੇ ਕੋਲ ਡਾਂਗਾਂ, ਕੁਹਾੜੀਆਂ, ਛਵੀਆਂ, ਬਰਛੇ ਲੈ ਕੇ ਸੜਕ 'ਤੇ ਆ ਗਏ ਕਿ ਬੱਬਰ ਨੂੰ ਅਜ਼ਾਦ ਕਰਵਾ ਲੈਣਾ ਹੈ। ਬੱਬਰ ਜਲ੍ਹਿਆਂਵਾਲਾ ਬਾਗ਼ ਦਾ ਕਤਲੇਆਮ ਦੁਹਰਾਉਣਾ ਨਹੀਂ ਸੀ ਚਾਹੁੰਦਾ ਇਸ ਕਰਕੇ ਉਸ ਨੇ ਲੋਕਾਂ ਨੂੰ ਸ਼ਾਂਤ ਕੀਤਾ ਤੇ ਕਿਹਾ, "ਕਿ ਹੁਣ ਘਰ ਘਰ ਗੜਗੱਜ ਪੈਦਾ ਹੋ ਚੁੱਕੇ ਹਨ, ਜਿਹੜੇ ਇਸ ਜ਼ਾਲਮ ਸਰਕਾਰ ਨੂੰ ਭਜਾ ਕੇ ਦਮ ਲੈਣਗੇ।" ਖੁਰਦਪੁਰ ਪੱਕੀ ਸੜਕ 'ਤੇ ਪਹੁੰਚ ਕੇ ਬੱਬਰ ਨੇ ਆਖ਼ਰੀ ਭਾਸ਼ਨ ਦਿੱਤਾ ਤੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਘਰਾਂ ਨੂੰ ਵਾਪਸ ਮੁੜ ਜਾਣ।

ਬੱਬਰ ਦੇ ਖਿਲਾਫ਼ ਸ਼ਾਮ ਸਿੰਘ ਬੈਂਸ ਪਿੰਡ ਤਲ੍ਹਣ, ਈਸ਼ਰ ਸਿੰਘ ਪਿੰਡ ਬਿਨਗਾਂ ਰਿਟਾਇਰਡ ਇੰਸਪੈਕਟਰ, ਜ਼ੈਲਦਾਰ ਗੱਜਾ ਸਿੰਘ ਪਿੰਡ ਹਰੀਪੁਰ, ਠਾਕਰ ਸਿੰਘ ਲੰਬੜਦਾਰ ਪਿੰਡ ਪੱਦੀ ਖਾਲਸਾ, ਬਿਸ਼ੰਬਰ ਦੱਤ ਅਸਿਸਟੈਂਟ ਜੇਲ੍ਹਰ ਨੇ ਆਪਣੀਆਂ ਗਵਾਹੀਆਂ ਵਿੱਚ ਸ਼ਾਮ ਸਿੰਘ ਨੇ ਕਿਹਾ ਕਿ "ਮੈਂ ਮੁਜ਼ਰਮ ਨੂੰ ਜਾਣਦਾ ਹਾਂ, ਉਸਨੇ ਧੰਨੋਵਾਲ਼ੀ ਤੇ ਬਿਨਗਾਂ ਵਾਲ਼ੇ ਚੌਂਕ ਵਿੱਚ ਭਾਸ਼ਨ ਦਿੱਤਾ ਤੇ ਕਿਹਾ ਕਿ ਅੰਗਰੇਜ਼ ਸਰਕਾਰ ਬੇਈਮਾਨ ਤੇ ਜ਼ਾਲਮ ਹੈ। ਮੇਰੇ ਘਰ ਦੇ ਬੂਹੇ 'ਤੇ ਇਸ਼ਤਿਹਾਰ ਲਾਇਆ ਕਿ ਤੈਨੂੰ ਇੱਕ ਹਫ਼ਤੇ ਦੇ ਅੰਦਰ ਅੰਦਰ ਸੁਧਾਰਿਆ ਜਾਵੇਗਾ। ਸਾਰਿਆਂ ਨੇ ਕਿਹਾ ਕਿ ਇਸ ਦੇ ਭਾਸ਼ਨ ਕਰਨ ਵੇਲ਼ੇ ਤਿੰਨ ਫੁੱਟੀ ਕਿਰਪਾਨ ਹੱਥ ਵਿੱਚ ਹੁੰਦੀ ਸੀ। ਇਸ ਨੇ ਜਲਸੇ 'ਚ ਕਿਹਾ ਕਿ ਅੰਗਰੇਜ਼ ਸਰਕਾਰ ਮੁਸਲਮਾਨਾਂ, ਹਿੰਦੂ ਤੇ ਸਿੱਖਾਂ ਨੂੰ ਪਾੜ ਕੇ ਰਾਜ ਕਰਨਾ ਚਾਹੁੰਦੀ ਹੈ। ਇਸ ਲਈ ਵਾਜਿਬ ਹੈ ਕਿ ਹਿੰਦੂ, ਸਿੱਖ ਤੇ ਮੁਸਲਮਾਨ ਇਕੱਠੇ ਰਹਿਣ। ਠਾਕਰ ਲੰਬੜਦਾਰ ਨੇ ਕਿਹਾ, "ਉਹ ਹਾਜ਼ਰ ਲੋਕਾਂ ਨੂੰ ਆਖ ਰਿਹਾ ਸੀ ਕਿ ਸਭ ਜਥੇਬੰਦ ਹੋ ਜਾਓ ਅਤੇ ਝੋਲ਼ੀਚੁੱਕਾਂ ਨੂੰ ਤਾੜਨਾ ਦਿਓ ਕਿ ਉਹ ਅੰਗਰੇਜ਼ ਸਰਕਾਰ ਨੂੰ ਪੁਲੀਟੀਕਲ ਕਰਿੰਦਿਆਂ ਦੇ ਕੰਮਾਂ ਕਾਰਾਂ ਬਾਰੇ ਕੋਈ ਮੁਖ਼ਬਰੀ ਨਾ ਕਰਨ। ਜੇਕਰ ਉਹ ਤਾੜਨਾ ਕਰਨ 'ਤੇ ਨਾ ਹਟਣ ਤਾਂ ਉਹ ਸਭ ਕਤਲ ਕੀਤੇ ਜਾਣਗੇ। ਸਫੇਦਪੋਸ਼ ਹਰਨਾਮ ਸਿੰਘ ਨੇ ਬਿਆਨ ਦਿੱਤਾ ਕਿ ਬੱਬਰ ਨੇ ਤਿੰਨ ਫੁੱਟੀ ਕਿਰਪਾਨ ਧੂਹ ਕੇ ਲਲਕਾਰਿਆ ਤੇ ਕਿਹਾ, "ਪ੍ਰਿੰਸ ਆਫ਼ ਵੇਲਜ਼, ਜੋ ਅੱਜ ਕੱਲ੍ਹ ਹਿੰਦੁਸਤਾਨ ਆਇਆ ਹੋਇਆ ਹੈ, ਦੇ ਗਲ਼ ਵਿੱਚ ਅੰਗਰੇਜ਼ਪ੍ਰਸਤ ਕੁੱਤਿਆਂ ਦੇ ਹਾਰ ਪਾਉਣ ਦੀਆਂ ਤਿਆਰੀਆਂ ਕਰ ਰਹੇ ਹਨ। ਪਰ ਮੈਂ ਐਲਾਨ ਕਰਦਾ ਹਾਂ ਕਿ ਮੈਂ ਆਪਣੇ ਚੱਕਰਵਰਤੀ ਜਥੇ ਦੇ ਬਾਹੂਬਲ ਨਾਲ਼ ਸ਼ਹਿਜ਼ਾਦੇ ਦੇ ਗਲ਼ ਵਿੱਚ ਬੰਬਾਂ ਦਾ ਹਾਰ ਪਾਵਾਂਗਾ।" ਇਸ ਦੇ ਪ੍ਰਤੀਕਰਮ ਵਜੋਂ ਪੰਡਾਲ ਵਿੱਚ ਬੈਠੇ ਲੋਕਾਂ ਨੇ ਬੋਲੇ ਸੋ ਨਿਹਾਲ - ਸਤਿ ਸ੍ਰੀ ਅਕਾਲ ਦੇ ਨਾਹਰੇ ਗੂੰਜਾ ਦਿੱਤੇ ਸਨ। ਗੱਜਾ ਸਿੰਘ ਜ਼ੈਲਦਾਰ ਨੇ ਵੀ ਬੱਬਰ ਦੇ ਖ਼ਿਲਾਫ਼ ਗਵਾਹੀ ਦਿੰਦਿਆ ਕਿਹਾ ਕਿ ਉਸ ਨੇ ਹਰੀਪੁਰ ਵਾਲ਼ੇ ਜਲਸੇ ਵਿੱਚ ਕਿਹਾ ਕਿ , "ਮਾਸਟਰ ਮੋਤਾ ਸਿੰਘ ਛੁਪਨ ਹੋ ਕੇ ਕਾਬਲ ਪਹੁੰਚ ਚੁੱਕਾ ਹੈ ਅਤੇ ਉਹ ਉੱਥੇ ਅੰਗਰੇਜ਼ਾਂ ਦੀਆਂ ਜੜ੍ਹਾਂ ਵੱਢ ਰਿਹਾ ਹੈ। ਮੈਂ ਤੇ ਮੋਤਾ ਸਿੰਘ ਕਦੇ ਅੰਗਰੇਜ਼ ਪੁਲਸ ਦੇ ਹੱਥ ਨਹੀਂ ਆਵਾਂਗੇ।"

ਕਿਸ਼ਨ ਸਿੰਘ ਗੜਗੱਜ ਪਿੰਡ ਫਤਿਹ ਸਿੰਘ ਬਿਨਗ ਦਾ ਰਹਿਣ ਵਾਲਾ ਸੀ, ਉਹ 47 ਨੰ: ਸਿੱਖ ਰੈਜ਼ੀਮੈਂਟ ਵਿੱਚ ਭਰਤੀ ਹੋਇਆ ਸੀ ਤੇ 15 ਸਾਲ ਦੀ ਸਰਵਿਸ ਕਰਕੇ ਹੌਲਦਾਰ ਮੇਜਰ ਬਣ ਗਿਆ ਸੀ। ਉਹ ਬਹੁਤ ਹੁਸ਼ਿਆਰ, ਸਿਆਣਾ ਤੇ ਨਿਧੜਕ ਸਿਪਾਹੀ ਸੀ। ਉਹ 1921 ਵਿੱਚ 22 ਰੁਪਏ ਮਹੀਨਾ ਪੈਨਸ਼ਨ ਲੈ ਕੇ ਰਿਟਾਇਰਡ ਹੋਇਆ ਸੀ। ਪਿੰਡ ਪੁੱਜਦਿਆਂ ਹੀ ਅੰਗਰੇਜ਼ ਦੀਆਂ ਵਧੀਕੀਆਂ ਕਾਰਣ ਅਜ਼ਾਦੀ ਦੀ ਲਹਿਰ ਬੱਬਰ ਅਕਾਲੀ ਲਹਿਰ ਵਿੱਚ ਕੁੱਦ ਪਿਆ ਸੀ। ਫਾਂਸੀ ਲੱਗਣ ਵੇਲ਼ੇ ਉਹਨਾਂ ਦੇ ਦੋ ਬੱਚੇ ਬੇਟੀ ਅਮਰਜੀਤ ਕੌਰ 7 ਸਾਲ ਤੇ ਪੁੱਤਰ 4 ਵਰ੍ਹਿਆਂ ਦੇ ਸਨ।

ਬੱਬਰ ਅਕਾਲੀਆਂ ਦੇ ਦੂਜੇ ਕਾਂਸਪਾਇਰੇਸੀ ਕੇਸ, ਜੋ 1924 ਵਿੱਚ ਚੱਲਿਆ ਸੀ ਦੇ 91 ਮੁਜ਼ਰਮਾਂ ਵਿੱਚੋਂ ਬੱਬਰ ਕਿਸ਼ਨ ਸਿੰਘ ਦਾ ਨਾਂ ਸਭ ਤੋਂ ਪਹਿਲੇ ਨੰਬਰ 'ਤੇ ਸੀ। ਉਸ ਨੇ ਵਕੀਲ ਕਰਨ ਤੋਂ ਵੀ ਨਾ ਕਰ ਦਿੱਤੀ ਸੀ। ਆਖ਼ਰੀ ਮੁਲਾਕਾਤ ਸਮੇਂ ਇਸ ਗੱਲ ਦੀ ਮੰਗ ਕੀਤੀ ਸੀ ਕਿ ਬੱਬਰ ਅਕਾਲੀ ਲਹਿਰ ਦਾ ਇਤਿਹਾਸ ਜ਼ਰੂਰ ਲਿਖਿਆ ਜਾਵੇ, ਜਿਸ ਨਾਲ਼ ਉਹਨਾਂ ਦੀਆਂ ਰੂਹਾਂ ਖੁਸ਼ ਹੋਣਗੀਆਂ।

**ਬੱਬਰ ਕਰਮ ਸਿੰਘ ਹਰੀਪੁਰ :-** ਚਟਾਨ ਦੀ ਤਰ੍ਹਾਂ ਸਥਿਰ, ਨਿਡਰ, ਪੂਰਨ ਗੁਰਸਿੱਖ



ਤੇ ਭਾਰਤ ਦੀ ਅਜ਼ਾਦੀ ਦੇ ਘੋਲ ਦਾ ਇੱਕ ਬਹਾਦਰ ਘੁਲਾਟੀਆ ਕਰਮ ਸਿੰਘ ਪਿੰਡ ਹਰੀਪੁਰ ਦਾ ਰਹਿਣ ਵਾਲਾ ਸੀ ਪਰ ਉਹ ਆਪਣੇ ਸਹੁਰੇ ਪਿੰਡ ਮਾਣਕੋ ਰਹਿੰਦਾ ਸੀ ਜਿਸ ਕਰਕੇ ਬੱਬਰ ਅਕਾਲੀ ਟਰਾਇਲ ਕੇਸ ਵਿੱਚ ਉਹ ਦਾ ਨਾਂ ਕਰਮ ਸਿੰਘ ਮਾਣਕੋ ਲਿਖਿਆ ਗਿਆ ਸੀ। ਉਹ ਬਾਹਰੋਂ ਆਏ ਬੱਬਰਾਂ ਦੇ ਚਾਹ ਪਾਣੀ ਦਾ ਪ੍ਰਬੰਧ ਕਰ ਦਿੰਦਾ ਸੀ। ਪਿੰਡ ਘੁੜਿਆਲ ਦਾ ਸੂਬੇਦਾਰ ਗੇਂਦਾ ਸਿੰਘ ਪੁਆਰ ਰਾਜਪੂਤ ਪੁਲਸ ਦਾ ਪੂਰਾ ਝੋਲ਼ੀਚੁੱਕ ਸੀ। ਉਹ ਨੇ ਪਿੰਡ ਦੇ ਇੱਕ ਪੰਡਤ ਰਾਮ ਰਤਨ ਨੂੰ ਨਾਲ਼ ਲੈ ਕੇ ਇੱਕ ਅਮਨ ਸਭਾ ਬਣਾਈ ਹੋਈ ਸੀ। ਉਹ ਸਭਾ ਦਾ ਪ੍ਰਧਾਨ ਹੋਣ ਕਰਕੇ ਜਿਸ ਨੂੰ ਮਰਜ਼ੀ ਥਾਣੇ ਸਦਵਾ ਕੇ ਪੁਲਸ ਤੋਂ ਬੇਇਜ਼ਤ ਕਰਵਾ ਦਿੰਦਾ ਸੀ। ਇਸ ਕਰਕੇ ਪਿੰਡ ਦੇ ਤੇ ਆਲ਼ੇ ਦੁਆਲ਼ੇ ਦੇ ਲੋਕ ਉਸ ਤੋਂ ਬਹੁਤ ਦੁਖੀ ਸਨ। ਉਹ ਥੜ੍ਹੇ ਤੇ ਬਹਿ ਕੇ ਕਹਿੰਦਾ ਸੀ ਕਿ, "ਮੇਰਾ ਬੱਬਰਾਂ ਨੇ ਕੀ ਵਿਗਾੜ ਦੇਣਾ ਹੈ, ਮੈਂ ਵੀ ਫੌਜੀ ਹਾਂ, 'ਕੱਲਾ ਹੀ ਕਈਆਂ ਨੂੰ ਭੁੰਨ ਕੇ ਰੱਖ ਦਿਆਂਗਾ, ਬੱਬਰ ਤਾਂ ਐਂਵੇਂ ਨਿਹੱਥਿਆ ਨੂੰ ਪੈਣਾ ਜਾਣਦੇ ਹਨ।" ਨੰਦ ਸਿੰਘ ਨੇ ਉਸ ਨੂੰ ਸਮਝਾਇਆ ਵੀ ਸੀ ਪਰ ਉਹ ਟਲਿਆ ਨਹੀਂ। ਇਸ ਕਰਕੇ ਨੰਦ ਸਿੰਘ ਨੇ ਅਨੂਪ ਸਿੰਘ ਮਾਣਕੋ, ਬਤਨ ਸਿੰਘ ਸ਼ੀਰ ਪੰਡੋਰੀ ਨਿੱਝਰਾਂ, ਕਰਮ ਸਿੰਘ ਮਾਣਕੋ ਅਤੇ ਬਾਬੂ ਸੰਤਾ ਸਿੰਘ ਛੋਟੀ ਹਰਿਓਂ ਨੂੰ ਨਾਲ਼ ਲੈ ਕੇ ਸੂਬੇਦਾਰ ਦਾ ਰੋੜਕਾ ਚੱਕ ਦਿੱਤਾ ਸੀ।

ਬੱਬਰ ਕਰਮ ਸਿੰਘ ਸੂਬੇਦਾਰ ਗੇਂਦਾ ਸਿੰਘ ਦੇ ਕਤਲ ਦਾ ਸਿੱਧਾ ਜ਼ਿੰਮੇਵਾਰ ਸੀ। ਪਰ ਬੱਬਰਾਂ ਦਾ ਫੈਸਲਾ ਸੀ ਕਿ ਜਿੰਨੀਆਂ ਵੀ ਵਾਰਦਾਤਾਂ ਜਾਂ ਕਤਲ ਕੀਤੇ ਜਾਣ। ਸਿਰਫ਼ ਤਿੰਨ ਬੱਬਰਾਂ ਕਰਮ ਸਿੰਘ ਦੌਲਤਪੁਰ, ਧੰਨਾ ਸਿੰਘ ਬਹਿਬਲਪੁਰ ਤੇ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਦੇ ਨਾਂ ਹੀ ਲਏ ਜਾਣ। ਇਹ ਵਾਰਦਾਤ 17 ਅਪਰੈਲ ਨੂੰ ਹੋਈ ਸੀ ਤੇ ਪੁਲੀਸ ਨੇ 18 ਅਪਰੈਲ ਤੋਂ ਲੈ ਕੇ 7 ਮਈ 1923 ਤੱਕ ਪਿੰਡ ਦੇ ਲੋਕਾਂ 'ਤੇ ਅੰਨ੍ਹੇਵਾਹ ਅਤਿਆਚਾਰ ਕੀਤਾ। ਲੋਕਾਂ ਨੂੰ ਕੜਕਦੀ ਧੁੱਪ ਵਿੱਚ ਨੰਗੇ ਪਿੰਡੇ ਪਾ ਕੇ ਕੁੱਟ ਦੇ ਰਹੇ ਤੇ ਕਾਤਲਾਂ ਬਾਰੇ ਪੁੱਛਦੇ ਰਹੇ ਪਰ ਉਹ ਟਸ ਤੋਂ ਮਸ ਨਾ ਹੋਏ। ਬੇਸ਼ੱਕ ਬਹੁਤੇ ਉਸੇ ਪਿੰਡ ਦੇ ਬੱਬਰ ਨੰਦ ਸਿੰਘ ਨੂੰ ਜਾਣਦੇ ਵੀ ਸਨ। ਕਰਮ ਸਿੰਘ ਆਪਣੇ ਟੱਬਰ ਨੂੰ ਨਾਲ਼ ਲੈ ਕੇ ਲਾਹੌਰ ਵੱਲ ਨੂੰ ਜਾਣ ਲੱਗਿਆ ਸੀ ਤਾਂ ਜਲੰਧਰ ਛਾਉਣੀ ਰੇਲਵੇ ਸਟੇਸ਼ਨ 'ਤੇ ਜਗਤ ਸਿੰਘ ਪੁੱਤਰ ਨੱਥਾ ਸਿੰਘ ਨੇ ਪੁਲਸ ਨੂੰ ਸੂਹ ਦੇ ਕੇ ਗ੍ਰਿਫਤਾਰ ਕਰਵਾ ਦਿੱਤਾ। ਪੁਲੀਸ ਨੇ ਉਸ ਨੂੰ ਬਹੁਤ ਕੁੱਟਿਆ ਮਾਰਿਆ ਪਰ ਉਸ ਨੇ ਬੱਬਰਾਂ ਬਾਰੇ ਕੋਈ ਭਿਣਕ ਨਾ ਦਿੱਤੀ। ਉਹਨਾਂ ਨੇ ਆਪਣੇ ਬਿਆਨ ਵਿੱਚ ਪੁਲਸ ਦੀਆਂ ਵਧੀਕੀਆਂ ਬਾਰੇ ਇਉਂ ਦੱਸਿਆ, "ਮੈਨੂੰ ਹੱਥਕੜੀ ਲਾ ਕੇ ਮੇਰੀਆਂ ਕਲਾਈਆਂ ਨੂੰ ਹੱਦ ਤੋਂ ਜ਼ਿਆਦਾ ਤਣਿਆ ਗਿਆ ਤੇ ਦਿਵਾਰ ਦੀ ਇੱਕ ਕੀਲੀ ਨਾਲ ਬੰਨ੍ਹ ਦਿੱਤੀਆਂ। ਮੇਰੇ ਪੈਰਾਂ ਹੇਠ ਕੰਡੇ ਵਿਛਾ ਦਿੱਤੇ। ਮੈਨੂੰ ਇਸ ਤਰ੍ਹਾਂ ਸਵੇਰ ਦੇ 8 ਵਜੇ ਤੋਂ ਰਾਤ ਦੇ 10 ਵਜੇ ਤੱਕ ਬੰਨ੍ਹੀ ਤੇ ਟੰਗੀ ਰੱਖਿਆ। ਹੁਕਮ ਸਿੰਘ ਕਾਂਸਟੇਬਲ ਤੇ ਹਾਜੀ ਸਾਹਿਬ ਮੇਰੇ ਕੇਸਾਂ ਨੂੰ ਦੋਨੋਂ ਪਾਸਿਆਂ ਤੋਂ ਧੂੰਹਦੇ ਸਨ। ਇੱਕ ਸੀ. ਆਈ. ਡੀ. ਅਫਸਰ ਮੈਨੂੰ ਬੂਟਾਂ ਨਾਲ਼ ਕੁੱਟੀ ਜਾ ਰਿਹਾ ਸੀ। ਫਿਰ ਮੈਨੂੰ ਪੁੱਛਦੇ ਸਨ ਕਿ ਤੇਰਾ ਸਿੱਖ ਧਰਮ ਕਿੱਥੇ ਗਿਆ। ਦੂਜੇ ਦਿਨ ਮੇਰੀਆਂ ਲੱਤਾਂ ਦਿਆਂ ਜੋੜਾਂ ਵਿੱਚ ਇੱਟਾਂ ਬੰਨ੍ਹ ਕੇ ਰੱਖੀਆਂ ਗਈਆਂ। ਮੈਨੂੰ ਪਤਾ ਨਹੀਂ ਸੀ ਲੱਗਦਾ ਕਿ ਉਹ ਮੈਨੂੰ ਕੁੱਟੀ ਕਿਉਂ ਜਾ ਰਹੇ ਸਨ। ਲੋਟੇ ਨਾਲ਼ ਮੇਰੇ ਕੇਸਾਂ ਵਿੱਚ ਹੁੱਕੇ ਦਾ ਪਾਣੀ ਪਾਉਂਦੇ ਸਨ। ਹੁਕਮ ਸਿੰਘ ਸਿਪਾਹੀ ਨੇ ਮੇਰੀ ਉਂਗਲੀ ਚਾਕੂ ਨਾਲ਼ ਵੱਢ ਸੁੱਟੀ, ਜਿਸ ਵਿੱਚੋਂ ਪੰਜ ਛੇ ਦਿਨ ਖ਼ੂਨ ਵਗਦਾ ਰਿਹਾ।"

ਇਸ ਵਾਰਦਾਤ ਵਿੱਚ ਅਨੂਪ ਸਿੰਘ ਮਾਣਕੋ ਤੇ ਬਤਨ ਸਿੰਘ ਸ਼ੀਰ ਪੰਡੋਰੀ ਨਿੱਝਰਾਂ ਵਾਅਦਾ ਮੁਆਫ਼ ਗਵਾਹ ਬਣ ਕੇ ਬਚ ਗਏ ਸਨ ਪਰ ਕਰਮ ਸਿੰਘ, ਨੰਦ ਸਿੰਘ ਤੇ ਬਾਬੂ ਸੰਤਾ ਸਿੰਘ ਨੂੰ ਫਾਂਸੀ ਦੀ ਸਜ਼ਾ ਮਿਲੀ ਸੀ। ਇਸ ਕੇਸ ਵਿੱਚ ਪਿੰਡ ਘੁੜਿਆਲ ਦੇ ਗੇਂਦਾ ਸਿੰਘ ਨੰਬਰਦਾਰ, ਸੁੰਦਰ ਸਿੰਘ, ਹਰੀ ਦਾਸ ਅਤੇ ਪੰਡਤ ਰਾਮ ਰਤਨ ਨੇ ਬੱਬਰਾਂ ਦੇ ਖ਼ਿਲਾਫ਼ ਗਵਾਹੀਆਂ ਦਿੱਤੀਆਂ। ਨੰਬਰਦਾਰ ਗੇਂਦਾ ਸਿੰਘ ਨੂੰ ਗ੍ਰਿਫਤਾਰ ਕਰਵਾਉਣ ਬਦਲੇ ਇੱਕ ਮੁਰੱਬਾ ਜ਼ਮੀਨ ਵੀ ਮਿਲੀ ਸੀ। ਐਡੀਸ਼ਨਲ ਸੈਸ਼ਨਜ਼ ਜੱਜ, ਲਾਹੌਰ ਮਿਸਟਰ



ਜੇ. ਕੇ. ਟੱਪ ਨੇ ਫੈਸਲਾ ਦਿੰਦਿਆ ਲਿਖਿਆ ਕਿ ਗਵਾਹੀਆਂ ਅਤੇ ਤੱਥਾਂ ਦੇ ਅਧਾਰ 'ਤੇ ਮੈਂ ਇਸ ਨੂੰ ਕਤਲ ਦੇ ਜੁਰਮ ਵਿੱਚ ਇੰਡੀਅਨ ਪੈਨਲ ਕੋਡ ਸੈਕਸ਼ਨਜ਼ 120-ਬੀ/109 ਤੇ 302 ਸਮੇਤ ਸੈਕਸ਼ਨਜ਼ 34, 120-ਬੀ ਤੇ 114 ਇੰਡੀਅਨ ਕੋਡ ਅਧੀਨ ਦੋਸ਼ੀ ਕਰਾਰ ਦਿੰਦਾ ਹਾਂ। ਬੇਸ਼ੱਕ ਇਸ ਨੇ ਇਕੱਲਿਆਂ ਕਤਲ ਨਹੀਂ ਕੀਤਾ ਪਰ ਇਸ ਦਾ ਇਰਾਦਾ ਕਤਲ ਅਤੇ ਪੂਰੀ ਮੱਦਦ ਨਾਲ਼ ਕਤਲ ਹੋਇਆ ਹੈ। ਇਸ ਕਰਕੇ ਮੈਂ ਇਸ ਨੂੰ ਦੋਸ਼ੀ ਸਮਝ ਕੇ ਗਲ਼ ਵਿੱਚ ਫਾਹਾ ਦੇ ਕੇ ਮੌਤ ਦੀ ਸਜ਼ਾ ਦਿੰਦਾ ਹਾਂ।

**ਬੱਬਰ ਨੰਦ ਸਿੰਘ ਘੁੜਿਆਲ :** ਬੱਬਰ ਨੰਦ ਸਿੰਘ ਪੁੱਤਰ ਸਰਦਾਰ ਗੰਗਾ ਸਿੰਘ ਪਿੰਡ ਘੁੜਿਆਲ ਜ਼ਿਲਾ ਜਲੰਧਰ ਦਾ ਰਹਿਣ ਵਾਲਾ ਸੀ। ਉਹ ਆਪਣੇ ਪਿੰਡ ਦੇ ਸਿੱਖਾਂ ਦਾ ਜਥੇਦਾਰ ਤੇ ਗੁਰਦਵਾਰੇ ਦਾ ਪ੍ਰਧਾਨ ਸੀ। ਉਸ ਦੇ ਦੱਸਣ ਮੁਤਾਬਕ ਉਸ ਦਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨਾਲ ਬਹੁਤ ਰਾਬਤਾ ਸੀ। ਉਹ ਪੁਲਸ ਦੀਆਂ ਵਧੀਕੀਆਂ ਬਾਰੇ ਕਮੇਟੀ ਨੂੰ ਦੱਸਦਾ ਰਿਹਾ ਸੀ ਤਾਂ ਪੁਲਸ ਨੇ ਉਹ ਦੇ ਘਰ ਛਾਪਾ ਮਾਰ ਕੇ ਸ਼ਹੀਦੀ ਫੰਡ, ਕਾਰ-ਸੇਵਾ ਫੰਡ, ਸਿੱਖ ਲੀਗ ਦੇ ਚੰਦੇ ਤੇ ਹੋਰ ਰਸੀਦਾਂ ਉਹਦੇ ਘਰੋਂ ਲਿਜਾ ਕੇ ਆਪਣੇ ਕਬਜ਼ੇ ਵਿੱਚ ਕਰ ਲਈਆਂ ਸਨ। ਬੱਬਰ ਅਜ਼ਾਦੀ ਦਾ ਘੁਲਾਟੀਆ ਸੀ ਉਹ ਗੁਰੂ ਕੇ ਬਾਗ਼ ਦੇ ਮੋਰਚੇ ਵਿੱਚ 50 ਬੰਦਿਆਂ ਦਾ ਜੱਥਾ ਵੀ ਲੈ ਕੇ ਗਿਆ ਸੀ। ਪੁਲਸ ਨੇ ਕੁੱਟ ਕੁੱਟ ਕੇ ਉਸਦੀਆਂ ਪਸਲੀਆਂ ਤੋੜ ਦਿੱਤੀਆਂ ਸਨ ਅਤੇ ਉਸ ਨੇ ਗੁਰੂ ਰਾਮਦਾਸ ਹਸਪਤਾਲ ਵਿੱਚ ਇਲਾਜ ਕਰਵਾਇਆ। ਬਾਅਦ ਵਿੱਚ ਫਿਰ ਮੋਰਚੇ ਵਿੱਚ ਗਏ ਤਾਂ ਉਨ੍ਹਾਂ ਨੂੰ 6 ਮਹੀਨੇ ਕੈਦ ਦੀ ਸਜ਼ਾ ਵੀ ਹੋਈ। ਜੇਲ੍ਹ ਦੇ ਅੰਦਰ ਹੀ ਬੱਬਰ ਦੀ ਮੁਲਾਕਾਤ ਬੱਬਰ ਕਰਮ ਸਿੰਘ ਨਾਲ ਹੋਈ ਤਾਂ ਉਹਨਾਂ ਫੈਸਲਾ ਕੀਤਾ ਕਿ ਸ਼ਾਂਤਮਈ ਤਰੀਕੇ ਨਾਲ਼ ਕੁੱਟਾਂ ਖਾ ਕੇ ਅੰਗਰੇਜ਼ ਸਰਕਾਰ ਜ਼ੁਲਮ ਕਰਨੋਂ ਨਹੀਂ ਹਟ ਸਕਦੀ। ਇਸ ਕਰਕੇ ਸਾਨੂੰ ਆਪ ਆਪਣੀ ਰੱਖਿਆ ਕਰਨ ਲਈ ਅੰਗਰੇਜ਼ਾਂ ਦੇ ਝੋਲ਼ੀਚੁੱਕਾਂ ਦਾ ਖ਼ਾਤਮਾ ਕਰਨਾ ਪੈਣਾ ਹੈ।

ਬੱਬਰ ਦੇ ਪਿੰਡ ਦਾ ਸੂਬੇਦਾਰ ਗੇਂਦਾ ਸਿੰਘ ਅਕਾਲੀਆਂ ਤੇ ਬੱਬਰਾਂ ਦੀ ਇੱਕ ਇੱਕ ਗੱਲ ਪੁਲਸ ਕੋਲ਼ ਪਹੁੰਚਾਉਂਦਾ ਸੀ। ਬੱਬਰ ਨੇ ਉਸ ਨੂੰ ਪਿਆਰ ਨਾਲ਼ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਬਾਜ਼ ਨਾ ਆਇਆ। ਪਿੰਡ ਦੇ ਲੋਕ ਵੀ ਉਸ ਤੋਂ ਬਹੁਤ ਦੁਖੀ ਹੋਏ ਹੋਏ ਸਨ। ਉਹ ਪੁਲਸ ਨਾਲ਼ ਮਿਲ ਕੇ ਹਰ ਇੱਕ ਦੀ ਬੇਇਜ਼ਤੀ ਕਰਦਾ ਸੀ। ਉਹ ਭੂਸਰੇ ਢੱਠੇ ਵਾਂਗ ਲੋਕਾਂ 'ਤੇ ਵਾਰ ਕਰਦਾ ਸੀ। ਲੋਕ ਉਸ ਨੂੰ ਰਾਵਣ ਕਹਿਣ ਲੱਗ ਪਏ। ਇਹ ਸੁਣ ਕੇ ਉਹ ਹੋਰ ਵੀ ਚਾਂਭਲ ਗਿਆ ਸੀ।

ਘੁੜਿਆਲ ਵਿਖੇ ਹੀ ਅਕਾਲੀਆਂ ਦੇ ਦੀਵਾਨ, ਜਿਸ ਵਿੱਚ ਮਸਤੂਆਣੇ ਵਾਲ਼ੇ ਸੰਤ ਅਤਰ ਸਿੰਘ ਵੀ ਹਾਜ਼ਰ ਸਨ ਉਦੋਂ ਬੱਬਰ ਕਿਸ਼ਨ ਸਿੰਘ ਗੜਗੱਜ ਨੇ ਬਹੁਤ ਜੋਸ਼ੀਲੀ ਤਕਰੀਰ ਕੀਤੀ ਸੀ ਤਾਂ ਬੱਬਰ ਨੰਦ ਸਿੰਘ ਇਸ ਤੋਂ ਬਹੁਤ ਪ੍ਰਭਾਵਤ ਹੋਇਆ। ਬੱਬਰ ਸੰਤ ਠਾਕਰ ਸਿੰਘ ਦੀ ਕੁਟੀਆ ਤੇ ਆਉਂਦੇ ਸਨ, ਉਹ ਵੀ ਬੱਬਰਾਂ ਨੂੰ ਉੱਥੇ ਮਿਲਦਾ ਸੀ। ਬੱਬਰ ਨੰਦ ਸਿੰਘ ਨੇ ਬਾਬੂ ਸੰਤ ਸਿੰਘ ਕੋਲ਼ ਝੋਲ਼ੀਚੁੱਕ ਸੂਬੇਦਾਰ ਗੇਂਦਾ ਸਿੰਘ ਬਾਰੇ ਗੱਲ ਕੀਤੀ। ਤਾਂ ਉਹਨਾਂ ਨੇ ਸਕੀਮ ਮੁਤਾਬਕ ਬਾਬੂ

ਸੰਤਾ ਸਿੰਘ, ਕਰਮ ਸਿੰਘ ਹਰੀਪੁਰ, ਨੰਦ ਸਿੰਘ ਘੁੜਿਆਲ, ਬਤਨ ਸਿੰਘ ਝੀਰ, ਅਨੂਪ ਸਿੰਘ ਮਾਣਕੋ ਸੂਬੇਦਾਰ ਗੇਂਦਾ ਸਿੰਘ ਨੂੰ ਕਤਲ ਕਰਨ ਲਈ ਚੱਲ ਪਏ। ਸੰਤਾ ਸਿੰਘ ਕੋਲ਼ ਦੋ ਪਿਸਤੌਲ ਸਨ, ਇੱਕ ਹੱਥ ਵਿੱਚ ਤੇ ਦੂਜਾ ਗਲ਼ ਵਿੱਚ ਲਟਕਦਾ ਸੀ। ਬਤਨ ਸਿੰਘ ਕੋਲ਼ ਵੀ ਦੋ ਪਿਸਤੌਲ ਸਨ, ਅਨੂਪ ਸਿੰਘ ਤੇ ਨੰਦ ਸਿੰਘ ਕੋਲ਼ ਇੱਕ ਇੱਕ ਬੰਦੂਕ ਤੇ ਕਰਮ ਸਿੰਘ ਕੋਲ਼ ਕਿਰਪਾਨ ਸੀ। ਬਾਬੂ ਸੰਤਾ ਸਿੰਘ ਨੇ ਕਿਹਾ ਕਿ ਨੰਦ ਸਿੰਘ ਪੇਂਡੂ ਹੋਣ ਕਰਕੇ ਗੇਂਦਾ ਸਿੰਘ ਟਾਊਟ ਨੂੰ ਜਾਣਦਾ ਸੀ ਉਹ ਪਹਿਲਾਂ ਵਾਰ ਕਰੇਗਾ। ਜਦੋਂ ਨੰਦ ਸਿੰਘ ਨੇ ਵਾਰ ਕੀਤਾ ਤਾਂ ਗੇਂਦੇ ਨੇ ਤਕੜਾ ਹੋਣ ਕਰਕੇ ਨੰਦ ਸਿੰਘ ਨੂੰ ਥੱਲੇ ਸੁੱਟ ਦਿੱਤਾ। ਫਿਰ ਬਤਨ ਸਿੰਘ ਨੇ ਉਹ ਦੇ ਢਿੱਡ ਵਿੱਚ ਗੋਲ਼ੀ ਮਾਰੀ ਤੇ ਉਹ ਥੱਲੇ ਡਿੱਗ ਪਿਆ, ਤਿੰਨ ਗੋਲੀਆਂ ਉਹਦੇ ਸਿਰ ਵਿੱਚ ਮਾਰੀਆਂ। ਕਰਮ ਸਿੰਘ ਨੇ ਕਿਰਪਾਨ ਨਾਲ਼ ਕਈ ਵਾਰ ਕੀਤੇ ਅਤੇ ਅਨੂਪ ਸਿੰਘ ਨੇ ਬੰਦੂਕ ਦੇ ਬੱਟ ਮਾਰ ਕੇ ਆਪਣਾ ਗੁੱਸਾ ਘੱਟ ਕੀਤਾ। ਲੋਕ ਗੋਲ਼ੀ ਦੀ ਅਵਾਜ਼ ਸੁਣ ਕੇ ਆਪੋ ਆਪਣੇ ਘਰੀਂ ਚਲੇ ਗਏ। ਰਾਤ ਨੂੰ ਕੋਈ ਵੀ ਥਾਣੇ ਇਤਲਾਹ ਕਰਨ ਨਾ ਗਿਆ ਦੂਜੇ ਦਿਨ ਦੁੱਲਾ ਚੌਕੀਦਾਰ ਥਾਣੇ 10 ਕੁ ਵਜੇ ਗਿਆ ਤਾਂ ਪੁਲਸ ਆਈ। ਪੁਲਸ ਨੇ ਪਿੰਡ ਦੇ ਬਜ਼ੁਰਗ ਤੇ ਗੱਭਰੂਆਂ ਨੂੰ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ ਪਰ ਬੱਬਰ



ਨੰਦ ਸਿੰਘ ਦੇ ਰਸੂਖ਼ ਕਰਕੇ ਕਿਸੇ ਨੇ ਵੀ ਬੱਬਰ ਦਾ ਨਾਂ ਨਾ ਲਿਆ। ਤਿੰਨ ਹਫਤੇ ਲੋਕ ਕੁੱਟ ਖਾਂਦੇ ਰਹੇ ਇੱਥੋਂ ਤੱਕ ਕਿ ਫਸਲ ਵੀ ਨਾ ਵੱਢ ਸਕੇ। ਪਿੰਡ ਵਾਲ਼ਿਆਂ 'ਤੇ ਤਸ਼ੱਦਦ ਸੁਣ ਕੇ ਉਹ ਆਪ ਹਾਜ਼ਰ ਹੋ ਗਿਆ ਤੇ ਮੰਨ ਲਿਆ ਕਿ ਉਸ ਨੇ ਕਤਲ ਕੀਤਾ ਹੈ।

**ਬੱਬਰ ਬਾਬੂ ਸੰਤਾ ਸਿੰਘ** : ਬੱਬਰ ਬਾਬੂ ਸੰਤਾ ਸਿੰਘ ਪੁੱਤਰ ਸ. ਸੂਬਾ ਸਿੰਘ ਭੱਟੀ ਦਾ ਜਨਮ ਪਿੰਡ ਛੋਟੀ ਹਰਿਓਂ ਤਹਿਸੀਲ ਸਮਰਾਲਾ ਜਿਲਾ ਲੁਧਿਆਣਾ ਵਿਖੇ ਮਾਤਾ ਜੱਸਾਂ ਦੀ ਕੁੱਖੋਂ ਹੋਇਆ ਸੀ। ਬਾਬੂ ਸੰਤਾ ਸਿੰਘ ਨੇ ਪਹਿਲਾਂ ਖਾਲਸਾ ਹਾਈ ਸਕੂਲ ਸਮਰਾਲਾ ਵਿੱਚ ਕੁੱਝ ਸਾਲ 18 ਰੁਪਏ ਮਹੀਨੇ ਲਈ ਕਲਰਕ ਦੀ ਨੌਕਰੀ ਕੀਤੀ ਸੀ। ਇਸ ਕਰਕੇ ਹੀ ਉਹਨਾਂ ਦਾ ਨਾਂ ਬਾਬੂ ਸੰਤਾ ਸਿੰਘ ਪਿਆ ਸੀ। ਫਿਰ ਉਹਨਾਂ ਨੇ 10 ਰੁਪਏ ਮਹੀਨਾ 54 ਨੰਬਰ ਸਿੱਖ ਰੈਜਮੈਂਟ ਵਿੱਚ ਵੀ ਨੌਕਰੀ ਕੀਤੀ। ਸਿੱਖਾਂ 'ਤੇ ਹੋ ਰਹੇ ਜ਼ੁਲਮਾਂ ਕਰਕੇ ਉਹਨਾਂ ਨੇ 26 ਜਨਵਰੀ, 1922 ਨੂੰ ਫੌਜ ਵਿੱਚੋਂ ਡਿਸਚਾਰਜ ਲੈ ਲਿਆ। ਜਲੰਧਰ ਛਾਉਣੀ ਦੀ ਪੋਸਟਿੰਗ ਸਮੇਂ ਉਹ ਪਰਾਗਪੁਰ ਵਿਖੇ ਸੰਤ ਕਰਤਾਰ ਸਿੰਘ ਦੀ ਕੁਟੀਆ ਵਿੱਚ ਜਾਂਦੇ ਹੁੰਦੇ ਸਨ। ਜਿੱਥੇ ਉਸ ਦੀ ਮੁਲਾਕਾਤ ਬੱਬਰ ਕਿਸ਼ਨ ਸਿੰਘ ਗੜਗੱਜ ਨਾਲ਼ ਹੋਈ। ਬੱਬਰ ਦੀ ਸੰਤ ਕਰਤਾਰ ਸਿੰਘ ਨਾਲ ਬਹੁਤ ਜ਼ਿਆਦਾ ਨੇੜਤਾ ਸੀ। ਉਹ ਸੰਤ ਕਰਤਾਰ ਸਿੰਘ 'ਤੇ ਬਹੁਤ ਯਕੀਨ ਕਰਦਾ ਸੀ ਇਸ ਕਰਕੇ ਸੰਤ ਨੂੰ ਬੱਬਰ ਦੀਆਂ ਸਾਰੇ ਜਾਣ ਆਉਣ ਵਾਲੇ ਥਾਂਵਾਂ ਤੇ ਠਾਹਰਾਂ ਦਾ ਪਤਾ ਹੁੰਦਾ ਸੀ। ਕਈ ਸਮਕਾਲੀ ਬੱਬਰ ਕਹਿੰਦੇ ਸਨ ਕਿ ਸੰਤ ਅੰਗਰੇਜ਼ਾਂ ਦਾ ਜਾਸੂਸ ਹੈ ਪਰ ਕੁੱਝ ਬੱਬਰਾਂ ਦਾ ਕਹਿਣਾ ਸੀ ਕਿ ਅੰਗਰੇਜ਼ ਦੇ ਤਸ਼ੱਦਦ ਨੇ ਸੰਤ ਕਰਤਾਰ ਸਿੰਘ ਨੂੰ ਵਾਇਦਾ ਮੁਆਫ਼ ਗਵਾਹ ਬਣਨ ਲਈ ਮਜਬੂਰ ਕਰ ਦਿੱਤਾ ਸੀ।

ਬੱਬਰ ਲਹਿਰ ਨੂੰ ਸਿਖ਼ਰ ਤੱਕ ਪਹੁੰਚਾਉਣ ਲਈ ਬਾਬੂ ਸੰਤਾ ਸਿੰਘ ਦਾ ਬਹੁਤ ਵੱਡਾ ਯੋਗਦਾਨ ਹੈ। ਜਿਸ ਦਾ ਕਾਰਣ ਉਹਨਾਂ ਨੇ ਬਹੁਤ ਸਾਰੀਆਂ ਵਾਰਦਾਤਾਂ ਵਿੱਚ ਹਿੱਸਾ ਲੈ ਕੇ ਜ਼ਾਹਰ ਕੀਤਾ ਸੀ। ਜਿਵੇਂ :

ਪਿੰਡ ਰਾਣੀਪੁਰ ਦੇ ਜ਼ੈਲਦਾਰ ਬਿਸ਼ਨ ਦਾ ਕਤਲ ਉਸਨੇ ਇਕੱਲਿਆਂ ਹੀ ਕੀਤਾ ਸੀ। (10 ਫਰਬਰੀ, 1923)

ਲਾਭ ਸਿੰਘ ਢੱਡੇ ਫਤਿਹ ਸਿੰਘ ਨੂੰ ਮਾਰਨ ਦੀਆਂ ਕੋਸ਼ਿਸ਼ਾਂ ਵਿੱਚ (14, 17, 23 ਮਾਰਚ, 1923) ਵਿੱਚ ਸ਼ਮੂਲੀਅਤ।

ਸੂਬੇਦਾਰ ਗੇਂਦਾ ਸਿੰਘ ਪਿੰਡ ਘੁੜਿਆਲ ਦਾ ਕਤਲ (ਅਪਰੈਲ 17, 1923)

ਡਾਕਾ ਤੇ ਕਤਲ ਬੂਟਾ ਲੰਬੜਦਾਰ ਅਤੇ ਉਸਦਾ ਪੋਤਰਾ ਸੁਰਜਨ ਸਿੰਘ ਨੰਗਲ ਸ਼ਾਮਾ (12 ਮਾਰਚ, 1923)

ਡਾਕਾ ਤੇ ਕਤਲ ਰਲਾ ਤੇ ਦਿੱਤੂ ਸਫੈਦਪੋਸ਼ ਪਿੰਡ ਕੌਲਗੜ੍ਹ, (ਮਾਰਚ 21, 1923)

ਕਤਲ ਮਿਸਤਰੀ ਲਾਭ ਸਿੰਘ ਗੜ੍ਹਸ਼ੰਕਰ (ਮਾਰਚ 19, 1923)

ਕਤਲ ਹਜ਼ਾਰਾ ਸਿੰਘ ਲੰਬੜਦਾਰ, ਪਿੰਡ ਬੈਹਬਲਪੁਰ (ਮਾਰਚ 27, 1923)

ਡਾਕਾ ਜਮਸ਼ੇਰ ਰੇਲਵੇ ਸਟੇਸ਼ਨ (3–4 ਮਾਰਚ, 1923)

ਸੰਤ ਕਰਤਾਰ ਸਿੰਘ ਨੇ ਸੁਲਤਾਨੀ ਗਵਾਹ ਬਣ ਕੇ ਜੋ ਬਿਆਨ ਦਿੱਤਾ ਉਸ ਵਿੱਚ ਦੱਸਿਆ ਕਿ ਸੰਤਾ ਸਿੰਘ ਤੇ ਹੋਰ ਅਕਾਲੀ ਦੁਆਬੇ ਤੋਂ ਬਾਅਦ ਰਿਆਸਤ ਪਟਿਆਲਾ ਤੇ ਬਰਨਾਲਾ ਵੱਲ ਚਲੇ ਗਏ। ਸੀ. ਆਈ. ਡੀ ਪੰਜਾਬ ਦੀ ਸਖ਼ਤ ਹਦਾਇਤ ਸੀ ਕਿ ਸੰਤਾ ਸਿੰਘ ਨੂੰ ਫੜਨਾ ਬਹੁਤ ਮੁਸ਼ਕਲ ਹੈ। ਜਦੋਂ ਬੱਬਰ ਬਰਨਾਲੇ ਤੋਂ ਬਠਿੰਡੇ ਨੂੰ ਜਾ ਰਿਹਾ ਸੀ ਤਾਂ ਪੁਲੀਸ ਉਸ ਦੇ ਨਾਲ਼ ਦੇ ਡੱਬਿਆਂ ਵਿੱਚ ਉਸ 'ਤੇ ਨਜ਼ਰ ਰੱਖ ਰਹੀ ਸੀ। ਜਦੋਂ ਤਪੇ ਜਾ ਕੇ ਟਰੇਨ ਰੁਕੀ ਤਾਂ ਬੱਬਰ ਟਰੇਨ ਵਿੱਚ ਸੁੱਤਾ ਹੋਇਆ ਸੀ ਤੇ ਪੁਲੀਸ ਨੇ ਮੌਕਾ ਤਾੜ ਕੇ ਉਸ ਨੂੰ ਦਬੋਚ ਲਿਆ ਤੇ ਹੱਥਕੜੀ ਲਾ ਲਈ। ਉਸ ਦੀ ਤਲਾਸ਼ੀ ਸਮੇਂ ਉਸ ਕੋਲ਼ ਇੱਕ ਗੱਠੜੀ ਸੀ ਜਿਸ ਵਿੱਚੋਂ ਇੱਕ ਛੇ ਘਰਾਂ ਵਾਲਾ ਰਿਵਾਲਵਰ ਗੋਲ਼ੀਆਂ ਨਾਲ਼ ਭਰਿਆ ਹੋਇਆ। ਚਾਰ ਰਿਵਾਲਵਰ ਦੀਆਂ ਤੇ ਦੋ ਰਾਈਫਲ ਦੀਆਂ ਖੁੱਲੀਆਂ ਗੋਲ਼ੀਆਂ ਮਿਲੀਆਂ। ਚਾਰ ਹੋਰ ਗੋਲ਼ੀਆਂ ਖੁੱਲ੍ਹੀਆਂ ਤੇ ਇੱਕ ਬਾਸਕਿਟ ਦੀ ਜੇਬ ਵਿੱਚੋਂ ਗੋਲ਼ੀ ਮਿਲੀ। ਝੋਲ਼ੇ ਵਿੱਚੋਂ ਇੱਕ ਹੋਰ ਝੋਲ਼ਾ ਨਿਕਲਿਆ ਜਿਸ ਵਿੱਚੋਂ 11 ਪਰਚੇ ਬੱਬਰ ਅਕਾਲੀ ਦੁਆਬਾ ਅਖ਼ਬਾਰ ਦੀਆਂ ਕਾਪੀਆਂ ਸਨ। ਇਸੇ ਝੋਲ਼ੇ ਵਿੱਚ ਇੱਕ ਪਰਚਿਆਂ ਦਾ ਡਰਾਫਟ ਤੇ ਕੁੱਝ ਚਿੱਠੀਆਂ, ਇੱਕ ਨੋਟ ਬੁੱਕ ਤੇ ਇੱਕ ਜੇਬੀ ਡਾਇਰੀ ਸੀ।

ਬੱਬਰ ਨੇ ਸਪੈਸ਼ਲ ਮੈਜਿਸਟਰੇਟ ਮਿਸਟਰ ਲੂਈਸ ਏ. ਬੁੱਲ ਦੀ ਕੋਰਟ ਵਿੱਚ ਬਿਆਨ ਦੇਣ ਸਮੇਂ ਸਵਾਲਾਂ ਦੇ ਉੱਤਰ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਆਖਿਆ, "ਕੋਰਟ ਦੀ ਸਾਰੀ ਕਾਰਵਾਈ ਇੱਕ ਡਰਾਮਾ ਹੈ ਜੋ ਵੇਖਣ ਸੁਣਨ ਵਾਲਿਆਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਾਲ਼ੀ ਗੱਲ ਹੈ। ਮੈਨੂੰ ਕੋਰਟ ਤੋਂ ਇਨਸਾਫ਼ ਦੀ ਕੋਈ ਉਮੀਦ ਨਹੀਂ ਹੈ। ਮੈਨੂੰ ਕੋਰਟ ਇੱਕ ਸਵਾਲ ਪੁੱਛੇ ਭਾਵੇਂ ਇੱਕ ਹਜ਼ਾਰ, ਮੈਂ ਕਿਸੇ ਦਾ ਵੀ ਉੱਤਰ ਨਹੀਂ ਦਿਆਂਗਾ।"

ਇਤਿਹਾਸਕਾਰ ਬਖ਼ਸ਼ੀਸ਼ ਸਿੰਘ ਨਿੱਝਰ ਦੀ ਕਿਤਾਬ 'ਬੱਬਰ ਅਕਾਲੀਆਂ ਦਾ ਇਤਿਹਾਸ' ਮੁਤਾਬਕ ਬਾਬੂ ਸੰਤਾ ਸਿੰਘ ਨੇ ਆਪਣਾ ਬਿਆਨ 47 ਪੰਨਿਆਂ ਦਾ ਲਿਖ ਕੇ ਕੋਰਟ ਨੂੰ ਦਿੱਤਾ ਸੀ। ਉਸ ਵਿੱਚ ਉਹਨਾਂ ਆਪਣੇ ਮੁਢਲੇ ਜੀਵਨ, ਵਿਦਿਆ ਪ੍ਰਾਪਤੀ, ਫੌਜ ਦੀ ਨੌਕਰੀ ਬਾਰੇ, ਬੱਬਰ ਅਕਾਲੀ ਜਥੇ ਵਿੱਚ ਸ਼ਾਮਲ ਹੋਣ ਬਾਰੇ, ਮੋਢੀ ਬੱਬਰਾਂ ਨਾਲ ਮੁਲਾਕਾਤਾਂ ਬਾਰੇ, ਬੱਬਰਾਂ ਦੀਆਂ ਕੁਰਬਾਨੀਆਂ, ਜੁਆਲਾ ਸਿੰਘ ਗੱਦਾਰ, ਵਾਰਦਾਤਾਂ ਬਾਰੇ ਅਤੇ ਆਪਣੀ ਗ੍ਰਿਫਤਾਰੀ ਦਾ ਜ਼ਿਕਰ ਕੀਤਾ ਗਿਆ ਸੀ। ਪੁਲੀਸ ਤੇ ਸੀ. ਆਈ. ਡੀ. ਦੇ ਤਸ਼ੱਦਦ ਬਾਰੇ ਬੇਖ਼ੌਫ਼ ਦੱਸਿਆ ਸੀ ਕਿ ਉਹ ਕਿਵੇਂ ਲੋਕਾਂ ਨਾਲ਼ ਧੋਖਾ ਕਰਕੇ ਬੱਬਰਾਂ ਦੇ ਖਿਲਾਫ਼ ਗਵਾਹੀਆਂ ਦਵਾ ਕੇ ਉਹਨਾਂ ਨੂੰ ਮੌਤ ਦੇ ਘਾਟ ਉਤਾਰ ਰਹੇ ਹਨ।

ਐਡੀਸ਼ਨਲ ਸੈਸ਼ਨਜ਼ ਜੱਜ ਲਾਹੌਰ ਮਿਸਟਰ ਜੇ. ਕੇ. ਟਪ ਨੇ ਮੁਕੱਦਮੇ ਦਾ ਫੈਸਲਾ ਸੁਣਾਂਦਿਆਂ ਲਿਖਿਆ, "ਸੰਤਾ ਸਿੰਘ ਮੁਜਰਮ ਨੰ. 56 ਦਾ ਬੱਬਰ ਅਕਾਲੀ ਕੰਸਪਾਇਰੇਸੀ ਵਿੱਚ ਸਿੱਧਾ ਸਬੰਧ ਤੇ ਕਤਲ, ਡਾਕੇ ਤੇ ਭੜਕਾਊ ਤਕਰੀਰਾਂ ਤੇ ਹੋਰ ਢੇਰ ਸਾਰੇ ਜੁਰਮ ਇਸਦੇ ਵਿਰੁੱਧ ਸਾਬਤ ਹੋਏ ਹਨ।ਗਵਾਹਾਂ ਦੀਆਂ ਗਵਾਹੀਆਂ ਅਤੇ ਤਫ਼ਤੀਸ਼ ਸਾਬਤ ਕਰਦੀਆਂ ਹਨ ਕਿ ਮੁਜਰਮ ਕਸੂਰਵਾਰ ਹੈ ਇਸ ਲਈ ਇੱਕ ਹੀ ਸਜ਼ਾ ਹੈ ਜੋ ਇਸ ਨੂੰ ਦਿੱਤੀ ਜਾ ਸਕਦੀ ਹੈ, ਇਸ ਲਈ ਮੈਂ ਇਸ ਮੁਜਰਮ ਸੰਤਾ ਸਿੰਘ ਨੂੰ ਗਲ਼ ਵਿੱਚ ਰੱਸਾ ਪਾ ਕੇ ਮੌਤ ਦੀ ਸਜ਼ਾ ਦਿੰਦਾ ਹਾਂ। ਰੱਸਾ ਗਲ਼ ਵਿੱਚੋਂ ਉਸ ਸਮੇਂ ਤੱਕ ਨਹੀਂ ਕੱਢਿਆ ਜਾਵੇਗਾ, ਜਦ ਤੱਕ ਮੁਜਰਮ ਮਰ ਨਹੀਂ ਜਾਂਦਾ। ਇਹ ਸਜ਼ਾ ਹਾਈ ਕੋਰਟ ਦੀ ਪਰਵਾਨਗੀ ਨਾਲ਼ ਹੋਵੇਗੀ।"

**ਬੱਬਰ ਧਰਮ ਸਿੰਘ ਹਿਯਾਤਪੁਰ** :– ਧਰਮ ਸਿੰਘ ਪੁੱਤਰ ਸੋਭਾ ਸਿੰਘ ਕੰਦੋਲਾ ਪਿੰਡ ਹਿਯਾਤਪੁਰ ਦਾ ਰਹਿਣ ਵਾਲਾ ਸੀ। ਉਸ ਦਾ ਬਾਬਾ ਅਕਾਲੀ ਸੀ ਇਸ ਕਰਕੇ ਸਾਰਾ ਪਰਿਵਾਰ ਹੀ ਅਕਾਲੀ ਲਹਿਰ ਦਾ ਹਮਦਰਦ ਸੀ। ਉਹਨਾਂ ਦਾ ਚਾਚਾ ਸੁਰਜਨ ਸਿੰਘ ਤੇ ਛੋਟਾ ਭਰਾ ਸੁੰਦਰ ਸਿੰਘ ਵੀ ਬੱਬਰ ਲਹਿਰ ਦੇ ਕਾਰਕੁੰਨ ਸਨ ਜਿਹਨਾਂ ਦੀ ਮੁਕੱਦਮੇ ਦੌਰਾਨ ਜੇਲ੍ਹ ਵਿੱਚ ਹੀ ਮੌਤ ਹੋ ਗਈ ਸੀ। ਬੱਬਰ ਧਰਮ ਸਿੰਘ ਨੇ 14 ਸਾਲ ਰਸਾਲਾ ਨੰ. 31 ਵਿੱਚ ਫੌਜ ਦੀ ਨੌਕਰੀ ਕੀਤੀ। 26 ਜੂਨ, 1920 ਨੂੰ ਉਹ 5 ਰੁਪਏ ਪੈਨਸ਼ਨ 'ਤੇ ਘਰ ਆ ਗਏ। ਸਰਵਿਸ ਦੌਰਾਨ ਉਹਨਾਂ ਦਾ ਰਿਕਾਰਡ ਬਹੁਤ ਵਧੀਆ ਸੀ। ਪਿੰਡ ਆ ਕੇ ਉਹ ਖੇਤੀ ਕਰਨ ਲੱਗ ਗਏ। ਵਾਇਦਾ ਮੁਆਫ਼ ਗਵਾਹ ਰਾਮ ਸਿੰਘ ਮੁਜ਼ਾਰਾ ਕਲਾਂ ਦੇ ਬਿਆਨ ਮੁਤਾਬਿਕ ਚੋਟੀ ਦੇ ਬੱਬਰਾਂ ਦੀਆਂ ਮੀਟਿੰਗਾਂ ਇਹਨਾਂ ਦੀ ਹਵੇਲੀ ਵਿੱਚ ਹੋਇਆ ਕਰਦੀਆਂ ਸਨ। ਇਹਨਾਂ ਦਾ ਅਨੰਦ ਕਾਰਜ 12 ਸਾਲ ਦੀ ਉਮਰ ਵਿੱਚ ਪਿੰਡ ਸਦੇੜੀ ਦੀ ਬਸੰਤ ਕੌਰ ਨਾਲ਼ ਹੋਇਆ ਸੀ।

ਬੱਬਰ ਸੁਰਜਨ ਸਿੰਘ ਤੇ ਬੱਬਰ ਧਰਮ ਸਿੰਘ ਦੋਨਾਂ ਦੇ ਖਿਲਾਫ਼ ਜਾਡਲੇ ਦੇ ਡਾਕੇ ਅਤੇ ਹਿਯਾਤਪੁਰ ਦੇ ਹੀ ਦੀਵਾਨ ਨਾਂ ਦਾ ਝੋਲ਼ੀਚੁੱਕ ਜੋ ਬੱਬਰਾਂ ਦੇ ਵਿਰੁੱਧ ਰਿਪੋਰਟਾਂ ਦਿੰਦਾ ਰਹਿੰਦਾ ਸੀ, ਦੇ ਕਤਲ ਦਾ ਦੋਸ਼ ਸੀ। ਇਸ ਲਈ ਬੱਬਰਾਂ ਨੇ ਇਸ ਦਾ ਸੁਧਾਰ ਕਰਨ ਵਾਰੇ ਸੋਚਿਆ। ਧਰਮ ਸਿੰਘ ਦੀ ਹਵੇਲੀ ਵਿੱਚ ਬੱਬਰ ਸੁਰਜਨ ਸਿੰਘ, ਧਰਮ ਸਿੰਘ, ਆਸਾ ਸਿੰਘ ਭਕੜੁੱਦੀ ਤੇ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਨੇ ਸਲਾਹ ਕੀਤੀ ਕਿ ਬੱਬਰ ਦਾ ਛੋਟਾ ਭਰਾ ਸੁੰਦਰ ਸਿੰਘ ਉਸ ਨੂੰ ਇਹ ਕਹਿ ਕੇ ਪਿੰਡੋਂ ਬਾਹਰ ਲੈ ਆਵੇ ਕਿ ਇੱਕ ਬਰਾਤ ਆ ਰਹੀ ਹੈ, ਉਸ ਵਿੱਚ ਲਾੜੇ ਦਾ ਕੈਂਠਾ ਲੁੱਟਾਂਗੇ। ਉਹ ਜਦੋਂ ਆਏ ਤਾਂ ਸੁੰਦਰ ਸਿੰਘ ਪਰੇ ਹੋ ਗਿਆ ਤੇ ਬੱਬਰ ਉਦੈ ਸਿੰਘ ਨੇ ਉਸ ਦੇ ਗੋਲ਼ੀ ਮਾਰੀ ਅਤੇ ਆਸਾ ਸਿੰਘ ਭਕੜੂੱਦੀ ਨੇ ਦੀਵਾਨ ਦੇ ਸਿਰ 'ਤੇ ਕਿਰਪਾਨ ਨਾਲ਼ ਕਈ ਵਾਰ ਕੀਤੇ। ਇਹ ਕਤਲ 13–14 ਫਰਵਰੀ, 1923 ਦੀ ਰਾਤ ਨੂੰ ਹੋਇਆ ਸੀ। ਕੁੱਝ ਸਮੇਂ ਬਾਅਦ ਬੱਬਰਾਂ ਨੇ ਆਪਣੇ ਅਖ਼ਬਾਰ 'ਬੱਬਰ ਅਕਾਲੀ ਅਖ਼ਬਾਰ' ਵਿੱਚ ਇਹ ਵੀ ਖ਼ਬਰ ਛਾਪ ਦਿੱਤੀ ਸੀ ਕਿ ਬੱਬਰਾਂ ਨੇ ਇੱਕ ਮੁਖਬਰ ਦੀਵਾਨ ਨੂੰ ਸਾਰੀ ਉਮਰ ਲਈ ਕੈਦ ਵਿੱਚ ਪਾ ਦਿੱਤਾ ਹੈ। ਦੀਵਾਨ ਦੀ ਮਾਂ ਭਗਵਾਨੀ ਆਪਣੇ ਪੁੱਤਰ ਦੇ ਅਚਾਨਕ ਗਾਇਬ ਹੋਣ ਕਰਕੇ ਬਹੁਤ ਪ੍ਰੇਸ਼ਾਨ ਸੀ। ਬੱਬਰਾਂ ਨੇ ਉਸਦੀ ਮਾਂ ਨੂੰ ਇੱਕ ਚਿੱਠੀ ਵੀ ਲਿਖੀ ਜਿਸ ਵਿੱਚ ਇਹ ਭੁਲੇਖਾ ਪਾਇਆ ਗਿਆ ਕਿ ਉਹ ਜ਼ਿੰਦਾ ਹੈ, ਉਹ ਵਾਪਸ ਆ ਕੇ ਦਲੇਲ ਸਿੰਘ ਦਾ ਉਧਾਰ ਮੋੜੇਗਾ।

ਬੱਬਰ ਆਸਾ ਸਿੰਘ ਭਕੜੁੱਦੀ ਦੇ ਗ੍ਰਿਫਤਾਰ ਹੋਣ 'ਤੇ ਉਹ ਪੁਲਸ ਦੀ ਕੁੱਟ ਨਾ ਸਹਾਰ ਸਕਿਆ। ਉਸ ਨੇ ਸਾਰੀਆਂ ਵਾਰਦਾਤਾਂ ਬਾਰੇ ਦੱਸ ਦਿੱਤਾ ਤੇ ਕਿਹਾ ਕਿ ਦੀਵਾਨ ਦੀ ਲਾਸ਼ ਬਾਰੇ ਸੁਰਜਨ ਸਿੰਘ ਤੇ ਧਰਮ ਸਿੰਘ ਨੂੰ ਪਤਾ ਹੈ। ਪੁਲਸ ਨੇ ਧਰਮ ਸਿੰਘ ਤੇ ਸੁੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਸੁੰਦਰ ਸਿੰਘ ਨੂੰ ਕੁੱਟ ਕੇ ਪੁਲਸ ਨੇ ਲਾਸ਼ ਉਹਨਾਂ ਦੇ ਪਸ਼ੂਆਂ ਵਾਲੇ ਬਰਾਂਡੇ ਵਿੱਚ ਗੁੜ ਬਣਾਉਣ ਵਾਲੇ ਚੁੱਭੇ 'ਚੋਂ ਬਰਾਮਦ ਕੀਤੀ। ਲਾਸ਼ ਤਾਂ ਗਲ਼ ਗਈ ਸੀ ਪਰ ਉਸਦੇ ਦੰਦਾਂ 'ਤੇ ਚੜ੍ਹੀ ਤਾਰ ਕਰਕੇ ਉਸ ਦੀ ਸ਼ਨਾਖ਼ਤ ਕੀਤੀ ਗਈ। ਆਸਾ ਸਿੰਘ ਭਕੜੁੱਦੀ ਦੇ ਅੱਖੀਂ ਡਿੱਠੇ ਬਿਆਨ ਕਰਕੇ ਬੱਬਰ ਧਰਮ ਸਿੰਘ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ।

**ਬੱਬਰ ਦਲੀਪ ਸਿੰਘ ਉਰਫ ਦਲੀਪਾ** : ਬੱਬਰ ਦਲੀਪ ਸਿੰਘ ਉਰਫ ਦਲੀਪਾ ਪੁੱਤਰ ਲਾਭ ਸਿੰਘ ਧਾਮੀ ਪਿੰਡ ਧਾਮੀਆਂ ਕਲਾਂ, ਥਾਣਾ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਵਸਨੀਕ ਸੀ। ਇਹ ਬੱਬਰਾਂ ਵਿੱਚੋਂ ਸਭ ਤੋਂ ਛੋਟੀ ਉਮਰ ਦੇ ਸਨ। ਸਾਰੇ ਬੱਬਰ ਇਹਨਾਂ ਨੂੰ ਭੁਜੰਗੀ ਕਹਿ ਕੇ ਬੁਲਾਉਂਦੇ ਸਨ। ਇਹ ਬਹੁਤ ਹੀ ਦਲੇਰ, ਬਹਾਦਰ, ਅਣਖੀਲਾ, ਦੇਸ਼ ਪ੍ਰੇਮੀ ਤੇ ਗੁਰਸਿੱਖ ਨੌਜਵਾਨ ਸੀ। ਉਹ ਝੋਲ਼ੀਚੁੱਕਾਂ ਨੂੰ ਬਹੁਤ ਨ਼ਫ਼ਰਤ ਕਰਦਾ ਸੀ। ਇਹ ਚੋਟੀ ਦੇ ਆਗੂਆਂ ਜਥੇਦਾਰ ਕਰਮ ਸਿੰਘ ਦੌਲਤਪੁਰ, ਬੱਬਰ ਕਿਸ਼ਨ ਸਿੰਘ ਗੜਗੱਜ, ਬੱਬਰ ਬੰਤਾ ਸਿੰਘ ਧਾਮੀਆਂ ਕਲਾਂ, ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਦਾ ਬਹੁਤ ਹੀ ਲਾਡਲਾ ਤੇ ਇਤਬਾਰਯੋਗ ਸਿਪਾਹੀ ਸੀ। ਇਸ ਨੇ ਬਹੁਤ ਸਾਰੇ ਡਾਕਿਆਂ ਤੇ ਕਤਲਾਂ ਵਿੱਚ ਹਿੱਸਾ ਲਿਆ ਜਿਵੇਂ ਕਿ:

ਕਤਲ ਬੂਟਾ ਲੰਬੜਦਾਰ ਤੇ ਉਸ ਦੇ ਪੋਤੇ ਸੁਰਜਨ ਸਿੰਘ ਪਿੰਡ ਨੰਗਲ ਸ਼ਾਮਾਂ ਦਾ (ਮਾਰਚ 12, 1923)

ਲਾਭ ਸਿੰਘ ਢੱਡੇ ਫਤਿਹ ਸਿੰਘ ਨੂੰ ਕਤਲ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਹਿੱਸਾ (14, 17, 23 ਮਾਰਚ,1923)

ਕਤਲ ਮੁਖ਼ਬਰ ਮਿਸਤਰੀ ਲਾਭ ਸਿੰਘ ਗੜ੍ਹਸ਼ੰਕਰ (19 ਮਾਰਚ, 1923)

ਕਤਲ ਸਫੈਦਪੋਸ਼ ਹਜ਼ਾਰਾ ਸਿੰਘ ਬਹਿਬਲਪੁਰ (ਮਾਰਚ 27, 1923)

ਪਿੰਡ ਕੌਲਗੜ੍ਹ ਦੇ ਰਲ਼ਾ ਤੇ ਦਿੱਤੂ ਲੰਬੜਦਾਰ ਦੇ ਕਤਲ (ਮਈ 21, 1923)

ਪਿੰਡ ਰੰਧਾਵਾ ਦੇ ਸੂਬੇਦਾਰ ਸੁੰਦਰ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ (ਮਈ, 1923)

ਅਤਾ ਮੁਹੰਮਦ ਪਟਵਾਰੀ ਪਿੰਡ ਨੰਦਾਚੌਰ ਦਾ ਕਤਲ (ਜੂਨ 6, 1923)

31 ਅਗਸਤ, 1923 ਨੂੰ ਬੰਬੇਲੀ ਦੇ ਸਾਕੇ ਸਮੇਂ ਬੱਬਰ ਧੰਨਾ ਸਿੰਘ ਬਹਿਬਲਪੁਰ ਦੀ ਸਿਆਣਪ ਕਰਕੇ ਇਹ ਦੋਨੋਂ ਬਚ ਗਏ ਸਨ। ਜਦੋਂ ਇਹਨਾਂ ਨੇ ਕਰਮ ਸਿੰਘ ਦੌਲਤਪੁਰ ਨਾਲ਼ ਜਾਣ ਤੋਂ ਨਾਂ ਕਰ ਦਿੱਤੀ ਸੀ। ਜੇ ਨਾਲ਼ ਗਏ ਹੁੰਦੇ ਤਾਂ ਇਹਨਾਂ ਨੇ ਵੀ ਪੁਲਸ ਦੀਆਂ ਗੋਲ਼ੀਆਂ ਨਾਲ਼ ਬਾਕੀ ਬੱਬਰਾਂ ਨਾਲ਼ ਭੁੰਨੇ ਜਾਣਾ ਸੀ। ਉਸ ਸਮੇਂ ਲੋਕਾਂ ਨੂੰ ਬੱਬਰਾਂ ਨੂੰ ਗ੍ਰਿਫਤਾਰ ਕਰਵਾਉਣ ਬਦਲੇ ਵੱਡੇ ਵੱਡੇ ਇਨਾਮ ਤੇ ਮੁਰੱਬੇ ਦੇਣ ਦਾ ਲਾਲਚ ਦਿੱਤਾ ਜਾਂਦਾ ਸੀ। ਇਸ ਲਾਲਚ ਨੂੰ ਹਾਸਲ ਕਰਨ ਲਈ ਸਾਰੇ ਸਫੈਦਪੋਸ਼, ਝੋਲ਼ੀਚੁੱਕ, ਜ਼ੈਲਦਾਰ ਚੁਕੰਨੇ ਹੋ ਚੁੱਕੇ ਸਨ। ਜੁਆਲਾ ਸਿੰਘ ਜਿਆਣ ਗ਼ਦਰ ਲਹਿਰ ਦੇ ਗ਼ਦਾਰ ਬੇਲਾ ਸਿੰਘ ਜਿਆਣ ਦਾ ਛੋਟਾ ਭਰਾ ਸੀ। ਉਸ ਨੇ ਬੱਬਰਾਂ ਵਿੱਚ ਅਜਿਹਾ ਯਕੀਨ ਬਣਾਇਆ ਸੀ ਕਿ ਉਹ ਆਪਣੇ ਭਰਾ ਵਰਗਾ ਨਹੀਂ ਸਗੋਂ ਦੇਸ਼ ਭਗਤ ਹੈ। ਪਹਿਲਾਂ ਉਸ ਨੇ ਧੰਨਾ ਸਿੰਘ ਬਹਿਬਲਪੁਰ ਨੂੰ ਆਪਣੇ ਨੇੜੇ ਲਿਆਉਣ ਦੀ ਕੋਸ਼ਿਸ਼ ਕੀਤੀ। ਧੰਨਾ ਸਿੰਘ ਤੇ ਦਲੀਪਾ ਇੱਕ ਦੂਜੇ ਦੇ ਨੇੜੇ ਸਨ। ਜੁਆਲਾ ਸਿੰਘ ਦਲੀਪੇ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਨ ਲੱਗਿਆ ਤਾਂ ਦਲੀਪਾ ਵੀ ਉਹਦੀਆਂ ਗੱਲਾਂ ਵਿੱਚ ਆ ਗਿਆ। ਉਹ ਉਸ ਨੂੰ ਭੇਲ਼ਸੇ ਨਾਲ਼ ਬਾਰ ਵਿੱਚ ਚੱਕ ਨੰ. 96 'ਤੇ ਆਪਣੀਆਂ ਜ਼ਮੀਨਾਂ 'ਤੇ ਲੈ ਗਿਆ, ਇਹ ਕਹਿ ਕੇ ਕਿ ਉੱਥੇ ਇਹ ਪੁਲਸ ਦੀ ਪਹੁੰਚ ਤੋਂ ਦੂਰ ਹੋ ਜਾਵੇਗਾ। ਜੁਆਲਾ ਸਿੰਘ ਨੇ ਸੁਲਤਾਨੀ ਗਵਾਹ ਬਣ ਕੇ ਇਸ ਸਾਰੇ ਵਾਕਿਆ ਬਾਰੇ ਜੱਜ ਸਾਹਮਣੇ ਬਿਆਨ ਦਿੱਤਾ ਕਿ ਕਿਵੇਂ ਉਹ ਬੱਬਰ ਨੂੰ ਗੱਡੇ 'ਤੇ ਬਿਠਾ ਕੇ ਲੈ ਕੇ ਗਿਆ। 15 ਦਿਨ ਪਹੁੰਚਣ ਨੂੰ ਲੱਗੇ ਉਸ ਤੋਂ ਕੁੱਝ ਦਿਨਾਂ ਬਾਅਦ ਉਸ ਦੇ ਗ਼ਦਾਰ ਭਾਈ ਬੇਲ਼ਾ ਸਿੰਘ ਦੇ ਸੁਨੇਹੇ 'ਤੇ ਉਸ ਨੇ ਸਾਰੀ ਜਾਣਕਾਰੀ ਦੇ ਕੇ ਆਪਣੇ ਸਣੇ ਬੱਬਰ ਨੂੰ ਗ੍ਰਿਫਤਾਰ ਕਰਵਾਇਆ ਸੀ। ਸਕੀਮ ਅਨੁਸਾਰ ਆਪ ਨੂੰ ਰਿਹਾ ਕਰਵਾ ਲਿਆ ਤੇ ਵਾਪਸ ਆ ਕੇ ਬੱਬਰ ਧੰਨਾ ਸਿੰਘ ਦੀ ਭਾਲ਼ ਕੀਤੀ। 10 ਕੁ ਦਿਨਾਂ ਬਾਅਦ ਧੰਨਾ ਸਿੰਘ ਜੁਆਲਾ ਸਿੰਘ ਦੀ ਹਵੇਲੀ ਆਇਆ ਤਾਂ ਦਲੀਪੇ ਬਾਰੇ ਪੁੱਛਿਆ ਤਾਂ ਉਸ ਨੇ ਕਹਿ ਦਿੱਤਾ ਕਿ ਉਹ ਉੱਥੇ ਹੀ ਹੈ, ਰਾਜ਼ੀ ਖੁਸ਼ੀ ਹੈ, ਤੈਨੂੰ ਮਿਲਣ ਲਈ ਕਹਿੰਦਾ ਸੀ। ਬੱਬਰਾਂ ਨੂੰ ਉਸ ਦੀ ਗ੍ਰਿਫਤਾਰੀ ਬਾਰੇ ਬਾਅਦ 'ਚ ਪਤਾ ਲੱਗਿਆ। ਫਾਂਸੀ ਤੋਂ ਪਹਿਲਾਂ ਫਾਂਸੀ ਲੱਗਣ ਵਾਲਿਆਂ ਦਾ ਭਾਰ ਤੋਲਿਆ ਜਾਂਦਾ ਹੈ। ਕਹਿੰਦੇ ਹਨ ਕਿ ਜਿੱਥੇ ਬਾਕੀਆਂ ਦਾ ਭਾਰ ਘਟ ਰਿਹਾ ਸੀ ਤਾਂ ਬੱਬਰ ਦਲੀਪੇ ਦਾ ਭਾਰ ਵਧ ਰਿਹਾ ਸੀ। ਉਸ ਦਾ ਕਹਿਣਾ ਸੀ ਕਿ ਉਹ ਖੁਸ਼ ਹੈ ਕਿਉਂਕਿ ਵਹਿਗੁਰੂ ਨੇ ਜਿਸ ਕੰਮ ਲਈ ਉਸ ਨੂੰ ਭੇਜਿਆ ਸੀ ਉਹ ਪੂਰਾ ਕਰਕੇ ਜਾ ਰਿਹਾ ਹੈ। ਉਸ ਨੇ ਅਦਾਲਤ ਵਿੱਚ ਕੋਈ ਬਿਆਨ ਦੇਣ ਤੋਂ ਨਾਂਹ ਕਰ ਦਿੱਤੀ ਸੀ। ਫਾਂਸੀ ਲੱਗਣ ਵੇਲ਼ੇ ਉਸ ਦੀ ਉਮਰ 18 ਸਾਲ ਦੀ ਸੀ।

ਉੱਪਰ ਦਿੱਤੇ 6 ਬੱਬਰਾਂ ਨੂੰ 27 ਫਰਬਰੀ, 1926 ਨੂੰ ਫਾਂਸੀ ਲੱਗਣੀ ਮੁਕਰਰ ਹੋਈ ਸੀ। ਉਸ ਦਿਨ ਲਾਹੌਰ ਜੇਲ੍ਹ ਦੀ ਸਾਹਮਣੀ ਸੜਕ 'ਤੇ ਬੱਬਰਾਂ ਦੇ ਵਾਰਸਾਂ ਤੋਂ ਇਲਾਵਾ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਆ ਜੁੜਿਆ ਸੀ। ਜਦੋਂ ਬੱਬਰਾਂ ਨੂੰ ਫਾਂਸੀ ਵੱਲ ਲਿਜਾਇਆ ਗਿਆ ਤਾਂ ਕਿਸ਼ਨ ਸਿੰਘ ਗੜਗੱਜ ਨੇ ਆਪਣੀ ਆਖ਼ਰੀ ਤਕਰੀਰ ਕੀਤੀ ਜਿਹੜੀ ਬਾਹਰ ਖੜ੍ਹੇ ਲੋਕਾਂ ਨੇ ਵੀ ਅੰਤਰ ਧਿਆਨ ਹੋ ਕੇ ਸੁਣੀ। ਲੋਕ ਲਾਸ਼ਾਂ ਦਾ ਸਸਕਾਰ ਰਾਮੂੰ ਬਾਗ਼ ਵਿੱਚ ਕਰਨਾ ਚਾਹੁੰਦੇ ਸਨ ਪਰ ਸਰਕਾਰ ਜੇਲ੍ਹ ਦੇ ਸਮਸ਼ਾਨਘਾਟ ਵਿੱਚ ਕਰਨਾ ਚਾਹੁੰਦੀ ਸੀ ਅਖ਼ੀਰ ਸਰਦਾਰ ਬਹਾਦਰ ਮਹਿਤਾਬ ਸਿੰਘ ਐਡਵੋਕੇਟ, ਸਰਦੂਲ ਸਿੰਘ ਜੀ ਕਵੀਸ਼ਰ ਅਤੇ ਖਿਲਾਫਤੀ ਲੀਡਰ ਮੌਲਾਨਾ ਜ਼ਫ਼ਰ ਅਲੀ ਗਵਰਨਰ ਨੂੰ ਜਾ ਮਿਲੇ ਅਤੇ ਜੇਲ੍ਹ ਅਧਿਆਕਾਰੀਆਂ ਦੇ ਨਾਮ ਲਿਖਤੀ ਆਰਡਰ ਲੈ ਕੇ ਆਏ ਕਿ ਲਾਸ਼ਾਂ ਲੋਕਾਂ ਦੇ ਹਵਾਲੇ ਕਰ ਦਿੱਤੀਆਂ ਜਾਣ। ਜੇਲ੍ਹ ਤੋਂ ਲਾਸ਼ਾਂ ਪਹਿਲਾਂ ਗੁਰਦਵਾਰਾ ਡੇਰਾ ਸਾਹਿਬ ਲਿਜਾਈਆਂ ਗਈਆਂ। 6–7 ਮੀਲ ਦੂਰ ਰਾਮੂੰ ਬਾਗ਼ ਨੂੰ ਲਾਸ਼ਾਂ ਲਿਜਾਂਦੇ ਸਮੇਂ ਹਜ਼ਾਰਾਂ ਲੋਕ ਪਿੱਛੇ ਜਾ ਰਹੇ ਸਨ। ਸਾਰਿਆਂ ਨੂੰ ਇੱਕੋ ਅੰਗੀਠੇ ਵਿੱਚ ਅਗਨ ਭੇਟ ਕੀਤਾ ਗਿਆ ਸੀ। ਇਹਨਾਂ 6 ਬੱਬਰਾਂ ਦੀ ਲਸਾਨੀ ਕੁਰਬਾਨੀ ਸਾਨੂੰ ਅਣਖ਼ ਨਾਲ਼ ਜਿਉਣ ਦਾ ਰਾਹ ਦੱਸਦੀ ਹੈ।

SHAHEED BHAGAT SINGH BOOK CENTRE
Calgary Canada

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ

A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220

ਜੋਨ ਮਿਲਟਨ
ਅਨੁਵਾਦ: ਸੁਖਵੰਤ ਹੁੰਦਲ

# ਕੈਨੇਡੀਅਨ ਤੇਲ ਕਿਊਬਾ ਨੂੰ ਭੇਜੋ

(ਅਮਰੀਕਾ ਦੀ ਘੇਰਾਬੰਦੀ ਕਾਰਨ ਕਿਊਬਾ ਵਿੱਚ ਸਥਿਤੀ ਵਿਗੜ ਰਹੀ ਹੈ। ਇਸ ਦੇ ਨਾਲ ਹੀ ਕੈਨੇਡਾ ਅਤੇ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਕਿਊਬਾ ਦੇ ਹੱਕ ਵਿੱਚ ਅਵਾਜ਼ ਬੁਲੰਦ ਹੋ ਰਹੀ ਹੈ। ਉਦਾਹਰਨ ਲਈ 11 ਫਰਵਰੀ ਨੂੰ ਕੈਨੇਡੀਅਨ ਯੂਨੀਅਨ ਔਫ ਪੋਸਟਲ ਵਰਕਰਜ਼ (ਕੱਪ ਡਬਲਿਊ-CUPW) ਨੇ ਅਮਰੀਕਾ ਵਲੋਂ ਕਿਊਬਾ ਦੇ ਕੀਤੀ ਜਾ ਰਹੀ ਘੇਰਾਬੰਦੀ ਦੀ ਨਿਖੇਧੀ ਕੀਤੀ ਹੈ ਅਤੇ ਕਿਊਬਾ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ। ਇਸ ਹੀ ਤਰ੍ਹਾਂ 13 ਫਰਵਰੀ ਨੂੰ ਕੈਨੇਡੀਅਨ ਯੂਨੀਅਨ ਔਫ ਪਬਲਿਕ ਇੰਪਲਾਈਜ਼ (ਕਿਊਪੀ-CUPE) ਨੇ ਕਿਊਬਾ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ, ਅਮਰੀਕਾ ਦੇ ਐਕਸ਼ਨ ਦੀ ਨਿਖੇਧੀ ਕੀਤੀ ਅਤੇ ਕੈਨੇਡਾ ਦੀ ਸਰਕਾਰ ਤੋਂ ਮੰਗ ਕੀਤੀ ਕਿ ਉਹ ਅੰਤਰਰਾਸ਼ਟਰੀ ਕਾਨੂੰਨ ਦੀ ਰੱਖਿਆ ਕਰੇ ਅਤੇ ਕਿਊਬਾ ਨਾਲ ਆਪਣੇ ਵਪਾਰਕ ਸੰਬੰਧ ਕਾਇਮ ਰੱਖੇ। ਕੈਨੇਡਾ ਦੇ ਕਈ ਲੋਕਾਂ ਵਲੋਂ ਮੰਗ ਕੀਤੀ ਜਾ ਰਹੀ ਹੈ ਕਿ ਕੈਨੇਡਾ ਕਿਊਬਾ ਨੂੰ ਤੇਲ ਭੇਜੇ। ਇਸ ਸੰਬੰਧ ਵਿੱਚ ਕੈਨੇਡੀਅਨ ਸੈਂਟਰ ਫਾਰ ਪੌਲਿਸੀ ਅਲਟਰਨੇਟਿਵ ਦੇ ਸੀਨੀਅਰ ਕਮਿਊਨੀਕੇਸ਼ਨ ਸਪੈਸ਼ਲਿਸਟ ਜੋਨ ਮਿਲਟਨ ਵਲੋਂ 12 ਫਰਵਰੀ ਨੂੰ ਲਿਖੇ ਇਕ ਆਰਟੀਕਲ 'ਸੈਂਡ ਕੈਨੇਡੀਅਨ ਓਇਲ ਟੂ ਕਿਊਬਾ' ਦਾ ਪੰਜਾਬੀ ਅਨੁਵਾਦ ਪੇਸ਼ ਹੈ।)

29 ਜਨਵਰੀ ਨੂੰ, ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਿਨਸੀ ਸ਼ੋਸ਼ਣ ਲਈ ਬੱਚਿਆਂ ਦੀ ਤਸਕਰੀ ਕਰਨ ਵਾਲੇ ਜੈਫਰੀ ਐਪਸਟੀਨ ਨਾਲ ਆਪਣੇ ਚੰਗੀ ਤਰ੍ਹਾਂ ਰਿਕਾਰਡ ਕੀਤੇ ਗਏ ਸੰਬੰਧਾਂ ਬਾਰੇ ਇਨਕਾਰ ਕਰਨ ਤੋਂ ਬ੍ਰੇਕ ਲੈ ਕੇ ਇੱਕ ਨਵਾਂ ਰਾਸ਼ਟਰਪਤੀ ਹੁਕਮ ਜਾਰੀ ਕੀਤਾ, ਜਿਸ ਵਿੱਚ ਕਿਊਬਾ ਵੱਲੋਂ ਪੈਦਾ ਹੋਏ "ਅਸਧਾਰਨ ਅਤੇ ਵਿਲੱਖਣ ਖ਼ਤਰੇ" ਬਾਰੇ ਐਮਰਜੈਂਸੀ ਦੀ ਸਥਿਤੀ ਘੋਸ਼ਿਤ ਕੀਤੀ ਗਈ। ਇਸ ਦਸਤਾਵੇਜ਼ ਵਿੱਚ ਕਈ ਹਾਸੋਹੀਣੇ ਅਤੇ ਸਪੱਸ਼ਟ ਤੌਰ 'ਤੇ ਝੂਠੇ ਦਾਅਵੇ ਦਰਜ ਕੀਤੇ ਗਏ ਹਨ, ਜਿਵੇਂ ਕਿ ਕਿਊਬਾ ਹਿਜ਼ਬੁੱਲਾਹ ਅਤੇ ਹਮਾਸ ਲਈ ਸਟੇਜਿੰਗ ਗ੍ਰਾਊਂਡ (ਮੁਢਲੇ ਖੇਤਰ) ਵਜੋਂ ਕੰਮ ਕਰਦਾ ਹੈ। ਇਨ੍ਹਾਂ ਦਾਅਵਿਆਂ ਦੀ ਵਰਤੋਂ ਕਰਕੇ ਇਹ ਫੈਸਲਾ ਜਾਇਜ਼ ਠਹਿਰਾਇਆ ਗਿਆ ਹੈ ਕਿ ਅਮਰੀਕਾ ਦੀ ਸਰਕਾਰ ਕਿਸੇ ਵੀ ਉਸ ਦੇਸ਼ ਉੱਤੇ ਸਖ਼ਤ ਟੈਰਿਫ ਲਾਏਗਾ ਜੋ ਸੱਧੇ ਜਾਂ ਅਸਿੱਧੇ ਤੌਰ 'ਤੇ ਕਿਊਬਾ ਨੂੰ ਤੇਲ ਵੇਚੇਗਾ।

ਇਹ ਕਦਮ ਸੰਯੁਕਤ ਰਾਜ ਅਮਰੀਕਾ ਵਲੋਂ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਅਤੇ ਉਸ ਦੀ ਪਤਨੀ ਨੂੰ ਅਗਵਾ ਕਰਨ ਦੀ ਕਾਰਵਾਈ, ਜਿਸ ਵਿੱਚ ਕਿਊਬਾ ਦੇ 32 ਫੌਜੀ ਮਾਰੇ ਗਏ ਸਨ, ਤੋਂ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਬਾਅਦ ਵਿੱਚ ਚੁੱਕਿਆ ਗਿਆ ਹੈ। ਵੈਨੇਜ਼ੁਇਲਾ ਦੀ ਅੰਤਰਿਮ ਰਾਸ਼ਟਰਪਤੀ ਡੈਲਸੀ ਰੋਡਰਿਗੇਜ਼ ਦਾ ਦਾਅਵਾ ਹੈ ਕਿ ਅਮਰੀਕਾ ਉਸ ਨੂੰ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਮਾਰਨ ਦੀ ਧਮਕੀ ਦੇ ਰਿਹਾ ਹੈ ਜੇ ਉਹ ਅਮਰੀਕਾ ਦੀਆਂ ਸਾਰੀਆਂ ਮੰਗਾਂ ਨਾ ਮੰਨਣ, ਜਿਨ੍ਹਾਂ ਵਿੱਚ ਕਿਊਬਾ ਨੂੰ ਤੇਲ ਸਪਲਾਈ ਖਤਮ ਕਰਨਾ ਵੀ ਸ਼ਾਮਲ ਹੈ, ਅਤੇ ਵੈਨੇਜ਼ੂਏਲਾ ਦੀ ਸਰਕਾਰ ਨੇ ਇਸ ਨੂੰ ਮੰਨ ਲਿਆ ਹੈ।

ਇਸ ਤੋਂ ਬਾਅਦ ਵੈਨੇਜ਼ੂਏਲਾ ਦੇ ਨਾਲ ਕਿਊਬਾ ਨੂੰ ਵੱਡੀ ਪੱਧਰ 'ਤੇ ਤੇਲ ਸਪਲਾਈ ਕਰਨ ਵਾਲੇ ਮੈਕਸੀਕੋ ਨੇ ਵੀ ਕਿਊਬਾ ਨੂੰ ਤੇਲ ਦੀਆਂ ਸ਼ਿੱਪਮੈਂਟਾਂ ਬੰਦ ਕਰ ਦਿੱਤੀਆਂ ਹਨ। ਮੈਕਸੀਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬਾਊਮ ਦੇ ਇਸ ਦਾਅਵੇ ਦੇ ਬਾਵਜੂਦ ਕਿ ਇਹ ਉਹਨਾਂ ਦਾ "ਖੁਦ ਮੁਖਤਾਰ (ਸੌਵਰਨ) ਫੈਸਲਾ" ਹੈ, ਇਹ ਸਪੱਸ਼ਟ ਤੌਰ 'ਤੇ ਅਮਰੀਕਾ ਦੇ ਦਬਾਅ ਅਤੇ ਧਮਕੀਆਂ ਦਾ ਨਤੀਜਾ ਹੈ, ਕਿਉਂਕਿ ਅਮਰੀਕਾ ਨੇ ਹਾਲ ਹੀ ਵਿੱਚ ਮੈਕਸੀਕੋ ਵਿਰੁੱਧ ਫੌਜੀ ਕਾਰਵਾਈ ਕਰਨ ਦੀ ਯੋਜਨਾ ਦਾ ਸੰਕੇਤ ਦਿੱਤਾ ਹੈ। ਮੈਕਸੀਕੋ ਨੇ ਕਿਊਬਾ ਨੂੰ ਮਨੁੱਖੀ ਸਹਾਇਤਾ ਭੇਜੀ ਹੈ, ਪਰ ਉਸ ਨੂੰ ਦੁਬਾਰਾ ਤੇਲ ਸਪਲਾਈ ਕਰਨਾ ਸ਼ੁਰੂ ਨਹੀਂ ਕੀਤਾ, ਇਸ ਦਾਅਵੇ ਦੇ ਬਾਵਜੂਦ ਕਿ ਉਹ ਅਜਿਹਾ ਕਰਨ ਲਈ ਕੂਟਨੀਤਕ (ਡਿਪਲੋਮੈਟਕ) ਹੱਲ ਲੱਭ ਰਹੇ ਹਨ। ਵੈਨੇਜ਼ੂਏਲਾ ਅਤੇ ਮੈਕਸੀਕੋ ਮਿਲਾ ਕੇ, ਕਿਊਬਾ ਦੇ ਤੇਲ ਆਯਾਤ ਦਾ 75 ਫੀਸਦੀ ਤੋਂ ਵੱਧ ਹਿੱਸਾ ਇੱਕ ਮਹੀਨੇ ਵਿੱਚ ਗਾਇਬ ਹੋ ਗਿਆ ਹੈ।

ਕਿਊਬਾ ਵਿੱਚ ਸਥਿਤੀ ਬਹੁਤ ਗੰਭੀਰ ਹੈ। ਪਹਿਲਾਂ ਹੀ ਟਰੰਪ ਦੇ ਪਹਿਲੇ ਕਾਰਜਕਾਲ ਵਿੱਚ ਅਮਰੀਕਾ ਦੇ ਆਰਥਿਕ ਬਲੌਕੇਡ ਵਧਣ ਤੋਂ ਬਾਅਦ (ਜੋ ਬਾਈਡਨ ਅਧੀਨ ਜਾਰੀ ਰਿਹਾ) ਬ੍ਰੇਕਿੰਗ ਪੁਆਇੰਟ (ਟੁੱਟਣ ਦੀ ਹੱਦ) ਤੱਕ ਪਹੁੰਚ ਚੁੱਕੇ ਇਸ ਦੇਸ਼ ਵਿੱਚ ਹੁਣ ਰੋਜ਼ਾਨਾ 16 ਘੰਟੇ ਤੱਕ ਬਿਜਲੀ ਦੇ ਕੱਟ ਲਗਾਏ ਜਾ ਰਹੇ ਹਨ। ਫਿਊਲ (ਤੇਲ ਅਤੇ ਊਰਜਾ ਦੇ ਹੋਰ ਸ੍ਰੋਤਾਂ) ਦੀ ਕਮੀ ਵਿਆਪਕ ਹੈ—ਅਤੇ ਖਾਣੇ ਦੀ ਕਮੀ ਵੀ ਵਧ ਰਹੀ ਹੈ। ਫਿਊਲ ਦੀ ਘਾਟ ਕਾਰਨ ਸਥਾਨਕ ਖੇਤੀਬਾੜੀ ਦੇ ਢਹਿ ਢੇਰੀ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ, ਜੋ ਟਾਪੂ (ਕਿਊਬਾ) ਨੂੰ ਕਾਲ ਵੱਲ ਧੱਕ ਸਕਦੀ ਹੈ। ਹਸਪਤਾਲ ਜਨਰੇਟਰਾਂ 'ਤੇ ਚੱਲ ਰਹੇ ਹਨ ਅਤੇ ਫਿਊਲ ਖਤਮ ਹੋ ਰਿਹਾ ਹੈ। ਸੰਭਵ ਹੈ ਕਿ ਪਹਿਲਾਂ ਹੀ ਲੋਕ ਕਿਊਬਾ ਵਲੋਂ ਕੀਤੀ ਕਿਸੇ ਭੜਕਾਹਟ ਦੀ ਕਾਰਵਾਈ ਤੋਂ ਬਿਨਾਂ (ਬਲੌਕੇਡ) ਵਿੱਚ ਕੀਤੇ ਇਸ ਵਾਧੇ ਦੇ ਨਤੀਜੇ ਵਜੋਂ ਮਰ ਰਹੇ ਹਨ।

ਕੈਨੇਡਾ ਅਮਰੀਕਾ ਨੂੰ ਇੱਕ ਛੋਟੇ ਅਤੇ ਸ਼ਾਂਤੀਪੂਰਨ ਦੇਸ਼ ਨੂੰ ਬਿਨਾਂ ਕਿਸੇ ਕਾਰਨ, ਸਿਰਫ ਅਮਰੀਕਾ ਦੇ ਸੀਨੀਅਰ ਅਧਿਕਾਰੀਆਂ ਦੀਆਂ ਇੱਛਾਵਾਂ ਕਰਕੇ, ਤਬਾਹ ਨਹੀਂ ਕਰਨ ਦੇ ਸਕਦਾ। ਇਸ ਮਾਮਲੇ ਵਿੱਚ ਅਮਰੀਕਾ ਦੇ ਸੈਕਟਰੀ ਆਫ ਸਟੇਟ ਮਾਰਕੋ ਰੂਬੀਓ ਦੀਆਂ ਇੱਛਾਂਵਾਂ ਕਰਕੇ, ਜੋ ਸਪੱਸ਼ਟ ਤੌਰ 'ਤੇ ਟਰੰਪ ਨੂੰ ਇਸ ਫਾਈਲ ਬਾਰੇ ਜਾਣਕਾਰੀ ਦਿੱਤੇ ਬਿਨਾਂ ਆਪਣੇ ਆਪ ਕੰਮ ਕਰ ਰਿਹਾ ਹੈ।

ਕੈਨੇਡਾ ਅਤੇ ਕਿਊਬਾ ਵਿਚਕਾਰ ਕੂਟਨੀਤਕ ਸੰਬੰਧਾਂ (ਡਿਪਲੋਮੈਟਕ ਰਿਲੇਸ਼ਨਜ਼) ਅਤੇ ਦੋਸਤੀ ਦਾ ਇਕ ਲੰਮਾ ਇਤਿਹਾਸ ਹੈ; ਕੈਨੇਡਾ ਉਨ੍ਹਾਂ ਗਿਣਤੀ ਦੇ ਦੇਸ਼ਾਂ ਵਿੱਚੋਂ ਇੱਕ ਹੈ ਜਿਹਨਾਂ ਨੇ ਕਦੇ ਵੀ ਕਿਊਬਾ ਨਾਲ ਕੂਟਨੀਤਕ ਸੰਬੰਧ ਖਤਮ ਨਹੀਂ ਕੀਤੇ। ਕੈਨੇਡਾ ਦੇ ਲੋਕ ਕੈਰੇਬੀਅਨ ਜਾਂ ਸੈਂਟਰਲ ਅਮਰੀਕਾ ਦੇ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਕਿਊਬਾ ਨੂੰ ਜਾਂਦੇ ਹਨ ਅਤੇ ਕੈਨੇਡਾ ਕਿਊਬਾ ਦਾ ਵਿਦੇਸ਼ੀ ਨਿਵੇਸ਼ ਲਈ ਦੂਜਾ ਸਭ ਤੋਂ ਵੱਡਾ ਸਰੋਤ ਹੈ। ਇੱਥੋਂ ਤੱਕ ਕਿ ਕਿਊਬਾ ਨੇ ਕੋਵਿਡ-19 ਦੀ ਮਹਾਂਮਾਰੀ ਦੌਰਾਨ ਮੈਨੀਟੋਬਾ ਦੇ ਆਦਿਵਾਸੀ ਭਾਈਚਾਰਿਆਂ ਵਿੱਚ ਡਾਕਟਰਾਂ ਦੀ ਟੁਕੜੀ ਭੇਜਣ ਦੀ ਪੇਸ਼ਕਸ਼ ਵੀ ਕੀਤੀ ਸੀ ਤਾਂ ਜੋ ਸਥਾਨਕ ਸਿਹਤ ਸੰਭਾਲ ਪ੍ਰਣਾਲੀ 'ਤੇ ਦਬਾਅ ਘਟਾਇਆ ਜਾ ਸਕੇ।

ਕੈਨੇਡਾ, ਦੁਨੀਆ ਦੇ ਲਗਭਗ ਸਾਰੇ ਹੋਰ ਦੇਸ਼ਾਂ ਵਾਂਗ, ਕਿਊਬਾ ਵਿਰੁੱਧ ਅਮਰੀਕਾ ਦੇ ਦਹਾਕਿਆਂ ਤੋਂ ਚੱਲ ਰਹੇ ਬਲੌਕੇਡ ਦਾ ਰਸਮੀ ਵਿਰੋਧ ਕਰਦਾ ਹੈ। ਹੁਣ ਇਸ ਵਿਰੋਧ ਨੂੰ ਅਮਲ ਵਿੱਚ ਲਿਆਉਣ ਦਾ ਸਮਾਂ ਹੈ।

### ਬਲੌਕੇਡ

ਸਯੁੰਕਤ ਰਾਜ ਅਮਰੀਕਾ ਨੇ ਕਿਊਬਾ ਵਿੱਚ 1959 ਦੇ ਇਨਕਲਾਬ ਤੋਂ ਥੋੜ੍ਹੇ ਸਮੇਂ ਬਾਅਦ ਕਿਊਬਾ ਦੀ ਆਰਥਕ ਘੇਰਾਬੰਦੀ ਸ਼ੁਰੂ ਕੀਤੀ। ਨਾਕਾਬੰਦੀ (ਇੰਬਾਰਗੋ) ਵਿੱਚ ਕਈ ਨੀਤੀਆਂ ਦਾ ਸਮੂਹ ਹੈ ਜੋ ਕਿਊਬਾ ਨੂੰ ਵਿਸ਼ਵ ਆਰਥਕਤਾ ਤੱਕ ਪਹੁੰਚ ਕਰਨ ਤੋਂ ਰੋਕਦੀਆਂ ਹਨ।

ਕਹਿਣ ਨੂੰ ਇਹ ਕਿਊਬਾ ਵਲੋਂ ਅਮਰੀਕਾ ਦੇ ਕਾਰੋਬਾਰਾਂ ਦੀਆਂ ਜਾਇਦਾਦਾਂ ਦੇ ਰਾਸ਼ਟਰੀਕਰਨ ਕਰਨ ਦੀ ਸਜ਼ਾ ਵਜੋਂ ਲਗਾਈਆਂ ਗਈਆਂ ਸਨ, ਜਿਹੜੇ ਪਹਿਲਾਂ ਦੇਸ਼ ਦੀਆਂ 40 ਫੀਸਦੀ ਸ਼ੂਗਰ ਪਲਾਂਟੇਸ਼ਨਾਂ, 80 ਫੀਸਦੀ ਯੂਟਿਲਿਟੀਆਂ ਅਤੇ 90 ਫੀਸਦੀ ਖਾਣਾਂ 'ਤੇ ਕੰਟਰੋਲ ਕਰਦੇ ਸਨ। ਇਨਕਲਾਬ ਤੋਂ ਪਹਿਲਾਂ ਲਗਭਗ ਪੂਰੇ ਦਾ ਪੂਰਾ ਟੂਰਿਜ਼ਮ ਸੈਕਟਰ ਅਮਰੀਕਾ ਦੇ ਮਾਫੀਆ ਦੇ ਕਬਜ਼ੇ ਵਿੱਚ ਸੀ, ਜੋ ਅਮਰੀਕਾ ਦੇ ਸਮਰਥਨ ਵਾਲੇ ਤਾਨਾਸ਼ਾਹ ਫੁਲਜੈਂਸੀਓ ਬਤੀਸਤਾ ਦੇ ਰਾਜ ਪਿੱਛੇ ਕੰਮ ਕਰਦੀ ਅਸਲ ਸੱਤਾ ਸੀ ਅਤੇ ਕਿਊਬਾ ਨੂੰ ਅਮਰੀਕਾ ਦੇ ਵੇਸਵਾਵਾਂ ਦੇ ਕੋਠੇ (ਬਰੌਥਲ) ਵਜੋਂ ਚਲਾਉਂਦਾ ਸੀ।

ਬਲੌਕੇਡ ਰਸਮੀ ਤੌਰ 'ਤੇ 1962 ਵਿੱਚ ਜੌਹਨ ਐਫ. ਕੈਨੇਡੀ ਅਧੀਨ ਰਾਸ਼ਟਰਪਤੀ ਦੇ ਫਰਮਾਨ ਨਾਲ ਸ਼ੁਰੂ ਹੋਇਆ ਅਤੇ ਉਸ ਦੇ ਉੱਤਰਾਧਿਕਾਰੀ ਲਿਨਡਨ ਜੌਹਨਸਨ ਅਧੀਨ ਹੋਰ ਵਧ ਗਿਆ, ਜਿਸ ਨੇ ਦੁਨੀਆ ਦੇ ਜ਼ਿਆਦਾਤਰ ਹਿੱਸੇ—ਖਾਸ ਕਰਕੇ ਲਾਤੀਨੀ ਅਮਰੀਕਾ ਵਿੱਚ ਅਮਰੀਕਾ ਦੇ ਸਮਰਥਨ ਵਾਲੀਆਂ ਤਾਨਾਸ਼ਾਹੀਆਂ—ਨੂੰ ਕਿਊਬਾ ਨਾਲ ਸੰਬੰਧ ਤੋੜਨ ਲਈ ਮਨਾਇਆ। 1980ਵਿਆਂ ਵਿੱਚ ਰੌਨਾਲਡ ਰੇਗਨ ਨੇ ਕਿਊਬਾ ਨੂੰ ਪਹਿਲੀ ਵਾਰ ਦਹਿਸ਼ਤਵਾਦ ਨੂੰ ਸਪਾਂਸਰ ਕਰਨ ਵਾਲੇ ਦੇਸ਼ਾਂ (ਸਟੇਟ ਸਪਾਂਸਰਜ਼ ਆਫ ਟੈਰਰ -ਐੱਸ ਐੱਸ ਓ ਟੀ) ਦੀ ਸੂਚੀ ਵਿੱਚ ਸ਼ਾਮਲ ਕੀਤਾ। ਅਜਿਹਾ ਕਰਨ ਲਈ ਉਸ ਨੇ ਇਹ ਦਲੀਲ ਦਿੱਤੀ ਕਿ ਕਿਊਬਾ ਲਾਤੀਨੀ ਅਮਰੀਕਾ ਵਿੱਚ ਖੱਬੇਪੱਖੀ ਵਿਦਰੋਹੀ ਗਰੁੱਪਾਂ ਨੂੰ ਸਮਰਥਨ ਦਿੰਦਾ ਹੈ (ਅਸਲ ਵਿੱਚ ਉਸ ਸਮੇਂ ਅਮਰੀਕਾ ਖੁਦ ਨਿਕਾਰਾਗੁਆ ਵਿੱਚ ਕੌਂਟਰਾਜ਼ ਨਾਂ ਦੇ ਇੱਕ ਬਦਨਾਮ ਦਹਿਸ਼ਤਵਾਦੀ ਗਰੁੱਪ ਦਾ ਸਮਰਥਨ ਕਰ ਰਿਹਾ ਸੀ ਅਤੇ ਗੁਆਟੇਮਾਲਾ ਵਿੱਚ ਮਾਇਆ ਮੂਲਵਾਸੀ ਭਾਈਚਾਰਿਆਂ ਦੀ ਨਸਲਕੁਸ਼ੀ ਵਿੱਚ ਸਹਾਇਤਾ ਕਰ ਰਿਹਾ ਸੀ)। ਐੱਸ ਐੱਸ ਓ ਟੀ ਦੀ ਸ਼੍ਰੇਣੀ ਵਿੱਚ ਨਾਮਜਦ ਕੀਤੇ ਜਾਣ ਦੇ ਕਈ ਮਹੱਤਵਪੂਰਨ ਅਸਰ ਪੈਂਦੇ ਹਨ, ਜਿਵੇਂ ਕਿ ਉਹਨਾਂ ਵਿਦੇਸ਼ੀ ਨਾਗਰਿਕਾਂ ਦੇ ਅਮਰੀਕਾ ਵਿੱਚ ਦਾਖਲੇ 'ਤੇ ਪਾਬੰਦੀ ਲਾਉਣਾ, ਜਿਹੜੇ ਹਾਲ ਹੀ ਵਿੱਚ ਕਿਊਬਾ ਗਏ ਹੋਣ।

ਕਿਊਬਾ ਦੇ ਮੁੱਖ ਵਪਾਰਕ ਭਾਈਵਾਲ ਸੋਵੀਅਤ ਯੂਨੀਅਨ ਦੇ ਢਹਿ ਢੇਰੀ ਹੋਣ ਤੋਂ ਬਾਅਦ 'ਸਪੈਸ਼ਲ ਪੀਰੀਅਡ' ਦੇ ਨਾਂ ਨਾਲ ਜਾਣੇ ਜਾਂਦੇ ਕਿਊਬਾ ਵਿੱਚ ਆਰਥਿਕ ਸੰਕਟ ਦੇ ਦੌਰ ਦੌਰਾਨ ਸੰਯੁਕਤ ਰਾਜ ਨੇ ਆਪਣੇ ਬਲੌਕੇਡ ਨੂੰ ਹੋਰ ਸਖ਼ਤ ਕਰ ਦਿੱਤਾ। ਇਸ ਨੇ ਹੈਲਮਜ਼-ਬਰਟਨ ਐਕਟ ਅਤੇ ਅਖੌਤੀ ਕਿਊਬਨ ਡੈਮੋਕਰੇਸੀ ਐਕਟ ਪਾਸ ਕੀਤੇ, ਜਿਨ੍ਹਾਂ ਨਾਲ ਬਲੌਕੇਡ ਪਹਿਲੀ ਵਾਰ ਰਾਸ਼ਟਰਪਤੀ ਫਰਮਾਨ ਦੀ ਬਜਾਏ ਕਾਨੂੰਨ ਦਾ ਹਿੱਸਾ ਬਣ ਗਿਆ। ਇਨ੍ਹਾਂ ਕਾਨੂੰਨਾਂ ਨੇ ਅਮਰੀਕੀ ਕੰਪਨੀਆਂ ਦੀਆਂ ਵਿਦੇਸ਼ੀ ਸਹਾਇਕ ਕੰਪਨੀਆਂ 'ਤੇ ਕਿਊਬਾ ਨਾਲ ਵਪਾਰ ਕਰਨ ਤੋਂ ਰੋਕ ਲਾ ਦਿੱਤੀ (ਪਹਿਲਾਂ ਇਸ ਤੋਂ ਛੋਟ ਸੀ)। ਇਸ ਨੇ ਕਿਊਬਾ ਵਿੱਚ ਡੌਕ ਹੋਏ ਕਿਸੇ ਵੀ ਅੰਤਰਰਾਸ਼ਟਰੀ ਵਪਾਰਕ ਜਹਾਜ਼ (ਇੰਟਰਨੈਸ਼ਨਲ ਮਰਚੈਂਟ ਸ਼ਿੱਪ) 'ਤੇ 6 ਮਹੀਨਿਆਂ ਲਈ ਅਮਰੀਕਾ ਦੀਆਂ ਬੰਦਰਗਾਹਾਂ 'ਤੇ ਆਉਣ 'ਤੇ ਰੋਕ ਲਾ ਦਿੱਤੀ। ਨਤੀਜੇ ਵਜੋਂ ਕੰਪਨੀਆਂ ਨੂੰ ਅਮਰੀਕਾ ਦੀ ਵੱਡੀ ਮੰਡੀ ਅਤੇ ਕਿਊਬਾ ਦੀ ਛੋਟੀ ਮੰਡੀ ਵਿਚਕਾਰ ਚੋਣ ਕਰਨੀ ਪਈ।

ਬਲੌਕੇਡ ਸਿਰਫ਼ ਅਮਰੀਕਾ ਨਾਲ ਵਪਾਰ 'ਤੇ ਹੀ ਅਸਰ ਨਹੀਂ ਪਾਉਂਦਾ—ਸਗੋਂ ਇਸ ਨੇ ਯੋਜਨਾਬੱਧ ਢੰਗ ਨਾਲ ਕਿਊਬਾ ਨੂੰ ਹੋਰ, ਗੈਰ-ਅਮਰੀਕੀ ਭਾਈਵਾਲਾਂ ਨਾਲ ਵਪਾਰ ਕਰਨ ਤੋਂ ਵੀ ਰੋਕਿਆ ਹੈ। ਇਹ ਇਸ ਲਈ ਸੰਭਵ ਹੈ ਕਿਉਂਕਿ ਅਮਰੀਕਾ ਦੇ ਡਾਲਰ ਨੂੰ ਵਿਸ਼ਵ ਰਿਜ਼ਰਵ ਮੁਦਰਾ (ਕਰੰਸੀ) ਦਾ ਦਰਜਾ ਪ੍ਰਾਪਤ ਹੈ। ਵਿਸ਼ਵ ਦੇ ਲਗਭਗ 90 ਫੀਸਦੀ ਵਿਦੇਸ਼ੀ ਐਕਸਚੇਂਜ ਦੇ ਲੈਣ-ਦੇਣ ਅਮਰੀਕੀ ਡਾਲਰ ਰਾਹੀਂ ਹੁੰਦੇ ਹਨ, ਵਿਸ਼ਵ ਵਿਦੇਸ਼ੀ ਐਕਸਚੇਂਜ ਰਿਜ਼ਰਵ ਦਾ 58 ਫੀਸਦੀ ਹਿੱਸਾ ਅਮਰੀਕਨ ਡਾਲਰਾਂ (ਯੂ ਐੱਸ ਡੀ) ਵਿੱਚ ਰੱਖਿਆ ਜਾਂਦਾ ਹੈ, ਅਤੇ ਬੈਂਕਾਂ ਵਿਚਕਾਰ 50 ਫੀਸਦੀ ਤੋਂ ਵੱਧ ਦਾ ਅੰਤਰਰਾਸ਼ਟਰੀ ਲੈਣ-ਦੇਣ ਅਮਰੀਕੀ ਡਾਲਰਾਂ (ਸਵਿਫਟ ਰਾਹੀਂ) ਵਿੱਚ ਹੁੰਦਾ ਹੈ। ਲਗਭਗ ਅਮਰੀਕਾ ਦੇ ਡਾਲਰ ਦੇ ਸਾਰੇ ਲੈਣ-ਦੇਣ ਕਿਸੇ ਨਾ ਕਿਸੇ ਰੂਪ ਵਿੱਚ ਅਮਰੀਕੀ ਬੈਂਕਾਂ ਰਾਹੀਂ ਲੰਘਦੇ ਹਨ।

ਵਿਸ਼ਵ ਰਿਜ਼ਰਵ ਮੁਦਰਾ ਤੱਕ ਪਹੁੰਚ ਨਾ ਕਰ ਸਕਣ ਦੀ ਲੱਗੀ ਇਸ ਪਾਬੰਦੀ ਕਾਰਨ ਕਿਊਬਾ ਆਮ ਤੌਰ 'ਤੇ ਆਯਾਤ ਲਈ ਨਕਦ ਵਿੱਚ ਭੁਗਤਾਨ ਕਰਦਾ ਹੈ, ਅਤੇ ਇਸ ਨੂੰ ਵਿਸ਼ਵ ਦੇ ਜ਼ਿਆਦਾਤਰ ਦੇਸ਼ਾਂ ਲਈ ਉਪਲਬਧ ਵਿੱਤੀ ਸਹੂਲਤਾਂ ਪ੍ਰਾਪਤ ਨਹੀਂ ਹਨ।

ਗਲੋਬਲ ਵਿੱਤੀ ਸਿਸਟਮ ਦੇ ਪ੍ਰਬੰਧ ਵਿੱਚ ਅਮਰੀਕਾ ਦੇ ਡਾਲਰ ਦੀ ਵਰਤੋਂ ਕਾਰਨ ਅਮਰੀਕਾ ਦੀ ਸਰਕਾਰ ਗੈਰ-ਅਮਰੀਕੀ ਸੰਸਥਾਵਾਂ 'ਤੇ ਵੱਡੀ ਪੱਧਰ ਦਾ ਦਬਾਅ ਪਾ ਸਕਦੀ ਹੈ ਅਤੇ ਅਮਰੀਕਾ ਦੀਆਂ ਪਾਬੰਦੀਆਂ ਨੂੰ ਵਿਸ਼ਵ ਪੱਧਰ 'ਤੇ ਲਾਗੂ ਕਰ ਸਕਦੀ ਹੈ, ਜਿਨ੍ਹਾਂ ਵਿੱਚ ਅਮਰੀਕਾ ਦੀਆਂ ਪਾਬੰਦੀਆਂ ਦਾ ਵਿਰੋਧ ਕਰਨ ਵਾਲੇ ਦੇਸ਼ਾਂ ਦੀਆਂ ਸੰਸਥਾਵਾਂ ਵੀ ਸ਼ਾਮਲ ਹਨ।

ਇਹ ਕੋਈ ਫਰਜ਼ੀ ਗੱਲ ਨਹੀਂ ਹੈ—ਅਮਰੀਕਾ ਦੇ ਰੈਗੂਲੇਟਰਾਂ ਨੇ, ਖਾਸ ਕਰਕੇ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ, ਕਿਊਬਾ ਦੇ ਸੰਬੰਧ ਵਿੱਚ "ਪਾਬੰਦੀਆਂ ਦੀ ਉਲੰਘਣਾ" ਕਰਨ ਵਾਲੀਆਂ ਗੈਰ-ਅਮਰੀਕੀ ਸੰਸਥਾਵਾਂ 'ਤੇ ਲਗਾਤਾਰ ਵੱਡੀਆਂ ਰਕਮਾਂ ਦੇ ਜੁਰਮਾਨੇ ਲਗਾਏ ਸਨ। ਫਰਾਂਸੀਸੀ ਬੈਂਕ ਸੋਸਾਇਟੀ ਜਨਰਲ ਨੇ 2018 ਵਿੱਚ ਕਿਊਬਾ ਨਾਲ ਵਪਾਰ ਕਰਨ ਦੇ "ਅਪਰਾਧ"ਲਈ 1.34 ਬਿਲੀਅਨ ਅਮਰੀਕੀ ਡਾਲਰ ਦਾ ਜੁਰਮਾਨਾ ਭਰਿਆ, ਜਦੋਂ ਕਿ ਯੂਕੇ ਅਧਾਰਤ ਸਟੈਂਡਰਡ ਚਾਰਟਰਡ (ਬੈਂਕ) ਨੇ 2019 ਵਿੱਚ ਪਾਬੰਦੀਆਂ ਵਾਲੇ ਦੇਸ਼ਾਂ, ਕਿਊਬਾ ਸਮੇਤ, ਨਾਲ ਵਪਾਰ ਕਰਨ ਬਦਲੇ 1.1 ਬਿਲੀਅਨ ਅਮਰੀਕੀ ਡਾਲਰ ਦਾ ਜੁਰਮਾਨਾ ਭਰਿਆ। ਇਹ ਸਭ ਇਸ ਦੇ ਬਾਵਜੂਦ ਹੈ ਕਿ ਫਰਾਂਸ ਅਤੇ ਯੂ ਕੇ ਦੋਵੇਂ ਅਮਰੀਕਾ ਦੇ ਬਲੌਕੇਡ ਦਾ ਰਸਮੀ ਤੌਰ 'ਤੇ ਵਿਰੋਧ ਕਰਦੇ ਹਨ ਅਤੇ ਹਰ ਸਾਲ ਅਮਰੀਕਾ, ਇਜ਼ਰਾਈਲ ਅਤੇ ਅਮਰੀਕਾ ਤੋਂ ਦਇਆ ਦੀ ਉਮੀਦ ਕਰ ਰਹੇ ਕੁੱਝ ਬਦਨਾਮ ਮੁਲਕਾਂ ਨੂੰ ਛੱਡ ਕੇ ਦੁਨੀਆ ਦੇ ਲਗਭਗ ਸਾਰੇ ਦੇਸ਼ਾਂ ਨਾਲ ਮਿਲ ਕੇ ਸੰਯੁਕਤ ਰਾਸ਼ਟਰ (ਯੂਨਾਈਟਡ ਨੇਸ਼ਨਜ਼) ਵਿੱਚ ਇਸ ਦੀ ਨਿੰਦਾ ਕਰਨ ਲਈ ਵੋਟ ਪਾਉਂਦੇ ਹਨ।

ਅਮਰੀਕਾ ਵਲੋਂ ਪਾਬੰਦੀਆਂ ਨੂੰ ਸਖਤੀ ਨਾਲ ਲਾਗੂ ਕੀਤੇ ਜਾਣ ਕਾਰਨ ਗਲੋਬਲ ਵਿੱਤੀ ਸੰਸਥਾਵਾਂ ਨੇ ਹਾਲ ਹੀ ਵਿੱਚ ਕਿਊਬਾ ਦਾ ਸਾਥ ਪੂਰੀ ਤਰ੍ਹਾਂ ਛੱਡ ਦਿੱਤਾ ਹੈ। ਸੰਯੁਕਤ ਰਾਸ਼ਟਰ (ਯੂਨਾਈਟਿਡ ਨੇਸ਼ਨਜ਼) ਅਨੁਸਾਰ, ਅਮਰੀਕਾ ਵਲੋਂ ਕਿਊਬਾ ਦੇ ਕੀਤੇ ਆਰਥਕ ਬਲੌਕੇਡ ਕਾਰਨ ਸੰਨ 2018 ਵਿੱਚ ਕਿਊਬਾ ਨੂੰ ਘੱਟੋ-ਘੱਟ 130 ਅਰਬ (ਬਿਲੀਅਨ) ਡਾਲਰ ਦਾ ਨੁਕਸਾਨ ਹੋਇਆ ਸੀ- ਹੁਣ ਇਹ ਅੰਕੜਾ ਬਲੌਕੇਡ ਦੇ ਹੋਰ ਬਦਤਰ ਹੋਣ ਕਾਰਨ ਤੇਜ਼ੀ ਨਾਲ ਵਧ ਰਿਹਾ ਹੈ।

### ਘੇਰਾਬੰਦੀ ਤੋੜੋ

ਸੰਯੁਕਤ ਰਾਜ ਅਮਰੀਕਾ ਨੇ ਹੁਣ ਕਿਊਬਾ ਵਿਰੁੱਧ ਆਪਣੇ ਹਮਲੇ ਨੂੰ ਆਰਥਿਕ ਬਲੌਕੇਡ ਤੋਂ ਵਧਾ ਕੇ ਫੌਜੀ ਘੇਰਾਬੰਦੀ ਤੱਕ ਲੈ ਆਂਦਾ ਹੈ। ਅਮਰੀਕਾ ਦੇ ਡਰੋਨ ਮੈਕਸੀਕਨ ਸ਼ਿਪਿੰਗ ਰੂਟਾਂ ਦੀ ਨਿਗਰਾਨੀ ਕਰ ਰਹੇ ਹਨ, ਅਤੇ ਅਮਰੀਕੀ ਫੌਜੀ ਉਹਨਾਂ ਦੇਸ਼ਾਂ 'ਤੇ ਪਾਬੰਦੀਆਂ ਲਾਗੂ ਕਰਨ ਲਈ ਅੰਤਰਰਾਸ਼ਟਰੀ ਪਾਣੀਆਂ ਵਿੱਚ ਤੇਲ ਟੈਂਕਰਾਂ ਨੂੰ ਹਾਈਜੈਕ ਕਰ ਰਹੇ ਹਨ ਜਿਹਨਾਂ ਦਾ ਅਮਰੀਕਾ ਦੀ ਵਪਾਰਕ ਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਹੁਣ ਤੱਕ ਕੈਨੇਡੀਅਨ ਲੀਡਰ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਚੁੱਪ ਹਨ। ਕਿਊਬਾ ਵਿੱਚ ਵਿਗੜਦੀ ਸਥਿਤੀ ਦੇ ਬਾਵਜੂਦ, ਨਾ ਤਾਂ ਪ੍ਰਧਾਨ ਮੰਤਰੀ ਦੇ ਦਫਤਰ ਨੇ ਅਤੇ ਨਾ ਹੀ ਗਲੋਬਲ ਅਫੇਅਰਜ਼ ਕੈਨੇਡਾ ਨੇ ਇਕ ਵਿਦੇਸ਼ੀ ਦੇਸ਼ ਵਿਰੁੱਧ ਬਿਨਾਂ ਕਿਸੇ ਭੜਕਾਹਟ ਦੇ ਅਮਰੀਕਾ ਵਲੋਂ ਅਪਣਾਈ ਤਾਜ਼ਾ ਹਮਲਾਵਰਤਾ ਬਾਰੇ ਇੱਕ ਵੀ ਬਿਆਨ ਜਾਰੀ ਕੀਤਾ ਹੈ।

ਕੈਨੇਡਾ ਦਾ ਪਹਿਲਾਂ ਹੀ ਇਕ ਕਾਨੂੰਨ ਹੈ ਜੋ ਕੈਨੇਡੀਅਨ ਕੰਪਨੀਆਂ ਨੂੰ ਬਲੌਕੇਡ ਦੀ ਉਲੰਘਣਾ ਕਰਨ 'ਤੇ ਸੁਰੱਖਿਆ ਦਿੰਦਾ ਹੈ। ਸੰਨ 1984 ਵਿੱਚ ਅਮਰੀਕਾ ਦੀਆਂ ਕਿਊਬਾ ਵਿਰੋਧੀ ਪਾਬੰਦੀਆਂ ਦੇ ਸੰਬੰਧ ਵਿੱਚ ਕੈਨੇਡੀਅਨ ਸਰਕਾਰ ਨੇ ਫੌਰਨ ਐਕਸਟਰਾਟੈਰੀਟੋਰੀਅਲ ਮੈਜ਼ਰਜ਼ ਐਕਟ (ਫੀਮਾ - FEMA) ਪਾਸ ਕੀਤਾ ਸੀ, ਜਿਸ ਦਾ ਮਕਸਦ ਅਮਰੀਕਾ ਦੇ ਰੈਗੂਲੇਟਰਾਂ ਵਲੋਂ ਕੈਨੇਡੀਅਨ ਕੰਪਨੀਆਂ ਨੂੰ ਕਿਊਬਾ ਨਾਲ ਵਪਾਰ ਕਾਰਨ ਨਿਸ਼ਾਨਾ ਬਣਾਉਣ ਤੋਂ



ਰੋਕਣਾ ਸੀ। ਅਮਰੀਕਾ ਦੇ ਹੈਲਮਸ-ਬਰਟਨ ਐਕਟ ਤੋਂ ਬਾਅਦ ਕੈਨੇਡਾ ਦੀ ਪਾਰਲੀਮੈਂਟ ਨੇ 1997 ਵਿੱਚ ਬਾਅਦ ਇਸ ਕਾਨੂੰਨ ਨੂੰ ਸੋਧਿਆ ਅਤੇ ਅਪਡੇਟ ਕੀਤਾ ਸੀ। ਇਹ ਕਾਨੂੰਨ ਅੱਜ ਵੀ ਮੌਜੂਦ ਹੈ।

ਡੈਵੋਜ਼ ਵਿੱਚ ਆਪਣੀ ਸਪੀਚ ਵਿੱਚ ਮਾਰਕ ਕਾਰਨੀ ਨੇ ਅਮਰੀਕਾ ਵਰਗੇ 'ਸਰਦਾਰ ਹੈਜਮਨ' ਦੀ ਸੱਤਾ ਨਾਲ ਲੜਨ ਲਈ "ਮਿਡਲ ਪਾਵਰਜ਼" ਵਲੋਂ ਇਕੱਠੇ ਹੋਣ ਦੀ ਲੋੜ ਬਾਰੇ ਗੱਲ ਕੀਤੀ ਸੀ। ਹੁਣ ਇਹ ਕਰਨ ਦਾ ਸਮਾਂ ਹੈ। ਕੈਨੇਡਾ ਨੂੰ ਮੈਕਸੀਕੋ ਅਤੇ ਹੋਰ ਖੇਤਰੀ ਦੇਸ਼ਾਂ ਅਤੇ ਸੰਸਥਾਵਾਂ ਨਾਲ ਮਿਲ ਕੇ ਇਹ ਘੇਰਾਬੰਦੀ ਤੋੜਨੀ ਚਾਹੀਦੀ ਹੈ।

ਇਸ ਦਾ ਮਤਲਬ ਹੈ, ਸਭ ਤੋਂ ਪਹਿਲਾਂ ਤੇਲ—ਜਿਸ ਦੀ ਕੈਨੇਡਾ ਵਿੱਚ ਕੋਈ ਕਮੀ ਨਹੀਂ, ਭਾਵੇਂ ਕਿ ਇਹ ਮੁੱਖ ਤੌਰ 'ਤੇ ਅਮਰੀਕੀ ਨਿਵੇਸ਼ਕਾਂ (ਇਨਵੈਸਟਰਾਂ) ਦੀ ਮਲਕੀਅਤ ਹੈ, ਜੋ ਕੈਨੇਡਾ ਦੀ ਪ੍ਰਭੂਸੱਤਾ (ਸੌਵਰਨਿਟੀ) ਦੀ ਵੱਧ ਰਹੀ ਸਮੱਸਿਆ ਲਈ ਆਪਣੇ ਆਪ ਵਿੱਚ ਗੁੰਝਲਦਾਰ ਮੁੱਦੇ ਪੈਦਾ ਕਰਦੀ ਹੈ। ਕੈਨੇਡਾ ਨੂੰ ਘੱਟੋ-ਘੱਟ ਜਨਤਕ ਤੌਰ 'ਤੇ ਮੈਕਸੀਕੋ ਦੀ ਇਸ ਪੁਜੀਸ਼ਨ ਦਾ ਸਮਰਥਨ ਕਰਨਾ ਚਾਹੀਦਾ ਹੈ ਕਿ ਉਹ ਕਿਊਬਾ ਨੂੰ ਤੇਲ ਸਪਲਾਈ ਮੁੜ ਸ਼ੁਰੂ ਕਰ ਸਕੇ ਅਤੇ ਵਧਾ ਸਕੇ, ਅਤੇ ਹੋਰ ਖੇਤਰੀ ਉਤਪਾਦਕਾਂ ਜਿਵੇਂ ਬ੍ਰਾਜ਼ੀਲ ਦੀ ਪੈਟਰੋਬਰਾਸ ਨੂੰ ਵੀ ਇਹੀ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਤੋਂ ਅਗਾਂਹ, ਇਸ ਨੂੰ ਮਨੁੱਖੀ ਰਾਹਤ ਵਜੋਂ ਸਿੱਧੇ ਤੌਰ 'ਤੇ ਕਿਊਬਾ ਨੂੰ ਤੇਲ ਖਰੀਦ ਕੇ ਭੇਜਣ 'ਤੇ ਗੰਭੀਰ ਵਿਚਾਰ ਕਰਨਾ ਚਾਹੀਦਾ ਹੈ,ਜਿਸ ਤਰ੍ਹਾਂ ਮੈਕਸੀਕੋ ਨੇ ਦਹਾਕਿਆਂ ਤੋਂ ਕੀਤਾ ਹੈ।

ਇਸ ਵਿੱਚ ਜਹਾਜ਼ਾਂ ਵਿੱਚ ਵਰਤੇ ਜਾਂਦੇ ਤੇਲ (ਜੈੱਟ ਫਿਊਲ) ਵਰਗੇ ਰਿਫਾਈਨਡ ਉਤਪਾਦ ਸ਼ਾਮਲ ਹੋ ਸਕਦੇ ਹਨ, ਜੋ ਕਿਊਬਾ ਵਿੱਚ ਪਹਿਲਾਂ ਹੀ ਖਤਮ ਹੋ ਚੁੱਕੇ ਹਨ, ਅਤੇ ਡੀਜ਼ਲ ਅਤੇ ਪੈਟਰੋਲ ਵੀ, ਜੋ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਚਲਾਉਣ ਲਈ ਜ਼ਰੂਰੀ ਹਨ।

ਇਸ ਵਿੱਚ ਕੱਚੇ ਤੇਲ (ਕਰੂਡ) ਦਾ ਸਿੱਧਾ ਦਾਨ ਵੀ ਹੋ ਸਕਦਾ ਹੈ। ਕਿਊਬਾ ਦੀ ਸਰਕਾਰੀ ਆਇਲ ਕੰਪਨੀ ਕਿਊਪਟ (CUPET) ਦੀਆਂ ਦੇਸ਼ ਵਿੱਚ ਚਾਰ ਰਿਫਾਈਨਰੀਆਂ ਹਨ, ਜਿਨ੍ਹਾਂ ਵਿੱਚ ਸਭ ਤੋਂ ਵੱਡੀ ਸੀਏਨਫਿਊਗੋਸ ਵਿੱਚ ਹੈ। ਇਹ ਰਿਫਾਈਨਰੀਆਂ ਦੇਸ਼ ਦੀ ਉੱਤਰੀ ਤੇਲ ਬੈਲਟ (ਨੌਰਦਰਨ ਆਇਲ ਬੈਲਟ) ਤੋਂ ਪ੍ਰਾਪਤ ਭਾਰੀ ਕੱਚੇ ਤੇਲ (ਹੈਵੀ ਕਰੂਡ ਓਇਲ) ਅਤੇ ਵੈਨੇਜ਼ੂਏਲਾ ਅਤੇ ਮੈਕਸੀਕੋ ਤੋਂ ਆਯਾਤ ਕੀਤੇ ਜਾਂਦੇ ਭਾਰੀ ਕੱਚੇ ਤੇਲ ਨੂੰ ਪ੍ਰੋਸੈੱਸ ਕਰਦੀਆਂ ਹਨ। ਕੈਨੇਡਾ ਦਾ ਕੱਚਾ ਤੇਲ (ਕਰੂਡ ਆਇਲ) ਵੀ ਭਾਰੀ ਹੈ। ਜਿਸ ਦਾ ਮਤਲਬ ਹੈ ਕਿ ਕਿਊਬਾ ਦੀਆਂ ਮੌਜੂਦਾ ਰਿਫਾਈਨਰੀਆਂ ਨੂੰ ਇਸ ਨੂੰ ਲੋੜੀਂਦੇ ਵਰਤੋਂ ਯੋਗ ਤੇਲ ਵਿੱਚ ਬਦਲਣ ਲਈ ਘੱਟ ਤਬਦੀਲੀਆਂ ਕਰਨ ਦੀ ਲੋੜ ਪਵੇਗੀ।

ਇਕ ਵਿਚੋਲਾ ਵਜੋਂ ਕਿਊਬਾ ਵਿੱਚ ਬਿਜਲੀਕਰਨ ਦੇ ਅਮਲ ਵਿੱਚ ਮਦਦ ਕਰਕੇ, ਇਸ ਦੀ ਪਾਵਰ ਗਰਿੱਡ ਨੂੰ ਸੂਤ ਕਰਕੇ ਅਤੇ ਵਿਸ਼ਵ ਮੰਡੀ ਵਿੱਚ ਇਸ ਦੀ ਪਹੁੰਚ ਵਿੱਚ ਵਾਧਾ ਕਰਕੇ ਕੈਨੇਡਾ ਨੂੰ ਕਿਊਬਾ ਨੂੰ ਇਸ ਤਰ੍ਹਾਂ ਦੇ ਧੱਕੇ ਦਾ ਸਾਹਮਣਾ ਕਰਨ ਦੇ ਯੋਗ ਬਣਾਉਣਾ ਚਾਹੀਦਾ ਹੈ।

ਇਹ ਕਦਮ ਜ਼ਰੂਰ ਹੀ ਖਤਰੇ ਵਾਲਾ ਹੋਵੇਗਾ। ਅਮਰੀਕਾ ਮਹੀਨਿਆਂ ਤੋਂ ਅੰਤਰਰਾਸ਼ਟਰੀ ਪਾਣੀਆਂ (ਇੰਟਰਨੈਸ਼ਨਲ ਵਾਟਰਜ਼) ਵਿੱਚ ਤੇਲ ਸਪਲਾਈ ਨੂੰ ਹਾਈਜੈਕ ਕਰ ਰਿਹਾ ਹੈ ਅਤੇ ਕੈਨੇਡਾ ਨੂੰ ਧਮਕਾ ਰਿਹਾ ਹੈ। ਪਰ ਕੈਨੇਡਾ ਦੀ ਮਨੁੱਖੀ ਸਹਾਇਤਾ ਦੇ ਨਿਸ਼ਾਨ ਵਾਲੀ ਸਪਲਾਈ ਰੂਸ ਦੇ 'ਤਿਆਗੇ ਜਹਾਜ਼ਾਂ (ਗੋਸਟ ਸ਼ਿਪਾਂ)' ਤੋਂ ਵੱਖਰੀ ਹੋਵੇਗੀ, ਅਤੇ ਅਮਰੀਕਾ ਵਲੋਂ ਨੇਟੋ ਦੇ ਸਾਥੀ ਮੈਂਬਰ 'ਤੇ ਖੁੱਲ੍ਹੇਆਮ ਹਮਲਾ ਕਰਨ ਦੀ ਸੰਭਾਵਨਾ ਬਹੁਤ ਘੱਟ ਹੈ, ਜਿਵੇਂ ਕਿ ਗ੍ਰੀਨਲੈਂਡ ਵਿੱਚ ਅਮਰੀਕੀ ਧਮਕੀਆਂ ਦੇ ਬਾਵਜੂਦ ਵੇਖਿਆ ਗਿਆ ਹੈ। ਨੇਟੋ ਦੇ ਮੈਂਬਰ ਅਤੇ ਅਖੌਤੀ 'ਅੰਤਰਰਾਸ਼ਟਰੀ ਭਾਈਚਾਰੇ' ਦੇ ਸਤਿਕਾਰ ਯੋਗ ਮੈਂਬਰ ਹੁੰਦਿਆਂ, ਇੱਥੇ ਕੈਨੇਡਾ ਕੋਲ ਇਕ ਵਿਲੱਖਣ ਸ਼ਕਤੀ ਹੈ। ਅਮਰੀਕਾ ਨੂੰ ਮੈਕਸੀਕੋ ਜਾਂ ਵੈਨੇਜ਼ੂਏਲਾ ਵਿੱਚ ਡਰੱਗਾਂ ਅਤੇ ਕਾਰਟੈਲਾਂ ਬਾਰੇ ਬਣਾਈਆਂ ਕਹਾਣੀਆਂ ਦੇ ਮੁਕਾਬਲੇ ਸਾਡੇ ਵਿਰੁੱਧ ਕਾਰਵਾਈ ਨੂੰ ਜਾਇਜ਼ ਠਹਿਰਾਉਣਾ ਬਹੁਤ ਮੁਸ਼ਕਿਲ ਹੋਵੇਗਾ। ਕੈਨੇਡਾ ਲਈ ਇਸ ਸ਼ਕਤੀ ਦੀ ਵਰਤੋਂ ਕਰਨਾ ਬਹੁਤ ਜ਼ਰੂਰੀ ਹੈ।

ਇਸ ਦਾ ਮਤਲਬ ਇਹ ਕਹਿਣਾ ਨਹੀਂ ਹੈ ਕਿ ਇਸ ਦਾ ਕੈਨੇਡਾ 'ਤੇ ਕੋਈ ਅਸਰ ਨਹੀਂ ਪਵੇਗਾ। ਜਦੋਂ ਕਿ ਇਸ ਗੱਲ ਦੀ ਘੱਟ ਸੰਭਾਵਨਾ ਹੈ ਕਿ ਅਮਰੀਕਾ ਕੈਨੇਡਾ ਦੀ ਮਦਦ ਲਈ ਭੇਜੀ ਸ਼ਿੱਪਮੈਂਟ ਨੂੰ ਖੁੱਲ੍ਹੇਆਮ ਹਾਈਜੈਕ ਕਰ ਲਏਗਾ, ਪਰ ਉਹ ਕਿਊਬਾ ਦਾ ਸਮਰਥਨ ਕਰਨ ਲਈ ਕੈਨੇਡਾ 'ਤੇ ਵਿੱਤੀ ਅਤੇ ਆਰਥਿਕ ਜੁਰਮਾਨੇ (ਪੈਨਲਟੀਜ਼) ਜ਼ਰੂਰ ਲਾਏਗਾ। ਪਰ ਇਹ ਧਮਕੀਆਂ ਪਹਿਲਾਂ ਹੀ ਮੌਜੂਦ ਹਨ ਅਤੇ ਅਮਰੀਕਾ ਉਹ ਧਮਕੀਆਂ ਪਹਿਲਾਂ ਹੀ ਦੇ ਰਿਹਾ ਹੈ। ਮੈਕਸੀਕੋ, ਆਪਣੀ ਥਾਂ 'ਤੇ, ਕੋਈ ਕਦਮ ਪੁੱਟਣ ਤੋਂ ਸ਼ਾਇਦ ਇਸ ਲਈ ਪਿੱਛੇ ਹੱਟ ਰਿਹਾ ਹੈ ਕਿਉਂਕਿ ਉਸ ਦੇ ਨੇਤਾਵਾਂ ਨੂੰ ਸ਼ੱਕ ਹੈ ਕਿ ਕੈਨੇਡਾ ਵਰਗੇ ਹੋਰ ਖੇਤਰੀ ਮੁਲਕ ਉਸ ਦਾ ਸਮਰਥਨ ਨਹੀਂ ਕਰਨਗੇ। ਘੇਰਾਬੰਦੀ ਤੋੜਨ ਦਾ ਇੱਕੋ ਇੱਕ ਤਰੀਕਾ ਖੇਤਰੀ ਦੇਸ਼ਾਂ ਨੂੰ ਇਕੱਠੇ ਕਰਨਾ ਅਤੇ ਸਾਂਝੇ ਤੌਰ 'ਤੇ ਕੰਮ ਕਰਨਾ ਹੈ। ਕੈਨੇਡਾ ਕੋਲ ਇਹ ਕਰਨ ਦੀ ਸ਼ਕਤੀ ਹੈ।

ਸਭ ਤੋਂ ਵੱਡਾ ਅਣਕਿਹਾ ਖਤਰਾ ਇਹ ਹੈ ਕਿ ਅਸੀਂ ਕੁੱਝ ਵੀ ਨਾ ਕਰੀਏ ਅਤੇ ਅਮਰੀਕਾ ਨੂੰ ਯੋਜਨਾਬੱਧ ਢੰਗ ਨਾਲ ਇਸ ਖੇਤਰ ਦੇ ਅਜ਼ਾਦ ਮੁਲਕਾਂ ਨੂੰ ਖਤਮ ਕਰਨ ਦੇਈਏ ਅਤੇ ਜਦੋਂ ਉਹ ਸਾਡੇ 'ਤੇ ਹਮਲਾ ਕਰਨ ਆਉਣ ਤਾਂ ਉਸ ਸਮੇਂ ਸਾਡੇ ਪਿੱਛੇ ਆਉਣ ਵਾਲਾ ਕੋਈ ਨਾ ਹੋਵੇ।

**ਸ਼ਾਂਤੀ ਖੇਤਰ ਦੀ ਰੱਖਿਆ**

2014 ਵਿੱਚ, ਲਾਤੀਨੀ ਅਮਰੀਕੀ ਅਤੇ ਕੈਰੇਬੀਅਨ ਸਟੇਟਸ ਦੀ ਕਮਿਊਨਿਟੀ (ਸੀ ਈ ਐੱਲ ਏ ਸੀ – CELAC) ਦੇ ਮੈਂਬਰ-ਦੇਸ਼ਾਂ ਨੇ, ਜਿਸ ਵਿੱਚ ਮੈਕਸੀਕੋ, ਸੈਂਟਰਲ ਅਮਰੀਕਾ ਅਤੇ ਕੈਰੇਬੀਅਨ ਦੇ ਸਾਰੇ ਦੇਸ਼ ਅਤੇ ਦੱਖਣੀ ਅਮਰੀਕਾ ਦੇ ਸਾਰੇ ਦੇਸ਼ ਸ਼ਾਮਲ ਹਨ, ਆਪਣੇ ਖੇਤਰ ਨੂੰ "ਸ਼ਾਂਤੀ ਦਾ ਖੇਤਰ" ਘੋਸ਼ਿਤ ਕੀਤਾ ਸੀ। ਇਹ ਇੱਕ ਅਸਾਧਾਰਨ ਅਤੇ ਇਤਿਹਾਸਕ ਘੋਸ਼ਣਾ ਸੀ, ਜਿਸ ਵਿੱਚ ਅਰਧ ਗੋਲੇ (ਹੈਮੀਸਫੀਅਰ) ਦੇ ਦੇਸ਼ਾਂ ਨੇ ਖੇਤਰੀ ਏਕੀਕਰਨ ਨੂੰ ਡੂੰਘਾ ਕਰਨ, ਰਾਸ਼ਟਰੀ ਪ੍ਰਭੂਸੱਤਾ (ਸੌਵਰਨਿਟੀ) ਦਾ ਸਤਿਕਾਰ ਕਰਨ ਅਤੇ ਝਗੜਿਆਂ ਦਾ ਹੱਲ ਲੱਭਣ ਲਈ ਫੌਜੀ ਤਰੀਕੇ ਵਰਤਣ ਦੀ ਥਾਂ ਸ਼ਾਂਤੀਪੂਰਨ ਕੂਟਨੀਤਕ ਤਰੀਕੇ ਵਰਤਣ ਦਾ ਸੰਕਲਪ ਲਿਆ ਸੀ। ਘੋਸ਼ਣਾ ਵਾਲੇ ਸਾਲ ਵਿੱਚ ਸੀ ਈ ਐੱਲ ਏ ਸੀ – CELAC ਦੀ ਬਦਲਦੀ ਰਹਿਣ ਵਾਲੀ ਪ੍ਰਧਾਨਤਾ (ਰੋਟੇਟਿੰਗ ਪ੍ਰੈਜ਼ੀਡੈਂਸੀ) ਕਿਊਬਾ ਕੋਲ ਸੀ ਅਤੇ ਇਸ ਬਾਰੇ ਵੋਟ ਹਵਾਨਾ ਵਿੱਚ ਹੋਈ ਸੀ।

ਅੱਜ, ਲਾਤੀਨੀ ਅਮਰੀਕਾ ਨੂੰ ਸ਼ਾਂਤੀ ਖੇਤਰ ਵਜੋਂ ਰੱਖਣ ਦੇ ਲੰਬੇ ਸਮੇਂ ਦੇ ਸੁਪਨੇ ਨੂੰ ਖੇਤਰ ਵਿੱਚ ਅਮਰੀਕਾ ਦੀ ਨਵੀਂ ਧੱਕੇਸ਼ਾਹੀ – ਕਿਊਬਾ, ਵੈਨੇਜ਼ੂਏਲਾ, ਕੋਲੰਬੀਆ, ਮੈਕਸੀਕੋ, ਬ੍ਰਾਜ਼ੀਲ ਅਤੇ ਹੋਰਾਂ ਵਿਰੁੱਧ ਕੀਤੀ ਜਾ ਰਹੀ ਧੱਕੇਸ਼ਾਹੀ– ਨਾਲ ਤਬਾਹ ਕੀਤਾ ਜਾ ਰਿਹਾ ਹੈ। ਸੰਯੁਕਤ ਰਾਜ ਅਮਰੀਕਾ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਰਾਸ਼ਟਰੀ ਚੋਣਾਂ ਵਿੱਚ ਸਿੱਧਾ ਦਖਲ ਦੇ ਰਿਹਾ ਹੈ ਅਤੇ ਅਜ਼ਾਦ (ਸੌਵਰਨ) ਦੇਸ਼ਾਂ ਵਿਰੁੱਧ ਖੁੱਲ੍ਹੇਆਮ ਗੈਰਕਾਨੂੰਨੀ ਫੌਜੀ ਦਖਲ ਦੇ ਰਿਹਾ ਹੈ।

ਅਮਰੀਕਾ ਕਿਊਬਾ ਨੂੰ ਉਦਾਹਰਨ ਬਣਾਉਣਾ ਚਾਹੁੰਦਾ ਹੈ ਤਾਂ ਜੋ ਬਾਕੀ ਖੇਤਰ (ਅਤੇ ਦੁਨੀਆ) ਨੂੰ ਡਰਾ ਕੇ ਅਧੀਨਤਾ ਵਿੱਚ ਲਿਆਂਦਾ ਜਾ ਸਕੇ। ਕੈਨੇਡਾ ਅਤੇ ਬਾਕੀ ਦੁਨੀਆ ਨੂੰ ਵੀ ਕਿਊਬਾ ਨੂੰ ਉਦਾਹਰਣ ਬਣਾਉਣਾ ਚਾਹੀਦਾ ਹੈ—ਅੰਤਰਰਾਸ਼ਟਰੀ ਏਕਤਾ ਦੀ ਸ਼ਕਤੀ ਦੀ ਉਦਾਹਰਣ ਜੋ ਸਾਮਰਾਜਵਾਦੀ ਧੱਕੇਸ਼ਾਹੀ ਨੂੰ ਚੁਣੌਤੀ ਦੇ ਸਕੇ।

****

ਕੈਨੇਡਾ ਦੀ ਸਰਕਾਰ ਨੂੰ ਭੇਜੀ ਜਾ ਰਹੀ ਪਟੀਸ਼ਨ 'ਲੈਟ ਕਿਊਬਾ ਲਿਵ! -ਕਿਊਬਾ ਨੂੰ ਜੀਊਣ ਦਿਉ!' 'ਤੇ ਦਸਤਖਤ ਕਰਨ ਲਈ ਇਸ ਲਿੰਕ 'ਤੇ ਜਾਉ:

https://www.ourcommons.ca/petitions/en/Petition/Details?Petition=e-7082

**ਲੇਖਕ: ਜੋਨ ਮਿਲਟਨ, ਕੈਨੇਡੀਅਨ ਸੈਂਟਰ ਫਾਰ ਪੌਲਿਸੀ ਅਲਟਰਨੇਟਿਵ ਦਾ ਸੀਨੀਅਰ ਕਮਿਊਨੀਕੇਸ਼ਨ ਸਪੈਸ਼ਲਿਸਟ**

# ਅਮਰੀਕੀ-ਇਜ਼ਰਾਈਲੀ ਧਾੜਵੀਆਂ ਵੱਲੋਂ ਇਰਾਨ ਖਿਲਾਫ਼ ਥੋਪੀ ਜੰਗ ਵੱਡੇ ਖ਼ਤਰੇ ਦਾ ਸੂਚਕ



ਨਰਾਇਣ ਦੱਤ
84275-11770

27 ਫਰਵਰੀ ਨੂੰ ਸਾਮਰਾਜੀ ਧਾੜਵੀ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਜਿਉਣਵਾਦੀ ਇਜ਼ਰਾਈਲ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਵੱਲੋਂ ਗੁਪਤ ਨਾਮ ਇਜ਼ਰਾਈਲ ਦੁਆਰਾ ਰੋਅਰਿੰਗ ਲਾਇਨ ਅਤੇ ਸੰਯੁਕਤ ਰਾਜ ਅਮਰੀਕਾ ਦੁਆਰਾ ਆਪ੍ਰੇਸ਼ਨ ਐਪਿਕ ਫਿਊਰੀ ਰਾਹੀਂ ਇਰਾਨ ਉੱਪਰ ਭਿਆਨਕ ਹਮਲਾ ਕਰ ਦਿੱਤਾ ਹੈ। ਮੁੱਢਲੇ ਹਮਲੇ ਦੌਰਾਨ ਹੀ ਇਰਾਨ ਦੇ ਦਰਜਣਾਂ ਸ਼ਹਿਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਹਮਲੇ ਦੌਰਾਨ ਸੈਂਕੜੇ ਇਰਾਨੀ ਲੋਕਾਂ ਨੂੰ ਮਾਰ ਮੁਕਾਇਆ ਹੈ ਅਤੇ ਹਜ਼ਾਰਾਂ ਲੋਕਾਂ ਨੂੰ ਗੰਭੀਰ ਹਾਲਤ ਵਿੱਚ ਜ਼ਖਮੀ ਕਰ ਦਿੱਤਾ ਹੈ। ਕੁੜੀਆਂ ਦੇ ਇੱਕ ਸਕੂਲ ਨੂੰ ਹਮਲੇ ਦਾ ਨਿਸ਼ਾਨਾ ਬਣਾਕੇ 53 ਛੋਟੇ ਬੱਚੇ ਬੱਚੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਅਮਰੀਕਾ-ਇਜਰਾਈਲ ਨੇ ਇਰਾਨ ਨੂੰ ਨਿਸ਼ਾਨਾ ਉਸ ਸਮੇਂ ਬਣਾਇਆ ਹੈ ਜਦੋਂ ਉਮਾਨ ਦੀ ਵਿਚੋਲਗੀ ਨਾਲ ਮਸਲੇ ਦਾ ਹੱਲ ਕਰਨ ਲਈ ਚੌਥੇ ਗੱਲਬਾਤ ਦਾ ਗੇੜ ਚਲਾਉਣ ਦਾ ਢੌਂਗ ਰਚ ਰਿਹਾ ਸੀ। ਇਹ ਹਮਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਜ਼ਰਾਈਲ ਦੌਰੇ ਦੇ ਠੀਕ ਇੱਕ ਬਾਅਦ ਹੋਣਾ ਮਹਿਜ਼ ਸਾਧਾਰਨ ਘਟਨਾ ਨਹੀਂ ਸਗੋਂ ਖੁਦ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਦੇ ਮੁਤਾਬਕ ਹੀ ਲੰਬੇ ਸਮੇਂ ਦੀ ਯੋਜਨਾਬੱਧ ਰਣਨੀਤੀ ਦਾ ਹਿੱਸਾ ਹੈ।ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਉੱਤੇ ਹਮਲਾ ਕਰਨ ਦੇ ਕਾਰਨ ਉਸ ਕੋਲ ਪ੍ਰਮਾਣੂ ਊਰਜਾ ਦਾ ਹੋਣਾ ਦੱਸਿਆ ਹੈ। ਜੂਨ 2025 ਵਿੱਚ ਜਦੋਂ ਅਮਰੀਕਾ ਨੇ ਇਰਾਨ ਉੱਤੇ ਹਮਲਾ ਕੀਤਾ ਸੀ ਤਦ ਵੀ ਉਸ ਕੋਲ ਪ੍ਰਮਾਣੂ ਹਥਿਆਰਾਂ ਦਾ ਹੋਣਾ ਕਿਹਾ ਸੀ, ਹਮਲਾ ਕਰਕੇ ਇਰਾਨ ਦੇ ਪਰਮਾਣੂ ਹਥਿਆਰਾਂ ਦੇ ਟਿਕਾਣਿਆਂ ਨੂੰ ਤਬਾਹ ਕਰਨ ਦਾ ਦਾਅਵਾ ਕੀਤਾ ਸੀ। ਜਦ ਕਿ ਕੌਮਾਂਤਰੀ ਪ੍ਰਮਾਣ ਊਰਜਾ ਜਾਂਚ ਏਜੰਸੀ ਨੇ ਆਪਣੀ ਜਾਂਚ ਰਿਪੋਰਟ ਵਿੱਚ ਇਰਾਨ ਕੋਲ ਪ੍ਰਮਾਣੂ ਹਥਿਆਰ ਨਾਂ ਹੋਣ ਦੀ ਪੁਸ਼ਟੀ ਕੀਤੀ ਸੀ।

ਇਰਾਨ-ਇਜ਼ਰਾਇਲ ਟਕਰਾਅ ਦਹਾਕਿਆਂ ਪੁਰਾਣਾ ਹੈ। ਇਰਾਨ ਖਿਲਾਫ਼ ਡੋਨਾਲਡ ਟਰੰਪ ਅਤੇ ਬੇਂਜਾਮਿਨ ਨੇਤਨਯਾਹੂ ਦਾ ਸਾਂਝਾ ਹਮਲਾ ਅਮਰੀਕਾ ਵੱਲੋਂ ਇਰਾਨ 'ਤੇ ਇਸ ਕਰਕੇ ਹਮਲਾ ਕੀਤਾ ਗਿਆ ਹੈ ਕਿਉਂਕਿ ਇਰਾਨ ਦਹਾਕਿਆਂ ਤੋਂ ਮੱਧ ਪੂਰਬ ਅੰਦਰ ਅਮਰੀਕੀ ਧੌਂਸ ਤੋਂ ਨਾਬਰ ਤੁਰਿਆ ਆ ਰਿਹਾ ਹੈ। 1979 ਦੇ 'ਇਸਲਾਮਿਕ ਇਨਕਲਾਬ' ਵੇਲੇ ਤੋਂ ਹੀ ਉਹ ਅਮਰੀਕੀ ਸਾਮਰਾਜੀਆਂ ਦੀ ਈਨ ਮੰਨਣ ਤੋਂ ਇਨਕਾਰੀ ਹੈ। ਇਜ਼ਰਾਇਲੀ ਰਾਜ ਮੱਧ ਪੂਰਬ ਅੰਦਰ ਪੱਕੀ ਅਮਰੀਕੀ ਫੌਜੀ ਚੌਂਕੀ ਹੈ ਤੇ ਇਸ ਖਿੱਤੇ ਦੇ ਮੁਲਕਾਂ 'ਤੇ ਦਾਬਾ ਪਾਉਣ ਰਾਹੀਂ ਅਮਰੀਕੀ ਚੌਧਰ ਬਣਾਈ ਰੱਖਣ ਦਾ ਸਾਧਨ ਹੈ।

ਫ਼ਲਸਤੀਨ ਮੁੱਦੇ 'ਤੇ ਇਰਾਨੀ ਰਾਜ ਫ਼ਲਸਤੀਨੀ ਲੋਕਾਂ ਦੇ ਸੰਘਰਸ਼ ਦੀ ਹਮਾਇਤ ਕਰਦਾ ਹੈ। ਫ਼ਲਸਤੀਨੀ ਕੌਮੀ ਟਾਕਰਾ ਸ਼ਕਤੀਆਂ ਨੂੰ ਸਹਾਇਤਾ ਦਿੰਦਾ ਹੈ। ਯਮਨ ਦੇ ਹਾਊਤੀ ਵਿਦਰੋਹੀ, ਹਿਜ਼ਬੁੱਲਾ, ਹਮਾਸ ਵਰਗੀਆਂ ਅਮਰੀਕੀ ਸਾਮਰਾਜ ਵਿਰੋਧੀ ਟਾਕਰਾ ਸ਼ਕਤੀਆਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ। ਅਮਰੀਕੀ ਸਾਮਰਾਜ ਤੇ ਇਜ਼ਰਾਇਲ ਦੇ ਖ਼ਿਲਾਫ਼ ਜੂਝਦੀਆਂ ਅਰਬ ਜਗਤ ਦੀਆਂ ਟਾਕਰਾ ਸ਼ਕਤੀਆਂ ਲਈ ਇਰਾਨੀ ਰਾਜ ਇੱਕ ਪ੍ਰਮੁੱਖ ਢੋਈ ਹੈ। ਇਸ ਲਈ ਇਰਾਨ ਅਮਰੀਕਾ ਤੇ ਇਜ਼ਰਾਇਲ ਦੇ ਨਿਸ਼ਾਨੇ 'ਤੇ ਹੈ। ਅਕਤੂਬਰ 2023 'ਚ ਇਜ਼ਰਾਇਲ ਵੱਲੋਂ ਗਾਜ਼ਾ 'ਤੇ ਬੋਲੇ ਹੋਏ ਭਿਆਨਕ ਹੱਲੇ ਮਗਰੋਂ ਇਹ ਟਕਰਾਅ ਹੋਰ ਵੀ ਤਿੱਖਾ ਹੋਇਆ ਹੈ ਤੇ ਦੋਹਾਂ ਮੁਲਕਾਂ 'ਚ ਕਈ ਝੜਪਾਂ ਪਹਿਲਾਂ ਵੀ ਹੋਈਆਂ ਹਨ। ਪਿਛਲੇ ਸਾਲ ਵੀ ਜੂਨ ਮਹੀਨੇ ਅੰਦਰ ਅਮਰੀਕਾ ਤੇ ਇਜ਼ਰਾਈਲ ਨੇ ਇਰਾਨ 'ਤੇ ਬੰਬ ਵਰ੍ਹਾ ਕੇ ਉਸਦੇ ਪਰਮਾਣ ਟਿਕਾਣਿਆਂ ਨੂੰ ਤਬਾਹ ਕਰਨ ਦੇ ਦਾਅਵੇ ਕੀਤੇ ਸਨ ਪਰ ਇਹ ਦਾਅਵੇ ਫੋਕੇ ਸਾਬਤ ਹੋਏ ਸਨ। ਉਸਤੋਂ ਮਗਰੋਂ ਵੀ ਅਮਰੀਕਾ ਤੇ ਇਜ਼ਰਾਇਲ ਲਗਾਤਾਰ ਇਰਾਨ ਖ਼ਿਲਾਫ਼ ਹਮਲਾਵਰ ਰਹਿ ਰਹੇ ਹਨ ਤੇ ਉਸਨੂੰ ਗੋਡਿਆਂ ਪਰਨੇ ਕਰਕੇ ਮੱਧ ਪੂਰਬ ਵਿੱਚੋਂ ਇਰਾਨੀ ਵਿਰੋਧ ਦੀ ਚੁਣੌਤੀ ਖ਼ਤਮ ਕਰਨੀ ਚਾਹੁੰਦੇ ਹਨ। ਡੋਨਾਲਡ ਟਰੰਪ ਇਸੇ ਸਾਲ ਜਨਵਰੀ ਮਹੀਨੇ ਸੰਸਾਰ ਦੇ ਸਭ ਤੋਂ ਵੱਧ ਤੇਲ ਭੰਡਾਰਾਂ ਨਾਲ ਭਰਪੂਰ ਵੇਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਅਤੇ ਉਸ ਦੀ ਪਤਨੀ ਨੂੰ ਹਮਲੇ ਰਾਹੀਂ ਜ਼ਬਰੀ ਕਬਜ਼ੇ ਹੇਠ ਕਰ ਲਿਆ ਹੈ। ਦੂਜਾ ਅਹਿਮ ਪੱਖ ਅਮਰੀਕਾ ਵੱਲੋਂ ਉਸ ਦੇ ਤੇਲ ਭੰਡਾਰਾਂ ਉੱਤੇ ਕਬਜ਼ਾ ਕਰਨਾ ਵੀ ਹੈ। ਅਮਰੀਕੀ ਧੌਂਸ ਨੂੰ ਵੰਗਾਰਦਿਆਂ ਇਰਾਨ ਨੇ ਅਪ੍ਰੇਸ਼ਨ 'ਦਹਾੜਦਾ ਹੋਇਆ ਸ਼ੇਰ' ਦਾ ਨਾਂ ਦੇਕੇ ਇਜ਼ਰਾਈਲ ਸਮੇਤ ਅਮਰੀਕੀ-ਇਜਰਾਈਲੀ ਹਮਲੇ ਦੀ ਹਮਾਇਤ ਕਰਨ ਵਾਲੇ ਮੱਧ ਪੂਰਬ ਦੇ 8 ਅਰਬ ਦੇਸ਼ਾਂ ਵਿੱਚ ਤਾਇਨਾਤ ਅਮਰੀਕਾ ਬੇੜਿਆਂ ਨੂੰ ਮਿਜ਼ਾਈਲਾਂ ਨਾਲ ਨਿਸ਼ਾਨਾ ਬਣਾਕੇ ਭਾਰੀ ਤਬਾਹੀ ਮਚਾਕੇ ਕੰਬਣੀਆਂ ਛੇੜੀਆਂ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਉੱਤੇ ਹਮਲਾ ਕਰਨ ਨੂੰ ਖੁਮਾਇਨੀ ਦੀ ਸਤਾ



ਤਬਦੀਲ ਕਰਨ ਦਾ ਮਕਸਦ ਦੱਸਿਆ ਹੈ। ਇਸ ਹਮਲੇ ਵਿੱਚ ਇਰਾਨ ਦੇ ਸੁਪਰੀਮ ਲੀਡਰ ਅਲੀ ਖਮਨੇਈ ਨੂੰ ਕਤਲ ਕਰਨ ਦੀਆਂ ਖ਼ਬਰਾਂ ਹਨ। ਡੋਨਾਲਡ ਟਰੰਪ ਇਰਾਨ ਅੰਦਰ ਆਪਣੀ ਪਿੱਠੂ ਹਕੂਮਤ ਸਾਥਾਪਤ ਕਰਨ ਲਈ ਸਤਾ ਤਬਦੀਲ ਕਰਨ ਦਾ ਖੁੱਲੇਆਮ ਸੱਦਾ ਦੇ ਰਿਹਾ ਹੈ। ਅਮਰੀਕੀ ਸਾਮਰਾਜੀਆਂ ਦਾ ਇਹ ਕੋਈ ਪਹਿਲਾ ਹਮਲਾ ਨਹੀਂ। ਇਰਾਕ, ਲਿਬੀਆ ਤੋਂ ਬਾਅਦ ਵੇਨੇਜ਼ੁਏਲਾ ਇਸ ਦੀ ਤਾਜ਼ਾ ਉਦਾਹਰਣ ਹੈ। ਅਮਰੀਕਾ-ਇਜ਼ਰਾਈਲ ਵੱਲੋਂ ਇਰਾਨ ਉੱਤੇ ਬੋਲੇ ਇਸ ਹਮਲੇ ਦਾ ਘੇਰਾ ਵਿਆਪਕ ਹੋਣ ਦੀਆਂ ਸੰਭਾਵਨਾਵਾਂ ਹਨ।

ਦੁਨੀਆਂ ਭਰ ਦੀਆਂ ਇਨਕਲਾਬੀ ਜਮਹੂਰੀ ਸ਼ਕਤੀਆਂ ਲਈ ਇਹ ਵਡੇਰੀ ਚੁਣੌਤੀ ਹੈ। ਇਸ ਲਈ ਸਾਮਰਾਜੀ ਜੰਗਬਾਜ਼ ਤਾਕਤਾਂ ਦਾ ਜ਼ੋਰਦਾਰ ਵਿਰੋਧ ਕਰਦਿਆਂ ਇਰਾਨ ਖਿਲਾਫ਼ ਵਿੱਢੀ ਨਿਹੱਕੀ ਜੰਗ ਬੰਦ ਕਰਨ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਹ ਮੰਗ ਵੀ ਉਭਾਰਨੀ ਚਾਹੀਦੀ ਹੈ ਕਿ ਭਾਰਤੀ ਹਾਕਮ ਅਮਰੀਕਾ-ਇਜ਼ਰਾਈਲ ਨਾਲ ਹਰ ਪੱਧਰ ਦੇ ਆਰਥਿਕ-ਸਿਆਸੀ ਰਿਸ਼ਤੇ ਅਤੇ ? ਸੰਧੀਆਂ ਖ਼ਤਮ ਕਰਨ।

# ਅਮਰੀਕਾ-ਇਜ਼ਰਾਇਲ ਦੁਆਰਾ ਇਰਾਨ 'ਤੇ ਕੀਤੇ ਹਮਲੇ ਖਿਲਾਫ਼ ਅਮਰੀਕੀ ਰਾਸ਼ਟਰਪਤੀ ਦਾ ਪੁਤਲਾ ਫੂਕਿਆ

ਲੁਧਿਆਣਾ (ਬਲਜਿੰਦਰ ਸਿੰਘ ਪਟਿਆਲਾ) : ਸਥਾਨਕ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਅਮਰੀਕਾ ਤੇ ਇਜ਼ਰਾਇਲ ਵੱਲੋਂ ਇਰਾਨ ਤੇ ਕੀਤੇ ਹਮਲੇ ਦੀ ਜ਼ੋਰਦਾਰ ਸ਼ਬਦਾਂ ਨਿਖੇਧੀ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਰਥੀ ਫੂਕੀ ਗਈ।

ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਵੱਖ-ਵੱਖ ਜੱਥੇਬੰਦੀਆਂ ਜਿਹਨਾਂ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ, ਲੋਕ ਮੋਰਚਾ ਪੰਜਾਬ,ਇਨਕਲਾਬੀ ਕੇਂਦਰ ਪੰਜਾਬ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ, ਦੇ ਨੁਮਾਇੰਦਿਆਂ ਨੇ ਕਿਹਾ ਇਹ ਸਾਂਝਾ ਹਮਲਾ ਇਰਾਨ ਵੱਲੋਂ ਸੰਭਾਵਤ ਖਤਰੇ ਨੂੰ ਬਹਾਨਾ ਬਣਾ ਕੇ ਕੀਤਾ ਗਿਆ ਹੈ। ਇਸ ਹਮਲੇ 'ਚ ਇਰਾਨ ਦਾ ਸੁਪਰੀਮ ਲੀਡਰ ਆਇਤ ਉਲ ਅਲੀ ਖ਼ੁਮੀਨੀ, ਰੱਖਿਆ ਮੰਤਰੀ, ਰੈਵੋਲੂਸ਼ਨਰੀ ਗਾਰਡ, ਕਮਾਂਡਰ ਅਤੇ ਸੈਂਕੜੇ ਲੋਕ ਮਾਰੇ ਗਏ ਹਨ ਅਤੇ ਇਰਾਨ ਵਿੱਚ ਰਾਜ ਪਲਟਾ ਕੀਤੇ ਜਾਣ ਦਾ ਐਲਾਨ ਕੀਤਾ। ਅਮਰੀਕਾ ਇਹ ਸਾਰੀ ਗੁੰਡਾਗਰਦੀ ਇਰਾਨ ਦੇ ਤੇਲ ਭੰਡਾਰਾਂ ਅਤੇ ਰੂਟਾਂ ਉੱਪਰ ਕਬਜਾ ਕਰਨ ਲਈ ਕਰ ਰਿਹਾ ਹੈ। ਅਮਰੀਕਾ ਸੰਸਾਰ ਚੌਧਰ ਮੁੜ ਸਥਾਪਿਤ ਕਰਨ ਲਈ ਵੱਖਰੇ-ਵੱਖਰੇ ਦੇਸ਼ਾਂ ਨੂੰ ਡਰਾਉਣ ਧਮਕਾਉਣ, ਰਾਜ ਪਲਟੇ ਕਰਵਾਉਣ ਅਤੇ ਲੋਕਾਂ ਵੱਲੋਂ ਚੁਣੇ ਗਏ ਮੁਖੀਆਂ ਨੂੰ ਮਾਰਨ ਜਾਂ ਗ੍ਰਿਫਤਾਰ ਕਰਨ ਦੀ ਮੁਹਿਮ ਵਿੱਚ ਜੁਟਿਆ




ਹੋਇਆ ਹੈ। ਪਿਛਲੇ ਸਮੇਂ ਵਿੱਚ ਟਰੰਪ ਵੱਲੋਂ ਵੈਨੇਜ਼ੁਵੇਲਾ ਦੇ ਰਾਸ਼ਟਰਪਤੀ ਮਾਦੁਰੋ ਨੂੰ ਪਤਨੀ ਸਮੇਤ ਹੱਥਕੜੀਆਂ ਵਿੱਚ ਜਕੜ ਕੇ ਅਮਰੀਕਾ ਲਿਜਾਇਆ ਗਿਆ ਅਤੇ ਆਪਣੇ ਆਪ ਨੂੰ ਵੈਨਜ਼ੁਵੇਲਾ ਦਾ ਕਾਰਜਕਾਰੀ ਰਾਸ਼ਟਰਪਤੀ ਹੋਣ ਦਾ ਐਲਾਨ ਕਰਕੇ ਉਥੋਂ ਦੇ ਤੇਲ ਭੰਡਾਰ ਵੇਚਣ ਦਾ ਅਧਿਕਾਰ ਆਪਣੇ ਹੱਥ ਵਿੱਚ ਲੈਣ ਦਾ ਐਲਾਨ ਕਰ ਦਿੱਤਾ। ਇਸ ਤੋਂ ਪਹਿਲਾਂ ਵੀ ਇਰਾਕ ਵਿੱਚ ਜਨਤਕ ਤਬਾਹੀ ਦੇ ਹਥਿਆਰ ਜਮ੍ਹਾਂ ਕਰਨ ਦਾ ਇਲਜ਼ਾਮ ਲਾ ਕੇ ਇਰਾਕ ਉੱਪਰ ਹਮਲਾ ਕੀਤਾ ਗਿਆ ਅਤੇ ਸੱਦਾਮ ਹੁਸੈਨ ਨੂੰ ਫਾਂਸੀ ਲਾਇਆ ਗਿਆ। ਲਿਬੀਆ ਵਿੱਚ ਰਾਜ ਪਲਟਾ ਕਰਵਾ ਕੇ ਕਰਨਲ ਗੱਦਾਫੀ ਨੂੰ ਮਾਰ ਦਿੱਤਾ ਗਿਆ। ਇੱਕ ਪਾਸੇ ਅਮਰੀਕਾ, ਇਰਾਨ ਨਾਲ ਪ੍ਰਮਾਣੂ ਪ੍ਰੋਗਰਾਮ ਸਬੰਧੀ ਗੱਲਬਾਤ ਕਰ ਰਿਹਾ ਸੀ ਅਤੇ ਦੂਜੇ ਪਾਸੇ ਬਿਨਾਂ ਭੜਕਾਹਟ ਤੋਂ ਇਰਾਨ ਉੱਪਰ ਹਮਲਾ ਕਰਕੇ ਸੰਸਾਰ ਅਮਨ ਲਈ ਖਤਰਾ ਪੈਦਾ ਕੀਤਾ ਗਿਆ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਇਰਾਨ ਅਜਿਹੀਆਂ ਮਿਜ਼ਾਇਲ ਪ੍ਰਣਾਲੀਆਂ ਅਤੇ ਪ੍ਰਮਾਣੂ ਹਥਿਆਰ ਵਿਕਸਤ ਕਰ ਰਿਹਾ ਸੀ ਜਿਨ੍ਹਾਂ ਦੀ ਪਹੁੰਚ ਅਮਰੀਕਾ ਤੱਕ ਹੋ ਸਕਦੀ ਸੀ। ਇਸਨੂੰ ਖਤਰਾ ਦਰਸਾ ਕੇ ਇਹ ਹਮਲਾ ਕੀਤਾ ਗਿਆ ਹੈ। ਅਸਲ ਵਿੱਚ ਪੱਛਮੀ ਏਸ਼ੀਆ ਵਿੱਚ ਆਪਣੀ ਚੌਧਰ ਸਥਾਪਤ ਕਰਨ ਅਤੇ ਆਪਣੇ ਸਾਮਰਾਜੀ ਪ੍ਰਬੰਧ ਦੇ ਸੰਕਟ ਨੂੰ ਹੱਲ ਕਰਨ ਲਈ ਅਜਿਹੇ ਹਮਲੇ ਅਮਰੀਕਾ ਪੱਖੀ ਸਰਕਾਰਾਂ ਬਣਾਉਣ ਲਈ ਅਜਿਹਾ ਕਰ ਰਿਹਾ ਹੈ। ਇਸ ਅਰਥੀ ਫੂਕ ਪ੍ਰਦਰਸ਼ਨ ਦੌਰਾਨ ਵੱਖ-ਵੱਖ ਜੱਥੇਬੰਦੀਆਂ ਵੱਲੋਂ ਜਸਵੰਤ ਜ਼ੀਰਖ, ਕਸਤੂਰੀ ਲਾਲ, ਰਾਕੇਸ਼ ਆਜ਼ਾਦ, ਡਾ ਮੋਹਣ, ਤਰਲੋਚਨ ਸਿੰਘ, ਬਲਵਿੰਦਰ ਲਾਲਬਾਗ ਸਮੇਤ ਹੋਰ ਕਾਰਕੁੰਨ ਹਾਜ਼ਰ ਸਨ।

# ਟਰੰਪ ਕਿਊਬਾ ਨੂੰ ਤਬਾਹੀ ਵੱਲ ਧੱਕ ਰਿਹਾ ਹੈ

**ਅਮਰੀਕਾ ਦੇ ਵਧਦੇ ਤੇਲ ਬਲੌਕੇਡ ਅਤੇ ਕਿਊਬਾਂ ਸਾਹਮਣੇ ਆ ਰਹੇ ਭਿਆਨਕ ਖ਼ਤਰਿਆਂ ਬਾਰੇ ਕੈਨੇਡੀਅਨ ਨੈੱਟਵਰਕ ਆਨ ਕਿਊਬਾ ਦੇ ਮੈਂਬਰਾਂ - ਕੈਮ ਸਕਾਟ, ਸਮਾਨਥਾ ਹਿਸਲੋਪ ਅਤੇ ਰੌਬ ਕਰੂਕਸ- ਵਿਚਕਾਰ ਗੱਲਬਾਤ।**

**ਅਨੁਵਾਦ: ਸੁਖਵੰਤ ਹੁੰਦਲ**

*ਜਨਵਰੀ ਦੇ ਅਖੀਰ ਵਿੱਚ, ਟਰੰਪ ਪ੍ਰਸ਼ਾਸਨ ਨੇ ਇਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕਰਕੇ ਕਿਊਬਾ ਵਿਰੁੱਧ ਚੱਲ ਰਹੀ ਲੰਬੇ ਸਮੇਂ ਦੀ ਆਰਥਿਕ ਜੰਗ ਨੂੰ ਨਾਟਕੀ ਤਰੀਕੇ ਨਾਲ ਵਧਾ ਦਿੱਤਾ। ਇਸ ਆਦੇਸ਼ ਵਿੱਚ ਕਿਊਬਾ ਨੂੰ ਤੇਲ ਸਪਲਾਈ ਕਰਨ ਵਾਲੇ ਕਿਸੇ ਵੀ ਦੇਸ਼ ਨੂੰ ਸਜ਼ਾ ਦੇਣ ਲਈ ਉਸ ਉੱਤੇ ਟੈਰਿਫ ਲਾਉਣ ਦੀ ਧਮਕੀ ਦਿੱਤੀ ਗਈ ਹੈ। ਵਾਈਟ ਹਾਊਸ ਵੱਲੋਂ ਇਸ ਨੂੰ ਰਾਸ਼ਟਰੀ ਸੁਰੱਖਿਆ ਦੇ ਕਦਮ ਵਜੋਂ ਪੇਸ਼ ਕੀਤਾ ਗਿਆ ਹੈ, ਆਦੇਸ਼ ਨੇ ਐਮਰਜੈਂਸੀ ਦੀ ਸਥਿਤੀ ਘੋਸ਼ਿਤ ਕੀਤੀ ਹੈ ਅਤੇ ਦੋਸ਼ ਲਾਇਆ ਹੈ ਕਿ ਕਿਊਬਾ ਦੇ (ਅਮਰੀਕਾ) ਵਿਰੋਧੀ ਵਿਦੇਸ਼ੀ ਸ਼ਕਤੀਆਂ ਨਾਲ ਸਬੰਧ ਹਨ। ਅਸਲ ਵਿੱਚ, ਇਸ ਨੀਤੀ ਦਾ ਉਦੇਸ਼ ਕਿਊਬਾ ਦੀ ਤੇਲ ਤੱਕ ਪਹੁੰਚ ਨੂੰ ਰੋਕਣਾ ਹੈ, ਜੋ ਅਮਰੀਕਾ ਦੀਆਂ ਦਹਾਕਿਆਂ ਤੋਂ ਚੱਲ ਰਹੀਆਂ ਬੇਰਹਿਮ ਪਾਬੰਦੀ ਕਾਰਨ ਪਹਿਲਾਂ ਹੀ ਕਮਜ਼ੋਰ ਆਰਥਿਕਤਾ ਵਿੱਚ ਬਿਜਲੀ ਉਤਪਾਦਨ, ਹਸਪਤਾਲਾਂ, ਖਾਣੇ ਦੀ ਵੰਡ ਅਤੇ ਪਾਣੀ ਦੀ ਸਫਾਈ (ਸੈਨੀਟੇਸ਼ਨ) ਲਈ ਅਤਿਅੰਤ ਜ਼ਰੂਰੀ ਹੈ। ਇਸ ਨੇ ਇਕ ਦਮ ਅਸਰ ਪਾਇਆ। ਮੈਕਸੀਕੋ ਦੀ ਸਰਕਾਰੀ ਤੇਲ ਕੰਪਨੀ ਨੇ ਸ਼ਿਪਮੈਂਟਾਂ ਨੂੰ ਮੁਅੱਤਲ ਕਰ ਦਿੱਤਾ ਅਤੇ ਹੋਰ ਸਪਲਾਇਰ ਅਮਰੀਕਾ ਦੀ ਬਦਲਾ ਲਊ ਕਾਰਵਾਈ (ਰਿਟਾਲੀਏਸ਼ਨ) ਦੀ ਧਮਕੀ ਹੇਠ ਝਿਜਕਦੇ ਨਜ਼ਰ ਆਏ। ਕਿਊਬਾ ਆਪਣੀਆਂ ਘਰੇਲੂ ਊਰਜਾ ਲੋੜਾਂ ਦਾ ਸਿਰਫ਼ ਇੱਕ ਛੋਟਾ ਹਿੱਸਾ ਪੂਰਾ ਕਰਨ ਦੀ ਸਮਰੱਥਾ ਹੀ ਰੱਖਦਾ ਹੈ। ਪੂਰੀ ਤਰ੍ਹਾਂ ਤੇਲ ਦੀ ਸਪਲਾਈ ਕੱਟਣ ਦੀ ਸੰਭਾਵਨਾ ਨੇ ਲੰਬੇ ਸਮੇਂ ਦੇ ਬਲੈਕਆਊਟਾਂ, ਮਨੁੱਖੀ ਸੰਕਟ ਅਤੇ ਕੈਰੇਬੀਅਨ ਖੇਤਰ ਵਿੱਚ ਫੌਜੀ ਤਣਾਅ ਵਿੱਚ ਵਾਧੇ ਦੇ ਖ਼ਤਰੇ ਬਾਰੇ ਚੇਤਾਵਨੀਆਂ ਪੈਦਾ ਕਰ ਦਿੱਤੀਆਂ ਹਨ। ਜਿਸ ਤਰ੍ਹਾਂ ਵਾਸ਼ਿੰਗਟਨ ਖੁੱਲ੍ਹ ਕੇ ਸੱਤਾ ਵਿੱਚ ਤਬਦੀਲੀ ਦੀ ਗੱਲ ਕਰ ਰਿਹਾ ਹੈ, ਇਸ ਤਰ੍ਹਾਂ ਇਹ ਆਦੇਸ਼ ਸਮੂਹਿਕ ਸਜ਼ਾ (ਕੁਲੈਕਟਿਵ ਪਨਿਸ਼ਮੈਂਟ) ਵਰਗਾ ਹੈ ਜੋ ਨਾ ਸਿਰਫ਼ ਕਿਊਬਾ ਦੇ ਭਵਿੱਖ ਨੂੰ ਬਦਲ ਸਕਦਾ ਹੈ, ਸਗੋਂ ਲਾਤੀਨੀ ਅਮਰੀਕਾ ਅਤੇ ਪੂਰੇ ਗਲੋਬਲ ਸਾਊਥ ਵਿੱਚ ਸੱਤਾ ਦੇ ਸੰਤੁਲਨ ਨੂੰ ਵੀ ਬਦਲ ਸਕਦਾ ਹੈ। ਹੇਠਾਂ ਦਿੱਤੀ ਗੱਲਬਾਤ ਵਿੱਚ ਕੈਨੇਡੀਅਨ ਨੈੱਟਵਰਕ ਆਨ ਕਿਊਬਾ ਦੇ ਮੈਂਬਰ ਕੈਮ ਸਕਾਟ, ਸਮਾਨਥਾ ਹਿਸਲੋਪ ਅਤੇ ਰੌਬ ਕਰੂਕਸ ਨੇ ਇਹਨਾਂ ਮੁੱਦਿਆਂ 'ਤੇ ਗੱਲਬਾਤ ਕੀਤੀ ਹੈ: ਨਵੀਆਂ ਪਾਬੰਦੀਆਂ ਦਾ ਕੀ ਮਤਲਬ ਹੈ, ਕਿਊਬਾ ਕਿਉਂ ਨਿਸ਼ਾਨਾ ਬਣਿਆ ਹੋਇਆ ਹੈ ਅਤੇ ਜਦੋਂ ਬਚਾਉ (ਸਰਵਾਈਵਲ) ਦੀਆਂ ਸਥਿਤੀਆਂ ਬਹੁਤ ਕਮਜ਼ੋਰ ਹੋ ਜਾਂਦੀਆਂ ਹਨ ਤਾਂ ਅੰਤਰਰਾਸ਼ਟਰੀ ਇਕਜੁਟਤਾ (ਇੰਟਰਨੈਸ਼ਨਲ ਸੌਲੀਡੈਰਟੀ) ਦਾ ਰੂਪ ਕਿਸ ਤਰ੍ਹਾਂ ਦਾ ਹੋ ਸਕਦਾ ਹੈ। ਹੇਠਾਂ ਇਹ ਗੱਲਬਾਤ ਪੇਸ਼ ਹੈ:*

**ਕੈਮ ਸਕਾਟ:** ਸੰਭਵ ਤੌਰ 'ਤੇ ਕਈ ਦਹਾਕਿਆਂ ਵਿੱਚ ਇਹ ਕਿਊਬਾ ਲਈ ਸਭ ਤੋਂ ਖ਼ਤਰਨਾਕ ਹਫ਼ਤਾ ਹੈ, ਸ਼ਾਇਦ 1990ਵਿਆਂ ਵਿੱਚ ਵਿਸ਼ੇਸ਼ ਕਾਲ (ਸਪੈਸ਼ਲ ਪੀਰੀਅਡ) ਤੋਂ ਬਾਅਦ। ਅਮਰੀਕਾ ਵੱਲੋਂ ਹਮਲੇ ਦਾ ਖ਼ਤਰਾ, ਅਮਰੀਕਾ ਵੱਲੋਂ ਘੇਰਾਬੰਦੀ ਅਤੇ ਨੇਵਲ ਬਲੌਕੇਡ ਅਤੇ ਵਪਾਰਕ ਭਾਈਵਾਲਾਂ ਵਿਰੁੱਧ ਅਮਰੀਕੀ ਦਖਲਅੰਦਾਜ਼ੀ ਦੀ ਧਮਕੀ ਬਹੁਤ ਸਪੱਸ਼ਟ ਅਤੇ ਗੰਭੀਰ ਹੈ। ਇਸ ਲਈ ਬਹੁਤ ਕੁਝ ਕਹਿਣ ਵਾਲਾ ਹੈ ਅਤੇ ਇਹ ਜ਼ਰੂਰੀ ਹੈ ਕਿ ਅਸੀਂ ਇਕੱਠੇ ਹੋ ਕੇ ਸੋਚੀਏ ਕਿ ਇਸ ਹਫ਼ਤੇ ਅਸੀਂ ਕਿਊਬਾ ਦੇ ਲੋਕਾਂ ਨਾਲ ਇਕਜੁਟਤਾ (ਸੌਲੀਡੈਰਟੀ) ਵਿੱਚ ਕਿਵੇਂ ਅੱਗੇ ਵਧਾਂਗੇ। ਇਸ ਸਮੇਂ ਸਾਰਿਆਂ ਨੂੰ ਇਹ ਕਿਵੇਂ ਲੱਗ ਰਿਹਾ ਹੈ?

**ਸਮਾਨਥਾ ਹਿਸਲੋਪ:** ਵੀਰਵਾਰ, 29 ਜਨਵਰੀ ਨੂੰ, ਡੋਨਾਲਡ ਟਰੰਪ ਨੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਹਨ ਜਿਸ ਵਿੱਚ ਕਿਊਬਾ ਨੂੰ ਤੇਲ ਜਾਂ ਫਿਊਲ ਪ੍ਰਦਾਨ ਕਰਨ ਵਾਲੇ ਕਿਸੇ ਵੀ ਦੇਸ਼ ਉੱਤੇ ਟੈਰਿਫ ਲਾਉਣ ਦੀ ਧਮਕੀ ਦਿੱਤੀ ਗਈ ਹੈ। ਇਹ ਅਮਰੀਕਾ ਵੱਲੋਂ ਕਿਊਬਾ ਉੱਤੇ ਛੇ ਦਹਾਕਿਆਂ ਤੋਂ ਵੱਧ ਸਮੇਂ ਤੋਂ ਲਾਗੂ ਕੀਤੀਆਂ ਪਾਬੰਦੀਆਂ ਅਤੇ ਆਰਥਿਕ ਤੌਰ 'ਤੇ ਗਲਘੋਟੂ ਵਿਵਸਥਾ ਵਿੱਚ ਇੱਕ ਵੱਡਾ ਵਾਧਾ ਹੈ। ਸੰਭਵ ਤੌਰ 'ਤੇ ਇਹ ਕਿਊਬਾ ਵਿਰੁੱਧ ਹੁਣ ਤੱਕ ਲਿਆ ਗਿਆ ਸਭ ਤੋਂ ਗੰਭੀਰ ਕਦਮ ਹੈ।

ਅਸੀਂ ਜਾਣਦੇ ਹਾਂ ਕਿ ਹੁਣ ਤੱਕ, ਸਾਡੀ ਜਾਣਕਾਰੀ ਅਨੁਸਾਰ, ਕਿਊਬਾ ਵੱਲ ਕੋਈ ਤੇਲ ਸ਼ਿਪਮੈਂਟ ਨਹੀਂ ਜਾ ਰਹੀ, ਅਤੇ ਕਿਸੇ ਸ਼ਿਪਮੈਂਟ ਦੇ ਜਾਣ ਦੀ ਕੋਈ ਉਮੀਦ ਵੀ ਨਹੀਂ ਹੈ। ਮੈਕਸੀਕੋ ਦੀ ਸਰਕਾਰੀ ਤੇਲ ਕੰਪਨੀ ਪੇਮੈਕਸ (PEMEX), ਨੇ ਅਮਰੀਕਾ ਵੱਲੋਂ ਵੱਡੇ ਦਬਾਅ ਤੋਂ ਬਾਅਦ ਡਿਲਿਵਰੀਆਂ ਰੋਕ ਦਿੱਤੀਆਂ ਹਨ। ਜਦੋਂਕਿ 9 ਜਨਵਰੀ ਨੂੰ ਹਵਾਨਾ ਵਿੱਚ ਲਗਭਗ 85,000 ਤੋਂ 90,000 ਬੈਰਲ ਤੇਲ ਨਾਲ ਭਰਿਆ ਇੱਕ ਟੈਂਕਰ ਪਹੁੰਚਿਆ ਸੀ, ਪਰ ਉਸ ਤੋਂ ਬਾਅਦ ਮਹੀਨੇ ਦੇ ਅਗਲੇ ਹਿੱਸੇ ਵਿੱਚ ਭੇਜੀਆਂ ਜਾਣ ਵਾਲੀਆਂ ਸ਼ਿਪਮੈਂਟਾਂ ਰੱਦ ਕਰ ਦਿੱਤੀਆਂ ਗਈਆਂ ਸਨ। 26 ਜਨਵਰੀ ਨੂੰ ਬਲੂਮਬਰਗ ਨੇ ਰਿਪੋਰਟ ਕੀਤਾ ਸੀ ਕਿ ਕਊਬਾ ਵੱਲ ਜਾਣ ਵਾਲਾ ਇੱਕ ਟੈਂਕਰ ਵਾਪਸ ਮੁੜ ਗਿਆ ਸੀ, ਅਤੇ ਜਨਵਰੀ ਦੇ ਅਖੀਰ ਤੋਂ ਬਾਅਦ ਟਾਪੂ (ਕਿਊਬਾ) ਤੱਕ ਕੋਈ ਹੋਰ ਤੇਲ ਨਹੀਂ ਪਹੁੰਚਿਆ ਹੈ (ਹਾਲਾਂਕਿ ਮੈਕਸੀਕੋ ਸਰਕਾਰ ਨੇ ਕਿਹਾ ਹੈ ਕਿ ਉਹ ਅਮਰੀਕੀ ਦਬਾਅ ਦੇ ਬਾਵਜੂਦ ਆਪਣੇ ਤੇਲ ਸਪਲਾਈ ਕੰਟਰੈਕਟ ਨੂੰ ਕਾਇਮ ਰੱਖਣ ਦਾ ਇਰਾਦਾ ਰੱਖਦੀ ਹੈ)।

ਅਸੀਂ ਜਾਣਦੇ ਹਾਂ ਕਿ ਕਿਊਬਾ ਆਪਣੀਆਂ ਘਰੇਲੂ ਊਰਜਾ ਲੋੜਾਂ ਦਾ ਸਿਰਫ਼ 40 ਪ੍ਰਤੀਸ਼ਤ ਦੇ ਕਰੀਬ ਹੀ ਪੂਰਾ ਕਰ ਸਕਦਾ ਹੈ। ਇੰਨਾ ਹੀ ਉਹ ਅੰਦਰੂਨੀ ਤੌਰ 'ਤੇ ਉਤਪਾਦਨ ਕਰਦੇ ਹਨ। ਮੈਨੂੰ ਪਤਾ ਹੈ ਕਿ ਉਹ ਹਾਲ ਹੀ ਵਿੱਚ ਆਪਣਾ ਅੰਦਰੂਨੀ ਉਤਪਾਦਨ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਅਸੀਂ ਜਾਣਦੇ ਹਾਂ ਕਿ ਹੁਣ ਤੱਕ ਉਹਨਾਂ ਨੂੰ ਬਾਕੀ 60 ਪ੍ਰਤੀਸ਼ਤ ਹੋਰ ਦੇਸ਼ਾਂ ਤੋਂ ਆਯਾਤ ਕਰਨਾ ਪੈਂਦਾ ਹੈ। ਇਸ ਲਈ ਸਭ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਹ ਇੱਕ ਬੇਰਹਿਮ ਕਦਮ ਹੈ। ਇਸ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ, ਕਿਉਂਕਿ ਹਰ ਦੇਸ਼ ਨੂੰ ਤੇਲ ਦੀ ਲੋੜ ਹੁੰਦੀ ਹੈ। ਇਹ ਸਭ ਤੋਂ ਮੁੱਢਲੀਆਂ ਸੇਵਾਵਾਂ ਲਈ ਲੋੜੀਂਦਾ ਹੈ: ਹਸਪਤਾਲਾਂ, ਸਰਜਰੀਆਂ, ਇੰਕਿਊਬੇਟਰਾਂ, ਡਾਇਲਸਿਸ ਮਸ਼ੀਨਾਂ, ਰੈਫ੍ਰਿਜਰੇਸ਼ਨ, ਬਿਜਲੀ, ਪਾਣੀ ਸੈਨੀਟੇਸ਼ਨ, ਮਤਲਬ ਕਿ ਹਰ ਚੀਜ਼ ਲਈ। ਮੈਨੂੰ ਇਹ ਸਮਝਾਉਣ ਦੀ ਲੋੜ ਨਹੀਂ, ਪਰ ਕਿਊਬਾ ਨੂੰ ਤੇਲ ਚਾਹੀਦਾ ਹੈ, ਅਤੇ ਉਹ ਤੇਲ ਆਯਾਤ ਕਰਨ ਦੇ ਯੋਗ ਹੋਣੇ ਚਾਹੀਦੇ ਹਨ, ਅਤੇ ਅਮਰੀਕਾ ਨੇ ਇਸ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਹਨ। ਇਸ ਲਈ ਹੁਣ ਤੱਕ ਦੀ ਸਥਿਤੀ ਇਹ ਹੈ।

**ਰੌਬ ਕਰੂਕਸ:** ਮੈਨੂੰ ਲੱਗਦਾ ਹੈ ਕਿ ਤੁਸੀਂ ਨਤੀਜਿਆਂ ਨੂੰ ਵਧੀਆ ਤਰੀਕੇ ਨਾਲ ਸਮਝਾਇਆ ਹੈ, ਕਿਉਂਕਿ ਬਹੁਤ ਸਾਰੇ ਲੋਕ ਸੋਚ ਸਕਦੇ ਹਨ, "ਓ, ਤੇਲ ਨਹੀਂ ਹੈ ਤਾਂ ਉਹ ਮੋਟਰ-ਗੱਡੀਆਂ ਨਹੀਂ ਚਲਾ ਸਕਦੇ", ਜੋ ਕਿ ਆਪਣੇ ਆਪ ਵਿੱਚ ਬਹੁਤ ਬੁਰਾ ਹੋਵੇਗਾ। ਤੁਸੀਂ ਵੱਖ ਵੱਖ ਥਾਂਵਾਂ 'ਤੇ ਖਾਣਾ ਨਹੀਂ ਪਹੁੰਚਾ ਸਕਦੇ, ਐਂਬੂਲੈਂਸਾਂ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਨਹੀਂ ਚਲਾ ਸਕਦੇ। ਪਰ ਉਨ੍ਹਾਂ ਨੂੰ ਆਪਣੀ ਬਿਜਲੀ ਗਰਿੱਡ ਨੂੰ ਚਲਾਉਣ ਲਈ ਤੇਲ ਚਾਹੀਦਾ ਹੈ। ਬਿਜਲੀ ਨਾ ਹੋਣ ਨਾਲ ਖਾਣਾ ਖਰਾਬ ਹੋ ਜਾਂਦਾ ਹੈ, ਹਸਪਤਾਲਾਂ ਲਈ ਊਰਜਾ ਨਹੀਂ ਰਹਿੰਦੀ। ਅਤੇ ਕਿਊਬਾ ਇਸ ਬਲੌਕੇਡ ਹੇਠ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਪੀੜਤ ਹੈ। 3 ਫਰਵਰੀ ਨੂੰ (ਅਮਰੀਕਾ ਦੇ ਪ੍ਰੈਜ਼ੀਡੈਂਟ) ਕੈਨੇਡੀ ਵੱਲੋਂ ਕਿਊਬਾ ਵਿਰੁੱਧ ਬਲੌਕੇਡ 'ਤੇ ਦਸਤਖਤ ਕਰਨ ਦੀ 64ਵੀਂ ਵਰ੍ਹੇਗੰਢ ਹੈ ਅਤੇ ਸੰਯੋਗ ਵਸ, ਇਹ ਹਫਤਾ ਕਿਊਬਾ ਵਿੱਚ ਸਭ ਤੋਂ ਠੰਡੇ ਹਫ਼ਤਿਆਂ ਵਿੱਚੋਂ ਇੱਕ ਲੱਗ ਰਿਹਾ ਹੈ। ਮੈਂ ਵੇਖਿਆ ਹੈ ਕਿ ਕੁਝ ਥਾਵਾਂ 'ਤੇ ਤਾਪਮਾਨ ਜ਼ੀਰੋ ਡਿਗਰੀ ਸੈਲਸੀਅਸ ਤੱਕ ਪਹੁੰਚ ਰਿਹਾ ਹੈ ਅਤੇ ਦੇਸ਼ ਪਹਿਲਾਂ ਹੀ ਬਲੌਕੇਡ ਕਾਰਨ ਰੋਜ਼ਾਨਾ ਬਲੈਕਆਊਟਾਂ ਨਾਲ ਜੂਝ ਰਿਹਾ ਹੈ, ਕਿਉਂਕਿ ਉਹ ਆਪਣੀ ਬਿਜਲੀ ਗਰਿੱਡ ਨੂੰ ਅਪਡੇਟ ਕਰਨ ਲਈ ਲੋੜੀਂਦੇ ਪਾਰਟਸ ਪ੍ਰਾਪਤ ਨਹੀਂ ਕਰ ਸਕਦੇ।

ਇਸ ਲਈ ਮੈਨੂੰ ਸੱਚਮੁੱਚ ਨਹੀਂ ਪਤਾ ਕਿ ਲੋਕ ਕਿਵੇਂ ਗਰਮ ਰਹਿ ਰਹੇ ਹਨ ਅਤੇ ਫਿਰ ਹੋਰ ਬਹੁਤ ਸਾਰੀਆਂ ਲੋੜਾਂ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਹੈ। ਮੈਂ ਅੱਜ ਇੱਕ ਲੇਖ ਪੜ੍ਹਿਆ ਜਿਸ ਵਿੱਚ ਕਿਹਾ ਗਿਆ ਸੀ ਕਿ ਕਿਊਬਾ ਦੀ ਸਰਕਾਰ ਨੇ ਉਨ੍ਹਾਂ ਲੋਕਾਂ ਦੇ ਘਰਾਂ ਵਿੱਚ, ਜਿਨ੍ਹਾਂ ਨੂੰ ਸੇਰੇਬ੍ਰਲ ਪਾਲਸੀ ਜਾਂ ਮਸਕੂਲਰ ਡਿਸਟ੍ਰੋਫੀ ਵਰਗੀਆਂ ਬੀਮਰੀਆਂ ਕਾਰਨ ਲਗਾਤਾਰ ਬਿਜਲੀ ਦੀ ਲੋੜ ਹੈ—ਜੋ ਲੋਕ ਜੀਵਨ ਬਚਾਉਣ ਵਾਲੀਆਂ ਮਸ਼ੀਨਾਂ 'ਤੇ ਨਿਰਭਰ ਹਨ-ਪੋਰਟੇਬਲ ਚਾਰਜਿੰਗ ਸਟੇਸ਼ਨ ਲਗਾਏ ਹਨ ਅਤੇ ਹਰੇਕ ਸਟੇਸ਼ਨ ਨਾਲ ਸੋਲਰ ਪੈਨਲ ਜੋੜਿਆ ਹੋਇਆ ਹੈ। ਇਹ ਟਰੰਪ ਪ੍ਰਸ਼ਾਸਨ ਦਾ ਇੱਕ ਬੇਰਹਿਮ, ਨਸਲਕੁਸ਼ੀ ਵਾਲਾ ਕਦਮ ਹੈ, ਪਰ ਕਿਊਬਾ ਦੀ ਸਰਕਾਰ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ ਤਾਂ ਜੋ ਸਭ ਤੋਂ ਨਿਤਾਣੇ ਲੋਕਾਂ 'ਤੇ ਪ੍ਰਭਾਵ ਨੂੰ ਜਿੰਨਾ ਸੰਭਵ ਹੋ ਸਕੇ ਉਨਾ ਘਟਾਇਆ ਜਾ ਜਾ ਸਕੇ।

**ਕੈਮ ਸਕਾਟ:** ਇਹ ਬਹੁਤ ਵੱਡੀ ਗੱਲ ਹੈ। ਉਹ ਘਰੇਲੂ ਸੋਲਰ ਹੱਲ ਬਹੁਤ ਸਾਰੇ ਲੋਕਾਂ ਲਈ ਜੀਵਨ ਅਤੇ ਮੌਤ ਦਾ ਮਾਮਲਾ ਹੋਣਗੇ ਅਤੇ ਇਹ ਆਮ ਪੱਧਰ 'ਤੇ ਸੋਲਰ ਦੇ ਵੱਡੇ ਸਵਾਲ ਵੱਲ ਅਤੇ ਅਸਲ ਵਿੱਚ ਕਿਹੜੀ ਮਦਦ ਆ ਰਹੀ ਹੈ ਵੱਲ ਲਿਜਾਂਦਾ ਹੈ। ਜਦੋਂ ਅਸੀਂ ਗੱਲ ਕਰਦੇ ਹਾਂ ਕਿ ਕਿਊਬਾ ਦੀ ਆਰਥਿਕਤਾ ਦੇ ਰੋਜ਼ਾਨਾ ਕੰਮ-ਕਾਰ ਲਈ ਤੇਲ ਕਿੰਨਾ ਜ਼ਰੂਰੀ ਹੈ ਤਾਂ ਇਹ ਨੋਟ ਕਰਨਾ ਸਹੀ ਹੈ ਕਿ ਕਿਊਬਾ ਦਾ ਊਰਜਾ ਖੇਤਰ ਵਿਸ਼ੇਸ਼ ਤੌਰ 'ਤੇ ਕਮਜ਼ੋਰ ਹੈ ਕਿਉਂਕਿ ਬਲੌਕੇਡ ਦੇ ਸਿੱਧੇ ਨਤੀਜੇ ਵਜੋਂ ਇਸ ਨੂੰ ਉਚਿਤ ਵਸੀਲੇ ਨਹੀਂ ਮਿਲੇ ਅਤੇ ਇਸ ਨੂੰ ਡਾਇਵਰਸੀਫਾਈ ਨਹੀਂ ਕੀਤਾ ਜਾ ਸਕਿਆ (ਭਾਵ ਇਸ ਵਿੱਚ ਊਰਜਾ ਦੇ ਵੱਖ ਵੱਖ ਤਰੀਕੇ ਨਹੀਂ ਸਥਾਪਤ ਕੀਤੇ ਗਏ)।

ਕਿਊਬਾ ਅਜੇ ਵੀ 1970ਵਿਆਂ ਦੇ ਸੋਵੀਅਤ-ਕਾਲ ਦੀ ਬਿਜਲੀ ਗਰਿੱਡ 'ਤੇ ਨਿਰਭਰ ਹੈ ਜੋ ਤੇਲ ਨਾਲ ਚੱਲਦੀ ਹੈ। ਇਸ ਵਿੱਚ ਕਦੇ ਵੀ ਉਸ ਤਰ੍ਹਾਂ ਦਾ ਤਬਦੀਲੀ ਨਹੀਂ ਕੀਤੀ ਗਈ ਜਿਸ ਤਰ੍ਹਾਂ ਅਸੀਂ ਹੋਰ ਥਾਵਾਂ 'ਤੇ ਵੇਖਿਆ ਹੈ, ਉਦਾਹਰਨ ਵਜੋਂ ਅਮਰੀਕਾ ਵਿੱਚ ਬਿਜਲੀ ਉਤਪਾਦਨ ਲਈ ਨੈਚੁਰਲ ਗੈਸ ਦੀ ਵਰਤੋਂ ਵੱਲ ਜਾਣਾ। 21ਵੀਂ ਸਦੀ ਦੇ ਮਿਆਰਾਂ ਅਨੁਸਾਰ, ਇਹ ਪੁਰਾਣਾ ਬੁਨਿਆਦੀ ਢਾਂਚਾ ਹੈ ਅਤੇ ਇਸ ਨੂੰ ਚੱਲਦਾ ਰੱਖਣ ਲਈ ਤੇਲ ਦੀ ਲਗਾਤਾਰ ਸਪਲਾਈ ਦੀ ਲੋੜ ਹੈ। ਪਿਛਲੇ ਸਾਲ (ਤੇਲ ਦੀਆਂ) ਬਹੁਤ ਘੱਟ ਗੰਭੀਰ ਥੁੜਾਂ ਅਤੇ ਹੁਰੇਕੇਨ ਮਿਲੀਸਾ ਦੇ ਅਸਰਾਂ ਦੀ ਲੜੀ (ਕਾਸਕੇਡਿੰਗ ਇਫੈਕਟਸ) ਕਾਰਨ ਲਗਾਏ ਗਏ ਬਿਜਲੀ ਕੱਟਾਂ (ਬਲੈਕਆਊਟਸ) ਦੌਰਾਨ ਸੋਲਰ ਪੈਨਲਾਂ ਦੇ ਸੰਬੰਧ ਵਿੱਚ ਚੀਨੀ ਮਦਦ ਬਾਰੇ ਕੁਝ ਸੱਚਮੁੱਚ ਉਤਸ਼ਾਹਜਨਕ ਖ਼ਬਰਾਂ ਆਈਆਂ ਸਨ। ਕਿਊਬਾ ਵਿੱਚ 2027 ਤੱਕ 90 ਦੇ ਕਰੀਬ ਸੋਲਰ ਪਾਰਕ ਬਣਾਉਣ ਬਾਰੇ ਗੱਲ ਕੀਤੀ ਜਾ ਰਹੀ ਸੀ। ਇਹ ਇੱਕ ਵੱਡਾ ਫਾਇਦਾ ਹੋਵੇਗਾ ਅਤੇ ਇਹ ਉਨ੍ਹਾਂ ਦੀ ਲੰਬੇ ਸਮੇਂ ਦੀ ਵਾਤਾਵਰਣ ਯੋਜਨਾਬੰਦੀ ਨਾਲ ਮੇਲ ਖਾਂਦਾ ਹੈ—ਪਰ ਇਹ ਉਸ ਤਰ੍ਹਾਂ ਦਾ ਤਕਨੀਕੀ ਵਾਧਾ (ਰੈਟਰੋਫਿਟ) ਨਹੀਂ ਹੈ ਜਿਸ ਨੂੰ ਤਿੰਨ ਹਫ਼ਤਿਆਂ ਦੇ ਬਚਦੇ ਤੇਲ ਨਾਲ ਕੀਤਾ ਜਾ ਸਕੇ।

**ਰੌਬ ਕਰੂਕਸ:** ਅਤੇ ਟਰੰਪ ਇਸ ਆਦੇਸ਼ ਵਿੱਚ ਕਿਊਬਾ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਕਹਿੰਦਾ ਹੈ—ਕੋਈ ਵੀ ਇਸ ਨੂੰ ਨਹੀਂ ਮੰਨਦਾ। ਪਹਿਲਾਂ ਇਹ ਦਾਅਵੇ ਸਨ ਕਿ ਚੀਨ ਨੇ ਕਿਊਬਾ ਵਿੱਚ ਜਾਸੂਸੀ ਅੱਡੇ (ਬੇਸ) ਬਣਾਏ ਹਨ, ਹੁਣ ਇਹ ਹੈ ਕਿ ਰੂਸ ਨੇ ਜਾਸੂਸੀ ਅੱਡੇ (ਬੇਸ) ਬਣਾਏ ਹਨ। ਇੱਥੋਂ ਤੱਕ ਕਿ ਅਸੀਂ ਇਹ ਵੀ ਵੇਖਿਆ ਹੈ ਕਿ ਕੁਝ ਰਿਪੋਰਟਾਂ ਵਿੱਚ ਹਵਾਨਾ ਸਿੰਡਰੋਮ ਦੀ ਕਹਾਣੀ ਨੂੰ ਵਾਪਸ ਲਿਆਂਦਾ ਜਾ ਰਿਹਾ ਹੈ। ਇਹ ਹਾਸੋਹੀਣੀ ਗੱਲ ਹੈ। ਹੁਣ ਟਰੰਪ ਕਹਿ ਰਿਹਾ ਹੈ ਕਿ ਕਿਊਬਾ ਜ਼ਿਆਦਾ ਸਮਾਂ ਨਹੀਂ ਟਿਕੇਗਾ। ਰੂਬੀਓ ਖੁੱਲ੍ਹਮ-ਖੁੱਲ੍ਹਾ ਕਹਿ ਰਿਹਾ ਹੈ, "ਅਸੀਂ ਕਿਊਬਾ ਵਿੱਚ ਸੱਤਾ ਦੀ ਤਬਦੀਲੀ ਵੇਖਣਾ ਚਾਹੁੰਦੇ ਹਾਂ, "ਭਾਵੇਂ ਕਿ ਸੈਨੇਟ ਨੇ ਰਸਮੀ ਤੌਰ 'ਤੇ ਸੱਤਾ ਦੀ ਤਬਦੀਲੀ ਦੀ ਨਿੰਦਾ ਕੀਤੀ ਹੈ। ਅਤੇ ਮਾਰੀਆ ਏਲਵੀਰਾ ਸਲਾਜ਼ਾਰ ਕਹਿ ਰਹੀ ਹੈ ਕਿ ਉਸ ਨੂੰ ਪਰਵਾਹ ਨਹੀਂ ਜੇ ਬੱਚੇ ਅਤੇ ਮਾਵਾਂ ਮਰ ਜਾਂਦੀਆਂ ਹਨ, ਕਿਉਂਕਿ ਉਹ ਦੁੱਖ ਕਿਸੇ ਵੱਡੇ ਭਲੇ ਲਈ ਕੰਮ ਆਵੇਗਾ। ਉਹ ਜਾਣਦੇ ਹਨ ਕਿ ਇਹ ਕਦਮ ਕਿੰਨਾ ਘਾਤਕ ਹੋਵੇਗਾ। ਉਹ ਸਿਰਫ਼ ਚੁੜੇਲਾਂ ਹਨ।

ਨਿਰਸੰਦੇਹ ਇਹ ਨਿਕੋਲਸ ਮਾਦੂਰੋ ਦੇ




**3 ਜਨਵਰੀ 2026 ਨੂੰ ਕਿਊਬਾ ਦੀ ਰਾਜਧਾਨੀ ਹਵਾਨਾ ਵਿੱਚ ਵੈਨੇਜ਼ੁਇਲਾ ਦੇ ਹੱਕ ਵਿੱਚ ਮੁਜ਼ਾਹਰਾ ਕਰ ਰਹੇ ਕਿਊਬਾ ਦੇ ਲੋਕ**

ਅਗਵਾ ਤੋਂ ਬਾਅਦ ਵਾਪਰਿਆ ਹੈ। ਕਿਊਬਾ ’ਤੇ ਹਮਲਾ ਕਰਨ ਦੀ ਕੋਸ਼ਿਸ਼ ਵਿੱਚ ਅਮਰੀਕਾ ਦਾ ਬਹੁਤ ਮਾੜਾ ਰਿਕਾਰਡ ਹੈ—ਉਹ ਹਰ ਵਾਰ ਅਸਫਲ ਰਹੇ ਹਨ—ਪਰ ਕਿਊਬਾ ਕਿਸੇ ਵੀ ਸੰਭਾਵਨਾ ਨੂੰ ਰੱਦ ਨਹੀਂ ਕਰਦਾ। ਮੈਂ ਐਸੋਸੀਏਟਿਡ ਪ੍ਰੈੱਸ ਦਾ ਇੱਕ ਲੇਖ ਪੜ੍ਹਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਇਹ ਪਹਿਲਾਂ ਹੀ ਅਮਰੀਕਾ ਅਤੇ ਵੀਅਤਨਾਮ ਦੇ ਸਬੰਧਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਜਿੱਥੇ ਅੰਦਰੂਨੀ ਦਸਤਾਵੇਜ਼ਾਂ ਵਿੱਚ ਵੈਨੇਜ਼ੂਏਲਾ ਵਿੱਚ ਜੋ ਹੋਇਆ ਹੈ ਅਤੇ ਕਿਊਬਾ ਨਾਲ ਜੋ ਹੋ ਰਿਹਾ ਹੈ ਨੂੰ ਦੇਖਦਿਆਂ ਅਮਰੀਕਾ ਨੂੰ ਇਕ (ਵੀਅਤਨਾਮ ਲਈ) ਇਕ ਖਤਰੇ ਵਜੋਂ ਦੇਖਿਆ ਗਿਆ ਹੈ। ਭਾਵੇਂਕਿ ਦੋਹਾਂ ਦੇਸ਼ਾਂ ਵਿਚਕਾਰ ਵਪਾਰਕ ਸਮਝੌਤੇ ਹਨ ਅਤੇ ਕੁਝ ਤਰੀਕਿਆਂ ਨਾਲ ਉਹ ਇਕ ਦੂਜੇ ਦੇ ਸਹਿਯੋਗੀ ਹਨ, ਫਿਰ ਵੀ ਵੀਅਤਨਾਮੀ ਸਰਕਾਰ ਇਸ ਸੰਬੰਧ ਵਿੱਚ ਚੌਕਸੀ ਵਰਤ ਰਹੀ ਹੈ। ਕੈਰੇਬੀਅਨ ਅਤੇ ਲਾਤੀਨੀ ਅਮਰੀਕਾ ਵਿੱਚ ਜੋ ਕੁੱਝ ਵਾਪਰ ਰਿਹਾ ਹੈ, ਉਸ ਨੂੰ ਵੇਖਦਿਆਂ ਉਹ ਬਹੁਤ ਸਾਵਧਾਨ ਹਨ।

**ਸਮਾਨਥਾ ਹਿਸਲੋਪ**: ਅਮਰੀਕਾ ਹਰ ਉਸ ਕਦਮ ਨਾਲ ਹੌਸਲਾ ਪ੍ਰਾਪਤ ਕਰ ਰਿਹਾ ਹੈ ਜਿਸ ਲਈ ਇਸ ਨੂੰ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਇਹ ਇੱਕ ਕਾਰਨ ਹੈ ਜਿਸ ਕਰਕੇ ਕਿਊਬਾ ਇੰਨਾ ਮਹੱਤਵਪੂਰਨ ਹੈ: ਜੇ ਕਿਊਬਾ ਨਾਲ ਕੁਝ ਵਾਪਰਦਾ ਹੈ, ਤਾਂ ਪੂਰੀ ਦੁਨੀਆ—ਸਿਰਫ਼ ਖੇਤਰ ਹੀ ਨਹੀਂ - ਅਤੇ ਖਾਸ ਕਰਕੇ ਗਲੋਬਲ ਸਾਊਥ—ਇਸ ਨੂੰ ਵੇਖੇਗਾ। ਇਹ ਅੰਤਰਰਾਸ਼ਟਰੀ ਪੱਧਰ ’ਤੇ ਸਭ ਕੁਝ ਬਦਲ ਦੇਵੇਗਾ। ਪ੍ਰਭੂਸਤਾ (ਸੌਵਰਨਿਟੀ) ਦਾ ਅਰਥ ਖਤਮ ਹੋ ਜਾਵੇਗਾ, ਕਿਉਂਕਿ ਕਿਊਬਾ ਸੁਤੰਤਰਤਾ ਦਾ ਪ੍ਰਤੀਕ ਹੈ।

**ਕੈਮ ਸਕਾਟ**: ਅਤੇ ਇਹੀ ਕਾਰਨ ਹੈ ਕਿ ਕਾਰਜਕਾਰੀ ਆਦੇਸ਼ ਵਿੱਚ ਕਿਊਬਾ ਵੱਲੋਂ ਪੈਦਾ ਕੀਤੇ ਖ਼ਤਰੇ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਇੱਕ ਪਾਸੇ, ਸਾਨੂੰ ਇਸ ਬਣਾਵਟੀ ਖ਼ਤਰੇ ਦੀ ਪੂਰੀ ਤਰ੍ਹਾਂ ਨਿੰਦਾ ਕਰਨੀ ਚਾਹੀਦੀ ਹੈ। ਮਿਗੁਏਲ ਡਿਆਜ਼-ਕੈਨੇਲ ਅਤੇ ਬਹੁਤ ਸਾਰੇ ਹੋਰਾਂ ਨੇ ਬਹੁਤ ਸਪੱਸ਼ਟ ਤੌਰ ’ਤੇ ਕਿਹਾ ਹੈ ਕਿ ਕਿਊਬਾ ਅਮਰੀਕਾ ਲਈ ਇਸ ਕਾਰਜਕਾਰੀ ਆਦੇਸ਼ ਵਿੱਚ ਦੱਸੇ ਗਏ ਕਿਸੇ ਵੀ ਤਰੀਕੇ ਅਨੁਸਾਰ ਖ਼ਤਰਾ ਨਹੀਂ ਪੈਦਾ ਕਰਦਾ—ਪਰ ਸਾਨੂੰ ਆਪਸ ਵਿੱਚ ਇਮਾਨਦਾਰ ਹੋਣਾ ਚਾਹੀਦਾ ਹੈ।

ਕਿਊਬਾ ਆਪਣੇ ਛੋਟੇ ਆਕਾਰ ਦੇ ਬਾਵਜੂਦ ਅਮਰੀਕਾ ਦੀ ਵਿਸ਼ਵ ਅਭਿਲਾਸ਼ਾ (ਗਲੋਬਲ ਐਂਬੀਸ਼ਨ) ਲਈ ਇੱਕ ਗੰਭੀਰ ਅੜਿੱਕਾ ਪੈਦਾ ਕਰਦਾ ਹੈ, ਕਿਉਂਕਿ ਇਹ ਅਮਰੀਕਾ ਦੀ ਸਰਦਾਰੀ ਵਿਰੋਧੀ ਅਤੇ ਸਿਸਟਮ ਵਿਰੋਧੀ ਨੈਟਵਰਕ ਵਿੱਚ ਇਕ ਕੇਂਦਰੀ ਬਿੰਦੂ ਹੈ। ਅਮਰੀਕਾ ਨੇ ਇਹਨਾਂ ਪ੍ਰੋਜੈਕਟਾਂ ਨੂੰ ਸੋਵੀਅਤ ਯੂਨੀਅਨ ਵਿੱਚ ਵਾਪਰੇ ਉਲਟ ਇਨਕਲਾਬ ਤੋਂ ਹੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਗੁੱਟ-ਨਿਰਲੇਪ ਲਹਿਰ ਦਾ ਹਿੱਸਾ ਰਹੇ ਕਈ ਦੇਸ਼ਾਂ ਨੂੰ ਦੁਬਾਰਾ ਬਸਤੀਆਂ ਬਣਾਉਣ ਜਾਂ ਨਵ-ਬਸਤੀਆਂ ਬਣਾਉਣ ਦੇ ਯਤਨ ਕੀਤੇ ਹਨ। ਇਸ (ਕਿਊਬਾ) ਨੇ ਨਾ ਸਿਰਫ ਇਹਨਾਂ ਪ੍ਰੋਜੈਕਟਾਂ ਨੂੰ ਆਪਣੇ ਖੇਤਰ ਵਿੱਚ ਲਾਗੂ ਕੀਤਾ ਹੈ, ਸਗੋਂ ਇਸ ਨੇ ਇਕ ਲੋਕਤੰਤਰੀ, ਨਿਰਪੱਖ, ਮਾਨਵੀ, ਯੋਜਨਾਬੱਧ ਆਰਥਿਕਤਾ (ਪਲੈਨਡ ਇਕਾਨਮੀ) ਦੀ ਦ੍ਰਿਸ਼ਟੀ ਨੂੰ ਵੀ ਉਜਾਗਰ ਕੀਤਾ ਹੈ। ਇਸ ਹਿਸਾਬ ਨਾਲ ਇਹ ਇੱਕ ਵਿਚਾਰਧਾਰਕ ਖ਼ਤਰਾ ਹੈ, ਘੱਟੋ-ਘੱਟ ਅਮਰੀਕਾ ਲਈ।

ਉਹ ਖਾਸ ਦੋਸ਼ ਜਿਨ੍ਹਾਂ ਕਰਕੇ ਅਮਰੀਕਾ ਨੇ ਕਿਊਬਾ ਨੂੰ ਦਹਿਸ਼ਤਵਾਦ ਨੂੰ ਸਪਾਂਸਰ ਕਰਨ ਵਾਲੇ ਦੇਸ਼ਾਂ ਦੀ ਸੂਚੀ (ਸਟੇਟ ਸਪਾਂਸਰਜ਼ ਆਫ ਟੈਰਰਿਜ਼ਮ ਲਿਸਟ) ਵਿੱਚ ਰੱਖਿਆ ਹੈ-ਉਹ ਇਸ ਦੇ ਕੋਲੰਬੀਆ, ਫਲਸਤੀਨ ਅਤੇ ਹੋਰ ਦੇਸ਼ਾਂ ਨਾਲ ਸਬੰਧਾਂ ਨਾਲ ਸੰਬੰਧਿਤ ਹਨ। ਅਸਲ ਵਿੱਚ ਇਹ ਇਸ ਦੇ ਅੰਤਰਰਾਸ਼ਟਰੀ ਸਬੰਧਾਂ ਦੀ ਗਲਤ ਪੇਸ਼ਕਾਰੀ ਹੈ। ਸਭ ਤੋਂ ਸਰਲ ਵਿਆਖਿਆ ਇਹ ਹੈ ਕਿ ਅਮਰੀਕਾ ਖੇਤਰ ਨੂੰ ਪੂਰੀ ਤਰ੍ਹਾਂ ਕਬਜ਼ੇ ਵਿੱਚ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਕਿਊਬਾ ਸ਼ਾਇਦ ਉਸ ਦ੍ਰਿਸ਼ਟੀ ਵਿਰੁੱਧ ਮੁੱਖ ਕਿਲ੍ਹਾ ਹੈ।

ਸਾਨੂੰ ਇਸ ਪੂਰੇ ਬਲੌਕੇਡ ਦੇ ਅਸਰਾਂ ਦੀ ਕਲਪਨਾ ਕਰਨੀ ਚਾਹੀਦੀ ਹੈ-ਇਹ ਫਲਸਤੀਨ ਦੀ ਆਜ਼ਾਦੀ ਦੀ ਲਹਿਰ ਤੋਂ ਬਾਅਦ ਹੋ ਰਿਹਾ ਹੈ, ਜਦੋਂ ਦੁਨੀਆ ਗਾਜ਼ਾ ਵਿੱਚ ਭੁੱਖ ਨੂੰ ਹਥਿਆਰ ਵਜੋਂ ਵਰਤੇ ਜਾਣ ਨੂੰ ਭਿਆਨਕ ਨਜ਼ਰ ਨਾਲ ਵੇਖ ਰਹੀ ਹੈ ਅਤੇ ਫਿਰ ਵੀ, ਜਦੋਂ ਕਿਊਬਾ ਦੇ ਲੋਕਾਂ ਦੇ ਸੱਜੇ-ਪੱਖੀ ਆਊਟਲੈੱਟ ਵੀ ਇਸ ਨੂੰ ਸਮੂਹਿਕ ਸਜ਼ਾ ਕਹਿ ਰਹੇ ਹਨ, ਜਦੋਂ ਉਹ ਇਹ ਕਹਿ ਰਹੇ ਹਨ ਕਿ ਇਹ ਕਿਊਬਾ ਦੇ ਸਾਰੇ ਲੋਕਾਂ ਨੂੰ ਕੁਚਲ ਦੇਵੇਗਾ, ਤਾਂ ਉਸ ਅਸਲੀਅਤ ਦੇ ਵਾਪਰਨ ਵਿੱਚ ਕਿੰਨਾ ਸਮਾਂ ਲੱਗੇਗਾ?

ਕਾਰਲੋਸ ਜਿਮੇਨੇਜ਼ ਵਰਗਾ ਵਿਅਕਤੀ ਇੱਕ ਪੂਰਨ ਗੱਦਾਰ ਹੈ। ਉਸ ਦਾ ਪਰਿਵਾਰ ਬਾਤਿਸਤਾ ਅਧੀਨ ਧਨੀ ਜ਼ਮੀਨ ਮਾਲਕ ਸੀ ਅਤੇ ਉਹ ਫਲੋਰੀਡਾ ਦੇ ਉਨ੍ਹਾਂ ਨੁਮਾਇੰਦਿਆਂ ਵਿੱਚੋਂ ਇੱਕ ਹੈ ਜੋ ਆਪਣੇ ਲੋਕਾਂ ਦਾ ਗਲ ਘੁੱਟਣ ਦਾ ਵਾਅਦਾ ਕਰ ਰਹੇ ਹਨ। ਜਦੋਂ ਉਹ ਸ਼ਰੇਆਮ ਇਹ ਕਹਿ ਰਿਹਾ ਹੈ ਕਿ ਕਿਊਬਾ ਲਈ ਕੋਈ ਆਕਸੀਜਨ ਨਹੀਂ ਹੋਵੇਗੀ ਤਾਂ ਅਸੀਂ ਤੁਰੰਤ ਵੇਖ ਸਕਦੇ ਹਾਂ ਕਿ ‘ਲੋਕਾਂ’ ਦੀ ਸੂਝ ਕਿਸ ਤਰ੍ਹਾਂ ਜਮਾਤ ਦੇ ਅਧਾਰ ’ਤੇ ਵੰਡੀ ਜਾਂਦੀ ਹੈ। ਇਹ ਵੱਧ ਤੋਂ ਵੱਧ ਨਿੰਦਣਯੋਗ ਹੈ। ਅਤੇ ਫਿਰ ਉਹ ਅਗਾਂਹ ਕਿਊਬਾ ਵਿੱਚ ਹਰ ਕਿਸੇ ਨੂੰ ਕਹਿੰਦਾ ਹੈ— ਜਹਾਜ਼ ’ਤੇ ਚੜ੍ਹੋ, ਘਰ ਆ ਜਾਉ। ਸਾਰੇ ਸੈਲਾਨੀਆਂ ਨੂੰ ਚਲੇ ਜਾਣਾ ਚਾਹੀਦਾ ਹੈ, ਕਿਉਂਕਿ ਹਾਲ ਬਹੁਤ ਬੁਰਾ ਹੋਣ ਵਾਲਾ ਹੈ।

**ਰੌਬ ਕਰੂਕਸ**: ਅੰਬੈਸੀਆਂ ਵੀ — ਯੂਰਪੀਅਨ ਮਿਸ਼ਨਾਂ ਵਿੱਚ ਲੋਕਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਹੁਣੇ ਨਿਕਲ ਜਾਣ ਜਦੋਂ ਨਿਕਲਣਾ ਸੰਭਵ ਹੈ। ਜਦੋਂ ਤੁਸੀਂ ਇਹ ਕਹਿੰਦੇ ਹੋ, ਤਾਂ ਤੁਸੀਂ ਜਾਣਦੇ ਹੋ ਕਿ ਤੁਸੀਂ ਕੀ ਕਰ ਰਹੇ ਹੋ, ਤੁਸੀਂ ਬਿਲਕੁਲ ਜਾਣਦੇ ਹੋ ਕਿ ਤੁਸੀਂ ਕੀ ਹਾਸਲ ਕਰਨਾ ਚਾਹੁੰਦੇ ਹੋ।

**ਕੈਮ ਸਕਾਟ**: ਇਹ ਪਾਤਰ ਮੇਰੇ ਲਈ ਚਿੰਤਾ ਦਾ ਕਾਰਨ ਹਨ। ਮੈਨੂੰ ਪਤਾ ਹੈ ਕਿ ਅਸੀਂ ਉਹਨਾਂ ਸੱਜੇ ਪੱਖੀ ਲੈਜਿਸਲੇਟਰਾਂ ਦੀ ਸੂਚੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਜੋ ਕਿਊਬਾ ਵਿਰੋਧੀ ਲਾਬੀ ਦਾ ਹਿੱਸਾ ਹਨ। ਮੇਰਾ ਵਿਸ਼ਵਾਸ ਹੈ ਕਿ ਇਸ ਕ੍ਰਮ ਵਿੱਚ ਉਹਨਾਂ ਵੱਲ ਘੱਟ ਧਿਆਨ ਦਿੱਤਾ ਗਿਆ ਹੈ ਕਿਉਂਕਿ ਟਰੰਪ ਦਾ ਚਰਿੱਤਰ ਇਕ ਧਾਕੜ, ਭਾੜੇ ਦੇ ਟੱਟੂ ਵਾਲੇ ਵਿਅਕਤੀ ਦਾ ਚਰਿੱਤਰ ਹੈ - ਪਰ ਉਹ ਇਨ੍ਹਾਂ ਸਖਤ ਅਤੇ ਕਰੂਰ (ਹਾਰਡਕੋਰ, ਸੈਡਿਸਟਿਕ) ਲੋਕਾਂ ਵੱਲੋਂ ਚਲਾਇਆ ਜਾ ਰਿਹਾ ਹੈ ਜਿਨ੍ਹਾਂ ਦੀ ਪੂਰੀ ਸਿਆਸੀ ਜ਼ਿੰਦਗੀ ਕਿਊਬਾ ਨੂੰ ਕੁਚਲਣ ਦੇ ਲੇਖੇ ਲੱਗੀ ਹੋਈ ਹੈ ਅਤੇ ਉਹ ਦਹਾਕਿਆਂ ਤੋਂ ਇਸ ਪ੍ਰੋਗਰਾਮ ਨੂੰ ਡਿਜ਼ਾਈਨ ਕਰ ਰਹੇ ਹਨ।

ਮੈਂ ਕੁਝ ਲੋਕਾਂ ਨੂੰ ਵੇਖਿਆ ਹੈ ਜਿਨ੍ਹਾਂ ਦਾ ਆਸ਼ਾਵਾਦ ਇਕਜੁਟਤਾ ਦੀਆਂ ਲਹਿਰਾਂ (ਸੌਲੀਡੈਰੇਟੀ ਮੂਵਮੈਂਟਸ) ਜਾਂ ਕਿਊਬਾ ਦੇ ਲੋਕਾਂ ਦੀ ਅਸਾਧਾਰਣ ਮਜ਼ਬੂਤੀ ਨਾਲ ਨਹੀਂ ਜੁੜਿਆ ਹੋਇਆ। ਉਹ ਉਮੀਦ ਕਰਦੇ ਹਨ ਕਿ ਟਰੰਪ ਆਪਣਾ ਮਨ ਬਦਲ ਲਵੇਗਾ; ਉਹ ਰੋਜ਼ਾਨਾ ਬਦਲਦਾ ਹੈ। ਇਹ ਬਹੁਤ ਉਦਾਸੀਨ ਚੀਜ਼ ਹੈ। ਮੇਰੇ ਵਿਚਾਰ ਵਿੱਚ। ਉਸ ਨੇ ਸਾਨੂੰ ਸਾਰਿਆਂ ਨੂੰ ਅਜਿਹੇ ਅਨਿਯਮਿਤ ਵਿਵਹਾਰ ਨਾਲ ਅਸੰਵੇਦਨਸ਼ੀਲ ਬਣਾ ਦਿੱਤਾ ਹੈ। ਪਰ ਮੈਨੂੰ ਲੱਗਦਾ ਹੈ ਕਿ ਇਹ ਵੱਖਰਾ ਹੋ ਸਕਦਾ ਹੈ, ਕਿਉਂਕਿ ਟਰੰਪ ਇਸ ਕ੍ਰਮ ਦਾ ਚਾਲਕ (ਅਪਰੇਟਰ) ਨਹੀਂ ਹੈ। ਲੋਕਾਂ ਨੂੰ ਰੂਬੀਓ ਅਤੇ ਕਿਊਬਾ ਵਿਰੋਧੀ ਹਾਰਡਕੋਰ ਵਿਚਾਰਧਾਰਕਾਂ ਵੱਲ ਵੇਖਣਾ ਚਾਹੀਦਾ ਹੈ ਜੋ ਟਰੰਪ ਨੂੰ ਵਰਤ ਰਹੇ ਹਨ।

**ਸਮਾਨਥਾ ਹਿਸਲੋਪ**: ਤੁਸੀਂ ਇਸ ਨੂੰ ਉਸ ਪ੍ਰੈੱਸ ਕਾਨਫਰੰਸ ਵਿੱਚ ਵੇਖ ਸਕਦੇ ਹੋ ਜਿਸ ਵਿੱਚ ਉਨ੍ਹਾਂ ਨੇ ਕਾਰਜਕਾਰੀ ਆਦੇਸ਼ ਦਾ ਐਲਾਨ ਕੀਤਾ: ਉਹ ਤਿੰਨੇ ਵੀ ਉੱਥੇ ਸਨ—ਕਾਰਲੋਸ ਜਿਮੇਨੇਜ਼, ਮਾਰੀਆ ਏਲਵੀਰਾ ਸਲਾਜ਼ਾਰ, ਅਤੇ ਮਾਰੀਓ ਡਿਆਜ਼-ਬਾਲਾਰਟ। ਉਹ ਖੁਸ਼ ਹੋ ਰਹੇ ਸਨ, ਖੁਸ਼ੀ ਨਾਲ ਖੜ੍ਹੇ ਸਨ ਉਸ ਦੇ ਨਾਲ। ਅਤੇ ਉਹ ਹੋਰ ਲਾਬੀਇਸਟ—ਜੋ ਕੈਨੇਡਾ ਆਇਆ ਅਤੇ ਜਿਸ ਨੇ ਕੈਨੇਡੀਅਨ ਲੋਕਾਂ ਨੂੰ ਕਿਊਬਾ ਜਾਣ ਤੋਂ ਰੋਕਣ ਲਈ ਟੂਰ ਕੀਤਾ? ਅਸੈਂਬਲੀ ਆਫ ਕਿਊਬਨ ਰੈਜ਼ਿਸਟੈਂਸ ਲਾਬੀ ਗਰੁੱਪ ਦਾ ਓਰਲੈਂਡੋ ਗੁਟੀਏਰੇਜ਼-ਬੋਰੋਨਾਟ, ਉਹ ਵੀ ਉੱਥੇ ਸੀ ਅਤੇ ਉਹ ਖੁਸ਼ ਸੀ। ਉਹ ਲੰਬੇ ਸਮੇਂ ਤੋਂ ਇਸ ਬਾਰੇ ਕੰਮ ਕਰ ਰਹੇ ਹਨ। ਇਹ ਉਨ੍ਹਾਂ ਦੇ ਕੈਰੀਅਰ ਅਤੇ ਜੀਵਨ ਦੀ ਵੱਡੀ ਘਟਨਾ (ਹਾਈਲਾਈਟ) ਹੈ। ਕਿਸੇ ਨੂੰ ਵੀ ਟਰੰਪ ਤੋਂ ਇਸ ਬਾਰੇ ਮਨ ਬਦਲਣ ਦੀ ਉਮੀਦ ਨਹੀਂ ਕਰਨੀ ਚਾਹੀਦੀ।

**ਰੌਬ ਕਰੂਕਸ**: ਇੱਕ ਮਜ਼ੇਦਾਰ ਗੱਲ ਇਹ ਵੀ ਹੈ ਕਿ ਟਰੰਪ ਨੇ ਕਿਹਾ ਹੈ ਕਿ ਉਹ ਕਿਊਬਾ ਨਾਲ ‘ਡੀਲ’ ਕਰਨਾ ਚਾਹੁੰਦਾ ਹੈ। ਪਰ ਕਿਊਬਾ ਦੀ ਸਰਕਾਰ ਕਹਿੰਦੀ ਹੈ ਕਿ ਭਾਵੇਂ ਉਹ ਸੰਪਰਕ ਵਿੱਚ ਹਨ, ਪਰ ਉਹ ਕਿਸੇ ਡੀਲ ’ਤੇ ਵਿਚਾਰ ਨਹੀਂ ਕਰ ਰਹੇ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਦਾ ਆਖਰੀ ਸੰਪਰਕ ਮਾਈਕ ਹੈਮਰ ਰਾਹੀਂ ਸੀ, ਜੋ ਕਿਊਬਾ ਲਈ ਚਾਰਜ ਡੀ ਅਫੇਅਰ ਹੈ, ਜਿਸ ਨੇ ਕਿਊਬਾ ਵਿੱਚ ਚਰਚਾਂ ਵਿੱਚ ਕੁਝ ਜਨਤਕ ਸਮਾਗਮ ਕੀਤੇ—ਜਿੱਥੇ ਅਮਰੀਕਾ ਨੂੰ ਲੱਗਦਾ ਸੀ ਕਿ ਉਨ੍ਹਾਂ ਨੂੰ ਲੋਕਾਂ ਤੱਕ ਪਹੁੰਚਣ ਦਾ ਬਿਹਤਰ ਮੌਕਾ ਮਿਲੇਗਾ। ਪਰ ਉਸ ’ਤੇ ਹੋਕਰੇ ਮਾਰੇ ਗਏ- ਉਹ ਉਸ ਨੂੰ ਕਾਤਲ ਕਹਿ ਰਹੇ ਸਨ, ਸਾਮਰਾਜਵਾਦੀ ਕਹਿ ਰਹੇ ਸਨ ਅਤੇ ਅਮਰੀਕਾ ਨੇ ਇਸ ਨੂੰ “ਕਿਊਬਾ ਦੀ ਸਰਕਾਰ ਵੱਲੋਂ ਮਾਈਕ ਹੈਮਰ ’ਤੇ ਹਮਲੇ” ਵਜੋਂ ਪੇਸ਼ ਕੀਤਾ। ਸਭ ਤੋਂ ਤਾਜ਼ਾ ਅਪਡੇਟ ਜੋ ਮੈਂ ਵੇਖੀ ਹੈ ਉਹ ਇਹ ਹੈ ਕਿ ਕਿਊਬਾ ਦੀ ਸਰਕਾਰ ਨੇ ਅਮਰੀਕਾ ਨੂੰ ਭਰੋਸਾ ਦਿੱਤਾ ਹੈ ਕਿ ਮਾਈਕ ਹੈਮਰ ਸੁਰੱਖਿਅਤ ਰਹੇਗਾ ਅਤੇ ਉਹ ਉਸ ਨਾਲ ਕੁਝ ਵੀ ਨਹੀਂ ਵਾਪਰਨ ਦੇਣਗੇ।

**ਕੈਮ ਸਕਾਟ**: ਚਰਚਾਂ ਨੂੰ ਉਲਟ ਇਨਕਲਾਬੀ ਭਾਵਨਾ ਦੇ ਰਿਜ਼ਰਵ ਵਜੋਂ ਵਰਤੋਂ ਬਾਰੇ: ਇਹ ਕੁਝ ਹੱਦ ਤੱਕ ਸੱਚ ਹੈ। ਕਿਊਬਾ ਦੇ ਕੁਝ ਬਿਸ਼ਪ ਕਿਊਬਾ ਵਿੱਚ ਪਹਿਲਾਂ ਹੀ ਵੱਡੀਆਂ ਧਾਰਮਿਕ ਆਜ਼ਾਦੀਆਂ ਦੇ ਹੋਣ ਦੇ ਬਾਵਜੂਦ ਸੁਧਾਰਾਂ ਦੀ ਮੰਗ ਕਰ ਰਹੇ ਹਨ। ਪਰ ਚਰਚਾਂ—ਅਤੇ ਖਾਸ ਕਰਕੇ ਪੋਪ— ਅਮਰੀਕੀ ਵਾਧਿਆਂ ਅਤੇ ਇਸ ਪੂਰੇ ਬਲੌਕੇਡ ਵਿਰੁੱਧ ਮਜ਼ਬੂਤੀ ਨਾਲ ਖੜ੍ਹੇ ਹੋਏ ਹਨ। ਕਿਉਂਕਿ ਇਹ ਵਿਤਕਰਾ ਨਹੀਂ ਕਰੇਗਾ ਅਤੇ ਇਹ ਕਿਊਬਾ ਵਿੱਚ ਹਰ ਵਿਅਕਤੀ ’ਤੇ ਅਸਰ ਪਾਏਗਾ।

ਸਥਿਤੀ ਹੁਣ ਬਹੁਤ ਭਿਆਨਕ ਲੱਗ ਰਹੀ ਹੈ। ਮੈਕਸੀਕੋ ਵਿੱਚ ਕਲਾਉਡੀਆ ਸ਼ੀਨਬਾਉਮ ਨੇ ਦਾਅਵਾ ਕੀਤਾ ਹੈ ਕਿ ਤੇਲ ਦੀਆਂ ਸ਼ਿਪਮੈਂਟਾਂ ਰੋਕਣ ਦਾ ਫੈਸਲਾ ਇੱਕ ਖੁਦਮੁਖਤਾਰ (ਸੌਵਰਨ) ਫੈਸਲਾ ਸੀ। ਪਰ ਸਪੱਸ਼ਟ ਤੌਰ ’ਤੇ ਇਹ ਅਮਰੀਕਾ ਦੇ ਦਬਾਅ ਅਤੇ ਸਿੱਧੀ ਧਮਕੀ ਹੇਠ ਵਾਪਰਿਆ ਹੈ। ਮੈਕਸੀਕੋ ਨੇ ਉਸ ਤੋਂ ਬਾਅਦ ਮਨੁੱਖੀ ਮਦਦ ਭੇਜਣ ਦਾ ਵਾਅਦਾ ਕੀਤਾ ਹੈ ਅਤੇ, ਇੱਕ ਦਿਨ ਜਾਂ ਥੋੜ੍ਹਾ ਜਿਹਾ ਵੱਧ ਸਮਾਂ ਪਹਿਲਾਂ, ਸੰਭਾਵੀ ਮਨੁੱਖੀ ਤੇਲ ਸ਼ਿਪਮੈਂਟਾਂ ਭੇਜਣ ਦਾ ਵਾਅਦਾ। ਤਾਂ ਹੁਣ ਕੀ ਵਾਪਰੇਗਾ? ਇਸ ਬਲੌਕੇਡ ਨੂੰ ਤੋੜਨ—ਜਾਂ ਘੱਟੋ-ਘੱਟ ਇਸ ਦੇ ਪਾਸਿਓਂ ਦੀ ਲੰਘਣ ਲਈ ਕੀ ਕਰਨ ਦੀ ਲੋੜ ਹੈ?

**ਰੌਬ ਕਰੂਕਸ**: ਮੈਨੂੰ ਲੱਗਦਾ ਹੈ ਕਿ ਪਰਦੇ ਪਿੱਛੇ ਬਹੁਤ ਕੁਝ ਚੱਲ ਰਿਹਾ ਹੈ ਜੋ ਸਾਨੂੰ ਦਿਖਾਈ ਨਹੀਂ ਦੇ ਰਿਹਾ। ਆਮ ਤੌਰ ’ਤੇ, ਅੰਤਰਰਾਸ਼ਟਰੀ ਭਾਈਚਾਰਾ ਇਸ ਗੱਲ ਤੋਂ ਭੈਭੀਤ ਹੈ। ਸੰਯੁਕਤ ਰਾਸ਼ਟਰ ਵਿੱਚ, ਉਹ 1992 ਤੋਂ ਹਰ ਸਾਲ ਬਲੌਕੇਡ ਵਿਰੁੱਧ ਖੜ੍ਹੇ ਹੋਏ ਹਨ। ਇਸ ਸਮੇਂ, ਸਾਨੂੰ ਸਿਰਫ਼ ਸ਼ਬਦਾਂ ਤੋਂ ਵੱਧ ਦੀ ਲੋੜ ਹੈ। ਕਿਸੇ ਨੂੰ ਮੈਕਸੀਕੋ ਵਿੱਚ ਸ਼ੀਨਬਾਉਮ ਵਰਗਿਆਂ ਦੀ ਆਲੋਚਨਾ ਕਰਨਾ ਆਸਾਨ ਲੱਗ ਸਕਦਾ ਹੈ, ਪਰ ਮੈਨੂੰ ਲੱਗਦਾ ਹੈ ਕਿ ਉਹ ਅਮਰੀਕਾ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਹ ਕੀ ਕਰ ਸਕਦੇ ਹਨ— ਉਹ ਟੈਰਿਫਾਂ ਤੋਂ ਬਚਾਅ ਕਰਦਿਆਂ ਤੇਲ ਕਿਵੇਂ ਭੇਜ ਸਕਦੇ ਹਨ। ਇਹ ਸਮਰਪਣ (ਕੈਪੀਚੁਲੇਸ਼ਨ) ਵਰਗਾ ਲੱਗ ਸਕਦਾ ਹੈ। ਅਤੇ ਜੇ ਤੁਸੀਂ ਹੁਣ ਟਰੰਪ ਅੱਗੇ ਨਹੀਂ ਖੜ੍ਹੇ ਹੁੰਦੇ, ਤਾਂ ਕੀ ਹੋਵੇਗਾ? ਇਸ ਦੇ ਨਾਲ ਹੀ, ਮੈਕਸੀਕੋ ਵਲੋਂ ਅਮਰੀਕਾ ਦੀ ਮੰਡੀ ਵਿੱਚ ਭੇਜੇ ਜਾਂਦੇ ਮਾਲ ਦੀ ਮਾਤਰਾ ਅਨੁਸਾਰ ਮੈਕਸੀਕੋ ਉਨੇ ਟੈਰਿਫਾਂ ਨੂੰ ਝੱਲ ਨਹੀਂ ਸਕਦਾ ਜਿੰਨੇ ਟੈਰਿਫ ਲਾਉਣ ਦੀ ਟਰੰਪ ਧਮਕੀ ਦੇ ਰਿਹਾ ਹੈ। ਉਹ ਬਹੁਤ ਕਮਜ਼ੋਰ ਸਥਿਤੀ ਵਿੱਚ ਹਨ।

**ਸਮਾਨਤਾ ਹਿਸਲੌਪ**: ਪਰ ਹੋਰ ਦੇਸ਼ ਵੀ ਹਨ—ਕਿਊਬਾ ਦੇ ਕਥਿਤ ਇਤਿਹਾਦੀ (ਅਲਾਈਜ਼), ਬ੍ਰਿਕਸ (BRICS) ਮੈਂਬਰ— ਜਿਨ੍ਹਾਂ ਕੋਲ ਅਮਰੀਕਾ ਦੀਆਂ ਆਰਥਿਕ ਧਮਕੀਆਂ ਦਾ ਟਾਕਰਾ ਕਰਨ ਲਈ ਵਧੇਰੇ ਮਜ਼ਬੂਤੀ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਖੜ੍ਹੇ ਹੋਣਾ ਚਾਹੀਦਾ ਹੈ। ਇਕੱਠੇ ਹੋ ਕੇ ਜਵਾਬ ਦੇਣ ਦੀ ਲੋੜ ਹੈ। ਕੋਈ ਵੀ ਇੱਕਲਾ ਦੇਸ਼ ਬਹੁਤ ਕਮਜ਼ੋਰ ਹੈ, ਪਰ ਇਕੱਠੇ ਹੋ ਕੇ ਉਹ ਕੁਝ ਕਰ ਸਕਦੇ ਹਨ। ਜੇ ਦੇਸ਼, ਖਾਸ ਕਰਕੇ ਇਸ ਅਰਧ-ਗੋਲੇ (ਹੈਮੀਸਫੀਅਰ) ਸਭ ਤੋਂ ਵੱਡੀਆਂ ਆਰਥਿਕਤਾਵਾਂ ਵਾਲੇ ਦੇਸ਼, ਆਪਣੀਆਂ ਕਮਜ਼ੋਰੀਆਂ ਅਤੇ ਅਮਰੀਕਾ ਦੀ ਆਰਥਿਕਤਾ ਦੀਆਂ ਵਪਾਰਕ ਕਮਜ਼ੋਰੀਆਂ ਦੀ ਤੁਲਨਾ ਕਰਕੇ ਤਾਲਮੇਲ ਕਰਨ ਤਾਂ ਉਹਨਾਂ ਨੂੰ ਲੀਵਰੇਜ ਮਿਲ ਸਕਦਾ ਹੈ। ਮੈਂ ਵਪਾਰ ਦੀ ਮਾਹਰ ਨਹੀਂ ਹਾਂ ਅਤੇ ਬੇਸ਼ੱਕ ਇਸ ਨਾਲ ਨੌਕਰੀਆਂ ’ਤੇ ਅਸਰ ਪਵੇਗਾ— ਪਰ ਮੈਕਸੀਕੋ ਵੱਲੋਂ ਅਮਰੀਕਾ ਨੂੰ ਜੋ ਨਿਰਯਾਤ ਹੁੰਦਾ ਹੈ, ਉਦਾਹਰਨ ਵਜੋਂ ਆਟੋ ਸੈਕਟਰ ਵਿੱਚ, ਉਹ ਬਹੁਤ ਸਾਰਾ ਅਮਰੀਕਾ ਦੀਆਂ ਕਾਰਪੋਰੇਸ਼ਨਾਂ ਨੂੰ ਜਾਂਦਾ ਹੈ। ਇਸ ਲਈ ਸਿਰਫ਼ ਮੈਕਸੀਕੋ ਦੀਆਂ ਕੰਪਨੀਆਂ ਨੂੰ ਹੀ ਨੁਕਸਾਨ ਨਹੀਂ ਹੋਵੇਗਾ ਸਗੋਂ ਅਮਰੀਕਾ ਦੀਆਂ ਕਾਰਪੋਰੇਸ਼ਨਾਂ ਖੁਦ ਵੀ ਟੈਰਿਫਾਂ ਨਾਲ ਪ੍ਰਭਾਵਿਤ ਹੋਣਗੀਆਂ।

ਸਾਮਰਾਜਵਾਦ ਵੰਡੀਆਂ ਨਾਲ ਵਧਦਾ ਫੁਲਦਾ ਹੈ ਅਤੇ ਹੁਣ ਹਰ ਕੋਈ ਆਪਣੇ ਆਪ ਨੂੰ ਬਚਾਉਣ ਵਿੱਚ ਲੱਗਾ ਹੋਇਆ ਹੈ, ਅਟੱਲ ਨੂੰ ਟਾਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਤੁਸੀਂ ਅਗਲੇ ਨੰਬਰ ’ਤੇ ਹੋ। ਜੇ ਅਮਰੀਕਾ ਕਿਊਬਾ ਨਾਲ ਇਹ ਕਰ ਸਕਦਾ ਹੈ-ਸਭ ਤੋਂ ਟਿਕਾਊ, ਸੁਤੰਤਰ ਦੇਸ਼, ਜਿਸ ਨੇ ਇਨਕਲਾਬ ਤੋਂ ਬਾਅਦ ਸਭ ਤੋਂ ਵੱਧ ਇਕਜੁੱਟਤਾ (ਸੌਲੇਡੈਰਟੀ) ਅਤੇ ਅੰਤਰਰਾਸ਼ਟਰੀਤਾ ਵਿਖਾਈ ਹੈ-ਤਾਂ ਕਿਊਬਾ ਤੋਂ ਬਾਅਦ ਅਗਲੇ ਤੁਸੀਂ ਹੋ।

**ਰੌਬ ਕਰੂਕਸ**: ਇਹ ਦਿਲ ਨੂੰ ਛੂਹਣ ਵਾਲਾ ਹੈ, ਕਿਉਂਕਿ ਇਹ ਘਟਨਾ ਕਿਊਬਾ ਨਾਲ ਸ਼ੁਰੂ ਨਹੀਂ ਹੋਈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਵੈਨੇਜ਼ੂਏਲਾ ਨਾਲ ਸ਼ੁਰੂ ਹੋਈ ਸੀ ਅਤੇ ਫਿਰ ਹਵਾਨਾ ਨੂੰ ਤੇਲ ਸਪਲਾਈ ਕਰਨ ਵਾਲੇ ਕਿਸੇ ਵੀ ਦੇਸ਼ ’ਤੇ ਟੈਰਿਫਾਂ ਨਾਲ ਸਿ ?ਕੰਜਾ ਕੱਸਣ ਵੱਲ ਵਧੀ।

**ਸਮਾਨਤਾ ਹਿਸਲੌਪ**: ਉਹ ਕੈਰੇਬੀਅਨ ਵਿੱਚ ਕਿਸ਼ਤੀਆਂ ਨੂੰ ਉਡਾ ਰਹੇ ਸਨ, ਮਛੇਰਿਆਂ ਨੂੰ ਮਾਰ ਰਹੇ ਸਨ, ਬਿਨਾਂ ਕਿਸੇ ਨਤੀਜੇ ਦੇ ਡਰ ਤੋਂ ਅਤੇ ਇਸੇ ਲਈ ਉਨ੍ਹਾਂ ਨੇ ਫੈਸਲਾ ਕੀਤਾ ਕਿ ਠੀਕ ਹੈ ਅਸੀਂ ਵੈਨੇਜ਼ੂਏਲਾ ਵਿੱਚ ਵੀ ਇਹ ਕਰ ਸਕਦੇ ਹਾਂ। ਇਹ ਬਹੁਤ ਗਲਤ ਹੈ।

**ਕੈਮ ਸਕਾਟ**: ਵੈਨੇਜ਼ੂਏਲਾ ’ਤੇ ਹਮਲਿਆਂ ਨੇ ਕਿਊਬਾ ਦੇ ਮੁੱਖ ਤੇਲ ਸਪਲਾਇਰ ਦਾ ਗਲ ਘੁੱਟ ਦਿੱਤਾ, ਜਿਸ ਨੇ ਮੌਜੂਦਾ ਟੈਰਿਫ ਵਿਵਸਥਾ ਲਈ ਰਾਹ ਪੱਧਰਾ ਕੀਤਾ। ਇਹ ਡੋਮੀਨੋ (ਇਕ ਤੋਂ ਬਾਅਦ ਇਕ ਘਟਨਾਵਾਂ ਦੀ ਲੜੀ) ਵਰਗਾ ਹੈ। ਅਤੇ ਅਮਰੀਕਾ ਅਤੇ ਇਜ਼ਰਾਈਲ ਕਿਸ ਤਰ੍ਹਾਂ ਇਰਾਨ ਦੇ ਬਾਜ਼ਾਰ ਤੋਂ ਸ਼ੁਰੂ ਹੋਣ ਵਾਲੀਆਂ ਬਗਾਵਤਾਂ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰ ਸਕਦੇ ਹਨ, ਇਸ ਬਾਰੇ ਵੱਡੇ ਅਨੁਮਾਨਾਂ ਬਾਰੇ ਨਾ ਜਾਂਦਿਆਂ, ਇਹ ਸੰਯੋਗ ਨਹੀਂ ਕਿ ਇਰਾਨ, ਜੋ ਇਸ ਸਥਿਤੀ ਵਿੱਚ ਸੰਭਾਵੀ ਸਾਥੀ ਹੋ ਸਕਦਾ ਸੀ, ਹੁਣ ਇਸ ਸਥਿਤੀ ਤੋਂ ਬਾਹਰ ਹੈ।

ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਹੁਣ ਇਰਾਨ ਕਦੇ ਵੀ ਵੱਡਾ ਵਿਕਰੇਤਾ ਨਹੀਂ ਸੀ, ਕਿਉਂਕਿ ਸਾਨੂੰ ਬ੍ਰਿਕਸ ਵਿੱਚ ਇੱਕ ਤਰ੍ਹਾਂ ਦੀ ‘ਫੈਂਟਸੀ ਬੇਸਬਾਲ ਡਰਾਫਟ (ਮੇਜਰ ਲੀਗ ਬੇਸਬਾਲ ਵਿੱਚ ਖਿਡਾਰੀਆਂ ਨੂੰ ਡਰਾਫਟ ਕਰਨ ਦਾ ਇਕ ਅਮਲ)’ ਬਣਾਉਣ ਦੇ ਰੁਝਾਨ ਅਤੇ ਇਹ ਸਵਾਲ ਪੁੱਛਣ ਤੋਂ ਬਚਣਾ ਚਾਹੀਦਾ ਹੈ ਕਿ “ਬਾਕੀ ਸਾਰੇ ਦੇਸ਼ ਕਿੱਥੇ ਹਨ? ਉਹ ਤੇਲ ਕਿਉਂ ਨਹੀਂ ਭੇਜ ਰਹੇ? ਮੈਂ ਵੀ ਇਹ ਸੋਚ ਰਿਹਾ ਹਾਂ। ਮੈਂ ਸੋਚ ਰਿਹਾ ਹਾਂ, ਚੀਨ ਕੋਲ ਤੇਲ ਖੇਤਰ ਅਤੇ ਰਿਫਾਇਨਰੀਆਂ ਹਨ, ਪਰ ਇਹ ਵੱਡਾ ਤੇਲ-ਨਿਰਯਾਤ ਕਰਨ ਵਾਲਾ ਦੇਸ਼ ਨਹੀਂ ਹੈ; ਉਨ੍ਹਾਂ ਨੇ ਚੌਲ ਅਤੇ ਹੋਰ ਸਮੱਗਰੀ ਦੀ ਮਦਦ ਭੇਜੀ ਹੈ। ਬ੍ਰਾਜ਼ੀਲ ਇੱਕ ਤੇਲ-ਨਿਰਯਾਤ ਕਰਨ ਵਾਲਾ ਦੇਸ਼ ਹੈ ਅਤੇ ਕਹਿਣ ਨੂੰ ਕਿਊਬਾ ਦਾ ਇਤਿਹਾਦੀ ਹੈ ਅਤੇ ਖਾਣਿਆਂ ਦੀ ਸਪਲਾਈ ਦੇ ਮਾਮਲੇ ਵਿੱਚ ਇਸ ਦਾ ਵੱਡਾ ਵਪਾਰਕ ਸਾਥੀ ਹੈ। ਇਸ ਬਾਰੇ ਸੋਚਦਿਆਂ ਅਸੀਂ, ਕਾਹਲੀ ਵਿੱਚ ਫੈਸਲਾ ਕਰ ਸਕਦੇ ਹਾਂ, ਪਰ ਕਿਸੇ ਵੀ ਸਜ਼ਾਵਾਂ ਵਾਲੀ ਟੈਰਿਫ ਵਿਵਸਥਾ ਤੋਂ ਬਿਨਾਂ ਵੀ ਲੌਜਿਸਟਿਕ ਪ੍ਰਬੰਧ ਬਹੁਤ ਗੁੰਝਲਦਾਰ ਹੁੰਦੇ ਹਨ। ਇਸ ਨੂੰ ਇੱਕ ਰਾਤ ਵਿੱਚ ਬਣਾਉਣਾ ਬਹੁਤ ਮੁਸ਼ਕਲ ਹੈ। ਫਿਰ ਵੀ, ਜਦੋਂ ਅਸੀਂ ਜਨਵਰੀ 3 ਦੇ ਹਮਲਿਆਂ ਤੋਂ ਪਹਿਲਾਂ ਫੜੇ ਗਏ ਵੈਨੇਜ਼ੂਏਲੀ ਤੇਲ ਵਾਲੇ ਟੈਂਕਰ ਵੱਲ ਵੇਖਦੇ ਹਾਂ, ਮੈਨੂੰ ਯਕੀਨ ਹੈ ਕਿ ਉਹ ਇੱਕ ਈਰਾਨੀ ਜਹਾਜ਼ ਸੀ। ਇਸ ਲਈ ਤੁਸੀਂ ਵੇਖ ਸਕਦੇ ਹੋ ਕਿ ਇਹ ਸਾਰੀਆਂ ਘਟਨਾਵਾਂ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਪਰ ਦਿਖਾਵਾ ਇੰਨਾ ਅਸੰਗਤ ਹੈ।

**ਰੌਬ ਕਰੂਕਸ**: ਅਸੀਂ ਇਹ ਵੀ ਜਾਣਦੇ ਹਾਂ ਕਿ ਇਸ ਵੇਲੇ ਕੈਰੇਬੀਅਨ ਸਾਗਰ ਵਿੱਚ ਅਮਰੀਕੀ ਅਤੇ ਕੈਨੇਡੀਅਨ ਜਹਾਜ਼ ਹਨ, ਅਤੇ ਮੈਨੂੰ ਸੱਚਮੁੱਚ ਨਹੀਂ ਪਤਾ ਕਿ ਉਹ ਕੀ ਕਰ ਰਹੇ ਹਨ। ਕੈਨੇਡਾ ਸਰਕਾਰ ਦੀ ਵੈੱਬਸਾਈਟ ਅਨੁਸਾਰ ਐੱਚ ਸੀ ਐੱਮ ਐੱਸ ਯੈਲੋਨਾਈਫ ਡਰੱਗ ਤਸਕਰੀ ਵਿਰੁੱਧ ਲੜਨ ਲਈ ਉੱਥੇ ਹੈ। ਪਰ ਕੀ ਇਹ ਅਸਲ ਵਿੱਚ ਇਹ ਕਰ ਰਿਹਾ ਹੈ? ਕੀ ਉਹ ਕਿਊਬਾ ਵੱਲ ਜਾਣ ਵਾਲੀ ਕਿਸੇ ਵੀ ਵਸਤ ਵਿਰੁੱਧ ਬਲੌਕੇਡ ਵਜੋਂ ਕੰਮ ਕਰ ਰਹੇ ਹੋ ਸਕਦੇ ਹਨ? ਇਹ ਅਨੁਮਾਨ ਹੈ, ਪਰ ਜੇ ਅਜਿਹਾ ਹੈ, ਤਾਂ ਕੀ ਉਹੀ ਨਿਯਮ ਰੂਸੀ ਟੈਂਕਰ ’ਤੇ ਲਾਗੂ ਹੋਣਗੇ? ਤੁਸੀਂ ਗੱਲ ਕਰਦੇ ਹੋ ਕਿ ਅਮਰੀਕਾ ਹੁਣ ਇਰਾਨ ਨਾਲ ਰੁੱਝਿਆ ਹੋਇਆ ਹੈ; ਉਹ ਗ੍ਰੀਨਲੈਂਡ ਨੂੰ ਧਮਕਾ ਰਹੇ ਹਨ। ਕੀ ਅਮਰੀਕਾ ਬਹੁਤ ਵੱਡੀ ਜੰਗ ਲਈ ਤਿਆਰੀ ਕਰ ਰਿਹਾ ਹੈ? ਅਤੇ ਕੀ ਹੋਰ ਦੇਸ਼ ਇਹ ਵੇਖ ਕੇ ਫੈਸਲਾ ਕਰ ਰਹੇ ਹਨ ਕਿ ਉਹ ਉਸ ਅੱਗ ਨੂੰ ਭੜਕਾਉਣ ਵਾਲੀ ਚਿੰਗਾਰੀ ਨਹੀਂ ਬਣਨਾ ਚਾਹੁੰਦੇ?

****

ਇਹ ਵਿਚਾਰ ਚਰਚਾ ਮੂਲ ਰੂਪ ਵਿੱਚ 4 ਫਰਵਰੀ ਨੂੰ “ਇਨ ਡਿਫੈਂਸ ਆਫ ਦੀ ਰੈਵੋਲਿਊਸ਼ਨ” ਨਾਂ ਦੇ ਪੌਡਕਾਸਟ ਵਿੱਚ ਹੋਈ ਸੀ। ਕੈਨੇਡਾ ਸਰਕਾਰ ਨੂੰ ਭੇਜੀ ਜਾ ਰਹੀ ਪਟੀਸ਼ਨ ‘ਲੈਟ ਕਿਊਬਾ ਲਿਵ!- ਕਿਊਬਾ ਨੂੰ ਜੀਉਣ ਦਿਉ!’ ’ਤੇ ਦਸਤਖਤ ਕਰਨ ਲਈ ਇਸ ਲਿੰਕ ’ਤੇ ਜਾਉ: https://www.ourcommons.ca/petitions/en/Petition/Details...

ਕੈਮ ਸਕਾਟ ਵਿਨੀਪੈਗ, ਕੈਨੇਡਾ (ਟਰੀਟੀ 1 ਖੇਤਰ) ਦਾ ਇੱਕ ਲੇਖਕ ਅਤੇ ਆਰਗੇਨਾਈਜਰ ਹੈ ਉਹ ਕੈਨੇਡੀਅਨ ਨੈੱਟਵਰਕ ਆਨ ਕਿਊਬਾ (CNC) ਦੀ ਐਗਜ਼ੈਕਟਿਵ ਕਮੇਟੀ ਦਾ ਮੈਂਬਰ ਹੈ ਅਤੇ ਮੈਨੀਟੋਬਾ-ਕਿਊਬਾ ਸੌਲੀਡੈਰਿਟੀ ਕਮੇਟੀ ਦਾ ਮੈਂਬਰ ਵੀ ਹੈ।

ਸਮਾਨਥਾ ਹਿਸਲੋਪ ਕੈਨੇਡੀਅਨ ਨੈੱਟਵਰਕ ਆਨ ਕਿਊਬਾ (CNC) ਦੀ ਕੋ-ਚੇਅਰ ਹੈ ਅਤੇ ਟੋਰਾਂਟੋ ਵਿੱਚ ਕੈਨੇਡੀਅਨ-ਕਿਊਬਨ ਫਰੈਂਡਸ਼ਿਪ ਐਸੋਸੀਏਸ਼ਨ ਦੀ ਐਗਜ਼ੈਕਟਿਵ ਕਮੇਟੀ ਦੀ ਮੈਂਬਰ ਹੈ।

ਰੌਬ ਕਰੂਕਸ ਕੈਨੇਡੀਅਨ-ਕਿਊਬਾ ਫਰੈਂਡਸ਼ਿਪ ਐਸੋਸੀਏਸ਼ਨ-ਵੈਨਕੂਵਰ ਨਾਲ ਸੰਬੰਧਿਤ ਆਰਗੇਨਾਈਜ਼ਰ ਹੈ ਅਤੇ ਕੈਨੇਡੀਅਨ ਨੈੱਟਵਰਕ ਆਨ ਕਿਊਬਾ (CNC) ਦੀ ਐਗਜ਼ੈਕਟਿਵ ਕਮੇਟੀ ਦਾ ਮੈਂਬਰ ਹੈ।

## ਸ਼ਹਾਦਤਾਂ ਦੀ ਸ਼ਤਾਬਦੀ ਦੇ ਸੰਦਰਭ 'ਚ

# ਬੱਬਰ ਅਕਾਲੀ ਲਹਿਰ ਦੇ ਅਮੁੱਲੜੇ ਪੱਖ



-ਅਮੋਲਕ ਸਿੰਘ
98778-68710

ਬੱਬਰ ਅਕਾਲੀ ਲਹਿਰ, ਸਾਡੇ ਮੁਲਕ ਦੇ ਆਜ਼ਾਦੀ ਸੰਗਰਾਮ ਦੇ ਇਤਿਹਾਸ 'ਚ ਗ਼ਦਰ ਲਹਿਰ ਦਾ ਅਗਲਾ ਮਾਣ- ਮੱਤਾ ਵਰਕਾ ਹੈ। ਬੱਬਰ ਅਕਾਲੀ ਲਹਿਰ ਦੀ ਆਧਾਰਸ਼ਿਲਾ 1921-22 ਵਿੱਚ ਆਜ਼ਾਦੀ ਲਈ ਬਲਦੀ ਸ਼ਮ੍ਹਾਂ ਦੇ ਪਰਵਾਨੇ ਵੰਨ- ਸੁਵੰਨੇ ਚਕਰਵਰਤੀ ਜਥਿਆਂ ਦੇ ਜੋੜ ਮੇਲ ਨਾਲ ਰੱਖੀ ਗਈ।

ਇਸ ਲਹਿਰ ਅੰਦਰ 27 ਫਰਵਰੀ 1926 ਨੂੰ ਕੇਂਦਰੀ ਜੇਲ੍ਹ ਲਾਹੌਰ ਵਿਖੇ 6 ਬੱਬਰਾਂ ਨੂੰ ਫਾਂਸੀ ਲਾਏ ਜਾਣ ਦੀ ਇਤਿਹਾਸਿਕ ਘਟਨਾ ਕਾਰਨ ਇਹ ਵਰ੍ਹਾ (2026), ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਦਾ ਵਰ੍ਹਾ ਹੈ। 27 ਫਰਵਰੀ 1926 ਨੂੰ ਬੱਬਰ ਅਕਾਲੀ ਲਹਿਰ ਦੇ ਛੇ ਦੇਸ਼ ਭਗਤਾਂ ਨੂੰ ਇੱਕੋ ਵੇਲੇ ਕੇਂਦਰੀ ਜੇਲ੍ਹ ਲਾਹੌਰ ਵਿੱਚ ਫਾਂਸੀ ਲਗਾਇਆ ਗਿਆ। ਇਹ ਛੇ ਬੱਬਰ ਸਨ, ਕਿਸ਼ਨ ਸਿੰਘ ਗੜਗੱਜ ਪਿੰਡ ਬਿਣਗਾਂ (ਨੇੜੇ ਜਲੰਧਰ ਛਾਉਣੀ), ਨੰਦ ਸਿੰਘ ਘੁੜਿਆਲ (ਹੁਸ਼ਿਆਰਪੁਰ), ਸੰਤਾ ਸਿੰਘ ਹਰਿਓਂ ਖੁਰਦ (ਲੁਧਿਆਣਾ), ਦਲੀਪ ਸਿੰਘ ਧਾਮੀਆ (ਹੁਸ਼ਿਆਰਪੁਰ), ਧਰਮ ਸਿੰਘ ਹਿਆਤਪੁਰ ਰੁੜਕੀ (ਹੁਸ਼ਿਆਰਪੁਰ), ਕਰਮ ਸਿੰਘ ਮਾਣਕੋ (ਜਲੰਧਰ)। ਇਹਨਾਂ ਬੱਬਰਾਂ ਦੀਆਂ ਮ੍ਰਿਤਕ ਦੇਹਾਂ ਪਹਿਲਾਂ ਲਾਹੌਰ ਕੇਂਦਰੀ ਜੇਲ੍ਹ ਗੇਟ ਤੇ ਵਾਰਸਾਂ ਹਵਾਲੇ ਕਰਨ ਲਈ ਬਰਤਾਨਵੀ ਹਕੂਮਤ ਨੂੰ ਮਜਬੂਰ ਹੋਣਾ ਪਿਆ ਜਦ ਕਿ ਪਹਿਲਾਂ ਵਾਰਸਾਂ ਨੂੰ ਲਾਸ਼ਾਂ ਨਾ ਦੇਣ ਦੇ ਯਤਨ ਵੀ ਚੱਲਦੇ ਰਹੇ। ਅਖ਼ੀਰ ਲਾਹੌਰ ਤੋਂ 7 ਕਿਲੋਮੀਟਰ ਦੇ ਕਰੀਬ ਦੂਰ ਰਾਵੀ ਦੇ ਕੰਢੇ ਤੇ ਸਥਿਤ ਰਾਮੂ ਦੇ ਬਾਗ ਵਿਚਲੇ ਸ਼ਮਸ਼ਾਨ ਘਾਟ ਵਿੱਚ ਇਕੋ ਅੰਗੀਠੇ 'ਚ ਰੱਖ ਕੇ ਛੇਆਂ ਦਾ ਸਸਕਾਰ ਕੀਤਾ ਗਿਆ।

ਅਗਲੇ ਵਰ੍ਹੇ ਇਸੇ ਹੀ ਦਿਨ 27 ਫਰਵਰੀ 1927 ਨੂੰ ਲਾਹੌਰ ਕੇਂਦਰੀ ਜੇਲ੍ਹ ਦੇ ਅੰਦਰ ਹੀ ਤਿੰਨ ਤਿੰਨ ਬੱਬਰਾਂ ਦੇ ਦੋ ਜੁੱਟ ਬਣਾ ਕੇ ਛੇ ਹੋਰ ਬੱਬਰਾਂ ਨੂੰ ਫਾਂਸੀ ਤੇ ਲਟਕਾਇਆ ਗਿਆ। ਇਹਨਾਂ ਵਿੱਚ ਨਿੱਕਾ ਸਿੰਘ ਪਿੰਡ ਗਿੱਲ (ਲੁਧਿਆਣਾ), ਮੁਕੰਦ ਸਿੰਘ ਜਵੱਦੀ ਕਲਾਂ (ਲੁਧਿਆਣਾ), ਬੰਤਾ ਸਿੰਘ (ਲੁਧਿਆਣਾ), ਸੁੰਦਰ ਸਿੰਘ ਲਹੁਕਾ (ਅੰਮ੍ਰਿਤਸਰ), ਗੁੱਜਰ ਸਿੰਘ ਢੈਪਈ (ਲੁਧਿਆਣਾ) ਅਤੇ ਨਿੱਕਾ ਸਿੰਘ ਆਲੂਵਾਲ (ਅੰਮ੍ਰਿਤਸਰ) ਸ਼ਾਮਿਲ ਸਨ। ਇਹਨਾਂ ਛੇ ਬੱਬਰਾਂ ਦਾ ਸਸਕਾਰ ਵੀ ਲਾਹੌਰ ਤੋਂ ਸੱਤ ਕਿਲੋਮੀਟਰ ਦੂਰ ਰਾਵੀ ਕੰਢੇ ਸਥਿਤ ਉਸੇ ਰਾਮੂੰਵਾਲਾ ਬਾਗ ਵਿਚਲੇ ਸ਼ਮਸ਼ਾਨ ਘਾਟ ਵਿੱਚ ਲੋਕਾਂ ਅਤੇ ਪਰਿਵਾਰਾਂ ਨੇ ਇਕੋ ਅੰਗੀਠੇ ਤੇ ਸਜਾ ਕੇ ਸਸਕਾਰ ਕੀਤਾ, ਜਿੱਥੇ ਇੱਕ ਸਾਲ ਪਹਿਲਾਂ ਛੇ ਬੱਬਰਾਂ ਦਾ ਸੰਸਕਾਰ ਕੀਤਾ ਸੀ।

ਸ਼ਹਾਦਤਾਂ ਦੀ ਸ਼ਤਾਬਦੀ ਦਾ ਵਰ੍ਹਾ, ਬੱਬਰ ਅਕਾਲੀ ਲਹਿਰ ਦੀ ਇਤਿਹਾਸਿਕ ਪ੍ਰਸੰਗਿਕਤਾ ਜਾਨਣ ਸਮਝਣ ਲਈ ਇਸ ਦੇ ਅਮੁੱਲੜੇ ਸਬਕ ਪ੍ਰੇਰਨਾ ਦਾਇਕ ਹਨ। ਬੱਬਰ ਅਕਾਲੀ ਲਹਿਰ 1921 ਤੋਂ 1930 ਅਤੇ 1931 ਤੋਂ 1944 ਦੇ ਵੰਨ-ਸੁਵੰਨੇ ਸੁਵੰਨੇ ਪੜਾਵਾਂ ਵਿੱਚੀਂ ਗੁਜ਼ਰਦਾ ਲਾਸਾਨੀ ਕੁਰਬਾਨੀਆਂ ਭਰਿਆ ਇਤਿਹਾਸ ਹੈ।

ਇਸ ਲਹਿਰ ਦੀ ਪਿੱਠ ਭੂਮੀ 'ਚ ਗ਼ਦਰ ਲਹਿਰ ਹੈ ਅਤੇ ਇਸਦਾ ਅਗਲਾ ਲੜ ਕਿਰਤੀ ਕਿਸਾਨ ਲਹਿਰ ਨਾਲ ਜੁੜਿਆ ਹੈ। ਪੰਜਾਬ ਅੰਦਰ ਵਾਪਰੇ ਨਨਕਾਣਾ ਸਾਹਿਬ ਦੇ ਸਾਕੇ, ਬਰਤਾਨਵੀ ਹਕੂਮਤ ਵਿਰੁੱਧ ਲੱਗੇ ਮੋਰਚੇ ਅਤੇ ਆਜ਼ਾਦੀ ਸੰਗਰਾਮ ਦੀਆਂ ਹੋਰ ਲਹਿਰਾਂ ਦੀ ਖੁਸ਼ਬੋ ਵੀ ਇਸ ਲਹਿਰ ਵਿੱਚ ਸਮੋਈ ਹੋਈ ਹੈ। ਇਸ ਲਹਿਰ ਦੀ ਇਤਿਹਾਸਿਕ ਸਮੀਖਿਆ ਟੁਕੜੀਆਂ 'ਚ ਕਰਨ ਦੀ ਬਜਾਏ ਆਜ਼ਾਦੀ ਸੰਗਰਾਮ ਦੇ ਟੇਢੇ ਮੇਢੇ ਵੰਨ-ਸੁਵੰਨੇ ਸਫ਼ਰ ਦੀਆਂ ਅੰਤਰ-ਸਬੰਧਤ ਕੜੀਆਂ ਨਿਰਖ਼ਦੇ ਹੋਏ ਅਸੀਂ ਹੋਰ ਵੀ ਸਾਰਥਕ ਅਤੇ ਸਾਵੇਂ ਇਤਿਹਾਸਕ ਨਤੀਜੇ ਹਾਸਲ ਕਰ ਸਕਦੇ ਹਾਂ।

1913-15 ਦੇ ਦੌਰ ਵਿੱਚ ਜਦੋਂ ਗ਼ਦਰ ਲਹਿਰ ਉੱਪਰ ਚੌਤਰਫਾ ਹੱਲਾ ਬੋਲ ਕੇ ਉਸ ਨੂੰ ਬਰਤਾਨਵੀ ਹਕੂਮਤ ਅਤੇ ਉਸਦੇ ਹਿੱਤਾਂ ਦੀ ਪੂਰਤੀ 'ਚ ਲੱਗੀਆਂ ਦੇਸੀ ਤਾਕਤਾਂ ਨੇ ਸੱਟ ਮਾਰਨ ਲਈ ਫਾਂਸੀਆਂ, ਜਾਨ ਲੇਵਾ ਸਜ਼ਾਵਾਂ, ਜ਼ੁਬਾਨਬੰਦੀ ਕਰਨ ਅਤੇ ਇੱਕ ਤੋਂ ਬਾਅਦ ਦੂਜੇ ਕਾਲੇ ਕਾਨੂੰਨ ਮੜ੍ਹਨ ਦੇ ਹੱਲੇ ਬੋਲੇ ਤਾਂ ਅਖ਼ੀਰ ਨੂੰ ਇਹ ਸਭ ਕੁਝ ਬਰਤਾਨਵੀ ਹਕੂਮਤ ਨੂੰ ਮਹਿੰਗਾ ਪਿਆ। ਲੋਕਾਂ ਅੰਦਰ ਬੇਚੈਨੀ ਅਤੇ ਰੋਹ ਦਾ ਵਧਾਰਾ ਹੋਇਆ। ਇਸ ਰੋਹ ਦੇ ਮਿੱਟੀ ਵਿੱਚ ਸਮੋਏ ਬੀਜ਼ ਸਮਾਂ ਪੈਣ ਤੇ ਜੋ ਪਹਿਲਾਂ ਅੰਕੁਰ ਰੂਪ ਵਿੱਚ ਸਨ ਫਿਰ ਤਿੱਖੇ ਰੋਹ- ਫੁਟਾਰੇ ਬਣ ਕੇ ਬੱਬਰ ਅਕਾਲੀ ਲਹਿਰ ਦੇ ਰੂਪ ਵਿੱਚ ਸਾਹਮਣੇ ਆਏ।

ਬੱਬਰ ਅਕਾਲੀ ਲਹਿਰ ਦੇ ਪੂਰਵ ਕਾਲ ਸਮੇਂ ਪੰਜਾਬ ਦੀ ਮਿੱਟੀ ਦੇ ਸੀਨੇ ਅੰਦਰ ਚਿਰਾਂ ਤੋਂ ਸੁਲਘ ਰਹੇ ਅਜਿਹੇ ਛੋਟੇ ਵੱਡੇ ਜਵਾਲਾਂ ਮੁਖੀਆਂ ਨੇ ਵਿਸਫੋਟਕ ਰੂਪ ਧਾਰਨ ਕੀਤਾ। ਬੱਬਰ ਅਕਾਲੀ ਲਹਿਰ ਦੇ ਸੂਰਮੇ ਕਈ ਥਾਈਂ ਸਿੱਧੀਆਂ ਟੱਕਰਾਂ ਤੇ ਉੱਤਰ ਆਏ। ਲੋਕ ਰੋਹ ਦੇ ਜਵਾਰ ਭਾਟਿਆਂ ਵਿੱਚੋਂ ਜਨਮੀ ਬੱਬਰ ਅਕਾਲੀ ਲਹਿਰ ਨੂੰ ਲੋਕਾਂ ਨਾਲ ਘਿਓ ਖਿਚੜੀ ਹੋਣ ਤੋਂ ਰੋਕਣ ਅਤੇ ਨਿਖੇੜਨ ਲਈ ਹਕੂਮਤ ਨੇ ਕੂੜ ਪ੍ਰਚਾਰ ਦੀ ਹਨੇਰੀ ਝੁਲਾ ਦਿੱਤੀ।

ਗ਼ਦਰੀ ਦੇਸ਼ ਭਗਤਾਂ ਨੂੰ ਫਾਂਸੀ ਦੇ ਤਖ਼ਤੇ ਤੇ ਲਟਕਾ ਦੇਣ, ਅੰਡੇਮਾਨ ਨਿਕੋਬਾਰ ਵਰਗੇ ਕਾਲੇ ਪਾਣੀ ਦੇ ਖੇਤਰਾਂ ਦੀਆਂ ਜੇਲ੍ਹਾਂ ਅੰਦਰ ਉਮਰ ਭਰ ਸੜਨ ਮਰਨ ਲਈ ਡੱਕ ਦੇਣ ਦੀਆਂ ਹਿਰਦੇਵੇਦਕ ਘਟਨਾਵਾਂ ਦੇ ਸੀਨੇ ਵਿੱਚੋਂ ਫੁੱਟੀ ਬੱਬਰ ਅਕਾਲੀ ਲਹਿਰ ਨੇ ਵਿਦਰੋਹੀ ਪ੍ਰਗਟਾਵੇ ਦਾ ਆਪਣੀ ਕਿਸਮ ਦਾ ਹੀ ਰੂਪ ਅਖ਼ਤਿਆਰ ਕੀਤਾ। ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਮੁਲਕ ਦੀ ਆਜ਼ਾਦੀ, ਕਾਲੇ ਕਾਨੂੰਨ ਰੱਦ ਕਰਨ, ਹੱਕੀ ਜੱਦੋਜਹਿਦ ਦਾ ਹੱਕ ਲੈਣ ਲਈ ਕਿਸੇ ਨਾ ਕਿਸੇ ਰੂਪ ਵਿੱਚ ਬਰਤਾਨਵੀ ਨੀਤੀਆਂ ਖ਼ਿਲਾਫ਼ ਸਰਗਰਮੀਆਂ ਦੀਆਂ ਧੁਖ਼ਦੀਆਂ ਚਿੰਗਾੜੀਆਂ ਦਾ ਜਾਰੀ ਰੂਪ ਹੈ ਬੱਬਰ ਅਕਾਲੀ ਲਹਿਰ। ਲੋਕਾਂ ਦੀਆਂ ਸੋਚਾਂ ਦੇ ਧੁਰ ਅੰਦਰ ਨਾਬਰੀ ਅਤੇ ਪ੍ਰਤੀਰੋਧ ਦੇ ਤਿੱਖੇ ਵਿਸਫੋਟਕ ਪ੍ਰਗਟਾਵੇ ਦੇ ਰੂਪ ਵਿੱਚ ਸਾਹਮਣੇ ਆਈ ਬੱਬਰ ਅਕਾਲੀ ਲਹਿਰ।

1919 ਦੇ ਪੰਜਾਬ ਅੰਦਰ ਵਾਪਰੀਆਂ ਘਟਨਾਵਾਂ ਵਿੱਚੋਂ ਸਾਫ ਦੇਖਿਆ ਜਾ ਸਕਦਾ ਹੈ ਕਿ ਬਰਤਾਨਵੀ ਹਕੂਮਤ ਖ਼ਿਲਾਫ਼ ਕਿਤੇ ਨਾ ਕਿਤੇ ਹਰ ਰੋਜ਼ ਲੋਕਾਂ ਦੀ ਪ੍ਰਤੀਕਿਰਿਆ ਸੜਕਾਂ ਤੇ ਦਿਖਾਈ ਦਿੰਦੀ ਹੈ। ਲੋਕ ਮਨਾਂ ਅੰਦਰ ਚਿਰਾਂ ਦੀ ਉਸਲ ਵੱਟੇ ਲੈਂਦੀ ਬੇਚੈਨੀ, ਰੋਸ ਅਤੇ ਨਾਬਰੀ ਦੀਆਂ ਭਾਵਨਾਵਾਂ ਨਾਲ ਨੱਕੋ ਨੱਕ ਭਰਿਆ ਜਨ ਸੈਲਾਬ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਵਿੱਚ ਸਾਹਮਣੇ ਆਇਆ। ਜਲ੍ਹਿਆਂਵਾਲਾ ਬਾਗ ਅੰਦਰ ਕੀਤੀ ਗੋਲੀਆਂ ਦੀ ਵਰਖਾ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ।

ਗ਼ਦਰ ਲਹਿਰ ਦੀ ਕਹਾਣੀ ਅੱਗੇ ਤੁਰਦੀ ਗਈ। ਜਲ੍ਹਿਆਂਵਾਲਾ ਬਾਗ ਦੀ ਹਿਰਦੇ ਛਲਣੀ ਕਰਨ ਵਾਲੀ ਕਹਾਣੀ ਦੀਆਂ ਨਵੇਂ ਰੂਪਾਂ ਵਿੱਚ ਲਹੂ ਰੱਤੀ ਮਿੱਟੀ ਵਿਚੋਂ ਕਰੂੰਬਲਾਂ ਫੁੱਟਣ ਲੱਗੀਆਂ। ਬਰਤਾਨਵੀ ਹਕੂਮਤ ਦੇ ਪੱਖੀਆਂ ਅਤੇ ਉਸਤੋਂ ਆਜ਼ਾਦੀ ਪਾਉਣ ਲਈ ਜੂਝਦੇ ਲੋਕਾਂ ਵਿੱਚ ਨਿਖੇੜੇ ਦੀ ਲੀਕ ਹੋਰ ਗੂਹੜੀ ਹੋਣ ਲੱਗੀ।

ਬਰਤਾਨਵੀ ਹੁਕਮਰਾਨਾਂ ਦੇ ਥਾਪੜਿਆਂ ਨਾਲ ਸਾਜੇ ਨਿਵਾਜ਼ੇ ਧਾਰਮਿਕ ਸਥਾਨਾਂ ਅਤੇ ਰਾਜਨੀਤਿਕ ਥੜਿਆਂ ਦੇ ਆਗੂਆਂ ਨੇ ਜਲ੍ਹਿਆਂਵਾਲਾ ਵਾਲਾ ਬਾਗ ਦੀ ਖ਼ੂਨੀ ਵਿਸਾਖੀ ਦੇ ਮੁਜ਼ਰਿਮਾਂ ਨੂੰ ਅਰੂੜ ਸਿੰਘ ਵਰਗਿਆਂ ਨੇ ਅਕਾਲ ਤਖ਼ਤ ਤੇ ਬੁਲਾ ਕੇ ਸਰੋਪੇ ਭੇਂਟ ਕੀਤੇ ਅਤੇ ਸੁੰਦਰ ਸਿੰਘ ਮਜੀਠੀਆ ਵਰਗਿਆਂ ਨੇ ਪ੍ਰੀਤੀ ਭੋਜਨ ਪਰੋਸਿਆ। ਲੋਕ ਪਹਿਲਾਂ ਹੀ ਗੁੱਸੇ ਨਾਲ ਭਰੇ ਭੀਤੇ ਸਨ। ਬਰਤਾਨਵੀ ਸਾਮਰਾਜਵਾਦ ਦੇ ਤਖ਼ਤ ਦੇ ਪਾਵੇ ਮਜਬੂਤ ਕਰਨ ਵਾਲੀਆਂ ਭਾਂਤ ਸੁਭਾਤੀਆਂ ਤਾਕਤਾਂ ਖ਼ਿਲਾਫ਼ ਜੂਝਣ ਵਾਲੀ ਬੱਬਰ ਅਕਾਲੀ ਲਹਿਰ ਦੇ ਅਮੁੱਲੜੇ ਇਤਿਹਾਸਕ ਵਰਕਿਆਂ ਨੂੰ ਗੌਰ ਨਾਲ ਅਧਿਐਨ ਕਰਨ ਦੀ ਲੋੜ ਹੈ। ਜਾਤ ਪਾਤੀ ਅਤੇ ਫਿਰਕੇ ਦਰਾਨਾ ਸਭਨਾਂ ਲੋਕ-ਦੋਖੀ ਵੰਡੀਆਂ ਤੋਂ ਉੱਪਰ ਉੱਠ ਕੇ ਧਰਮ- ਨਿਰਪੱਖਤਾ, ਸਾਂਝੀਵਾਲਤਾ ਅਤੇ ਜਮਹੂਰੀਅਤ ਦੀਆਂ ਨੀਹਾਂ ਤੇ ਅੱਗੇ ਤੋਰਨ ਦੀ ਲੋੜ ਹੈ। ਬੱਬਰ ਅਕਾਲੀ ਲਹਿਰ ਵਿੱਚ ਕਿੰਨੇ ਹੀ ਅਮਰੀਕਾ, ਕੈਨੇਡਾ ਤੋਂ ਪਰਤੇ ਹੋਏ ਸਨ। ਉਹ ਕਿਸੇ ਨਾ ਕਿਸੇ ਰੂਪ ਵਿੱਚ ਗ਼ਦਰ ਲਹਿਰ ਤੋਂ ਪ੍ਰਭਾਵਿਤ ਸਨ। ਕਿੰਨੇ ਹੀ ਬਰਤਾਨਵੀ ਫੌਜ ਵਿੱਚੋਂ ਫ਼ਰਾਰ ਹੋ ਕੇ ਇਸ ਲਹਿਰ ਦੇ ਸੰਗੀ ਸਾਥੀ ਬਣੇ ਸਨ।

ਜ਼ਿਕਰਯੋਗ ਹੈ ਕਿ ਅੱਜ ਜਦੋਂ ਖਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ (ਕਨੇਡਾ) ਦੀ ਦੇਖ ਰੇਖ ਹੇਠ ਗੁਰਦੁਆਰਾ ਸਾਹਿਬ ਲੋਕਾਂ ਨੂੰ ਬਾਬਾ ਨਾਨਕ ਦੇ ਸਾਂਝੀਵਾਲਤਾ ਦੇ ਮਾਰਗ ਨਾਲ ? ਜੋੜਨ ਲਈ ਯਤਨਸ਼ੀਲ ਹੈ। ਇਸ ਪਿੱਛੇ ਇੱਕ ਸ਼ਾਨਦਾਰ ਇਤਿਹਾਸ ਦੀ ਊਰਜਾ ਪ੍ਰੇਰਨਾ ਦਾ ਸੋਮਾ ਹੈ, ਕਰਮ ਸਿੰਘ ਦੌਲਤਪੁਰ ਵਰਗੇ ਮਹਾਨ ਦੇਸ਼ ਭਗਤਾਂ ਦੀ ਅਮਿੱਟ ਕੁਰਬਾਨੀ ਅਤੇ ਦੂਰਦ੍ਰਿਸ਼ਟੀ। ਕਰਮ ਸਿੰਘ ਦੌਲਤਪੁਰ ਨੇ ਕੋਈ ਪੌਣੇ ਚਾਰ ਏਕੜ ਜ਼ਮੀਨ ਆਪਣੇ ਵਤਨ ਦੀ ਆਜ਼ਾਦੀ ਲਹਿਰ ਵਿੱਚ ਤਨ ਮਨ ਧਨ ਸਭ ਕੁਝ ਨਿਛਾਵਰ ਕਰਨ ਦਾ ਫੈਸਲਾ ਕਰਨ ਵੇਲੇ ਇਹ ਕਹਿ ਕੇ ਦਿੱਤੀ ਕਿ ਜੇਕਰ ਅਸੀਂ ਆਪਣੀ ਜਿੰਦ ਲੇਖੇ ਲਾ ਦਿੱਤੀ ਤਾਂ ਇਹ ਭੋਇੰ ਲੋਕਾਂ ਦੇ ਸਾਂਝੇ ਕਾਜ਼ ਲਈ ਵਰਤ ਲੈਣੀ। ਇਹ ਕਿਨੇ ਵਿਸ਼ਾਲ ਇਰਾਦੇ ਦੇ ਮਾਲਕ ਸਨ। ਅੱਜ ਵੀ ਇਸ ਥਾਂ ਤੋਂ ਅਮੀਰ ਮਾਨਵੀ ਮੁੱਲਾਂ ਦੇ ਕਦਰਦਾਨ ਕਰਮ ਸਿੰਘ ਦੌਲਤਪੁਰ ਵਰਗਿਆਂ ਦੀ ਸੋਚ ਦਾ ਚਿਰਾਗ਼ ਬਲਦਾ ਰੱਖ ਰਹੇ ਹਨ। ਧਾਰਮਿਕ, ਜਾਤ ਪਾਤੀ ਵੰਡ ਵਿਖਰੇਵਿਆਂ ਤੋਂ ਉਪਰ ਉਠਕੇ, ਬੱਚਿਆਂ ਅਤੇ ਔਰਤਾਂ ਦੇ ਹੱਕਾਂ ਦਾ ਅਦਬ ਕਰਦੇ ਹੋਏ ਉਸ ਵਿਰਾਸਤ ਦੀ ਰੌਸ਼ਨੀ ਵੰਡਣ ਦਾ ਯਤਨ ਜਾਰੀ ਰੱਖ ਰਹੇ ਲੋਕਾਂ ਨੂੰ ਇਤਿਹਾਸ ਸਲਾਮ ਕਰਦਾ ਹੈ। ਇਉਂ ਲੜੀ ਅੱਗੇ ਤੁਰਦੀ ਰਹਿੰਦੀ ਹੈ।

ਗ਼ਦਰੀ ਦੇਸ਼ ਭਗਤਾਂ ਵੱਲੋਂ ਬਣਾਈ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਨੇ ਸਿਰਫ਼ ਗ਼ਦਰੀ ਹੀ ਨਹੀਂ ਸਗੋਂ ਬੱਬਰ ਅਕਾਲੀ ਲਹਿਰ ਦੀਆਂ ਲੋੜਾਂ ਸਹਾਇਤਾ ਅਤੇ ਮੁੜ ਵਸੇਬੇ ਵਰਗੇ ਕਾਰਜ਼ਾਂ ਵਿੱਚ ਅਹਿਮ ਭੂਮਿਕਾ ਨਿਭਾਈ ਜੋ ਇਤਿਹਾਸ ਦੀਆਂ ਲੜੀਆਂ ਦਾ ਜੋੜ ਸਾਡੇ ਸਨਮੁੱਖ ਕਰਦੀ ਹੈ। ਇਸ ਉਪਰੰਤ 'ਦੇਸ਼ ਭਗਤ ਪਰਿਵਾਰ ਸਹਾਇਤਾ ਕਮੇਟੀ' ਦਾ ਹੀ ਜਾਰੀ ਰੂਪ ਹੈ ਅਜੋਕੀ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ। ਇਸ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਮਨਾਈ ਜਾ ਰਹੀ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ।

ਅੱਜ ਠੋਸ ਇਤਿਹਾਸਕ ਹਕੀਕਤਾਂ ਖਾਸ ਕਰਕੇ ਬੱਬਰ ਅਕਾਲੀ ਲਹਿਰ ਦੇ ਹਕੀਕੀ ਉਦੇਸ਼ਾਂ ਨੂੰ ਉਘਾੜਨ ਅਤੇ ਵਿਗਿਆਨਕ ਦ੍ਰਿਸ਼ਟੀ ਤੋਂ ਲੋਕਾਂ ਦੇ ਰੂਬਰੂ ਕਰਨ ਦਾ ਮਹੱਤਵਪੂਰਨ ਕਾਰਜ਼ ਦਰਪੇਸ਼ ਹੈ। ਬੱਬਰ ਅਕਾਲੀ ਲਹਿਰ ਦੀ ਪ੍ਰਸੰਗਿਕਤਾ ਉਘਾੜਨ ਵਿੱਚ ਇਸ ਲਹਿਰ ਦਾ ਇੱਕ ਹੋਰ ਵਿਸ਼ੇਸ਼ ਪੱਖ ਇਹ ਵੀ ਦਰਸਾਉਂਦਾ ਹੈ ਕਿ ਕਾਲੇ ਪਾਣੀਆਂ ਦੀਆਂ ਜੇਲ੍ਹਾਂ ਨੂੰ ਅਜੇ ਤੱਕ ਆਮ ਕਰਕੇ ਗ਼ਦਰ ਲਹਿਰ ਦੇ ਕੈਦੀਆਂ ਦੇ ਇਤਿਹਾਸ ਅਤੇ ਜ਼ੁਲਮ ਦੀ ਇੰਤਹਾ ਨਾਲ ਜੁੜੀਆਂ ਜੇਲ੍ਹਾਂ ਵਜੋਂ ਹੀ ਦੇਖਿਆ ਜਾਂਦਾ ਹੈ ਜਦੋਂ ਕਿ ਇਤਿਹਾਸ ਬੋਲਦਾ ਹੈ ਕਿ ਬੱਬਰ ਅਕਾਲੀ ਲਹਿਰ ਦੇ ਸੂਰਬੀਰਾਂ ਨੂੰ ਵੀ ਕਾਲੇ ਪਾਣੀ ਦੀਆਂ ਜੇਲ੍ਹਾਂ 'ਚ ਰੱਖਿਆ ਗਿਆ ਅਤੇ ਜ਼ੁਲਮ ਢਾਹੇ ਗਏ। ਮੁਸ਼ੱਕਤਾਂ ਕਰਵਾਈਆਂ, ਡੰਡਾ ਬੇੜੀਆਂ ਤੇ ਟਾਟ ਵਰਦੀਆਂ ਵਿੱਚ ਜਕੜਿਆ ਗਿਆ। ਬੱਬਰ ਅਕਾਲੀ ਦੇਸ਼ ਭਗਤਾਂ ਨੇ ਜੇਲ੍ਹ ਅੰਦਰ ਲੰਮੀਆਂ ਭੁੱਖ ਹੜਤਾਲਾਂ ਕਰਕੇ ਆਪਣੇ ਸਿਰੜ ਨਾਲ ਕਾਲੇ ਪਾਣੀ ਦੀਆਂ ਕਾਲ ਕੋਠੜੀਆਂ ਗੂੰਜਣ ਲਾਈਆਂ।

ਕਈ ਵਾਰ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਨੌਜਵਾਨ ਭਾਰਤ ਸਭਾ ਲਹਿਰ ਦੀ ਜਾਣ-ਪਹਿਚਾਣ ਜਾਣੇ ਅਣਜਾਣੇ ਪਿਸਤੌਲਾਂ, ਬੰਬ ਧਮਾਕੇ ਤਲਵਾਰਾਂ ਵਾਲੀਆਂ ਸੰਸਥਾਵਾਂ ਦੇ ਰੂਪ ਵਿੱਚ ਹੀ ਕਰਵਾਈ ਜਾਂਦੀ ਹੈ ਜਦੋਂ ਕਿ ਇਹਨਾਂ ਲਹਿਰਾਂ ਅੰਦਰ ਸਾਹਿਤ ਵਿਸ਼ੇਸ਼ ਕਰਕੇ ਕਾਵਿ-ਸਿਰਜਣਾ ਨੇ ਮਹੱਤਵਪੂਰਨ ਯੋਗਦਾਨ ਪਾਇਆ। ਇਸ ਦੇ ਦੀਦਾਰ 'ਗ਼ਦਰ' ਅਖਬਾਰ, 'ਗ਼ਦਰੀ ਗੂੰਜਾਂ' ਅਤੇ ਬੱਬਰ ਅਕਾਲੀ ਲਹਿਰ ਨਾਲ ਸੰਬੰਧਿਤ ਕਵਿਤਾਵਾਂ, ਅਖ਼ਬਾਰਾਂ ਵਿੱਚੀਂ ਵਿਚਰਦਿਆਂ ਕੀਤੇ ਜਾ ਸਕਦੇ ਹਨ ਕਿ ਬੌਧਿਕ ਚਿੰਤਨ ਅਤੇ ਰਾਜਨੀਤਿਕ ਚੇਤਨਾ ਦੇ ਮਹੱਤਵ ਨੂੰ ਸਮਝਦੇ ਹੋਏ ਇਸ ਲਹਿਰ ਅੰਦਰ ਢੁਕਵੀਂ ਥਾਂ ਦਿੱਤੀ ਜਾਂਦੀ ਸੀ।

ਬੱਬਰ ਅਕਾਲੀ ਲਹਿਰ ਨੂੰ ਚੜ੍ਹਦੀ ਉਮਰ ਦਾ ਇਨਕਲਾਬੀ ਨੌਜਵਾਨ ਭਗਤ ਸਿੰਘ ਕਿੰਨਾ ਉੱਚਾ ਰੁਤਬਾ ਦਿੰਦਾ ਹੈ ਇਸਦਾ ਇਤਿਹਾਸ ਗਵਾਹ ਹੈ। ਜਦੋਂ ਭਗਤ ਸਿੰਘ ਘਰੋਂ ਦੌੜ ਕੇ ਕਾਨਪੁਰ ਗਏ ਤਾਂ ਦੇਸ਼ ਭਗਤ ਗਣੇਸ਼ ਸ਼ੰਕਰ ਵਿਦਿਆਰਥੀ ਦੀ ਨਿਗਰਾਨੀ ਚ ਛਪਦੇ ਹਫ਼ਤਾਵਾਰ ਅਖ਼ਬਾਰ 'ਪ੍ਰਤਾਪ' ਦੇ ਸੰਪਾਦਕੀ ਮੰਡਲ ਵਿੱਚ ਉਹਨਾਂ ਕੰਮ ਕੀਤਾ। ਉਸ ਵੇਲੇ ਉਹਨਾਂ ਨੇ 'ਪ੍ਰਤਾਪ' ਅਖ਼ਬਾਰ ਦੇ 15 ਮਾਰਚ 1926 ਦੇ ਅੰਕ 'ਚ 'ਪੰਜਾਬੀ ਯੁਵਕ' ਦੇ ਨਾਂ ਹੇਠ

'ਹੋਲੀ ਵਾਲੇ ਦਿਨ ਖ਼ੂਨ ਦੇ ਛਿੱਟੇ' ਲੇਖ ਰਾਹੀਂ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਅਤੇ ਉਸ ਵੇਲੇ ਦੀ ਲੋਕ ਮਨੋਦਸ਼ਾ ਦਾ ਗੰਭੀਰ ਚਿਤਰਣ ਕੀਤਾ ਹੈ।

ਇਸ ਲਹਿਰ ਅੰਦਰ ਸਾਹਿਤ ਸਿਰਜਣਾ ਅਤੇ ਪੱਤਰਕਾਰਤਾ ਦੀ ਅਹਿਮ ਭੂਮਿਕਾ ਹੈ।


ਬੱਬਰ ਅਕਾਲੀ ਲਹਿਰ ਦੀਆਂ ਸਰਗਰਮੀਆਂ ਲੋਕਾਂ ਤੱਕ ਪੁੱਜਦੀਆਂ ਕਰਨ ਲਈ ਉਡਾਰੂ ਪ੍ਰੈਸ ਲਾਉਣਾ, ਬੱਬਰ ਅਕਾਲੀ ਦੋਆਬਾ ਵਰਗੇ ਅਖ਼ਬਾਰਾਂ ਦੀ ਪ੍ਰਕਾਸ਼ਨਾ ਕਰਨਾ ਇਸਦਾ ਮੂੰਹ ਬੋਲਦਾ ਸਬੂਤ ਹੈ। ਇਹਨਾਂ ਅਖ਼ਬਾਰਾਂ ਉੱਪਰ ਕਬੀਰ ਦੇ ਸਲੋਕ 'ਸੂਰਾ ਸੋ ਪਹਿਚਾਨੀਐ,

**ਜੋ ਲਰੈ ਦੀਨ ਕੇ ਹੇਤੁ**
**ਪੁਰਜਾ ਪੁਰਜਾ ਕਟਿ ਮਰੈ**
**ਕਬਹੂ ਨਾ ਛਾਡੈ ਖੇਤ'**

ਲਿਖਿਆ ਜਾਂਦਾ ਸੀ ਜੋ ਕਿ ਸਾਨੂੰ ਆਪਣੀ ਅਮੀਰ ਵਿਰਾਸਤ ਨਾਲ ਜੁੜਕੇ ਸਮੇਂ ਦੇ ਹਾਣੀ ਰਾਹ ਸਿਰਜਣ ਲਈ ਪ੍ਰੇਰਦਾ ਹੈ। ਸਮੇਂ ਸਮੇਂ ਲੋਕ-ਦੋਖੀ ਸਥਾਪਤੀ ਦਾ ਯਤਨ ਰਹਿੰਦਾ ਹੈ ਕਿ ਲਹਿਰ ਦੀ ਲੋਕਾਂ ਵਿੱਚ ਡੂੰਘੀ ਜੜ੍ਹ ਨਾ ਲੱਗਣ ਦਿੱਤੀ ਜਾਏ। ਸਥਾਪਤੀ ਅਜਿਹਾ ਵਾਤਾਵਰਣ ਸਿਰਜਦੀ ਹੈ ਕਿ ਲਹਿਰਾਂ ਵਿੱਚ ਸੂਰਮਗਤੀ ਨੂੰ ਹੀ ਫੈਸਲਾਕੁੰਨ ਹਥਿਆਰ ਮੰਨ ਕੇ ਸੰਤੁਸ਼ਟੀ ਪ੍ਰਗਟ ਕੀਤੀ ਜਾਂਦੀ ਹੈ। ਸਮੇਂ ਦੇ ਹਾਕਮ ਬਹੁਤ ਸ਼ੈਤਾਨ ਹੁੰਦੇ ਹਨ ਉਹ ਅਜੇਹੇ ਐਕਸ਼ਨਾਂ ਵੱਲ ਲਹਿਰ ਨੂੰ ਧੱਕ ਕੇ ਲੋਕ ਸ਼ਮੂਲੀਅਤ ਅਤੇ ਲੋਕ ਲਹਿਰ ਬਣਨ ਦੇ ਮਾਰਗ ਤੋਂ ਭਟਕਾ ਦਿੰਦੀਆਂ ਹਨ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਦੀਆਂ ਪੈੜਾਂ ਵਿੱਚ ਅਜਿਹੇ ਅਧਿਆਇ ਵੀ ਮਿਲਦੇ ਹਨ ਜੋ ਉਹਨਾਂ ਦੇ ਵਾਰਸਾਂ ਲਈ ਗਹਿਰੇ ਸਬਕ ਗ੍ਰਹਿਣ ਕਰਨ ਦਾ ਵੀ ਕੰਮ ਕਰਦੇ ਹਨ। ਅੱਜ ਵੀ ਇਹ ਸੁਆਲ ਗੰਭੀਰਤਾ ਨਾਲ ਵਿਚਾਰਨ ਦੀ ਮੰਗ ਕਰਦਾ ਹੈ ਕਿ ਲੋਕਾਂ ਨੂੰ ਹਰ ਕਿਸਮ ਦੀ ਆਜ਼ਾਦੀ ਹਾਸਲ ਕਰਨ ਲਈ ਇਸ ਸੰਗਰਾਮ ਵਿੱਚ ਸਰਗਰਮ ਸ਼ਮੂਲੀਅਤ ਕਰਨ, ਲੋਕ ਤਾਕਤ ਦਾ ਮਜ਼ਬੂਤ ਕਿਲ੍ਹਾ ਉਸਾਰਦੇ ਹੋਏ ਰਾਜ ਅਤੇ ਸਮਾਜ ਮੂਲੋਂ ਬਦਲ ਕੇ ਲੋਕਾਂ ਦੀ ਪੁੱਗਤ ਵਾਲਾ ਸਮਾਜ ਸਿਰਜਣ ਦੇ ਨਿਸ਼ਾਨੇ ਨੂੰ ਪਰਨਾਈ ਲਹਿਰ ਉਸਾਰਨ ਦੇ ਕਾਰਜ਼ ਵਿੱਚ ਆਪਣਾ ਯੋਗਦਾਨ ਪਾਉਣ ਲਈ ਕੰਮ ਕਰਨਾ ਬੇਹੱਦ ਜ਼ਰੂਰੀ ਕਾਰਜ਼ ਹੈ। ਇਸ ਉਦੇਸ਼ ਤੋਂ ਬਿਨਾਂ ਬੱਬਰ ਬੱਬਰ ਅਕਾਲੀ ਲਹਿਰ ਅਤੇ ਉਸਦੇ ਸ਼ਹੀਦਾਂ ਨੂੰ ਯਾਦ ਕਰਨਾ ਰਸਮੀ ਅਤੇ ਰਵਾਇਤੀ ਬਣ ਕੇ ਰਹਿ ਜਾਏਗਾ। ਅਕਾਲੀ ਲਹਿਰ ਕਿਸੇ ਇੱਕ ਧਰਮ ਤੱਕ ਸੀਮਤ ਨਹੀਂ ਸਗੋਂ ਕਿਰਤੀ ਕਿਸਾਨਾਂ ਨਾਲ ਜੁੜੀ ਲਹਿਰ ਸੀ। ਅਮਰੀਕਾ ਕੈਨੇਡਾ ਤੋਂ ਪਰਤੇ ਗ਼ਦਰੀਆਂ ਦੀ ਸੂਝ ਬੂਝ ਇਸ ਵਿੱਚ ਖਰੀ ਦੇਸ਼ ਭਗਤੀ, ਨਿਰੰਤਰਤਾ ਅਤੇ ਮਾਰਗ ਸੇਧ ਨੂੰ ਮਜਬੂਤੀ ਪ੍ਰਦਾਨ ਕਰਦੀ ਹੈ। ਗ਼ਦਰ ਲਹਿਰ, ਸਾਮਰਾਜ ਉਸਦੇ ਹਿੱਤ ਪਾਲਕਾਂ ਅਤੇ ਲੋਕ-ਦੋਖੀ ਦੇਸੀ ਤਾਕਤਾਂ ਦੇ ਮਨਸੂਬਿਆਂ ਨੂੰ ਸਮਝਣ ਵਾਲਾ ਖ਼ਾਸਾ ਹੋਣ ਕਾਰਨ ਅਜੋਕੇ ਸਮਿਆਂ ਅੰਦਰ ਹੋਰ ਵੀ ਵਧੇਰੇ ਪ੍ਰਸੰਗਿਕ ਹੈ। ਗ਼ਦਰ ਲਹਿਰ ਧਰਮ ਨਿਰਪੱਖ, ਜਮਹੂਰੀ, ਜਾਤ ਪਾਤੀ ਵਿਤਕਰੇ ਤੋਂ ਉੱਪਰ ਉੱਠੀ ਸਾਂਝੀਵਾਲਤਾ ਦੇ ਮਾਰਗ ਨੂੰ ਪ੍ਰਣਾਈ ਲਹਿਰ ਸੀ ਜਿਸਦਾ ਗੂਹੜਾ ਪ੍ਰਭਾਵ ਬੱਬਰ ਅਕਾਲੀ ਲਹਿਰ ਤੇ ਪਿਆ। ਉੱਧੋ ਪੰਡਿਤ, ਮੁਸਲਮਾਨ ਭਾਈਚਾਰੇ 'ਚੋਂ ਫਕੀਰੀਆ, ਸਵਾਮੀ ਪੂਰਨ ਨੰਦ ਅਤੇ ਜੀਵਾ ਘੁਮਿਆਰ ਵਰਗਿਆਂ ਦੀ ਇਸ ਲਹਿਰ ਅੰਦਰ ਸ਼ਾਨਦਾਰ ਭੂਮਿਕਾ ਦਰਸਾਉਂਦੀ ਹੈ ਕਿ ਇਸ ਦੀ ਬੁੱਕਲ ਕਿੰਨੀ ਵਿਸ਼ਾਲ ਅਤੇ ਦੂਰ ਦ੍ਰਿਸ਼ਟੀ ਨਾਲ ਭਰਪੂਰ ਸੀ। ਅੱਜ ਜਦੋਂ ਸਾਮਰਾਜੀ ਆਰਥਿਕ ਅਤੇ ਫਿਰਕੂ ਫਾਸ਼ੀ ਚੌਤਰਫੇ ਹੱਲੇ ਕਾਰਨ ਲੋਕਾਂ ਵਿੱਚ ਬੇਚੈਨੀ ਹੈ ਤਾਂ ਇਸ ਗੂੜ੍ਹੇ ਹਨੇਰੇ ਵਿੱਚ ਬੱਬਰ ਅਕਾਲੀ ਲਹਿਰ, ਸਮਾਜ ਅੰਦਰ ਸੁੰਨ ਮਾਨਸਿਕਤਾ ਨੂੰ ਝੰਜੋੜਨ ਲਈ ਉਮੀਦ ਦੀ ਕਿਰਨ ਹੈ।

ਬੱਬਰ ਅਕਾਲੀ ਲਹਿਰ ਦਾ ਨਾਅਰਾ ਸੀ ਇਹ ਖੇਤ ਸਾਡੇ ਨੇ, ਇਹ ਬਾਗ਼ ਸਾਡੇ ਨੇ ਅੱਜ ਜਦੋਂ ਸਾਡੇ ਜੰਗਲ, ਜਲ,ਜ਼ਮੀਨ, ਕੁਦਰਤੀ ਅਨਮੋਲ ਖਜ਼ਾਨੇ, ਸਾਡੀ ਕਿਰਤ ਸਾਡੀ ਸਿੱਖਿਆ, ਸਿਹਤ, ਰੁਜ਼ਗਾਰ, ਬੋਲੀ ਇਤਿਹਾਸ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਸਾਮਰਾਜ, ਦੇਸੀ ਬਦੇਸੀ ਕਾਰਪੋਰੇਟ ਘਰਾਣਿਆਂ ਵੱਲੋਂ ਕਬਜ਼ਾ ਕਰਨ ਲਈ ਧਾਵਾ ਬੋਲ ਦਿੱਤਾ ਹੈ ਤਾਂ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਦੇ ਅਮੁੱਲੜੇ ਪੱਖਾਂ ਨੂੰ ਲੋਕਾਂ ਕੋਲ ਲਿਜਾਣਾ ਲਾਜ਼ਮੀ ਹੋ ਗਿਆ ਹੈ। ਲੋਕਾਂ ਦੇ ਕਲਿਆਣ ਦੇ ਹਕੀਕੀ ਮਾਰਗ ਤੋਂ ਧਿਆਨ ਲਾਂਭੇ ਕਰਨ ਲਈ ਲੋਕਾਂ ਨੂੰ ਇੱਕ ਦੂਜੇ ਦੇ ਵੈਰੀ ਬਣਾ ਧਰਨ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਭਵਿੱਖ ਵਿੱਚ ਇਹਨਾਂ ਸਭਨਾਂ ਕੁਰਾਹੇ ਪਾਊ ਚਾਲਾਂ ਨੂੰ ਨਾਕਾਮ ਕਰਦੇ ਹੋਏ ਬੱਬਰ ਅਕਾਲੀ, ਗ਼ਦਰ ਲਹਿਰ, ਕੂਕਾ ਲਹਿਰ, ਨੌਜਵਾਨ ਭਾਰਤ ਸਭਾ ਲਹਿਰ ਵਰਗੀਆਂ ਸਭਨਾਂ ਲਹਿਰਾਂ ਦੀ ਲੋਕ ਮੁਕਤੀ ਦੀ ਦਿਸ਼ਾ ਵੱਲ ਦੇਣ ਨੂੰ ਸੰਭਾਲਦੇ ਹੋਏ ਅੱਗੇ ਵਧਣ ਦੀ ਲੋੜ ਹੈ। ਸਮਾਜ ਨੂੰ ਹਰ ਵੰਨਗੀ ਦੇ ਦਾਬੇ ਤੋਂ ਮੁਕਤ ਕਰਾਉਣ ਅਤੇ ਲੋਕ-ਪੱਖੀ, ਸਿਹਤਮੰਦ, ਨਵਾਂ ਨਰੋਆ ਸਮਾਜ ਸਿਰਜਣ ਵੱਲ ਜਾਂਦੇ ਮਾਰਗ ਇਉਂ ਹੀ ਹੋਰ ਰੌਸ਼ਨ ਹੁੰਦੇ ਹਨ।

ਇਸ ਸਬੰਧੀ 27 ਫਰਵਰੀ 2026 ਤੋਂ ਬੱਬਰ ਅਕਾਲੀ ਲਹਿਰ ਦੀ ਸ਼ਹਾਦਤ ਸ਼ਤਾਬਦੀ ਮੁਹਿੰਮ ਦਾ ਦੇਸ਼ ਭਗਤ ਯਾਦਗਾਰ ਹਾਲ ਤੋਂ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਵਰ੍ਹੇ ਭਰ ਦੀ ਮੁਹਿੰਮ ਦਾ ਆਗਾਜ਼ ਕੀਤਾ ਜਾਣਾ ਅਤੇ ਇਸਨੂੰ ਪਹਿਲੀ ਨਵੰਬਰ 2026 ਮੇਲਾ ਗ਼ਦਰੀ ਬਾਬਿਆਂ ਦਾ ਮੌਕੇ ਹੋਰ ਵੀ ਫੋਕਸ ਵਿੱਚ ਲਿਆਉਣ ਦਾ ਕਾਰਜ਼ ਹੱਥ ਲੈਣਾ ਇਤਿਹਾਸਕ ਮਹੱਤਤਾ ਰੱਖਦਾ ਹੈ। ਇਹ ਉੱਦਮ ਸਭਨਾਂ ਲੋਕ ਹਿਤੈਸ਼ੀ ਤਾਕਤਾਂ ਲਈ ਅੱਗੇ ਆਉਣ ਅਤੇ ਬੱਬਰ ਅਕਾਲੀ ਲਹਿਰ ਦੇ ਅਮਿੱਟ ਇਤਿਹਾਸ ਤੋਂ ਬਹੁਤ ਹੀ ਅਨਮੁੱਲੇ ਸਬਕ ਗ੍ਰਹਿਣ ਕਰਨ ਲਈ ਪ੍ਰੇਰਨਾ ਦਾਇਕ ਹੈ।



ਕੇਂਦਰੀ ਜੇਲ੍ਹ, ਲਾਹੌਰ 'ਚ 27 ਫਰਵਰੀ 1926 ਨੂੰ ਫਾਂਸੀ ਲਾਏ ਜਾਣ ਉਪਰੰਤ 6 ਬੱਬਰਾਂ ਦੇ ਮ੍ਰਿਤਕ ਸਰੀਰ ਜਥੇਦਾਰ ਕਿਸ਼ਨ ਸਿੰਘ ਗੜਗੱਜ (ਬਿਣਗਾਂ, ਜਲੰਧਰ), ਦਲੀਪ ਸਿੰਘ ਧਾਮੀਆਂ (ਹੁਸ਼ਿਆਰਪੁਰ), ਨੰਦ ਸਿੰਘ ਘੁੜਿਆਲ (ਜਲੰਧਰ), ਕਰਮ ਸਿੰਘ ਮਾਣਕੋ (ਜਲੰਧਰ), ਸੰਤਾ ਸਿੰਘ ਹਰਿਓ ਖੁਰਦ (ਲੁਧਿਆਣਾ) ਅਤੇ ਧਰਮ ਸਿੰਘ ਹਯਾਤਪੁਰ (ਹੁਸ਼ਿਆਰਪੁਰ)

ਇਕ ਵਿਲੱਖਣ ਪਿਰਤ

# ਇਨਕਲਾਬੀ ਲੋਕ ਪੱਖੀ ਨਾਟਕਾਂ ਦੀ ਸ਼ਾਮ





ਸ਼ਹੀਦ ਕਰਨੈਲ ਸਿੰਘ ਈਸੜੂ ਵਿਖੇ 100ਵੀਂ ਬੱਬਰ ਅਕਾਲੀ ਲਹਿਰ ਦੇ ਛੇ ਸ਼ਹੀਦਾਂ ਨੂੰ ਸਮਰਪਿਤ ਉਨ੍ਹਾਂ ਦੇ ਸ਼ਹਾਦਤ ਦੇ ਦਿਨ 27 ਫਰਵਰੀ 2026 ਨੂੰ ਜਿਥੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ, ਉਥੇ ਪੰਜਾਬ ਦੀ ਤਰਾਸਦੀ ਦੇ ਨਾਲ-ਨਾਲ ਦੁਨੀਆ ਭਰ ਵਿਚ ਬੈਠੇ ਪੰਜਾਬੀਆਂ ਤੇ ਸਰੋਕਾਰਾਂ ਨਾਲ ਸਬੰਧਤ ਵੱਖ-ਵੱਖ ਨਾਟਕਾਂ ਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ। ਇਸ ਮੌਕੇ ’ਤੇ ਵੱਖ ਵੱਖ ਖੇਤਰਾਂ ਵਿਚ ਉਚੇਚਾ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦਾ ਬੜੇ ਅਦਬ ਅਤੇ ਸਤਿਕਾਰ ਨਾਲ ਸਨਮਾਨ ਕੀਤਾ ਗਿਆ। ਇਸ ਵਿਲੱਖਣ ਸਮਾਗਮ ਦੀ ਖੂਬਸੂਰਤੀ ਇਹ ਸੀ ਕਿ ਅਕਸਰ ਹੀ ਬਹੁਤ ਦੇਸ਼ਾਂ ਵਿਦੇਸ਼ਾਂ ਤੋਂ ਪੰਜਾਬੀ ਪੰਜਾਬ ਦੀ ਸਰਜ਼ਮੀਨ ਉਪਰ ਸੈਰ ਸਪਾਟੇ ਤੋਂ ਲੈ ਕੇ ਵਿਆਹ ਸ਼ਾਦੀਆਂ ਵਿਚ ਸ਼ਾਮਲ ਹੋਣ ਲਈ ਆਉਂਦੇ ਹਨ, ਉਥੇ ਸਮਾਜਿਕ ਤਬਦੀਲੀਆਂ ਨਾਲ ਸਰੋਕਾਰਾਂ ਰੱਖਣ ਵਾਲੇ ਮਲਕੀਤ ਸਿੰਘ ਸਰੀ ਨੇ ਆਪਣੇ ਸਹਿਯੋਗੀਆਂ ਭੈਣ ਜੀ ਨਿਰਮਲ ਕੌਰ ਅਤੇ ਜਸਵੰਤ ਸਿੰਘ ਦੀ ਪਹਿਲਕਦਮੀ ਨਾਲ ਈਸੜੂ ਇਲਾਕੇ ਦੇ ਲੋਕਾਂ ਨੂੰ ਯਾਦ ਕਰਨ ਲਈ ਯਾਦਗਾਰੀ ਸਮਾਗਮ ਈਸੜੂ ਵਿਖੇ ਕਰਵਾਇਆ ਗਿਆ। ਉਸ ਵਿਚਲੀਆਂ ਕੁਝ ਪਰਤਾਂ/ਝਲਕਾਂ ਉਪਰ ਦਰਸਾਈਆਂ ਗਈਆ ਹਨ।

**ਬਲਜਿੰਦਰ ਸਿੰਘ ਪਟਿਆਲਾ**

ਲੋਕ ਪੱਖੀ ਨਾਟਕਾਂ ਅਤੇ ਵਿਚਾਰਾਂ ਨੂੰ ਦਰਸਾਉਂਦੇ ਹੋਏ ਵੱਖ-ਵੱਖ ਪੱਖਾਂ ਤੋਂ ਬਹੁਪਰਤੀ ਅਤੇ ਬਹੁਦਿਸ਼ਾਵੀ ਇਸ ਸਮਾਗਮ ਦੇ ਮੁੱਖ ਵਕਤਾ ਕਾਮਰੇਡ ਚਿਰੰਜੀ ਲਾਲ ਕੰਗਣੀਵਾਲ, ਟਰੱਸਟੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨੇ ਕਿਹਾ ਕਿ ਜਿਸ ਕਿਸਮ ਨਾਲ 20ਵੀਂ ਸਦੀ ਦੀ ਸ਼ੁਰੂਆਤ ਪੰਜਾਬ ਦੀ ਧਰਤੀ ਤੋਂ ਅਜ਼ਾਦੀ ਲਈ ਸ਼ੁਰੂ ਹੋਈ ਸੀ ਅਥਾਹ ਕੁਰਬਾਨੀਆਂ ਜਿਹੜੀਆਂ ਪਹਿਲਾਂ ਗ਼ਦਰੀ ਬਾਬਿਆਂ ਨੇ ਦਿੱਤੀਆਂ ਸਨ ਉਸ ਦੀ ਲੜੀ ਵਿਚ ਹੀ ਬੱਬਰ ਅਕਾਲੀ ਲਹਿਰ ਦੇ ਯੋਧਿਆਂ ਨੇ ਅਗਾਂਹ ਇਸ ਪਿਰਤ ਨੂੰ ਤੋਰਿਆ। ਇਸ ਕਿਸਮ ਦੀਆਂ ਕੁਰਬਾਨੀਆਂ ਸ਼ਾਇਦ ਪੰਜਾਬ ਦੀ ਧਰਤੀ ਤੋਂ ਧੁੰਦਲੀਆਂ ਪੈ ਰਹੀਆਂ ਹਨ। ਜੇ ਅਸੀਂ ਇਸ ਵਿਰਾਸਤ ਨੂੰ ਸਹੀ ਸੰਦਰਭ ਵਿਚ ਯਾਦ ਨਾ ਕੀਤਾ ਅਤੇ ਲੋਕਾਂ ਦੀ ਯਾਦ ਸ਼ਕਤੀ ਦਾ ਹਿੱਸਾ ਨਾ ਬਣਾਇਆ ਤਾਂ ਮੌਜੂਦਾ ਹਾਕਮ ਮੁੜ ਪੰਜਾਬ ਨੂੰ ਅਜਿਹੇ ਹਨ੍ਹੇਰ ਰਸਤੇ ’ਤੇ ਤੋਰ ਦੇਣਗੇ ਜਿਸ ਦਾ ਕਿਆਸ ਕਰਨਾ ਵੀ ਔਖਾ ਹੈ। ਦਿੱਲੀ ਅਤੇ ਪੰਜਾਬ ਦੇ ਹੁਕਮਰਾਨਾ ਨੇ ਇਸ ਖਿੱਤੇ ਨੂੰ ਤਬਾਹ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਇਸ ਮੌਕੇ ’ਤੇ ਸਮਾਗਮ ਦੀ ਪ੍ਰਧਾਨਗੀ ਕਰਦੇ ਹੋਏ ਪ੍ਰੋ. ਬਾਵਾ ਸਿੰਘ ਨੇ ਕਿਹਾ ਕਿ ਜੋ ਨਿਰਾਸ਼ਤਾ ਦਾ ਦੌਰ ਪੰਜਾਬ ਵਿਚ ਛਾਇਆ ਹੋਇਆ ਹੈ ਦਿਨ-ਬ-ਦਿਨ ਇਸ ਖਿੱਤੇ ਦੇ ਲੋਕਾਂ ਦਾ ਇਸ ਖਿੱਤੇ ਨਾਲੋਂ ਮੋਹ ਭੰਗ ਹੋ ਰਿਹਾ ਹੈ। ਜੇ ਲੋਕ ਪੱਖੀ ਤਾਕਤਾਂ ਨੇ ਇਕਜੁਟ ਹੋ ਕੇ ਇਕ ਵੱਡਾ ਪਲੇਟਫਾਰਮ ਸਿਆਸੀ ਪੱਧਰ ’ਤੇ ਨਾ ਉਲੀਕਿਆ ਤਾਂ ਇਸ ਖਿੱਤੇ ਦੀ ਚੱਲ ਰਹੀ ਤੇ ਆਉਣ ਵਾਲੀ ਸਿਆਸਤ ਪੂਰੀ ਤਰ੍ਹਾਂ ਪੰਜਾਬ ਨੂੰ ਕੰਗਾਲ ਕਰ ਦੇਵੇਗੀ। ਜਿਥੇ ਸਮੇਂ ਸਮੇਂ ’ਤੇ ਦਿੱਲੀ ਦੇ ਹਾਕਮਾਂ ਨੇ ਇਸ ਨੂੰ ਕੁੱਟਿਆ ਅਤੇ ਲੁੱਟਿਆ ਹੈ ਉਹ ਹੁਣ ਮੁੜ ਇਸ ਦਾ ਸਰਮਾਇਆ ਬੁਰੀ ਤਰ੍ਹਾਂ ਵੱਖ-ਵੱਖ ਖੇਤਰਾਂ ਵਿਚੋਂ ਕੱਢ ਕੇ ਲਿਜਾ ਰਹੇ ਹਨ। ਜੇ ਇਸ ਦੀ ਆਰਥਿਕਤਾ ਅਤੇ ਰਾਜਨੀਤੀ ਦਾ ਭਰਵਾਂ ਵਿਸ਼ਲੇਸ਼ਣ ਅਤੇ ਬਦਲ ਪੇਸ਼ ਨਾ ਕੀਤਾ ਗਿਆ ਤਾਂ ਇਸ ਖਿੱਤੇ ਦੀ ਹੋਣੀ ਬੜੀ ਭਿਆਨਕ ਹੋਵੇਗੀ।

ਇਸ ਮੌਕੇ ’ਤੇ ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੇ ਨਿਰਦੇਸ਼ਕ ਇਕੱਤਰ ਸਿੰਘ ਨੇ ਆਪਣੀ ਟੀਮ ਰਾਹੀਂ ਦੋ ਨਾਟਕ ਪਹਿਲਾ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਦਾ ਲਿਖਿਆ ‘ਇਹ ਲਹੂ ਕਿਸ ਦਾ ਹੈ’ ਮੌਜੂਦਾ ਸਮੇਂ ਦੀ ਲੁੱਟ ਨੂੰ ਪ੍ਰਤੀਬਿੰਬਤ ਕਰ ਰਿਹਾ ਸੀ। ਅੱਜ ਵੀ ਇਸ ਦੀ ਸਾਰਥਿਕਤਾ ਉਸੇ ਕਿਸਮ ਨਾਲ ਹੈ ਜਿਸ ਕਿਸਮ ਨਾਲ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਸੀ। ਦੂਸਰਾ ਨਾਟਕ ਜੋ ਕਿ ਪ੍ਰਵਾਸ ਦੇ ਨਾਂ ’ਤੇ ਵੱਜ ਰਹੀਆਂ ਠੱਗੀਆਂ ਨੂੰ ਦਰਸਾਉਂਦਾ ਸੀ ਕਿ ਕਿਸਮ ਕਿਸਮ ਨਾਲ ਏਜੰਟਾਂ ਰਾਹੀਂ ਅਨਭੋਲ ਲੋਕ ਲੁੱਟੇ ਜਾ ਰਹੇ ਹਨ।

ਅਜ਼ਾਦ ਰੰਗ ਮੰਚ ਫਗਵਾੜਾ ਦੀ ਨਾਟਕ ਟੀਮ ਜੋ ਕਿ ਪ੍ਰਸਿੱਧ ਲੋਕ ਪੱਖੀ ਵਿਚਾਰਾਂ ਨੂੰ ਪ੍ਰਨਾਏ ਹੋਏ ਸੰਤੋਖ ਸਿੰਘ ਢੇਸੀ ਦੀ ਅਗਵਾਈ ਵਿਚ ਆਪਣਾ ਕਾਰਜ ਕਰ ਰਹੀ ਹੈ ਜਿਸ ਵਿਚ ਉਚੇਚਾ ਯੋਗਦਾਨ ਲੇਖਕ ਅਤੇ ਗ਼ਜ਼ਲਕਾਰ ਬੀਬਾ ਕੁਲਵੰਤ ਪਾ ਰਹੀ ਹੈ ਉਨ੍ਹਾਂ ਦੀ ਟੀਮ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਯਾਦ ਨੂੰ ਤਾਜ਼ਾ ਕਰਵਾਉਂਦੀ ਹੋਈ ਕੋਰੋਗ੍ਰਾਫ਼ੀ ਪੇਸ਼ ਕੀਤੀ ਗਈ। ਉਨ੍ਹਾਂ ਆਪਣਾ ਪੰਜਾਬ ਵਿਚ ਚੱਲ ਰਹੇ ਨਸ਼ਿਆਂ ਦੌਰ ਨਾਲ ਉਤਪੰਨ ਹੋ ਰਹੀਆਂ ਤਰਾਸਦੀਆਂ ਨੂੰ ਦਰਸਾਉਂਦਾ ਨਾਟਕ ‘ਇਹ ਕੈਸੀ ਰੁੱਤ ਆਈ ਵੀ ਲੋਕੋ’ ਪੇਸ਼ ਕੀਤਾ ਗਿਆ। ਸਮੁੱਚੇ ਨਾਟਕਾਂ ਨੇ ਲੋਕਾਂ ਉਪਰ ਵੱਡਾ ਪ੍ਰਭਾਵ ਛੱਡਿਆ। ਇਸ ਮੌਕੇ ’ਤੇ ਵੱਖ-ਵੱਖ ਨਾਮਵਰ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿਚ ਕਾਮਰੇਡ ਚਿਰੰਜੀ ਲਾਲ, ਪ੍ਰੋ. ਬਾਵਾ ਸਿੰਘ, ਕਹਾਣੀਕਾਰ ਬਲਵਿੰਦਰ ਗਰੇਵਾਲ, ਕਾਲਮ ਨਵੀਸ ਬੁੱਧ ਸਿੰਘ ਨੀਲੋਂ, ਕਮਲਜੀਤ ਸਿੰਘ ਚੰਡੀਗੜ੍ਹ, ਪ੍ਰਿੰ. ਸੁੱਚਾ ਸਿੰਘ, ਗੁਰਬੀਰ ਸ਼ਾਹੀ, ਹਰਜਿੰਦਰ ਸਿੰਘ, ਪ੍ਰੋ. ਅਜਾਇਬ ਸਿੰਘ ਟਿਵਾਣਾ (ਡਾਇਰੈਕਟਰ ਵਾਇਸ ਆਫ਼ ਈਸਟ ਪੰਜਾਬ ਜਿਨ੍ਹਾਂ ਨੇ ਸਮੁੱਚੇ ਪ੍ਰੋਗਰਾਮ ਦੀ ਰਿਕਾਰਡ ਵੀ ਕੀਤੀ ਅਤੇ ਯੂਟਿਊਬ ਚੈਨਲ ’ਤੇ ਪ੍ਰਸਤੁਤ ਵੀ ਕੀਤਾ), ਨਰਿੰਦਰ ਸਿੰਘ (ਕੈਨੇਡਾ), ਅਵਤਾਰ ਸਿੰਘ ਭੱਟੀਆਂ ਆਦਿ ਦਾ ਸਨਮਾਨ ਕੀਤਾ ਗਿਆ। ਸਨਮਾਨ ਕਰਨ ਵਾਲੀਆਂ ਸ਼ਖਸੀਅਤਾਂ ਵਿਚ ਭੈਣ ਜੀ ਨਿਰਮਲ ਕੌਰ, ਸ੍ਰ. ਮਲਕੀਤ ਸਿੰਘ ਸਰੀ, ਸ੍ਰ. ਕਸ਼ਮੀਰਾ ਸਿੰਘ ਆਦਿ ਸ਼ਖਸੀਅਤਾਂ ਸ਼ਾਮਲ ਸਨ। ਸਮੁੱਚੀ ਸਟੇਜ ਦਾ ਸੰਚਾਲਨ ਸ੍ਰ. ਹਰਜਿੰਦਰ ਸਿੰਘ ਨੇ ਬਾਖ਼ੂਬੀ ਨਾਲ ਕੀਤਾ।

ਸਾਡੀ ਇਹ ਤਰਾਸ਼ਦੀ ਰਹੀ ਹੈ ਕਿ ਅਸੀਂ ਸ਼ਹੀਦਾਂ ਦੇ ਜਨਮ ਦਿਨ ਜਾਂ ਸ਼ਹੀਦੀ ਦਿਨ ਮਨਾਉਣ ਤੱਕ ਹੀ ਸੀਮਤ ਰਹੇ ਪਰ ਅਸਲੀਅਤ ਇਹ ਹੈ ਕਿ ਵਿਚਾਰਾਂ ਦੀ ਕੰਗਾਲੀ ਰੂਪ ਦੇ ਚਮਕਦੇ ਵਰਕਿਆਂ ਹੇਠ ਨਹੀਂ ਲੋਕੋਏ ਜਾ ਸਕਦੇ। ਇਸ ਤਰ੍ਹਾਂ ਵਿਚਾਰਾਂ ਦੀ ਸੋਚ ਨੂੰ ਪ੍ਰਣਾਏ ਹੋਏ

ਸ਼ਹੀਦੇ ਆਜ਼ਮ ਭਗਤ ਸਿੰਘ


ਦੀ ਕੁਰਬਾਨੀ ਨੂੰ ਮੁੱਖ ਰੱਖਦਿਆਂ ਇਕ ਪਰਿਵਾਰਕ ਵਿਚਾਰ-ਵਟਾਂਦਰੇ ਵਾਸਤੇ

28 ਮਾਰਚ ਦਿਨ ਸ਼ਨਿਚਵਾਰ ਨੂੰ

1.00 ਵਜੇ ਤੋਂ 5.00 ਵਜੇ ਤੱਕ

Susan Fennell Sportsplex,
Multi Purpose Room-2
500 Ray Lawson Blvd. Brampton

ਵਿਚ ਰੱਖਿਆ ਗਿਆ ਹੈ




ਸੰਪਰਕ : ਸੁਖਦੇਵ ਸਿੰਘ, 647-531-2200
ਰਛਪਾਲ ਦੁਸਾਂਝ : 416-254-7573

SHAAN CONSTRUCTION LTD.
25+ years of experience
Call for a Free Estimate
MALKIT SWAICH
778.889.9526




• General Contracting
• Quality Custom Homes
• Quality Framing
• 2-5-10 Year Warranty
2-5-10 Year Warranty

Tri-City
Tri-City Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com




Paul Dosanjh
Sales Representative

TANGERINE DEVELOPMENTS LTD
Channi Makkar
Vice President, Construction
Mobile : 604-783-0745
Office : 604-652-2733
channi@tangerinedevelopments.com
tangerinedevelopments.com
203 - 15350 Croydon Drive
Surrey, BC V2Z 0Z5



# ਕਲਮਾਂ ਦੀ ਸਾਂਝ ਸਾਹਿਤ ਸਭਾ ਟੋਰਾਂਟੋ ਰਜਿ. ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ



















ਟੋਰਾਂਟੋ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਬੀਤੇ ਐਤਵਾਰ ਕਲਮਾਂ ਦੀ ਸਾਂਝ ਸਾਹਿਤ ਸਭਾ ਟੋਰਾਂਟੋ ਰਜਿ. ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦੇ ਦਿਹਾੜੇ ਤੇ ਕਰਾਇਆ ਗਿਆ ਕਵੀ ਦਰਬਾਰ ਬਹੁਤ ਸਫਲ ਰਿਹਾ। ਸਭ ਤੋਂ ਪਹਿਲਾਂ ਨਾਮਧਾਰੀ ਸੰਗਤ ਟੋਰਾਂਟੋ ਦੇ ਰਹਿ ਚੁੱਕੇ ਜਨਰਲ ਸਕੱਤਰ ਅਤੇ ਕਲਮਾਂ ਦੀ ਸਾਂਝ ਸਾਹਿਤ ਸਭਾ ਟੋਰਾਂਟੋ ਦੇ ਸਲਾਹਕਾਰ ਪ੍ਰੋਫੈਸਰ ਰਵਿੰਦਰ ਪਾਲ ਸਿੰਘ ਵਿਰਦੀ ਜੋ ਕਿ ਪਿਛਲੇ ਸਾਲ 21 ਫਰਵਰੀ ਨੂੰ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ, ਇੱਕ ਮਿੰਟ ਦਾ ਮੌਨ ਰੱਖ ਕੇ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਉਸ ਤੋਂ ਬਾਅਦ ਪੰਜਾਬੀ ਮਾਂ ਬੋਲੀ ਦੀ ਵਰਤਮਾਨ ਹਾਲਤ ਉੱਤੇ ਸਾਹਿਤਕਾਰਾਂ ਨੇ ਆਪਣੇ ਆਪਣੇ ਵਿਚਾਰ ਰੱਖੇ। ਮਾਂ ਬੋਲੀ ਦਿਵਸ ਦੇ ਦਿਹਾੜੇ ਤੇ ਆਪਣੀਆਂ ਚਿੰਤਾਵਾਂ ਜਾਹਿਰ ਕੀਤੀਆਂ। ਅਗਲੇ ਸੈਸ਼ਨ ਵਿੱਚ ਬਹੁਤ ਵਧੀਆ ਕਵੀ ਦਰਬਾਰ ਕੀਤਾ ਗਿਆ ਜਿਸ ਵਿੱਚ 18 ਤੋਂ ਵੱਧ ਕਵੀਆਂ ਨੇ ਭਾਗ ਲਿਆ। ਖਾਸ ਕਰਕੇ ਬੋਬੀ ਭੰਦੇਰ ਜਿਸ ਨੇ ਆਪਣੀ ਬੁਲੰਦ ਆਵਾਜ਼ ਵਿੱਚ ਉੱਘੇ ਲੇਖਕ ਅਤੇ ਪ੍ਰਮੁੱਖ ਪੱਤਰਕਾਰ ਹਰਜੀਤ ਸਿੰਘ ਬਾਜਵਾ ਜੀ ਦੀ ਕਲਮ ਤੋਂ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਬਾਰੇ ਅਤੇ ਸ਼ਹੀਦ ਭਗਤ ਸਿੰਘ ਦੇ ਬਾਰੇ ਵਿੱਚ ਲਿਖੇ ਗੀਤ ਗਾ ਕੇ ਸਰੋਤਿਆਂ ਨੂੰ ਸਰਸ਼ਾਰ ਕੀਤਾ। ਕਲਮਾਂ ਦੀ ਸਾਂਝ ਸਾਹਿਤ ਸਭਾ ਟੋਰਾਂਟੋ ਵੱਲੋਂ ਹਰਜੀਤ ਬਾਜਵਾ ਜੀ ਅਤੇ ਬੋਬੀ ਭੰਦੇਰ ਜੀ ਨੂੰ ਸਨਮਾਨ ਅਰਪਤ ਕੀਤੇ ਗਏ। ਚਾਹ ਪਾਣੀ ਦਾ ਅਤੇ ਖਾਲਸਾ ਪੀਜ਼ਾ ਵੱਲੋਂ ਬਹੁਤ ਸਵਾਦਿਸ਼ਟ ਪੀਜੇ ਦੀ ਸੇਵਾ ਕੀਤੀ ਗਈ, ਦਾ ਅਤੁੱਟ ਲੰਗਰ ਵਰਤਿਆ। ਕਲਮਾਂ ਦੀ ਸਾਂਝ ਸਾਝ ਸਮਾਂ ਦੇ ਸੰਸਥਾਪਕ ਹਰਦਿਆਲ ਸਿੰਘ ਝੀਤਾ ਵੱਲੋਂ ਜਿੱਥੇ ਹਰ ਸਾਲ ਸ੍ਰੀ ਸਤਿਗੁਰੂ ਰਾਮ ਸਿੰਘ ਲਾਈਫ ਟਾਈਮ ਅਚੀਵਮੈਂਟ ਅਵਾਰਡ ਦੇ ਬਾਰੇ ਵਿੱਚ ਗੱਲ ਕੀਤੀ ਗਈ, ਉਥੇ ਇਹ ਵੀ ਦੱਸਿਆ ਗਿਆ ਕਿ ਇਸੇ ਲੜੀ ਵਿੱਚ ਨੌਜਵਾਨ ਕਲਮਾਂ ਨੂੰ ਵੀ ਇਸ ਤਰ੍ਹਾਂ ਦੇ ਸਨਮਾਨ ਹਰ ਸਾਲ ਦਿੱਤੇ ਜਾਇਆ ਕਰਨਗੇ। ਯਾਦ ਰਹੇ ਕਿ ਕਲਮਾਂ ਦੀ ਸਾਂਝ ਸਾਹਿਤ ਸਭਾ ਟੋਰਾਂਟੋ ਜਿੱਥੇ-ਜਿੱਥੇ ਸਾਰੀਆਂ ਹੀ ਸੰਸਥਾਵਾਂ ਨਾਲ ਹਰ ਤਰ੍ਹਾਂ ਸਹਿਯੋਗ ਕਰਦੀ ਹੈ, ਉਥੇ ਆਏ ਮਹਿਮਾਨਾਂ ਦੀ ਟਹਿਲ ਸੇਵਾ ਵੀ ਬਹੁਤ ਹੀ ਨਿਮਰਤਾ ਨਾਲ ਕਰਦੀ ਹੈ। ਰਚਨਾਵਾਂ ਸਾਂਝੀਆਂ ਕਰਨ ਵਿੱਚ ਡਾ. ਜਸਵਿੰਦਰ ਸੰਧੂ, ਬੋਬੀ ਭੰਦੇਰ, ਬਸ਼ਰਤ ਰਿਹਾਨ, ਕਿਰਨਦੀਪ ਪ੍ਰਕਾਸ਼, ਸੁਰਿੰਦਰ ਸੂਰ, ਹਰਬੰਸ ਸਿੰਘ ਸਰੋਕਾਰਾਂ ਦੀ ਆਵਾਜ਼,




ਸਤਵੰਤ ਕੌਰ, ਡਾ. ਇੰਦਰਜੀਤ ਕੌਰ, ਸੁਰਜੀਤ ਕੌਰ, ਹਰਭਜਨ ਕੌਰ ਗਿੱਲ, ਸੁਖਚਰਨਜੀਤ ਕੌਰ ਗਿੱਲ ਮਲੂਕ ਸਿੰਘ ਕਾਹਲੋਂ, ਸੁਜਾਨ ਸਿੰਘ ਸੁਜਾਨ, ਪਿਆਰਾ ਸਿੰਘ ਕੁੱਦੋਵਾਲ, ਗੁਰਮੇਲ ਸਿੰਘ ਢਿੱਲੋਂ ਬਹੁਤ ਹੀ ਮਿੱਠੀ ਆਵਾਜ਼ ਦੀ ਮਲਕਾ ਰਿੱਟੂ ਭਾਟੀਆ ਜੀ ਅਤੇ ਹਰਦਿਆਲ ਸਿੰਘ ਝੀਤਾ ਉਹਨਾਂ ਨੇ ਵੀ ਆਪਣੀ ਬਹੁਤ ਭਾਵਪੂਰਤ ਕਵਿਤਾ ਸਰੋਤਿਆਂ ਨਾਲ ਸਾਂਝੀ ਕੀਤੀ। ਬੁੱਧੀਜੀਵੀ ਲੇਖਕਾਂ ਵੱਲੋਂ ਪੰਜਾਬੀ ਮਾਂ ਬੋਲੀ ਦੀ ਜਿੱਥੇ ਚੜ੍ਹਦੀ ਕਲਾ ਦੀ ਗੱਲ ਕੀਤੀ ਗਈ, ਉਥੇ ਇਸ ਦੇ ਬਾਰੇ ਫਿਕਰਮੰਦੀ ਵੀ ਜ਼ਾਹਿਰ ਕੀਤੀ ਗਈ ਹਰਜੀਤ ਸਿੰਘ ਬਾਜਵਾ ਜੀ ਵੱਲੋਂ ਉਚੇਚੇ ਤੌਰ 'ਤੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਗਈ।

# ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਨੇ ਅੰਤਰਾਸ਼ਟਰੀ ਮਾਂ-ਬੋਲੀ ਦਿਨ ਮਨਾਇਆ

**ਸਰੋਕਾਰਾਂ ਦੀ ਆਵਾਜ਼ ਬਿਊਰੋ**

ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਨੇ ਆਪਣਾ ਇੱਕੀਵਾਂ ਸਲਾਨਾ ਅੰਤਰਾਸ਼ਟਰੀ ਮਾਂ-ਬੋਲੀ ਦਿਨ ਸਰੀ ਵਿੱਚ ਮਨਾਇਆ। ਪਲੀ ਦੇ ਸਰਗਰਮ ਮੈਂਬਰਾਂ ਦੇ ਨਾਲ ਵੱਡੀ ਗਿਣਤੀ ਵਿੱਚ ਪੰਜਾਬੀ ਨੂੰ ਪਿਆਰ ਕਰਨ ਵਾਲੇ ਲੋਕ ਅਤੇ ਸਕੂਲਾਂ ਵਿੱਚ ਪੰਜਾਬੀ ਪੜ੍ਹ ਰਹੇ ਵਿਦਿਆਥੀ ਅਤੇ ਉਨ੍ਹਾਂ ਦੇ ਮਾਪੇ ਇਸ ਪ੍ਰੋਗ੍ਰਾਮ ਵਿੱਚ ਪਹੁੰਚੇ। ਹਰਮਨ ਪੰਧੇਰ ਇਸ ਪ੍ਰੋਗ੍ਰਾਮ ਦੇ ਐਮ ਸੀ ਸਨ ਅਤੇ ਉਹਨਾਂ ਨੇ ਸਮਾਗਮ ਦੀ ਸ਼ੁਰੂਆਤ ਇਹ ਕਹਿੰਦਿਆਂ ਕੀਤੀ ਕਿ ਅਸੀਂ ਆਦਿਵਾਸੀਆਂ ਦੀ ਅਸਪੁਰਦ ਜ਼ਮੀਨ (ਅਨਸੀਡਿਡ ਟੈਰੇਟਰੀ) ਤੇ ਇਕੱਠੇ ਹੋਏ ਹਾਂ। ਉਸ ਬਾਅਦ ਬੀ ਸੀ ਦੇ ਸ਼ਹਿਰ ਟਮਬਲਰ ਰਿਜ ਵਿੱਚ ਵਾਪਰੇ ਦੁੱਖਦਾਈ ਹਾਦਸੇ ਵਿੱਚ ਗੁਜ਼ਰੇ ਵਿਅਕਤੀਆਂ ਵਾਸਤੇ, ਇੱਕ ਮਿੰਟ ਦਾ ਮੋਨ ਧਾਰਿਆ ਗਿਆ।



ਪਲੀ ਦੇ ਪ੍ਰਧਾਨ ਬਲਵੰਤ ਸੰਘੇੜਾ ਨੇ ਪਲੀ ਵਲੋਂ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਸੰਬੰਧੀ ਕੀਤੀਆਂ ਜਾਂਦੀਆਂ ਕੋਸ਼ਸ਼ਾਂ ਬਾਰੇ ਅਤੇ ਵੈਨਕੂਵਰ ਦੇ ਹਵਾਈ ਅੱਡੇ ਅਤੇ ਬਾਹਰਲੇ ਸੂਬਿਆਂ ਤੋਂ ਬੀ ਸੀ ਵਿੱਚ ਦਾਖਲ ਹੁੰਦੀਆਂ ਸੜਕਾਂ ਉੱਪਰ ਪੰਜਾਬੀ ਵਿੱਚ ਲਿਖੇ ਹੋਏ ਸਾਈਨ ਲਗਵਾਉਣ ਦੀਆਂ ਕੋਸ਼ਸ਼ਾਂ ਬਾਰੇ ਵੀ ਦੱਸਿਆ। ਉਨ੍ਹਾਂ ਨੇ ਸਮੁੱਚੇ ਪੰਜਾਬੀ ਮੀਡੀਏ ਦਾ ਪੰਜਾਬੀ ਬੋਲੀ ਦੇ ਵਿਕਾਸ ਵਿੱਚ ਪਾਏ ਜਾ ਰਹੇ ਯੋਗਦਾਨ ਲਈ ਧੰਨਵਾਦ ਕੀਤਾ।

ਉਸ ਮਗਰੋਂ ਪੰਜਾਬੀ ਪੜ੍ਹ ਰਹੇ ਵਿਦਿਆਰਥੀਆਂ ਵਲੋਂ ਪ੍ਰੋਗ੍ਰਾਮ ਦੀ ਪਹਿਲੀ ਪੇਸ਼ਕਸ਼ ਵਿੱਚ ਪੀ ਐਮ ਸਕੂਲ ਦੀ ਵਿਦਿਆਰਥਣ ਯਸਾਨੀਆ ਕੌਰ ਨੇ ਗੀਤ ਸੁਣਾਇਆ। ਪਲੀ ਦੇ ਮੀਤ ਪ੍ਰਧਾਨ, ਡਾ. ਸਾਧੂ ਬਿਨਿੰਗ ਨੇ ਪਲੀ ਵਲੋਂ ਹਮੇਸ਼ਾ ਦਿੱਤਾ ਜਾਂਦਾ ਸੁਨੇਹਾ ਕਿ ਪੰਜਾਬੀ ਨੂੰ ਕੈਨੇਡਾ ਵਿਚ ਕੌਮੀ ਪੱਧਰ 'ਤੇ ਸਰਕਾਰੀ ਮਾਨਤਾ ਮਿਲਣੀ ਚਾਹੀਦਾ ਹੈ, ਦਾ ਸੰਦੇਸ਼ ਸਾਂਝਾ ਕੀਤਾ। ਵਿਦਿਆਥੀਆਂ ਦੀ ਦੂਸਰੀ ਪੇਸ਼ਕਸ਼ ਵਿੱਚ ਅੱਠ ਸਾਲ ਦੀ ਉਮਰ ਦੇ ਸੌਰਾਬ ਸਿੰਘ ਬਰਾੜ ਨੇ ਪੰਜਾਬੀ ਸੰਬੰਧੀ ਬਹੁਤ ਸੋਹਣੀ ਤੇ ਮਿੱਠੀ ਪੰਜਾਬੀ ਵਿੱਚ ਕੁਝ ਬੋਲ ਸਾਂਝੇ ਕੀਤੇ ਜੋ ਸ੍ਰੋਤਿਆਂ ਵਲੋਂ ਬਹੁਤ ਪਸੰਦ ਕੀਤੇ ਗਏ। ਜੀਵਨ ਅਤੇ ਗੁਰਸ਼ਨਵੀਰ ਬਾਜਵਾ ਨੇ ਪੰਜਾਬੀ ਸਿੱਖਣ ਦੇ ਫਾਇਦਿਆਂ ਬਾਰੇ ਆਪਣਾ ਤਿਆਰ ਕੀਤਾ ਸਲਾਈਡ ਸ਼ੋਅ ਦਿਖਾਇਆ।

ਕੈਨੇਡਾ ਦੇ ਸੈਨੇਟਰ ਮਾਨਯੋਗ ਬਲਤੇਜ ਸਿੰਘ ਢਿਲੋਂ ਨੇ ਪ੍ਰੋਗ੍ਰਾਮ ਵਿੱਚ ਆਪਣੇ ਜੀਵਨ ਵਿੱਚ ਪੰਜਾਬੀ ਦੀ ਮਹੱਤਤਾ ਬਾਰੇ ਦੱਸਿਆ। ਉਹਨਾਂ ਮਗਰੋਂ ਕੈਨੇਡਾ ਦੀ ਜੰਮ ਪਲ਼ ਮਾਨਯੋਗ ਜੈਸੀ ਸੁੱਨੜ ਜੋ ਸਰੀ ਨਿਊਟਨ ਦੇ ਐਮ ਐਲ ਏ ਅਤੇ ਮਿਨਿਸਟਰ ਆਫ ਪੋਸਟ ਸੈਕੰਡਰੀ ਐਜੂਕੇਸ਼ਨ ਐਂਡ ਫਿਊਚਰ ਸਕਿੱਲਜ਼ ਆਫ ਬੀ ਸੀ ਹਨ, ਨੇ ਦਰਸ਼ਕਾਂ ਨੂੰ ਸੰਬੋਧਨ ਕੀਤਾ ਅਤੇ ਆਪਣੇ ਜੀਵਨ ਵਿੱਚ ਪੰਜਾਬੀ ਦੀ ਜਾਣਕਾਰੀ ਨਾਲ ਹੋਏ ਤਜਰਬਿਆਂ ਅਤੇ ਫਾਇਦਿਆਂ ਬਾਰੇ ਗੱਲਬਾਤ ਕੀਤੀ।

ਸਰੀ ਸਕੂਲ ਵਿੱਚ ਪੰਜਾਬੀ ਪੜ੍ਹ ਰਹੇ ਵਿਦਿਆਰਥੀ ਜਸਮੀਤ ਸਿੰਘ ਖੈਰਾ ਨੇ ਇੱਕ ਕਵਿਤਾ ਪੜੀ। ਰੋਹਨ ਅਤੇ ਜੇਡਨ ਗਿੱਲ, ਜੋ ਗ੍ਰੇਡ 12 ਦੇ ਵਿਦਿਆਰਥੀ ਹਨ, ਨੇ ਵੀਡੀਓ ਦੇ ਰੂਪ ਵਿੱਚ ਪੰਜਾਬੀ ਨੂੰ ਸਿੱਖਣ ਦੇ ਫਾਇਦਿਆਂ ਬਾਰੇ ਪੇਸ਼ਕਸ਼ ਸਾਂਝੀ ਕੀਤੀ। ਸਰੀ ਸਕੂਲ ਡਿਸਟ੍ਰਿਕਟ ਦੀਆਂ ਮਿਹਨਤੀ ਅਤੇ ਹੋਣਹਾਰ ਪੰਜਾਬੀ ਅਧਿਆਪਕਾਵਾਂ, ਗੁਰਪ੍ਰੀਤ ਬੈਂਸ ਅਤੇ ਅਮਨਦੀਪ ਛੀਨਾ ਨੇ ਪੰਜਾਬੀ ਦੀ ਪੜ੍ਹਾਈ ਦੇ ਸੰਬੰਧ ਵਿੱਚ ਹੋ ਰਹੀਆਂ ਕੋਸ਼ਸ਼ਾਂ ਬਾਰੇ ਦੱਸਿਆ। ਉਹਨਾਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਹੁਣ ਸਰੀ ਦੇ ਸਾਰੇ ਸੈਕੰਡਰੀ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਲੋੜ ਅਨੁਸਾਰ ਅੱਠਵੀਂ ਜਮਾਤ ਤੋਂ ਸ਼ੁਰੂ ਹੋ ਸਕਦੀ ਹੈ। ਸਤਿਕਾਰ ਸੋਢੀ ਅਤੇ ਜੋਏਦੀਪ ਸਿੰਘ ਨੇ ਕਵਿਤਾਵਾਂ ਪੜ੍ਹੀਆਂ। ਸਰੀ ਦੇ ਸਕੂਲਾਂ ਵਿੱਚ ਰੇਸ਼ੀਅਲ ਇਕੁਇਟੀ ਨਾਲ ਸਬੰਧਤ ਸ੍ਰੀ ਜੇ ਬੀ ਮੱਲੀ ਹੋਰਾਂ ਵੀ ਆਪਣੇ ਖੇਤਰ ਨਾਲ ਸਬੰਧਤ ਮਹੱਤਵਪੂਰਨ ਵਿਚਾਰ ਸਾਂਝੇ ਕੀਤੇ। ਸਰੀ ਸਕੂਲ ਬੋਰਡ ਦੇ ਮੀਤ ਪ੍ਰਧਾਨ, ਸਤਿਕਾਰਯੋਗ ਗੈਰੀ ਥਿੰਦ ਨੇ ਸਕੂਲਾਂ ਵਿੱਚ ਪੰਜਾਬੀ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਹਰ ਸਾਲ ਦੀ ਤਰ੍ਹਾਂ ਥਿੰਦ ਸਾਹਿਬ ਨੇ ਪਲੀ ਦੀ ਆਰਥਿਕ ਸਹਾਇਤਾ ਵਜੋਂ ਡੋਨੇਸ਼ਨ ਵੀ ਦਿੱਤੀ ।

ਵਿਦਿਆਰਥੀਆਂ ਮਿਲਨ ਅਤੇ ਮਾਇਆ ਖੈਰਾ ਨੇ ਪੰਜਾਬੀ ਉੱਤੇ ਇੱਕ ਆਪਣੀ ਬਣਾਈ ਵੀਡੀਓ ਦਿਖਾਈ। ਐਸ ਐਫ਼ ਯੂ ਦੀ ਪੰਜਾਬੀ ਪ੍ਰੋਫੈਸਰ ਡਾ. ਗੀਤਿੰਦਰ ਕੌਰ ਨੇ ਪੰਜਾਬੀ ਬੋਲੀ ਵਿੱਚ ਕੀਤੀ ਜਾਂਦੀ ਮੈਡੀਕਲ ਜਾਣਕਾਰੀ ਦੇ ਅਨੁਵਾਦ ਬਾਰੇ ਸ੍ਰੋਤਿਆਂ ਨੂੰ ਸੰਬੋਧਨ ਕੀਤਾ। ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਟੇਜ ਤੇ ਬੁਲਾ ਕੇ ਸਰਟੀਫ਼ਿਕੇਟ ਅਤੇ ਤੋਹਫੇ ਦਿੱਤੇ ਗਏ।

ਆਖਿਰ ਵਿੱਚ ਯੂ ਬੀ ਸੀ ਦੇ ਪੰਜਾਬੀ ਦੇ ਪ੍ਰੋਫ਼ੈਸਰ ਗੁਰਿੰਦਰ ਮਾਨ ਅਤੇ ਐਲ. ਏ. ਮੈਥਿਸਨ ਦੀ ਅਧਿਆਪਕਾ ਪ੍ਰਭਜੋਤ ਕੌਰ ਸਿੰਘ ਨੇ ਪ੍ਰੋਗ੍ਰਾਮ ਦੀ ਸਮਾਪਤੀ ਕਰਦੇ ਹੋਏ ਆਏ ਹੋਏ ਸਾਰੇ ਸ੍ਰੋਤਿਆਂ ਦਾ ਧੰਨਵਾਦ ਕੀਤਾ।

ਵਿਸ਼ੇਸ਼ ਤੌਰ 'ਤੇ ਤਾਜ ਪਾਰਕ ਕਨਵੈਨਸ਼ਨ ਸੈਂਟਰ ਦਾ ਧੰਨਵਾਦ ਕੀਤਾ ਜਾਂਦਾ ਹੈ, ਜੋ ਪਲੀ ਦੀ ਸਹਾਇਤਾ ਰਾਹੀਂ ਪੰਜਾਬੀ ਬੋਲੀ ਦੀ ਸੇਵਾ ਕਰ ਰਹੇ ਹਨ।

ਦੀਪਕ ਬਿਨਿੰਗ ਫਾਉਂਡੇਸ਼ਨ ਦਾ ਬਹੁਤ ਧੰਨਵਾਦ ਹੈ, ਜਿਸ ਦੀ ਬਦੌਲਤ ਅਤੇ ਸਹਿਯੋਗ ਦੇ ਕਾਰਨ ਇਹ ਪ੍ਰੋਗ੍ਰਾਮ ਪਿਛਲੇ 25 ਸਾਲਾਂ ਤੋਂ ਚਲ ਰਿਹਾ ਹੈ।

GALAXY
Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

London
Sabzi Bazaar



+1 647 558 4543 | info@lsbgrocery.ca
Unit 104-106, 4026 Meadowbrook Dr, London, ON

# ਬੱਬਰ ਅਕਾਲੀ ਲਹਿਰ ਸ਼ਹਾਦਤ ਸ਼ਤਾਬਦੀ ਮੌਕੇ ਵਿਚਾਰ-ਚਰਚਾ

## • ਸਾਡਾ ਅਨਮੋਲ ਵਿਰਸਾ ਬੱਬਰ ਅਕਾਲੀ ਲਹਿਰ: ਸੁਵਰਨ ਵਿਰਕ • ਫਾਸ਼ੀ ਹੱਲੇ ਖ਼ਿਲਾਫ਼ ਜੂਝਣਾ ਸਮੇਂ ਦੀ ਲੋੜ: ਡਾ. ਪਰਮਿੰਦਰ





ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : ਸਾਡੇ ਮੁਲਕ ਦੀ ਆਜ਼ਾਦੀ ਲਈ ਉੱਠੀਆਂ ਵੰਨ-ਸੁਵੰਨੀਆਂ ਲਹਿਰਾਂ ਵਿੱਚ ਬੱਬਰ ਅਕਾਲੀ ਲਹਿਰ ਦੀ ਸ਼ਹਾਦਤ ਸ਼ਤਾਬਦੀ (1926-2026) ਮੌਕੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਇਸ ਲਹਿਰ ਦੇ ਇਤਿਹਾਸਕ ਪੱਖਾਂ ਅਤੇ ਉਸਦੀ ਮੁੱਲਵਾਨ ਪ੍ਰਸੰਗਕਤਾ ਉਪਰ ਵਿਸ਼ੇਸ਼ ਵਿਚਾਰ-ਚਰਚਾ ਸਮਾਗਮ ਕੀਤਾ ਗਿਆ। ਇਸ ਸਮਾਗਮ ਸਬੰਧੀ ਮੁੱਢਲੇ ਸ਼ਬਦ ਸਾਂਝੇ ਕਰਦਿਆਂ ਆਪਣੇ ਸੰਬੋਧਨ 'ਚ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਨੇ ਕਿਹਾ ਕਿ 2026 ਦਾ ਪੂਰਾ ਵਰ੍ਹਾ ਚੱਲਣ ਵਾਲੇ ਬੱਬਰ ਅਕਾਲੀ ਲਹਿਰ ਸ਼ਤਾਬਦੀ ਨੂੰ ਸਮਰਪਤ ਸਮਾਗਮਾਂ ਦੀ ਸਿਖ਼ਰ ਹੋਏਗਾ, ਪਹਿਲੀ ਨਵੰਬਰ ਨੂੰ ਹੋਣ ਵਾਲਾ ਮੇਲਾ ਗ਼ਦਰੀ ਬਾਬਿਆਂ ਦਾ। ਉਹਨਾਂ ਕਿਹਾ ਕਿ ਅੱਜ 27 ਫਰਵਰੀ ਨੂੰ ਇਸ ਮੁਹਿਮ ਦਾ ਆਗਾਜ਼ ਸਮਾਰੋਹ ਉਸ ਇਤਿਹਾਸਕ ਦਿਹਾੜੇ 'ਤੇ ਰੱਖਿਆ ਗਿਆ ਹੈ, ਜਿਸ ਦਿਨ 27 ਫਰਵਰੀ 1926 ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਛੇ ਬੱਬਰ ਦੇਸ਼ ਭਗਤਾਂ ਨੂੰ ਫਾਂਸੀ ਲਗਾਇਆ ਗਿਆ ਸੀ। ਸਮਾਗਮ ਮੌਕੇ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਦੋਵੇਂ ਵਕਤਾ ਕਮੇਟੀ ਮੈਂਬਰ ਸਵਰਨ ਸਿੰਘ ਵਿਰਕ, ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਮੰਚ 'ਤੇ ਸੁਸ਼ੋਭਤ ਸਨ।

ਕਮੇਟੀ ਮੈਂਬਰ ਸੁਵਰਨ ਸਿੰਘ ਵਿਰਕ ਨੇ 'ਬੱਬਰ ਅਕਾਲੀ ਲਹਿਰ ਦੀ ਪ੍ਰਸੰਗਕਤਾ' ਵਿਸ਼ੇ 'ਤੇ ਬੋਲਦਿਆਂ ਬੱਬਰ ਅਕਾਲੀ ਲਹਿਰ ਦੇ ਅਣਗੌਲੇ ਇਤਿਹਾਸ ਦੇ ਕਈ ਪੱਖਾਂ ਉਪਰ ਰੌਸ਼ਨੀ ਪਾਈ। ਉਹਨਾਂ ਕਿਹਾ ਕਿ ਬੱਬਰ ਅਕਾਲੀ ਲਹਿਰ ਦੇ ਗਠਨ ਪਿੱਛੇ ਉਸ ਵੇਲੇ ਦੇ ਪੰਜਾਬ ਅੰਦਰ ਕਿੰਨੀਆਂ ਹੀ ਥਾਵਾਂ 'ਤੇ ਵਾਪਰੇ ਇੰਤਹਾ ਜ਼ਬਰ ਦੀਆਂ ਘਟਨਾਵਾਂ ਕਾਰਨ ਲੋਕ ਮਨਾਂ ਅੰਦਰ ਉੱਸਲਵੱਟੇ ਲੈਂਦਾ ਰੋਸ ਸ਼ਾਮਲ ਹੈ। ਜਿਸ ਕਾਰਨ ਸਿੱਧੇ ਨਿਸ਼ਾਨੇ ਦੀ ਮਾਰ ਹੇਠ ਬਰਤਾਨਵੀ ਹਕੂਮਤ ਦੇ ਤਖ਼ਤ ਦੇ ਪੌਡੇ ਬਣਨ ਵਾਲੇ ਜ਼ੈਲਦਾਰਾਂ, ਟੋਡੀਆਂ, ਮੁਖ਼ਬਰਾਂ ਨੂੰ ਲਿਆਂਦਾ ਗਿਆ।

ਸੁਵਰਨ ਵਿਰਕ ਨੇ ਕਿਹਾ ਕਿ ਬੱਬਰ ਅਕਾਲੀ ਲਹਿਰ ਨੂੰ ਇੱਕ ਵਿਸ਼ੇਸ਼ ਧਰਮ ਤੱਕ ਸੀਮਤ ਕਰਨ ਅਤੇ ਉਸੇ ਵਿਸ਼ੇਸ਼ ਧਰਮ ਨਾਲੋਂ ਨਿਖੇੜਨ ਲਈ ਵੀ ਯਤਨ ਕੀਤੇ ਗਏ ਪਰ ਸਚਾਈ ਕਦੇ ਛੁਪ ਜਾਂ ਹਾਰ ਨਹੀਂ ਸਕਦੀ।

ਉਹਨਾਂ ਕਿਹਾ ਕਿ ਰੂਸੀ ਕਰਾਂਤੀ ਦਾ ਮਾਸਟਰ ਮੋਤਾ ਸਿੰਘ ਵਰਗਿਆਂ ਰਾਹੀਂ ਬਾਲਸਿਜ਼ਮ ਦਾ ਪ੍ਰਭਾਵ ਵੀ ਇਸ ਲਹਿਰ ਨੂੰ ਰੰਗ ਚਾੜ੍ਹਨ ਦਾ ਕੰਮ ਕਰਨ ਲੱਗਾ। ਉਸ ਵੇਲੇ ਬਸਤੀਵਾਦ ਵਿਰੋਧੀ ਲਹਿਰਾਂ ਇੱਕ-ਦੂਜੀ ਲਹਿਰ ਦੀਆਂ ਪੂਰਕ ਸਨ। ਬੱਬਰ ਅਕਾਲੀਆਂ ਦੀ ਦੇਣ ਮਾਨਵਵਾਦੀ, ਸਮਤਾਪੂਰਕ ਸਮਾਜ ਦੀ ਸਿਰਜਣਾ ਦਾ ਜਮਹੂਰੀਕਰਨ ਕਰਨਾ ਸੀ।

ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਨੇ, "ਫ਼ਿਰਕੂ ਫਾਸ਼ੀ ਹੱਲੇ ਦੀਆਂ ਚੁਣੌਤੀਆਂ ਅਤੇ ਸਾਡੀ ਭੂਮਿਕਾ" ਵਿਸ਼ੇ 'ਤੇ ਬੋਲਦੇ ਹੋਏ ਕਿਹਾ ਕਿ ਸਾਮਰਾਜੀ ਦੇ ਦੇਸੀ, ਬਹੁ-ਕੌਮੀ ਕੰਪਨੀਆਂ ਦੇ ਆਰਥਕ ਅਜੰਡੇ ਪੂਰੀ ਬੇਸ਼ਰਮੀ ਨਾਲ ਗੋਡਣੀਆਂ ਪਰਨੇ ਹੋ ਕੇ ਭਾਰਤੀ ਲੋਕਾਂ ਉਪਰ ਮੜ੍ਹਨ ਲਈ ਰਾਹ ਪੱਧਰਾ ਕਰਨ ਵਾਸਤੇ ਸਮਾਜ ਅੰਦਰ ਫ਼ਿਰਕੂ ਫਾਸ਼ੀਵਾਦ ਦੀ ਹਨੇਰੀ ਤੇਜ਼ੀ ਨਾਲ ਵਗਾ ਰਹੇ ਹਨ।

ਮੌਜੂਦਾ ਭਾਜਪਾ ਹਕੂਮਤ ਦਾ ਮੁੱਖ ਨਿਸ਼ਾਨਾ ਮੁਸਲਮਾਨ, ਇਸਾਈ ਅਤੇ ਕਮਿਊਨਿਸਟ ਨੇ। ਆਦਿਵਾਸੀ ਅਤੇ ਸੰਘਰਸ਼ ਕਰਦੇ ਮੁਲਕ ਦੇ ਕਾਮੇ, ਪੰਜਾਬ ਅੰਦਰ ਜਿਉਂਦ ਪਿੰਡ ਨੂੰ ਚੋਣਵਾਂ ਨਿਸ਼ਾਨਾ ਬਣਾਇਆ ਜਾਣਾ ਭਵਿੱਖ ਵਿੱਚ ਫੈਲਦੇ ਫਾਸ਼ੀਵਾਦ ਦੇ ਪੰਜਿਆਂ ਦੀ ਖ਼ੂੰਖ਼ਾਰ ਤਸਵੀਰ ਪੇਸ਼ ਕਰਦਾ ਹੈ। ਇਟਲੀ, ਜਰਮਨੀ ਅਤੇ ਫ਼ਲਸਤੀਨ ਵਰਗੇ ਹਾਲਾਤ ਲਗਾਤਾਰ ਮੁਲਕ ਨੂੰ ਧੱਕਿਆਂ ਜਾ ਰਿਹਾ ਹੈ। ਸਾਮਰਾਜੀ ਹੱਲੇ ਦੇ ਸਿਰਜੇ ਅਖੌਤੀ ਰਾਸ਼ਟਰਵਾਦ ਦੇ ਬਦਲ 'ਚ ਮਜ਼ਦੂਰ ਜਮਾਤ ਨੇ ਖਰੇ ਕੌਮੀ ਅਤੇ ਕੌਮਾਂਤਰੀ ਵਰਤਾਰੇ ਦਾ ਸੰਕਲਪ ਉਭਾਰਕੇ ਸਾਹਮਣੇ ਲਿਆਂਦਾ ਅਤੇ ਖ਼ਰੇ ਕੌਮਾਂਤਰੀਵਾਦ ਨੂੰ ਉਭਾਰਿਆ।

ਜਿਵੇਂ ਯਹੂਦੀਆਂ ਨੂੰ ਦੁਸ਼ਮਣ ਦੇ ਤੌਰ 'ਤੇ ਉਭਾਰਿਆ ਗਿਆ, ਉਸੇ ਤਰ੍ਹਾਂ ਸਾਡੇ ਮੁਲਕ ਅੰਦਰ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਰੁਝਾਨ ਸਿਰਫ਼ ਭਾਜਪਾ, ਆਰ.ਐਸ.ਐਸ. ਦਾ ਹੀ ਨਹੀਂ ਆਨੰਦ ਮੱਠ ਵਰਗੇ ਨਾਵਲਾਂ ਰਾਹੀਂ ਇਸ ਪ੍ਰਬੰਧ ਦੇ ਰਖੇਲਾਂ ਨੇ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਦੀ ਪੁੱਠ ਚਾੜ੍ਹੀ। ਸਾਮਰਾਜੀ ਸਰਮਾਏ ਦੇ ਹੁਕਮਾਂ ਦੀ ਪਾਲਣਾ ਕਰਦਾ ਇਥੋਂ ਦਾ ਫਾਸ਼ੀ ਹੱਲਾ ਲੋਕਾਂ ਖ਼ਿਲਾਫ਼ ਹੈ।

ਜੇ ਅੱਜ ਭਾਜਪਾ ਆਰ.ਐਸ.ਐਸ. ਜ਼ਿੰਮੇਵਾਰ ਹੈ ਤਾਂ ਇਸਦੀ ਨੀਂਹ ਵਿੱਚ 1947 ਸਮੇਂ ਦੇ ਹੁਕਮਰਾਨਾ ਦੀ ਮਾਨਸਿਕਤਾ ਅਤੇ ਮੰਤਵ ਸਮੋਏ ਹੋਏ ਨੇ। ਉਹਨਾਂ ਕਿਹਾ ਕਿ ਪੰਜਾਬ ਅੰਦਰ ਖ਼ਾਲਿਸਤਾਨੀ ਦਹਿਸ਼ਤਗਰਦੀ ਨੂੰ ਇੱਕਜੁੱਟ ਸੰਘਰਸ਼ ਪੰਜਾਬ ਅੰਦਰ ਸਫ਼ਲ ਹੋਇਆ।

ਉਹਨਾਂ ਕਿਹਾ ਕਿ ਕੁਦਰਤੀ ਵਸੀਲਿਆਂ ਉਪਰ ਸਾਮਰਾਜੀ ਬਹੁਕੌਮੀ ਕੰਪਨੀਆਂ ਦਾ ਜੱਫਾ ਮਜ਼ਬੂਤ ਕੀਤਾ ਜਾ ਰਿਹਾ ਹੈ। ਜੇਕਰ ਇਹ ਕੁਦਰਤੀ ਵਸੀਲੇ ਲੋਕਾਂ ਲਈ ਵਰਤੇ ਜਾਣ ਤਾਂ ਨਾ ਭੁੱਖਮਰੀ, ਨਾ ਫ਼ਿਰਕੂ ਫਾਸ਼ੀ ਹੱਲੇ ਹੋਣਗੇ ਮੁਨਾਫ਼ਿਆਂ ਦੀ ਅੰਨ੍ਹੀ ਦੌੜ ਵਿੱਚ ਮਦਹੋਸ਼ ਭਾਜਪਾ ਹਕੂਮਤ ਸਾਮਰਾਜ ਨੂੰ ਮਜ਼ਬੂਤ ਕਰਨ, ਉਹਦੀ ਅਧੀਨਗੀ ਵਾਲਾ ਫਾਸ਼ੀਵਾਦ ਲਿਆ ਰਹੇ ਨੇ।

ਅੱਜ ਦੇ ਸਮਾਗਮ 'ਚ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਬੱਬਰ ਅਕਾਲੀ ਲਹਿਰ ਦੇ ਪਿੰਡਾਂ, ਯਾਦਗਾਰੀ ਕਮੇਟੀਆਂ ਦੇ ਨੁਮਾਇੰਦਾ ਨੂੰ 'ਸਨਮਾਨ ਚਿੰਨ੍ਹ' ਭੇਂਟ ਕਰਕੇ ਅਤੇ ਉਹਨਾਂ ਦੀ ਦੇਣ ਨੂੰ ਸਲਾਮ ਕਰਦੇ ਹੋਏ ਸਨਮਾਨਤ ਕੀਤਾ ਗਿਆ। ਮੰਚ ਤੋਂ ਸਨਮਾਨਤ ਹੋਣ ਵਾਲਿਆਂ 'ਚ ਸ਼ਹੀਦ ਵਰਿਆਮ ਸਿੰਘ ਧੁੱਗਾ ਦੇ ਪਿੰਡੋਂ ਆਏ ਮੱਖਣ ਸਿੰਘ, ਸ਼ਹੀਦ ਕਰਤਾਰ ਸਿੰਘ ਚੱਕ ਕਲਾਂ ਤੋਂ ਪ੍ਰਮਿੰਦਰ ਸਿੰਘ, ਸ਼ਹੀਦ ਸੰਤਾ ਸਿੰਘ ਹਰਿਓਂ ਖੁਰਦ (ਲੁਧਿਆਣਾ) ਦੇ ਜਗਰੂਪ ਸਿੰਘ, ਮਾਸਟਰ ਕੁਲਵੰਤ 'ਤਰਕ', ਬੱਬਰ ਮੋਤਾ ਸਿੰਘ ਦੇ ਪਿੰਡ ਪਤਾਰਾ ਤੋਂ ਅਸ਼ੋਕ ਪਤਾਰਾ, ਕਰਮ ਸਿੰਘ ਦੌਲਤਪੁਰ ਦੀ ਸਮਾਰਕ ਵੱਲੋਂ ਜਸਪਾਲ ਜਾਂਡਲੀ, ਰਣਜੀਤ ਸਿੰਘ ਗੜ੍ਹੀ, ਸੁਖਵੀਰ ਸਿੰਘ, ਬੱਬਰ ਕਰਮ ਸਿੰਘ ਦੇ ਨਾਨਕਾ ਪਿੰਡ ਕੌਲਗੜ੍ਹ ਤੋਂ ਦੀਦਾਰ ਸ਼ੇਤਰਾ, ਬੱਬਰ ਅਕਾਲੀ ਹੈਰੀਟੇਜ਼ ਐਬਸਫੋਰਡ (ਕੈਨੇਡਾ) ਤੋਂ ਬਲਜਿੰਦਰ ਬੈਂਸ, ਰਾਜਿੰਦਰ ਢਿੱਲੋਂ, ਗੁਰਤੇਜ ਸਿੰਘ, ਗੁਰਦੇਵ ਸਿੰਘ ਬਰਾੜ, ਬੱਬਰ ਕਰਮ ਸਿੰਘ ਝਿੰਗੜ ਦੇ ਪਿੰਡੋਂ ਮਲਕੀਤ ਸਿੰਘ ਝਿੰਗੜ, ਬੱਬਰ ਅਕਾਲੀ ਹੈਰੀਟੇਜ ਐਬਸਫੋਰਡ (ਕਨੇਡਾ) ਤੋਂ ਅਮਰਜੀਤ ਸਿੰਘ ਨਰੰਗ, ਮੱਖਣ ਸਿੰਘ ਅੱਚਰਵਾਲ, ਮਲਕੀਤ ਸਿੰਘ ਤੂਰ, ਗੁਰਮੇਲ ਸਿੰਘ ਸੰਧੂ, ਬੱਬਰ ਸੁਰੈਣ ਸਿੰਘ ਦੌਲਪੁਰ ਅਲਾਵਲਪੁਰ ਤੋਂ ਜਸਵਿੰਦਰ ਸਿੰਘ ਦੌਲਤਪੁਰ ਦਾ ਸਨਮਾਨ ਕੀਤਾ ਗਿਆ। ਇਸ ਸਮਾਗਮ 'ਚ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

# ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਉਸਰਿਆ ਕਵਿਤਾ ਭਵਨ

## ਕੈਲਗਰੀ ਨਿਵਾਸੀ ਹਰਬਖ਼ਸ਼ ਸਿੰਘ ਸਰੋਆ ਨੇ ਆਪਣੀ ਧਰਮ ਪਤਨੀ ਕੁਲਦੀਪ ਕੌਰ ਦੀ ਯਾਦ 'ਚ ਕੀਤੀ 5 ਲੱਖ ਦੀ ਸੇਵਾ








ਮੰਡੀ ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ਲੋਕ ਕਲਾ ਮੰਚ ਰਜਿ. ਮੰਡੀ ਮੁੱਲਾਂਪੁਰ ਦੇ ਸੱਦੇ ਤੇ ਕੈਲਗਰੀ ਨਿਵਾਸੀ ਸਰਦਾਰ ਹਰਬਖਸ਼ ਸਿੰਘ ਸਰੋਆ ਜੀ, ਸੂਰੀਆ ਪ੍ਰਤਾਪ ਸਿੰਘ, ਜਰਨੈਲ ਤੱਗੜ, ਅਵਤਾਰ ਤੱਗੜ ਜੀ ਨੇ ਗੁਰਸ਼ਰਨ ਕਲਾ ਭਵਨ ਵਿਖੇ ਇੱਕ ਨਿੱਘੇ ਪਿਆਰੇ ਜਿਹੇ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਹਰਬਖਸ਼ ਸਿੰਘ ਸਰੋਆ ਜੀ ਵੱਲੋਂ ਆਪਣੀ ਕਿਰਤ ਕਮਾਈ ਨਾਲ ਗੁਰਸ਼ਰਨ ਕਲਾ ਭਵਨ ਵਿਖੇ ਉਸਾਰੇ ਗਏ ਹਾਲ ਦਾ ਨਾਮਕਰਨ ਕੀਤਾ ਗਿਆ। ਇਸ ਹਾਲ ਨੂੰ 'ਕਵਿਤਾ ਭਵਨ' ਦਾ ਨਾਂ ਦਿੱਤਾ ਗਿਆ ਹੈ। ਇਸ ਹਾਲ ਵਿੱਚ ਕਵੀ ਦਰਬਾਰ ਕਰਵਾਏ ਜਾਇਆ ਕਰਨਗੇ। ਇਹ ਹਾਲ ਨੂੰ ਪੰਜਾਬੀ ਮਾਤ ਭਾਸ਼ਾ ਦੇ ਪੰਜ ਨਾਮਵਰ ਕਵੀਆਂ ਨੂੰ ਸਮਰਪਿਤ ਹੋਵੇਗਾ। ਇਸ ਮੌਕੇ 'ਤੇ ਰਵਨੀਤ ਕੌਰ ਲੈਕਚਰਾਰ ਨੇ ਸਮਾਗਮ ਦੀ ਸ਼ੁਰੂਆਤ ਕੀਤੀ ਅਤੇ ਆਪਣੀ ਕਵਿਤਾ ਪੇਸ਼ ਕੀਤੀ। ਇਸ ਉਪਰੰਤ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਜੀ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਮੰਚ ਦੇ ਕਾਰਜਾਂ ਬਾਰੇ ਗੱਲਬਾਤ ਕੀਤੀ ਅਤੇ ਉਨ੍ਹਾਂ ਨੇ ਕਿਹਾ ਕਿ ਮਾਸਟਰ ਭਜਨ ਸਿੰਘ ਦੀ ਪ੍ਰੇਰਨਾ ਸਦਕਾ ਹੀ ਸਰੋਆ ਪਰਿਵਾਰ ਨੇ ਭਵਨ ਵਿਖੇ ਹਾਲ ਕਮਰਾ ਉਸਾਰਿਆ ਹੈ। ਅਸੀਂ ਦੇਸ਼ ਭਗਤ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਬਣਾਉਣਾ ਚਾਹੁੰਦੇ ਹਾਂ। ਉਘੇ ਲੇਖਕ ਅਮਰੀਕ ਤਲਵੰਡੀ ਜੀ ਨੇ ਸੁੱਚੀ ਕਿਰਤ ਕਮਾਈ ਨਾਲ ਉਸਾਰੇ ਹਾਲ ਲਈ ਸਰੋਆ ਪਰਿਵਾਰ ਦੀ ਸ਼ਲਾਘਾ ਕੀਤੀ। ਇਕਬਾਲ ਸਿੰਘ ਪੂੜੈਣ ਲੈਕਚਰਾਰ ਨੇ ਵੀ ਸੰਬੋਧਨ ਕੀਤਾ। ਪ੍ਰਿੰ. ਰਾਜਿੰਦਰ ਸਿੰਘ ਜੀ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਸੰਸਥਾ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਡੇ ਕਾਰਜ ਕਰ ਰਹੀ ਹੈ। ਇਸ ਮੌਕੇ 'ਤੇ ਜਰਨੈਲ ਤੱਗੜ ਜੀ ਨੇ ਲੋਕ ਕਲਾ ਮੰਚ ਨਾਲ ਪਿਛਲੇ ਤੇਰਾਂ ਸਾਲ ਪੁਰਾਣੀ ਸਾਂਝ ਦਾ ਜ਼ਿਕਰ ਕੀਤਾ। ਸਮਾਗਮ ਦੇ ਮੁੱਖ ਮਹਿਮਾਨ ਹਰਬਖਸ਼ ਸਰੋਆ ਜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੇਰੀ ਗੁਰਸ਼ਰਨ ਸਿੰਘ ਭਾਅ ਜੀ ਸਾਂਝ ਸੀ, ਮੈਂ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਕੰਮ ਤੋਂ ਪ੍ਰਭਾਵਿਤ ਹਾਂ। ਮਾਸਟਰ ਭਜਨ ਸਿੰਘ ਜੀ ਨੇ ਮੈਨੂੰ ਇਸ ਥਾਂ ਤੋਂ ਵਾਕਿਫ਼ ਕਰਵਾਇਆ ਸੀ। ਇੱਥੇ ਆ ਕੇ ਮੈਨੂੰ ਖ਼ੁਸ਼ੀ ਹੁੰਦੀ ਹੈ। ਇਸ ਮੌਕੇ 'ਤੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਦੁਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ।


KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313



# ਇਕ ਪਾਠਕ ਦੇ ਤੌਰ ’ਤੇ ਭਗਤ ਸਿੰਘ

ਹਰਜੋਤ ਓਬਰਾਏ
ਅਨੁਵਾਦ: ਸੁਖਵੰਤ ਹੁੰਦਲ

ਕਿਹਾ ਜਾਂਦਾ ਹੈ ਕਿ 23 ਮਾਰਚ 1931 ਨੂੰ, ਜਿਸ ਦਿਨ ਭਗਤ ਸਿੰਘ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫਾਂਸੀ ਦਿੱਤੀ ਜਾਣੀ ਸੀ, ਭਗਤ ਸਿੰਘ ਨੇ ਆਪਣੇ ਵਕੀਲ ਤੋਂ ਲੈਨਿਨ ਬਾਰੇ ਕਿਤਾਬ ਲਿਆ ਕੇ ਦੇਣ ਦੀ ਮੰਗ ਕੀਤੀ ਸੀ। ਸਾਨੂੰ ਇਹ ਨਹੀਂ ਪਤਾ ਕਿ ਅਸਲ ਵਿੱਚ ਵਕੀਲ ਭਗਤ ਸਿੰਘ ਲਈ ਇਹ ਕਿਤਾਬ ਲਿਆਇਆ ਜਾਂ ਨਹੀਂ ਜਾਂ ਭਗਤ ਸਿੰਘ ਨੂੰ ਉਸ ਦੇ ਸਖਤ ਜੇਲ੍ਹਰਾਂ ਨੇ ਕਿਤਾਬ ਪੜ੍ਹਨ ਦਾ ਸਮਾਂ ਦਿੱਤਾ ਜਾਂ ਨਹੀਂ। ਸ਼ਾਇਦ ਇਹ ਕਹਾਣੀ ਇਸ ਚੀਜ਼ ਨੂੰ ਜ਼ੋਰਦਾਰ ਯਾਦ ਕਰਾਉਣ ਵਾਲੀ ਇਕ ਮਿੱਥ ਹੋਵੇ ਕਿ ਵਿਚਾਰਾਂ ਅਤੇ ਕਿਤਾਬਾਂ ਦੀ ਦੁਨੀਆ ਨਾਲ ਭਗਤ ਸਿੰਘ ਦਾ ਕਿੰਨਾ ਜ਼ਿਆਦਾ ਪਿਆਰ ਸੀ। ਆਪਣੀ ਸ਼ਹਾਦਤ ਵਾਲੇ ਦਿਨ ਤੱਕ, 23 ਸਾਲਾਂ ਤੋਂ ਕੁੱਝ ਕੁ ਮਹੀਨੇ ਵੱਧ ਉਮਰ ਵਿੱਚ, ਭਗਤ ਸਿੰਘ ਨੇ ਉੱਨੀਆਂ ਕਿਤਾਬਾਂ ਪੜ੍ਹ ਲਈਆਂ ਸਨ, ਜਿੰਨੀਆਂ ਕਿਤਾਬਾਂ ਬਹੁਤੇ ਲੋਕ ਆਪਣੀ ਸਾਰੀ ਜ਼ਿੰਦਗੀ ਵਿੱਚ ਨਹੀਂ ਪੜ੍ਹਦੇ। ਉਸ ਵੱਲੋਂ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਵਿੱਚ ਸ਼ਾਮਲ ਸਨ: ਨਾਵਲ, ਸਿਆਸਤ, ਇਤਿਹਾਸ, ਨਿਆਂ ਸ਼ਾਸਤਰ ਅਤੇ ਜੀਵ ਵਿਗਿਆਨ ਨਾਲ ਸੰਬੰਧਤ ਕਿਤਾਬਾਂ, ਬਸਤੀਵਾਦੀਆਂ ਵੱਲੋਂ ਦੂਜੇ ਲੋਕਾਂ ਦੇ ਸਭਿਆਚਾਰਾਂ ਬਾਰੇ ਲਿਖੀਆਂ ਕਿਤਾਬਾਂ, ਕਵਿਤਾ ਦੀਆਂ ਕਿਤਾਬਾਂ, ਨਾਟਕ ਅਤੇ ਫਿਲਾਸਫੀ ਨਾਲ ਸੰਬੰਧਤ ਕਿਤਾਬਾਂ।

ਉਸ ਵੱਲੋਂ ਏਨਾ ਪੜ੍ਹਨ ਦੇ ਪਿੱਛੇ ਕੀ ਸੀ? ਭਗਤ ਸਿੰਘ ਨੂੰ ਇਹ ਜੰਨੂਨ ਕਿਉਂ ਸੀ ਕਿ ਉਸ ਲਈ ਸਭ ਤੋਂ ਵੱਡੀ ਗੱਲ ਆਪਣੇ ਆਪ ਨੂੰ ਇਕ ਲਾਇਬ੍ਰੇਰੀ ਨਾਲ ਘਿਰੇ ਰੱਖਣ ਦੀ ਲੋੜ ਸੀ? ਉਸ ਦੇ ਪੜ੍ਹਨ ਦਾ ਵਿਸ਼ਾਲ ਦਾਇਰਾ ਕਲਾਸਕੀ ਸਾਹਿਤ ਤੋਂ ਲੈ ਕੇ ਉੱਚੀ ਆਧੁਨਿਕਤਾ ਤੱਕ ਫੈਲਿਆ ਹੋਇਆ ਸੀ। ਉਦਾਹਰਨ ਲਈ ਕਵਿਤਾ ਦੇ ਖੇਤਰ ਵਿੱਚ ਉਸ ਨੇ ਮਿਰਜ਼ਾ ਗਾਲਿਬ ਅਤੇ ਵਿਲੀਅਮ ਵਰਡਜ਼ਵਰਥ ਨੂੰ ਪੜ੍ਹਿਆ ਸੀ। ਸਿਆਸੀ ਕਿਤਾਬਾਂ ਦੇ ਮਾਮਲੇ ਵਿੱਚ ਉਸ ਨੇ ਰੂਸੋ ਅਤੇ ਮਾਰਕਸ ਦੋਹਾਂ ਨੂੰ ਪੜ੍ਹਿਆ ਹੋਇਆ ਸੀ। ਨਾਵਲਾਂ ਦੇ ਸੰਬੰਧ ਵਿੱਚ ਉਸ ਦੇ ਸੁਆਦ ਦੇ ਘੇਰੇ ਵਿੱਚ ਫਿਉਦਰ ਦੋਸਤੋਵਸਕੀ, ਮੈਕਸਿਮ ਗੋਰਕੀ, ਚਾਰਲਜ਼ ਡਿਕਨਜ਼, ਜੈਕ ਲੰਡਨ ਅਤੇ ਅਪਟਨ ਸਿਨਕਲੇਅਰ ਸ਼ਾਮਲ ਸਨ। ਭਗਤ ਸਿੰਘ ਦੀਆਂ ਜੇਲ੍ਹ ਦੀਆਂ ਮਸ਼ਹੂਰ ਨੋਟਬੁੱਕਾਂ ਦੇ ਪਹਿਲੇ ਸਫੇ ‘ਤੇ ਕਵਿਤਾ ਦੀਆਂ ਦੋ ਟੂਕਾਂ ਉੱਕਰੀਆਂ ਹੋਈਆਂ ਹਨ: ਇਕ ਸ਼ੈਕਸਪੀਅਰ ਦੀ ਅਤੇ ਦੂਜੀ ਗਾਲਿਬ ਦੀ। (1) ਤੁਸੀਂ ਉਸ ਦੀਆਂ ਪੜ੍ਹਨ ਦੀਆਂ ਆਦਤਾਂ ਦਾ ਰਹੱਸ ਕਿਵੇਂ ਖੋਲ੍ਹੋਗੇ?

ਸ਼ਾਇਦ ਉੱਪ-ਮਹਾਂਦੀਪ ਦੇ ਇਤਿਹਾਸ ਵਿੱਚ ਹੋਏ ਇਕ ਹੋਰ ਵੱਡੇ ਪਾਠਕ ਨਹਿਰੂ ਨਾਲ ਤੁਲਨਾ ਕਰਕੇ ਸਾਨੂੰ ਇਸ ਬਾਰੇ ਕੁੱਝ

HOMELIFE
HIGHER STANDARDS
Commitment to Excellent Service
- Life Insurance
- Disability Insurance
- Critical Illness Insurance
- Super Visa Insurance
- Health & Dental Plans
- Mortgage Insurance
- Visitor Insurance
- Segregated Funds
- RRSP & TFSA
- RESP
HomeLife SilverCity Realty Inc.
Brokerage Independently Owned & Operated
Harbans Singh
Sales Representative & Insurance Advisor
Mob. 416-817-7142
905-913-8500
Fax: 415-213-9010
dharbans@hotmail.com
Punjab Insurance Inc.
10 - 7003 Steeles Avenue, West, Toronto, ON M9W 0A2
11775 Bramalea Rd., Unit #201, Brampton L7R3S7

EXPERIOR FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call Protect your family
Call: 416.209.6363
Hardeep Atwal
Sr. Insurance Advisor

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

SimpleX MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
We Finance Too
York Authorized Dealer
YORK
WE DO INSTALL & SERVICE ALL MAJOR BRANDS
Ritesh Vashisht
604.657.9420
Email: simplexmechanical@hotmail.com
www.hvacsurreybc.ca

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
Custom Products and Services Offered :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194

A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS

ਜਾਣਕਾਰੀ ਮਿਲ ਸਕੇ। ਇਕ ਜਾਣਕਾਰੀ ਭਰਪੂਰ ਲੇਖ ਵਿੱਚ, ਮਰਹੂਮ ਮੁਸ਼ੀਰੁਲ ਹਸਨ ਦਸਦੇ ਹਨ ਕਿ 21 ਮਈ 1922 ਅਤੇ 29 ਜਨਵਰੀ 1923 ਤੱਕ ਨਹਿਰੂ ਨੇ 55 ਕਿਤਾਬਾਂ ਪੜ੍ਹੀਆਂ।(2) ਇਹ ਹਫਤੇ ਦੀ ਇਕ ਕਿਤਾਬ ਪੜ੍ਹਨ ਦੇ ਬਰਾਬਰ ਹੈ। ਭਗਤ ਸਿੰਘ ਵਾਂਗ ਹੀ ਅਸੀਂ ਨਹਿਰੂ ਬਾਰੇ ਪੁੱਛ ਸਕਦੇ ਹਾਂ ਕਿ ਨਹਿਰੂ ਨੂੰ ਕਿਤਾਬਾਂ ਪੜ੍ਹਨ ਲਈ ਕਿਹੜੀ ਚੀਜ਼ ਪ੍ਰੇਰਤ ਕਰ ਰਹੀ ਸੀ? ਨਹਿਰੂ ਦੀਆਂ ਸਾਰੀਆਂ ਜਟਿਲਤਾਵਾਂ ਨੂੰ ਸਮਝਣਾ ਕਦੇ ਵੀ ਏਨਾ ਸੌਖਾ ਨਹੀਂ, ਪਰ ਜਦੋਂ ਉਸ ਦੇ ਪੜ੍ਹਨ ਬਾਰੇ ਗੱਲ ਕਰਨੀ ਹੋਵੇ ਤਾਂ ਇਹ ਗੱਲ ਸੌਖਿਆਂ ਹੀ ਕਹੀ ਜਾ ਸਕਦੀ ਹੈ ਕਿ ਬਹੁਤੀ ਵਾਰੀ ਉਹ ਇਹ ਜਾਣਨਾ ਚਾਹੁੰਦਾ ਸੀ ਕਿ ਦੇਸ਼ ਦੇ ਭਵਿੱਖ ਲਈ ਸੇਧ ਲੈਣ ਲਈ ਭਾਰਤ ਦੇ ਭੂਤਕਾਲ ਤੋਂ ਕਿਹੜੀਆਂ ਸਚਾਈਆਂ ਬਾਰੇ ਜਾਣਿਆ ਜਾ ਸਕਦਾ ਸੀ। ਸਭਿਅਤਾ ਦੇ ਭੂਤਕਾਲ ਨਾਲ ਸੰਬੰਧਤ ਉਸ ਦੇ ਪੱਕੇ ਸਰੋਕਾਰ ਬਾਰੇ ਸਾਨੂੰ ਉਸ ਦੀਆਂ ਲਿਖਤਾਂ ਅਤੇ ਭਾਸ਼ਣਾਂ ਦੇ ਕਈ ਪੈਰ੍ਹ ਿਆਂ ਤੋਂ ਸਪਸ਼ਟ ਗਿਆਨ ਹੁੰਦਾ ਹੈ।

ਇਸ ਸੋਚਣੀ ਦੇ ਸੰਸ਼ਲੇਸ਼ਣਾਤਮਿਕ ਢੰਗ ਦੀ ਉਘੜਵੀਂ ਉਦਾਹਰਨ ਹੇਠ ਲਿਖੇ ਪੈਰ੍ਹੇ ਤੋਂ ਮਿਲ ਸਕਦੀ ਹੈ:

"ਮੇਰੀ ਵਿਰਾਸਤ ਕੀ ਹੈ? ਮੈਂ ਕਿਸ ਚੀਜ਼ ਦਾ ਵਾਰਿਸ ਹਾਂ? ਉਸ ਸਭ ਕੁਝ ਦਾ ਜਿਸ ਨੂੰ ਮਨੁੱਖਤਾ ਨੇ ਦਹਿ-ਹਜ਼ਾਰ ਸਾਲਾਂ ਦੌਰਾਨ ਪ੍ਰਾਪਤ ਕੀਤਾ ਹੈ, ਉਸ ਸਭ ਕੁਝ ਦਾ ਜਿਸ ਨੂੰ ਇਸ ਨੇ ਸੋਚਿਆ ਅਤੇ ਮਹਿਸੂਸ ਕੀਤਾ ਹੈ ਅਤੇ ਉਹਨਾਂ ਸਾਰੇ ਦੁੱਖਾਂ ਅਤੇ ਖ਼ੁਸ਼ੀਆਂ, ਇਸ ਦੇ ਜਿੱਤਾਂ ਦੇ ਲਲਕਾਰਿਆਂ ਅਤੇ ਹਾਰਾਂ ਦੀਆਂ ਸਖਤ ਪੀੜਾਂ ਦਾ, ਮਨੁੱਖ ਦੀ ਉਸ ਅਸਚਰਜ ਮੁਹਿੰਮ ਦਾ ਜੋ ਬਹੁਤ ਸਮਾਂ ਪਹਿਲਾਂ ਸ਼ੁਰੂ ਹੋਈ ਅਤੇ ਹੁਣ ਵੀ ਜਾਰੀ ਹੈ ਅਤੇ ਸਾਨੂੰ ਸੈਨਤਾਂ ਮਾਰਦੀ ਹੈ। ਇਸ ਸਭ ਕੁਝ ਦਾ ਅਤੇ ਇਸ ਤੋਂ ਵੀ ਵੱਧ ਦਾ, ਜੋ ਸਾਰੇ ਮਨੁੱਖਾਂ ਦਾ ਸਾਂਝਾ ਹੈ। ਪਰ ਸਾਡੇ ਭਾਰਤ ਵਾਸੀਆਂ ਦੀ ਇਕ ਖਾਸ ਵਿਰਾਸਤ ਹੈ, ਕੋਈ ਨਿਵੇਕਲੀ ਨਹੀਂ, ਕਿਉਂਕਿ ਕੋਈ ਵੀ ਨਿਵੇਕਲੀ ਨਹੀਂ ਹੁੰਦੀ ਅਤੇ ਸਾਰੀਆਂ ਮਨੁੱਖ ਦੀ ਨਸਲ ਨਾਲ ਸਾਂਝੀਆਂ ਹੁੰਦੀਆਂ ਹਨ, ਪਰ ਵਿਸ਼ੇਸ਼ ਤੌਰ 'ਤੇ ਸਾਡੇ ਤੇ ਲਾਗੂ ਹੁੰਦੀ ਹੈ, ਜਿਹੜੀ ਸਾਡੇ ਹੱਡ-ਮਾਸ ਅਤੇ ਖੂਨ ਵਿੱਚ ਰਚੀ ਹੁੰਦੀ ਹੈ, ਜੋ ਸਾਨੂੰ ਉਹ ਬਣਾਉਂਦੀ ਹੈ, ਜੋ ਅਸੀਂ ਹਾਂ ਅਤੇ ਜੋ ਅਸੀਂ ਹੋਣਾ ਹੈ। ਇਸ ਵਿਸ਼ੇਸ਼ ਵਿਰਾਸਤ ਅਤੇ ਉਸ ਦੇ ਵਰਤਮਾਨ ਉੱਪਰ ਪ੍ਰਭਾਵ ਬਾਰੇ ਸੋਚ ਲੰਮੇ ਸਮੇਂ ਤੋਂ ਮੇਰੇ ਖਿਆਲਾਂ ਵਿੱਚ ਰਹੀ ਹੈ ਅਤੇ ਇਹ ਉਹ ਚੀਜ਼ ਹੈ ਜਿਸ ਬਾਰੇ ਮੈਂ ਲਿਖਣਾ ਚਾਹੁੰਦਾ ਹਾਂ ਮੈਂ ਇਸ ਨਾਲ ਇਨਸਾਫ ਨਹੀਂ ਕਰ ਸਕਦਾ, ਪਰ ਅਜਿਹਾ ਕਰਕੇ ਮੈਂ ਆਪਣੀ ਬੁੱਧੀ ਨੂੰ ਸਪਸ਼ਟ ਕਰਕੇ ਅਤੇ ਉਸ ਨੂੰ ਸੋਚ ਅਤੇ ਅਮਲ ਦੇ ਅਗਲੇ ਪੜਾਅ ਲਈ ਤਿਆਰ ਕਰਕੇ ਆਪਣੇ ਆਪ ਨਾਲ ਇਨਸਾਫ ਕਰਨ ਦੇ ਯੋਗ ਹੋ ਸਕਦਾ ਹਾਂ।3

ਨਹਿਰੂ ਨੇ ਇਹ ਸ਼ਬਦ 1944 ਵਿੱਚ ਲਿਖੇ ਜਦੋਂ ਉਹ ਅਹਿਮਦ ਨਗਰ ਦੇ ਕਿਲੇ ਵਿੱਚ ਕੈਦ ਸੀ। ਕੋਸ਼ਿਸ਼ ਕਰਨ, ਸ਼ਰ੍ਹੇਆਮ ਅੰਤਰਰਾਸ਼ਟਰੀਵਾਦੀ ਹੁੰਦਿਆਂ ਅਤੇ ਦੁਨੀਆ ਦੇ ਇਤਿਹਾਸ ਵਿੱਚ ਦਿਲਚਸਪੀ ਰੱਖਣ ਦੇ ਬਾਵਜੂਦ ਨਹਿਰੂ ਕਦੇ ਵੀ ਆਪਣੇ ਆਪ ਨੂੰ ਭਾਰਤ ਦੇ ਇਤਿਹਾਸ ਤੋਂ ਮੁਕਤ ਨਹੀਂ ਕਰ ਸਕਿਆ, ਭਾਵੇਂ ਕਿ ਉਸ ਨੂੰ ਇਸ ਦੇ ਕਈ ਹਿੱਸੇ ਤੰਗ ਕਰਦੇ ਸਨ। ਪਰ ਆਪਣੇ ਸਵੈ-ਵਿਸ਼ਵਾਸ ਅਤੇ ਬੇਮੁਹਾਰੇ ਆਸ਼ਾਵਦ ਕਾਰਨ ਉਹ ਹਮੇਸ਼ਾਂ ਇਸ ਗੱਲ 'ਤੇ ਯਕੀਨ ਕਰਦਾ ਰਿਹਾ ਸੀ ਕਿ ਭੂਤਕਾਲ ਵਿੱਚ ਜੋ ਕੁੱਝ ਵੀ ਕਰੂਪ ਹੈ, ਉਸ ਨੂੰ ਲੋਕਾਂ ਦੀ ਭਲਾਈ ਲਈ ਹਮੇਸ਼ਾਂ ਸਾਫ ਕੀਤਾ ਜਾ ਸਕਦਾ ਹੈ ਅਤੇ ਵਰਤੋਂ-ਯੋਗ ਬਣਾਇਆ ਜਾ ਸਕਦਾ ਹੈ।

ਭਗਤ ਸਿੰਘ ਭੂਤਕਾਲ ਬਾਰੇ ਇਸ ਤਰ੍ਹਾਂ ਦੇ ਵਿਚਾਰ ਬਿਲਕੁਲ ਨਹੀਂ ਰੱਖਦਾ। ਉਹ ਭਾਰਤ ਦੀ ਸਭਿਅਤਾ ਦੇ ਨਿਵੇਕਲੇਪਣ ਨੂੰ ਇਕ ਹਕੀਕਤ ਦੇ ਤੌਰ 'ਤੇ ਲੈਂਦਾ ਹੈ। ਭੂਤਕਾਲ ਦੇ ਭਾਰ ਦੀ ਖੁਦਾਈ ਦੀ ਕੋਈ ਲੋੜ ਨਹੀਂ। ਪਿਛਲੇ 5000 ਸਾਲਾਂ ਦੇ ਦੁੱਖ ਅਤੇ ਗੌਰਵ ਕਿਸੇ ਮਿੱਥ ਘੜਨ ਦੇ ਅਭਿਆਸ ਦੀ ਮੰਗ ਨਹੀਂ ਕਰਦੇ। ਭੂਤਕਾਲ ਦੀ ਚਿੰਨਾਤਮਕ ਜਾਂ ਅਲੰਕਾਰੀ ਰੂਪ ਵਿੱਚ ਵਰਤੋਂ ਕਰਨ ਤੋਂ ਇਨਕਾਰ ਕਰਨ ਦੀ ਇਹ ਸਿਧਾਂਤਕ ਦ੍ਰਿੜਤਾ ਇਸ ਕਰਕੇ ਨਹੀਂ ਹੈ ਕਿ ਭਗਤ ਸਿੰਘ ਸਿਰਫ ਅਮਲ (ਐਕਸ਼ਨ) 'ਤੇ ਵਿਸ਼ਵਾਸ ਕਰਨ ਵਾਲਾ ਵਿਅਕਤੀ ਸੀ। ਸਾਰੇ ਮਿਲਦੇ ਪ੍ਰਮਾਣਾਂ ਅਨੁਸਾਰ, ਉਹ ਇਕ ਚਿੰਤਨ ਕਰਨ ਵਾਲਾ ਅਤੇ ਘੰਟਿਆਂ-ਬੱਧੀ ਕਿਤਾਬਾਂ ਪੜ੍ਹਨ ਵਾਲਾ ਵਿਅਕਤੀ ਸੀ, ਅਤੇ ਬਹੁਤੀ ਵਾਰ ਉਹ ਜੋ ਕੁੱਝ ਸਿੱਖਦਾ ਸੀ ਉਸ ਨੂੰ ਆਪਣੀ ਸ਼ਾਨਦਾਰ ਯਾਦਦਾਸ਼ਤ ਜਾਂ ਵੱਡੇ ਪੱਧਰ 'ਤੇ ਨੋਟ ਲੈ ਕੇ ਯਾਦ ਰੱਖਦਾ ਸੀ।

ਸਾਰੇ ਨਵੇਂ ਵਿਚਾਰਾਂ ਵਾਲੇ ਕਲਾਕਾਰਾਂ ਵਾਂਗ, ਭਗਤ ਸਿੰਘ ਇਕ ਬੁੱਤਸ਼ਿਕਨ ਸੀ ਜੋ ਪੁਰਾਣੇ ਸੱਚਿਆਂ ਨੂੰ ਤੋੜਨਾ ਚਾਹੁੰਦਾ ਸੀ, ਬਦਬੂਦਾਰ ਕੈਨਵਸਾਂ ਨੂੰ ਸਾੜਨਾ ਚਾਹੁੰਦਾ ਸੀ ਅਤੇ ਬਹੁਤ ਜਲਦੀ ਨਵਾਂ ਸੰਸਾਰ ਸਿਰਜਣਾ ਚਾਹੁੰਦਾ ਸੀ। ਇਸ ਕਰਕੇ ਉਸ ਦੀ ਸੋਚ 'ਤੇ ਛਾਇਆ ਰਹਿਣ ਵਾਲਾ ਕੇਂਦਰੀ ਸਵਾਲ ਸੀ, ਨਵੇਂ ਸੰਸਾਰ ਦਾ ਅਕਸ ਕਿਸ ਤਰ੍ਹਾਂ ਦਾ ਹੋਵੇ? ਇਸ ਸਵਾਲ ਦਾ ਜੁਆਬ ਲੱਭਣ ਲਈ, ਵਾਲਟਰ ਬੈਂਜਾਮਿਨ ਦੇ ਕਹਿਣ ਵਾਂਗ, ਭਗਤ ਸਿੰਘ ਆਪਣੀ ਲਾਇਬ੍ਰੇਰੀ ਨੂੰ ਖੋਲ੍ਹਦਾ ਸੀ। ਭਗਤ ਸਿੰਘ ਦੀ ਜੀਵਨੀ ਲਿਖਣ ਵਾਲੇ ਐੱਮ ਐੱਮ ਜੁਨੇਜਾ ਅਨੁਸਾਰ, "ਆਪਣੇ ਸਕੂਲ ਦੇ ਵਰ੍ਹਿਆਂ (1913-21) ਦੌਰਾਨ ਉਸ ਨੇ 50 ਕਿਤਾਬਾਂ ਪੜ੍ਹੀਆਂ, ਆਪਣੇ ਕਾਲਜ ਦੇ ਦਿਨਾਂ ਤੋਂ ਲੈ ਕੇ 1929 ਵਿੱਚ ਆਪਣੀ ਗ੍ਰਿਫਤਾਰੀ ਤੱਕ 200 ਦੇ ਕਰੀਬ ਕਿਤਾਬਾਂ, ਅਤੇ 8 ਅਪ੍ਰੈਲ 1929 ਤੋਂ 23 ਮਾਰਚ 1931 ਤੱਕ ਦੇ ਆਪਣੀ ਕੈਦ ਦੇ 716 ਦਿਨਾਂ ਵਿੱਚ 300 ਦੇ ਕਰੀਬ ਕਿਤਾਬਾਂ ਪੜ੍ਹੀਆਂ।(4)

ਪਰ ਇਹ ਸੂਚੀ ਸਾਨੂੰ ਇਹ ਨਹੀਂ ਦਸਦੀ ਕਿ ਇਨ੍ਹਾਂ ਕਿਤਾਬਾਂ ਨੂੰ ਪ੍ਰਾਪਤ ਕਰਨ ਲਈ ਭਗਤ ਸਿੰਘ ਨੂੰ ਜਥੇਬੰਦਕ ਅਤੇ ਬੌਧਿਕ ਪੱਧਰ 'ਤੇ ਕਿਸ ਤਰ੍ਹਾਂ ਦੀਆਂ ਚਿਰਕਾਲੀ ਅਤੇ ਸਖਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਮੈਂ ਇੱਥੇ ਤਿੰਨ ਚੁਣੌਤੀਆਂ ਦਾ ਜ਼ਿਕਰ ਕਰਾਂਗਾ ਜਿਨ੍ਹਾਂ ਦਾ ਸਾਹਮਣਾ ਭਗਤ ਸਿੰਘ ਨੇ ਆਪਣੇ ਅਣਜਾਣੇ ਭਵਿੱਖ ਦੀ ਪੈਰਵੀ ਦੌਰਾਨ ਕੀਤਾ। ਨੰਬਰ ਇਕ, ਜਿਸ ਤਰ੍ਹਾਂ ਦੀਆਂ ਕਿਤਾਬਾਂ ਭਗਤ ਸਿੰਘ ਪੜ੍ਹਨੀਆਂ ਚਾਹੁੰਦਾ ਸੀ, ਉਹ ਬਹੁਤੇ ਕੇਸਾਂ ਵਿੱਚ ਬਸਤੀਵਾਦੀ ਸੈਂਸਰ ਵੱਲੋਂ ਵਿਵਰਜਤ ਕਰਾਰ ਦਿੱਤੀਆਂ ਗਈਆਂ ਸਨ। ਫਿਰ ਵੀ ਖੁਸ਼ਕਿਸਮਤੀ ਨਾਲ ਉਸ ਨੂੰ ਲਾਹੌਰ ਸ਼ਹਿਰ ਵਿੱਚ ਅਜਿਹੇ ਪੁਸਤਕ ਵਿਕ੍ਰੇਤਾ ਮਿਲ ਗਏ ਜੋ ਅਜਿਹੀਆਂ ਕਿਤਾਬਾਂ ਸਮਗਲ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੇ ਸਨ, ਜਿਹੜੀਆਂ ਕਿਤਾਬਾਂ ਨੂੰ ਪਿਤਰੀ ਅਤੇ ਅਸੁਰੱਖਿਅਤ ਬਸਤੀਵਾਦੀ ਪ੍ਰਸ਼ਾਸਨ ਸਥਾਨਕ ਪੱਧਰ 'ਤੇ ਵਿਦਰੋਹੀ ਸਮਝਦਾ ਸੀ। ਨੰਬਰ ਦੋ, ਅੰਗਰੇਜ਼ੀ ਉਸ ਦੀ ਪਹਿਲੀ ਭਾਸ਼ਾ ਨਹੀਂ ਸੀ। ਨਹਿਰੂ ਦੇ ਉਲਟ, ਜਿਸ ਨੂੰ ਘਰ ਵਿੱਚ ਕਈ ਯੂਰਪੀਅਨ ਅਧਿਆਪਕਾਂ ਨੇ ਪੜ੍ਹਾਇਆ ਸੀ ਅਤੇ ਜੋ ਬਾਅਦ ਵਿੱਚ ਪੜ੍ਹਨ ਲਈ ਹੈਰੋ ਗਿਆ ਸੀ ਅਤੇ ਜਿਸ ਨੇ ਕੈਂਬਰਿਜ ਤੋਂ ਟਰੀਪੋਜ਼ ਅਤੇ ਲੰਡਨ ਤੋਂ ਵਕਾਲਤ ਦੀ ਡਿਗਰੀ ਕੀਤੀ ਸੀ, ਭਗਤ ਸਿੰਘ ਨੂੰ ਬੁੜਾਂ ਭਰਪੂਰ ਦਿਹਾਤੀ ਪੜ੍ਹਾਈ ਨਾਲ ਹੀ ਬੁੱਤਾ ਸਾਰਨਾ ਪਿਆ। ਪਰ ਭਗਤ ਸਿੰਘ ਦਰਪੇਸ਼ ਮੁਸ਼ਕਿਲਾਂ ਦੇ ਸਾਹਮਣੇ ਹਾਰ ਮੰਨਣ ਵਾਲਾ ਵਿਅਕਤੀ ਨਹੀਂ ਸੀ। ਉਸ ਵਿੱਚ ਰਸਮੀ ਵਿਦਿਆ ਦੀ ਜੋ ਘਾਟ ਸੀ, ਉਸ ਨੂੰ ਉਹ ਪ੍ਰਵੀਣਤਾ ਅਤੇ ਅਣਥੱਕ ਮਿਹਨਤ ਨਾਲ ਪੂਰਾ ਕਰਦਾ ਸੀ। ਕਿਤਾਬਾਂ ਵਿੱਚ ਨਾ ਸਮਝ ਆਉਣ ਵਾਲੇ ਅੰਗਰੇਜ਼ੀ ਦੇ ਸ਼ਬਦਾਂ ਦੇ ਅਰਥ ਸਮਝਣ ਲਈ ਉਹ ਹਮੇਸ਼ਾਂ ਆਪਣੇ ਕੋਲ ਇਕ ਜੇਬੀ ਡਿਕਸ਼ਨਰੀ ਰੱਖਦਾ ਸੀ। ਨੰਬਰ ਤਿੰਨ, ਕਿਸੇ ਵੀ ਜਨਤਕ ਬੁੱਧੀਜੀਵੀ ਲਈ ਦੁਨੀਆ ਬਾਰੇ ਨਜ਼ਰੀਆ ਪੇਸ਼ ਕਰਨਾ ਕਾਫੀ ਸੁਖਾਲਾ ਹੁੰਦਾ ਹੈ, ਜੇ ਉਹ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਦੇ ਕਿਸੇ ਸਥਾਪਤ ਮਾਨਦੰਡ ਦਾ ਆਸਰਾ ਲੈ ਸਕੇ।

ਸ਼ਾਇਦ ਇਹ ਮੁੱਖ ਕਾਰਨ ਹੈ ਜਿਸ ਕਰਕੇ ਨਹਿਰੂ ਲਗਾਤਾਰ ਭੂਤਕਾਲ 'ਤੇ ਦਸਤਕ ਦਿੰਦਾ ਹੈ। ਅਤੇ ਇਹ ਇਕੱਲਾ ਨਹਿਰੂ ਹੀ ਨਹੀਂ ਜਿਸ ਨੂੰ ਪੁਰਾਤਨ ਰਵਾਇਤੀ ਸ਼ਬਦਾਵਲੀ ਦਿਲਾਸਾ ਦਿੰਦੀ ਹੈ ਅਤੇ ਆਪਣੇ ਵੱਲ ਖਿੱਚਦੀ ਹੈ। ਦੱਖਣੀ ਏਸ਼ੀਆ ਅਤੇ ਵਿਸ਼ਵ ਪੱਧਰ 'ਤੇ ਬਹੁਤ ਸਾਰੇ ਜਨਤਕ ਬੁੱਧੀਜੀਵੀ ਅਤੇ ਸਿਆਸੀ ਕਾਰਕੁੰਨ ਇਸ ਤਰ੍ਹਾਂ ਦੇ ਰਸਤੇ 'ਤੇ ਤੁਰਦੇ ਨਜ਼ਰ ਆਉਂਦੇ ਹਨ। ਉਹ ਖਾਸ ਸਥਾਪਤ ਗਰੰਥਾਂ ਅਤੇ ਵਿਕਾਸ ਕ੍ਰਮਾਂ ਦੀ ਪਾਲਣਾ ਕਰਦੇ ਹਨ। ਜਿਵੇਂ ਕਿ ਐਡਵਰਡ ਸੈਦ ਨੇ ਬਹੁਤ ਵਾਰੀ ਕਿਹਾ ਹੈ ਕਿ ਆਲੋਚਨਾਤਮਕ ਵਿਚਾਰਾਂ ਦੀ ਸ਼ਤਰੰਜੀ ਵਿਸਾਤ 'ਤੇ ਪੂਰੀ ਤਰ੍ਹਾਂ ਆਜ਼ਾਦ ਕਦਮ ਚੁੱਕਣਾ ਜੇ ਅਸੰਭਵ ਨਹੀਂ ਤਾਂ ਬਹੁਤ ਮੁਸ਼ਕਿਲ ਹੈ।

ਉਦਾਹਰਨ ਲਈ ਮਾਰਕਸ ਨੂੰ ਆਪਣੇ ਤੋਂ ਪੂਰਵਗਾਮੀ ਬੁੱਧੀਜੀਵੀ ਹੇਗਲ ਤੋਂ ਆਜ਼ਾਦ ਕਰਕੇ ਦੇਖਣਾ ਮੁਸ਼ਕਿਲ ਹੈ। ਇਤਿਹਾਸ ਦੇ ਕਾਨੂੰਨ ਹੋਣ ਬਾਰੇ ਮਾਰਕਸ ਦਾ ਵਿਚਾਰ ਹੇਗਲ ਦੀ ਸਿੱਖਿਆ ਅਤੇ ਇਤਿਹਾਸਕਤਾ 'ਤੇ ਆਧਾਰਤਿ ਹੈ। ਇਸ ਹੀ ਤਰ੍ਹਾਂ ਇਮਾਨੂਅਲ ਕਾਂਤ ਦੀ ਇਨਲਾਈਟਨਮੈਂਟ ਦੇ ਮੁੱਖ ਚਿੰਤਕ ਹੋਣ ਦੀ ਹੱਕੀ ਸ਼ਲਾਘਾ, ਵੱਡੀ ਪੱਧਰ 'ਤੇ ਡੇਵਿਡ ਹਿਊਮ ਦੇ ਅਨੁਭਵਵਾਦ ਅਤੇ ਭਾਵਨਾਵਾਂ ਦੀ ਭੂਮਿਕਾ ਨਾਲ ਸੰਬੰਧਤ ਦਾਰਸ਼ਨਿਕ ਸੂਤਰੀਕਰਨ ਦੀ ਦੇਣਦਾਰ ਹੈ। ਸਿਗਮੰਡ ਫਰਾਇਡ ਦੀ ਵੀ ਇਹ ਹੀ ਸਚਾਈ ਹੈ। ਨੀਤਸ਼ੇ ਦੇ ਦਾਰਸ਼ਨਿਕ ਹਥੌੜੇ ਤੋਂ ਬਿਨਾਂ ਵਿਆਨਾ ਦਾ ਡਾਕਟਰ (ਥੈਰੇਪਿਸਟ) ਸਭਿਅਤਾ ਅਤੇ ਇਸ ਦੇ ਅਸੰਤੁਸ਼ਟਤਾ ਦੇ ਕੜਾਹੇ ਬਾਰੇ ਸੁਫਨਾ ਵੀ ਨਹੀਂ ਲੈ ਸਕਦਾ ਸੀ। ਐਨਟੋਨੀਓ ਗ੍ਰਾਮਸ਼ੀ, ਜਿਸ ਨਾਲ ਬਹੁਤੀ ਵਾਰ ਭਗਤ ਸਿੰਘ ਦੀ ਤੁਲਨਾ ਕੀਤੀ ਜਾਂਦੀ ਹੈ, ਨੇ ਆਪਣੀਆਂ ਜੇਲ੍ਹ ਡਾਇਰੀਆਂ ਵਿੱਚ ਆਧੁਨਿਕ ਰਾਜ ਦੇ ਸੁਭਾਅ, ਸਭਿਆਚਾਰਕ ਸਰਦਾਰੀ ਅਤੇ ਹੌਲੀ ਹੌਲੀ ਢਾਹ ਲਾਉਣ ਦੀ ਜੰਗ (ਵਾਰ ਆਫ ਐਟਰੀਸ਼ਨ) ਬਾਰੇ ਬਹੁਤ ਸਾਰਾ ਲਿਖਿਆ ਹੈ, ਪਰ ਉਹ ਬਹੁਤੀ ਵਾਰ ਅਤੇ ਬਿਨਾਂ ਕਿਸੇ ਫਿਕਰ ਦੇ ਪ੍ਰੇਰਨਾ ਅਤੇ ਸਮਰਥਨ ਲੈਣ ਲਈ 16ਵੀਂ ਸਦੀ ਦੇ ਫਲੌਰੈਂਸ ਦੇ ਪੁਨਰ ਜਾਗ੍ਰਿਤੀ (ਰੈਨੇਸਾਂਸ) ਦੇ ਚਿੰਤਕ ਮੈਕਾਵੈਲੀ ਵੱਲ ਦੇਖ ਸਕਦਾ ਸੀ। (5)

ਭਗਤ ਸਿੰਘ ਦੇ ਸਮੇਂ ਦੇ ਨੇੜੇ, ਲੈਨਿਨ ਨੇ ਸੰਨ 1917 ਵਿੱਚ ਰੂਸ ਵਾਪਸ ਜਾਣ ਤੋਂ ਪਹਿਲੇ ਸਾਲਾਂ ਵਿੱਚੋਂ ਕਾਫੀ ਸਮਾਂ ਸਵਿਟਜ਼ਰਲੈਂਡ ਵਿੱਚ ਹੇਗਲ ਦੀ ਸਾਇੰਸ ਆਫ ਲੌਜਿਕ ਅਤੇ ਫਿਲਾਸਫੀ ਆਫ ਹਿਸਟਰੀ ਨੂੰ ਧਿਆਨ ਨਾਲ ਪੜ੍ਹਦਿਆਂ ਤਰਕ-ਸ਼ਾਸਤਰ ਅਤੇ ਇਤਿਹਾਸ ਦੀ ਹੋਣੀ ਬਾਰੇ ਆਪਣੀ ਸਮਝ ਨੂੰ ਨਿਖਾਰਦਿਆਂ ਗੁਜ਼ਾਰਿਆ।(6) ਲੈਨਿਨ ਦੀਆਂ ਆਮ ਜਾਣੀਆਂ ਜਾਂਦੀਆਂ ਲਿਖਤਾਂ ਵਿੱਚੋਂ ਦੋ ਲਿਖਤਾਂ: ਇੰਪੀਰੀਅਲਿਜ਼ਮ ਅਤੇ ਉਸ ਤੋਂ ਬਾਅਦ ਵਾਲੀ ਸਟੇਟ ਐਂਡ ਰੈਵੂਲਸ਼ਨ ਕਾਫੀ ਜ਼ਿਆਦਾ ਹੇਗਲ ਦੇ ਤਰਕਸ਼ਾਸਤਰ 'ਤੇ ਨਿਰਭਰ ਕਰਦੀਆਂ ਹਨ।

ਬਦਕਿਸਮਤੀ ਨਾਲ ਨੌਜਵਾਨ ਭਗਤ ਸਿੰਘ ਆਪਣੇ ਹਾਇਪਰ-ਮਾਡਰਨਿਸਟ ਸਿਆਸੀ ਪ੍ਰੋਜੈਕਟ ਲਈ ਕਿਸੇ ਸਭਿਆਚਾਰਕ ਵਿਰਾਸਤ ਜਾਂ ਬੌਧਿਕ ਸੰਬੰਧਾਂ 'ਤੇ ਨਿਰਭਰ ਨਹੀਂ ਕਰ ਸਕਦਾ ਸੀ। ਗੋਖਲੇ, ਗਾਂਧੀ, ਅਤੇ ਨਹਿਰੂ ਵਰਗੇ ਭਾਰਤੀ ਉਦਾਰਵਾਦੀਆਂ (ਲਿਬਰਲਜ਼) ਦੇ ਉਲਟ ਉਸ ਕੋਲ ਟੇਕ ਲੈਣ ਲਈ ਕੋਈ ਦਾਰਸ਼ਨਿਕ ਪੂਰਵਜ ਨਹੀਂ ਸਨ।(7) ਇਸ ਹੀ ਕਾਰਨ ਭਗਤ ਸਿੰਘ ਨੇ ਆਪਣੇ ਆਪ ਨੂੰ ਰੂਸੋ, ਮਾਰਕਸ, ਏਂਗਲਜ਼, ਦੋਸਤੋਵਸਕੀ, ਲੈਨਿਨ ਅਤੇ ਤਰਾਤਸਕੀ ਦੀਆਂ ਲਿਖਤਾਂ ਪੜ੍ਹਨ ਵਿੱਚ ਲੀਨ ਕਰ ਲਿਆ।(8) ਇਨ੍ਹਾਂ ਕੱਦਾਵਰ ਬੁੱਧੀਜੀਵੀਆਂ ਦੇ ਗਿਆਨ ਸੰਸਾਰ ਦਾ ਚਿੰਤਨ ਕਰਨ ਸਮੇਂ ਨਵੇਂ ਵਿਚਾਰਾਂ, ਆਧੁਨਿਕ ਸਿਆਸੀ ਸ਼ਬਦਾਵਲੀ ਅਤੇ ਅਜ਼ਾਦੀ ਤੋਂ ਬਾਅਦ ਦੇ ਭਾਰਤ ਲਈ ਵੱਖਰੀ ਸੋਚ ਦੇ ਸੰਭਾਵੀਂ ਢਾਂਚਿਆਂ ਨੂੰ ਲੱਭਣ ਦਾ ਚਾਅ ਅਸੀਂ ਭਗਤ ਸਿੰਘ ਦੀਆਂ ਲਿਖਤਾਂ ਵਿੱਚੋਂ ਸਿੱਧਾ ਮਹਿਸੂਸ ਕਰ ਸਕਦੇ ਹਾਂ। ਜੇ ਅਸੀਂ ਉਸ ਦੀਆਂ ਵਿਸਤ੍ਰਿਤ ਲਿਖਤਾਂ ਨੂੰ ਧਿਆਨ ਨਾਲ ਪੜ੍ਹੀਏ ਤਾਂ ਸਾਨੂੰ ਉਸ ਆਨੰਦ ਦਾ ਪਤਾ ਲੱਗਦਾ ਹੈ ਜਿਸ ਦਾ ਆਨੰਦ ਉਹ ਇਹ ਲਿਖਤਾਂ ਪੜ੍ਹ ਕੇ ਲੈ ਰਿਹਾ ਸੀ। ਇਕ ਉਦਾਹਰਨ ਪੇਸ਼ ਹੈ:


"ਵਰਤਮਾਨ ਹਾਲਾਤ ਬਾਰੇ ਵਿਚਾਰ ਕਰਨ ਤੋਂ ਬਾਅਦ, ਆਉ ਆਪਾਂ ਆਪਣਾਏ ਜਾਣ ਵਾਲੇ ਭਵਿੱਖ ਦੇ ਪ੍ਰੋਗਰਾਮ ਅਤੇ ਅਮਲ ਕਰਨ ਦੀ ਲਾਈਨ ਬਾਰੇ ਵਿਚਾਰ ਕਰੀਏ। ਜਿਵੇਂ ਕਿ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ, ਕਿਸੇ ਵੀ ਇਨਕਲਾਬੀ ਪਾਰਟੀ ਲਈ ਇਕ ਠੋਸ ਪ੍ਰੋਗਰਾਮ ਦਾ ਹੋਣਾ ਬਹੁਤ ਜ਼ਰੂਰੀ ਹੈ। ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਇਨਕਲਾਬ ਦਾ ਮਤਲਬ ਹੈ ਐਕਸ਼ਨ। ਇਸ ਦਾ ਮਤਲਬ ਅਚਾਨਕ ਅਤੇ ਗੈਰ-ਜਥੇਬੰਦਕ ਢੰਗ ਨਾਲ ਜਾਂ ਆਪਮੁਹਾਰੀ ਆਈ ਕਿਸੇ ਤਬਦੀਲੀ ਜਾਂ ਪਤਨ ਦੇ ਉਲਟ, ਜਥੇਬੰਦਕ ਅਤੇ ਵਿਧੀਪੂਰਵਕ ਕੰਮ ਰਾਹੀਂ ਮਿੱਥ ਕੇ ਲਿਆਂਦੀ ਤਬਦੀਲੀ ਹੈ। ਇਕ ਪ੍ਰੋਗਰਾਮ ਤਿਆਰ ਕਰਨ ਲਈ ਅੱਗੇ ਦਿੱਤੀਆਂ ਚੀਜ਼ਾਂ ਦਾ ਅਧਿਅਨ ਕਰਨਾ ਜ਼ਰੂਰੀ ਹੈ: 1. ਉਦੇਸ਼ 2. ਸ਼ੁਰੂ ਕਰਨ ਦੀ ਥਾਂ, ਯਾਨੀ ਕਿ ਮੌਜੂਦਾ ਹਾਲਤਾਂ 3. ਐਕਸ਼ਨ ਦੀ ਦਿਸ਼ਾ, ਸਾਧਨ ਅਤੇ ਢੰਗ।(9)

ਭਗਤ ਸਿੰਘ ਵੱਲੋਂ ਲੰਮੇ ਸਮੇਂ ਲਈ ਕੀਤੇ ਅਧਿਐਨ ਅਤੇ ਅਣਗਿਣਤ ਚੁਣੌਤੀਆਂ ਉੱਪਰ ਪਾਈ ਜਿੱਤ ਨੇ ਅਖੀਰ ਵਿੱਚ ਭਾਰਤ ਲਈ ਇਕ ਨਵੇਂ ਬਿਰਤਾਂਤ ਨੂੰ ਜਨਮ ਦਿੱਤਾ। ਜਿਹੜਾ ਕਦੇ ਅਣਲਿਖਿਆ ਭਵਿੱਖ ਹੁੰਦਾ ਸੀ, ਉਹ ਇਕ ਸੰਭਵ ਸਿਆਸੀ ਅਤੇ ਨੈਤਿਕ ਪ੍ਰੋਜੈਕਟ ਵਿੱਚ ਤਬਦੀਲ ਹੋ ਗਿਆ। ਉਸ ਨੇ ਕਦੇ ਵੀ ਇਸ ਪ੍ਰੋਜੈਕਟ ਤੋਂ ਟਾਲਾ ਨਹੀਂ ਵੱਟਿਆ ਅਤੇ ਉਹ ਵਿਧੀਪੂਰਵਕ ਢੰਗ ਨਾਲ - ਅਣਖ, ਸੂਰਬੀਰਤਾ, ਪੀੜਾ, ਪਰਸਪਰ ਜ਼ਿੰਮੇਵਾਰੀ, ਮੌਰਲ ਲੱਕ (ਸਦਾਚਾਰੀ ਕਿਸਮਤ), ਨਿਆਂ, ਬਰਾਬਰੀ ਦੇ ਸਾਧਨਾਂ, ਸਾਡੇ ਸਮੂਹਿਕ ਵਿਸ਼ਵਾਸਾਂ ਦੇ ਸੁਭਾਅ ਅਤੇ ਭਰਮਾਂ - ਨੂੰ ਸੰਬੋਧਨ ਹੋਇਆ। ਇਹ ਹਕੀਕਤ ਕਿ ਆਪਣੀ 23 ਸਾਲਾਂ ਦੀ ਛੋਟੀ ਜਿਹੀ ਉਮਰ ਵਿੱਚ ਭਗਤ ਸਿੰਘ ਵੱਖ ਵੱਖ ਤਰ੍ਹਾਂ ਦੇ ਇੰਨੇ ਸਵਾਲਾਂ ਵੱਲ ਧਿਆਨ ਦੇ ਸਕਿਆ ਇਕ ਬਹੁਤ ਹੀ ਅਸਧਾਰਨ ਹਕੀਕਤ ਹੈ। ਇਸ ਤੋਂ ਵੱਧ ਸ਼ਲਾਘਾ ਵਾਲੀ ਗੱਲ ਇਹ ਹੈ ਕਿ ਆਪਣੀਆਂ ਲਿਖਤਾਂ ਰਾਹੀਂ ਭਗਤ ਸਿੰਘ ਮਾਰਕਸ, ਬਾਕੂਨਿਨ, ਲੈਨਿਨ, ਤਰਾਤਸਕੀ ਵਰਗੇ ਕੱਦਾਵਰ ਬੁੱਧੀਜੀਵੀਆਂ ਦੇ ਵਾਰਤਾਲਾਪ ਵਿੱਚ ਬਰਾਬਰ ਦਾ ਭਾਈਵਾਲ ਬਣ ਗਿਆ।

ਹਿੰਦੁਸਤਾਨ ਦੇ ਭੂਤਕਾਲ ਦੀ ਡੂੰਘੀ ਸਮਝ ਅਤੇ ਗਾਂਧੀ ਦਾ ਮਨ ਪੜ੍ਹਨ ਦੀ ਅਲੋਕਾਰੀ ਯੋਗਤਾ ਸਮੇਤ ਨਹਿਰੂ ਦੀਆਂ ਸੰਸਥਾਤਮਿਕ ਅਤੇ ਸਾਹਿਤਕ ਤੌਰ 'ਤੇ ਅਣਗਿਣਤ ਪ੍ਰਾਪਤੀਆਂ ਹਨ, ਪਰ ਉਹ ਵਿਸ਼ਵ-ਵਿਆਪੀ ਆਧੁਨਿਕਤਾ ਦੇ ਸਿਧਾਂਤਕ ਬਾਨੀਆਂ ਨਾਲ ਬਰਾਬਰੀ ਦੇ ਪੱਧਰ 'ਤੇ ਦਸਤਪੰਜਾ ਲੈਂਦਾ ਨਜ਼ਰ ਨਹੀਂ ਆਉਂਦਾ।

ਆਪਣੀ ਬੌਧਿਕ ਮੌਲਿਕਤਾ, ਨੈਤਿਕ ਮੁਕਾਮ ਅਤੇ ਸਿਖਰ ਦੀ ਕੁਰਬਾਨੀ ਵਿੱਚ ਭਗਤ ਸਿੰਘ ਦਾ ਕੋਈ ਸਾਨੀ ਨਹੀਂ। ਉਸ ਦੀਆਂ ਪੜ੍ਹਨ ਦੀਆਂ ਆਦਤਾਂ ਨੂੰ ਰਿਕਾਰਡ ਕਰਨ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਸ ਵਿਆਖਿਆਤਮਿਕ ਅਭਿਆਸ ਰਾਹੀਂ ਅਸੀਂ ਇਹ ਦੇਖਣਾ ਸ਼ੁਰੂ ਕਰ ਸਕਦੇ ਹਾਂ ਕਿ ਉਸ ਨੇ ਭਾਰਤ ਦੇ ਆਦਰਸ਼ ਲਈ ਕਿਸ ਤਰ੍ਹਾਂ ਦਾ ਭਵਿੱਖਮਈ ਨਕਸ਼ਾ ਪੇਸ਼ ਕੀਤਾ ਸੀ।



ਹਵਾਲੇ:


1. Several editions of the prison notebooks are available. I have followed the latest: Malwinder Jit Singh Waraich, series editor and Harish Jain ed., Bhagat Singh Jail Notebook (Chandigarh, 2016). This can be supplemented by the recent collection by Chaman Lal, The Bhagat Singh Reader (Noida, 2019).

2. Munshirul Hasan, "Nehru: The Writer, the Historian," The Hindu, November 13, 2014

3. Jawaharlal Nehru, The Discovery of India (New York, 1946), p. 25

4. M.M. Juneja, "Bhagat Singh used to literally devour books, set a record of sorts," in Times of India, March 22, 2011.

5. On how Machiavelli becomes a key resource for Gramsci see the Modern Prince section, particularly, "Brief Notes on Machiavelli Politics," and "Machiavelli and Marx," in Quintin Hoare and G.N. Smith eds., Selections From Prison Notebooks of Antonio Gramsci (London, 1973) pp. 125-35.

6. For Lenin's Hegel Notebooks (1914-15) sometimes also called Philosophical Notebooks see K. Anderson, Lenin, Hegel and Western Marxism (Urbana, 1995). Bhagat Singh seems to have definitely read extracts if not the entire work, Imperialism (1916). See Malwinder Jit Singh Waraich, series editor and Harish Jain ed., Bhagat Singh Jail Notebook (Chandigarh, 2016), p. 119. And it has often be speculated that the book by Lenin that Bhagat Singh wanted to read just before he was hanged was State And Revolution (1917).

7. For the long chain of liberal thinkers in India see Christopher Bayly, Recovering Liberties, Indian Thought in Age of Liberalism and Empire (Cambridge:2011)

8. The easiest way to get a glimpse of Bhagat Singh's prodigious readings is to consult his prison notebooks. See Waraich and Jain, Jail Notebook.

9. Bhagat Singh, "To Young Political Workers (1931)," in S. Irfan Habib, Inquilab, Bhagat Singh on Religion And Revolution (Delhi, 2018), Part 3

ਜਥੇਬੰਦਕ ਧਰਮਾਂ ਦਾ ਮਾਇਆ ਜਾਲ

ਲੜੀ ਨੰ. 27

# ਮਾਨਸਿਕ ਗੁਲਾਮੀ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ 10-15 ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿੱਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿੱਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜ੍ਹੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤਾਂ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜ੍ਹਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਨਕਲੀ ਧਰਮ ਦੇ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਅਸਲੀ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਾਮਾਤਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਤੇ ਅਸਲੀ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਬੇਹੋਸ਼ੀ ਤੋਂ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ, ਧਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁੱਝ ਧਰਮ ਦਾ ਅੰਸ਼ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ, ਧਰਮ ਦਾ ਰਾਜ ਸਥਾਪਿਤ ਕਰਨ ਅਤੇ ਧਰਮ ਨੂੰ ਖਤਰੇ ਦੇ ਨਾਂ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਅੱਜ ਵੀ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿੱਚ ਧਰਮ ਅਧਾਰਿਤ ਹਥਿਆਰਬੰਦ ਸੰਗਠਨ ਧਰਮ ਨੂੰ ਖਤਰਾ, ਧਰਮ ਦਾ ਰਾਜ ਜਾਂ ਧਰਮ ਦਾ ਪ੍ਰਸਾਰ ਦੇ ਨਾਮ ਹੇਠ ਮਾਨਵਤਾ ਦਾ ਖ਼ੂਨ ਵਹਾ ਰਹੇ ਹਨ। ਅੱਜ ਕਿਸੇ ਵੀ ਅਖੌਤੀ ਧਰਮ ਨੂੰ ਖਤਰਾ ਨਾਸਤਿਕਾਂ, ਸਾਇੰਸਦਾਨਾਂ, ਆਧੁਨਿਕਵਾਦੀਆਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਕਾਬਿਜ਼ ਇਸ ਤਿੱਕੜੀ ਤੋਂ ਹੈ। ਇਨ੍ਹਾਂ ਤੇ ਕਾਬਿਜ਼ ਕੱਟੜਪੰਥੀ ਤਾਕਤਾਂ ਤੋਂ ਹੈ, ਜੋ ਆਪਣੇ ਫਿਰਕੇ ਦੀਆਂ ਧਾਰਮਿਕ ਰਸਮਾਂ ਜਾਂ ਧਾਰਮਿਕ ਚਿੰਨ੍ਹਾਂ ਨੂੰ ਹੀ ਧਰਮ ਸਮਝਦੀਆਂ ਹਨ ਹੈ ਤੇ ਇਨ੍ਹਾਂ ਨੂੰ ਲੋਕਾਂ ਤੇ ਤਾਕਤ ਦੇ ਜ਼ੋਰ ਨਾਲ ਥੋਪਣਾ ਚਾਹੁੰਦੀਆਂ ਹਨ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਨਕਲੀ ਧਰਮਾਂ ਦੀ ਚੱਲ ਰਹੀ ਲੜੀਵਾਰ ਵਿਚਾਰ ਚਰਚਾ ਵਿੱਚ ਹੁਣ ਅਸੀਂ 'ਮਾਨਸਿਕ ਗੁਲਾਮੀ' ਅਧਾਰਿਤ ਨਕਲੀ ਧਰਮ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਇਸ ਤੋਂ ਪਹਿਲਾਂ ਕਿ ਅਸੀਂ ਇਸ ਗੱਲ ਨੂੰ ਅੱਗੇ ਤੋਰੀਏ, ਨਕਲੀ ਧਰਮਾਂ ਦੇ ਇਤਿਹਾਸ ਨੂੰ ਸਮਝਣ ਲੈਣਾ ਲਾਹੇਵੰਦ ਰਹੇਗਾ। ਜਦੋਂ ਹੀ ਮਨੁੱਖ ਨੇ ਜੰਗਲੀ ਜੀਵਨ ਛੱਡ ਕੇ ਸਮਾਜਿਕ ਜੀਵਨ ਦੀ ਸ਼ੁਰੂਆਤ ਕੀਤੀ, ਉਦੋਂ ਹੀ ਨਕਲੀ ਧਰਮਾਂ ਦੀ ਹੌਲੀ-ਹੌਲੀ ਸ਼ੁਰੂਆਤ ਹੋ ਗਈ ਸੀ। ਜੰਗਲੀ ਜੀਵਨ ਦੌਰਾਨ ਜਦੋਂ ਮਨੁੱਖ ਨੂੰ ਅਨੇਕਾਂ ਤਰ੍ਹਾਂ ਦੀਆਂ ਕੁਦਰਤੀ ਆਫਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਤਾਂ ਕੁਦਰਤ ਬਾਰੇ ਸੋਝੀ ਨਾ ਹੋਣ ਕਾਰਨ ਮਨੁੱਖ ਇਨ੍ਹਾਂ ਸ਼ਕਤੀਆਂ ਦੀ ਤਾਕਤ ਤੋਂ ਘਬਰਾਉਂਦਾ ਸੀ। ਇਨ੍ਹਾਂ ਤੋਂ ਬਚਣ ਦੇ ਉਪਾਅ ਵੀ ਕਰਦਾ ਸੀ, ਪਰ ਉਸਦੀ ਬਹੁਤੀ ਪੇਸ਼ ਨਹੀਂ ਜਾਂਦੀ ਸੀ। ਇਸੇ ਸਮੇਂ ਵਿੱਚ ਕੁਦਰਤੀ ਸ਼ਕਤੀਆਂ ਦੀ ਕਰੋਪੀ ਤੋਂ ਬਚਣ ਲਈ ਇਨ੍ਹਾਂ ਦੀ ਪੂਜਾ ਸ਼ੁਰੂ ਹੋਈ ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਨਵੇਂ ਬਣ ਰਹੇ ਸਮਾਜਾਂ ਵਿੱਚ ਮੋਹਰੀ ਲੋਕਾਂ ਨੇ ਸ਼ੁਰੂ ਕਰਵਾ ਦਿੱਤੀ। ਜਿਸ ਤਰ੍ਹਾਂ ਸਮਾਜ ਛੋਟੇ ਛੋਟੇ ਗਰੁੱਪਾਂ ਤੋਂ ਕਬੀਲਿਆਂ ਤੇ ਫਿਰ ਰਾਜਾਂ ਵਿੱਚ ਬਦਲਿਆ। ਸਮਾਜ ਨੂੰ ਚਲਾਉਣ ਲਈ ਤਾਕਤਵਰ ਲੋਕ ਮੁੱਖੀ ਬਣੇ। ਜਿਨ੍ਹਾਂ ਨੂੰ ਬਾਅਦ ਵਿੱਚ ਰਾਜੇ ਤੇ ਹੁਣ ਰਾਜਨੀਤਕ ਲੋਕ ਕਿਹਾ ਜਾਂਦਾ ਹੈ। ਜਿਥੇ ਸਮਾਜ ਦੇ ਸਰੀਰਕ ਤੌਰ 'ਤੇ ਤਾਕਤਵਰ ਲੋਕਾਂ ਨੇ ਆਮ ਲੋਕਾਂ ਤੇ ਆਪਣੀ ਤਾਕਤ ਨਾਲ ਰਾਜ ਕਰਨਾ ਸ਼ੁਰੂ ਕਰ ਦਿੱਤਾ, ਉਥੇ ਸਮਾਜ ਦੇ ਦਿਮਾਗੀ ਤਾਕਤਵਰ (ਸ਼ਾਤਰ) ਲੋਕਾਂ ਨੇ ਆਪਣਾ ਰਾਜ ਸਥਾਪਿਤ ਕਰਨ ਲਈ ਧਰਮ ਦੀ ਕਾਢ ਕੱਢੀ। ਸ਼ੁਰੂ ਵਿੱਚ ਕੁਦਰਤੀ ਸ਼ਕਤੀਆਂ ਤੋਂ ਡਰੇ ਹੋਏ ਮਨੁੱਖ ਨੂੰ ਇਨ੍ਹਾਂ ਆਫਤਾਂ ਤੋਂ ਬਚਾਉਣ ਲਈ ਉਨ੍ਹਾਂ ਦੀ ਪੂਜਾ ਕਰਨ ਦੇ ਰਾਹ ਤੋਰਿਆ। ਫਿਰ ਹੌਲੀ-ਹੌਲੀ ਉਸਨੇ ਮਨੁੱਖੀ ਮਨ ਦੀ ਲਾਲਚੀ ਬਿਰਤੀ ਨੂੰ ਦੇਖਦੇ ਹੋਏ, ਇਨ੍ਹਾਂ ਕੁਦਰਤੀ ਸ਼ਕਤੀਆਂ ਤੋਂ ਪੂਜਾ ਰਾਹੀਂ ਵਰਦਾਨ ਲੈ ਕੇ ਦੇਣ ਦੇ ਲਾਲਚ ਦਿੱਤੇ ਜਾਣ ਲੱਗੇ। ਸਮਾਂ ਪਾ ਕੇ ਸਰੀਰਕ ਅਤੇ ਦਿਮਾਗੀ ਤੌਰ 'ਤੇ ਤਾਕਤਵਰ ਲੋਕਾਂ ਨੇ ਸਾਂਝ ਬਣਾ ਲਈ ਤੇ ਅਜਿਹੇ ਢੰਗ ਤਰੀਕੇ ਲੱਭਣੇ ਸ਼ੁਰੂ ਕਰ ਦਿੱਤੇ ਕਿ ਉਨ੍ਹਾਂ ਦਾ ਰਾਜ ਵੀ ਚਲਦਾ ਰਹੇ ਤੇ ਕੁੱਝ ਕਰਨਾ ਵੀ ਨਾ ਪਵੇ। ਉਨ੍ਹਾਂ ਦੀ ਇਸ ਭਾਵਨਾ ਵਿੱਚੋਂ ਕਿ ਬਾਕੀ ਸਾਰਾ ਸਮਾਜ ਕੰਮ ਧੰਦਾ ਕਰੇ ਤੇ ਉਹ ਵਿਹਲੇ ਬੈਠ ਕੇ ਖਾਣ, ਵਿਚੋਂ ਹੀ ਸਮਾਜ ਦਾ ਸੋਸ਼ਣ ਕਰਨ ਦੀ ਪ੍ਰਵਿਰਤੀ ਪੈਦਾ ਹੋਈ। ਜਿਸ ਤਰ੍ਹਾਂ ਸਮਾਜ ਅੱਗੇ ਵਧਿਆ, ਇਨ੍ਹਾਂ ਦੋਨਾਂ ਤਾਕਤਾਂ (ਰਾਜ ਤੇ ਨਕਲੀ ਧਰਮ) ਦਾ ਸਮਾਜ ਤੇ ਪੂਰਾ ਗਲਬਾ ਪੈ ਚੁੱਕਾ ਸੀ। ਇਥੇ ਇਹ ਗੱਲ ਵੀ ਸਮਝਣ ਵਾਲੀ ਹੈ ਕਿ ਦੁਨੀਆਂ ਦੇ ਸਾਰੇ ਸਮਾਜਾਂ ਵਿੱਚ ਨਕਲੀ ਧਰਮ ਪਹਿਲਾਂ ਆਏ ਤੇ ਸਥਾਪਿਤ ਹੋਏ। ਅੱਜ ਦੇ ਪ੍ਰਚਲਤ ਜਥੇਬੰਦਕ ਧਰਮਾਂ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਨਕਲੀ ਧਰਮਾਂ ਦਾ ਮਨੁੱਖੀ ਸਮਾਜ ਵਿੱਚ ਪੂਰਾ ਬੋਲਬਾਲਾ ਹੋ ਚੁੱਕਾ ਸੀ। ਆਮ ਮਨੁੱਖ ਅੱਜ ਵਾਂਗ ਅਗਿਆਨਤਾ ਵਿੱਚ ਸ਼ਾਤਰ ਲੋਕਾਂ ਵਲੋਂ ਦੱਸੇ ਜਾਂਦੇ ਧਰਮ ਕਰਮ ਜਾਂ ਪੂਜਾ ਪਾਠ ਨੂੰ ਅਸਲੀ ਧਰਮ ਸਮਝਦਾ ਸੀ। ਇਨ੍ਹਾਂ ਨਕਲੀ ਧਰਮਾਂ ਦੇ ਪੁਜਾਰੀਆਂ ਤੇ ਰਾਜ ਕਰ ਰਹੀ ਹਾਕਮ ਧਿਰ ਵਲੋਂ ਰਲ਼ ਕੇ ਜਦੋਂ ਸਮਾਜ ਦਾ ਹਰ ਪੱਧਰ ਤੇ ਸੋਸ਼ਣ ਸ਼ੁਰੂ ਹੋ ਗਿਆ ਤਾਂ ਉਸ ਤੋਂ ਬਾਅਦ ਇਨ੍ਹਾਂ ਨਕਲੀ ਧਰਮਾਂ ਦੇ ਵਿਰੋਧ ਵਿੱਚ ਅੱਜ ਦੇ ਜਥੇਬੰਦਕ ਧਰਮ ਹੋਂਦ ਵਿੱਚ ਆਏ। ਪੱਛਮੀ ਧਰਮਾਂ ਵਿੱਚ ਯਹੂਦੀ ਧਰਮ ਪਹਿਲਾ ਅਜਿਹਾ ਧਰਮ ਸੀ, ਜੋ ਇਨ੍ਹਾਂ ਨਕਲੀ ਧਰਮਾਂ ਦੇ ਵਿਰੋਧ ਵਿੱਚ ਸ਼ੁਰੂ ਹੋਇਆ। ਧਰਮਾਂ ਦਾ ਇਤਿਹਾਸ ਬੜਾ ਅਜੀਬ ਜਿਹਾ ਹੈ, ਤਕਰਬੀਨ ਸਾਰੇ ਧਰਮ ਬਹੁਤਾ ਚਿਰ ਆਪਣੀ ਮੌਲਿਕਤਾ ਕਾਇਮ ਨਹੀਂ ਰੱਖ ਪਾਉਂਦੇ। ਬਹੁਤ ਜਲਦੀ ਨਕਲੀ ਗੁਰੂਆਂ ਜਾਂ ਪੁਜਾਰੀਆਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਫਿਰ ਇਹ ਨਾਮ ਦੇ ਹੀ ਧਰਮ ਰਹਿ ਜਾਂਦੇ ਹਨ, ਅਸਲੀਅਤ ਵਿੱਚ ਇਨ੍ਹਾਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਸ਼ੁਰੂ ਹੋ ਜਾਂਦੇ ਹਨ ਤੇ ਫਿਰ ਇਹ ਸਮਾਜ ਦਾ ਸੋਸ਼ਣ ਕਰਨ ਦਾ ਸੰਦ ਬਣ ਜਾਂਦੇ ਹਨ। ਬੁਨਿਆਦੀ ਤੌਰ 'ਤੇ ਸਾਰੇ ਨਕਲੀ ਧਰਮਾਂ ਦਾ ਖਾਸਾ ਪਿਛਾਂਹਖਿਚੂ ਹੈ ਕਿਉਂਕਿ ਇਹ ਪੁਰਾਤਨਤਾ ਵਿੱਚ ਵਿਸ਼ਵਾਸ਼ ਰੱਖਦੇ ਹਨ। ਨਵੀਂ ਖੋਜ ਨੂੰ ਮਾਨਤਾ ਨਹੀਂ ਦਿੰਦੇ, ਜੋ ਕੁੱਝ ਪਹਿਲਾਂ ਹੋ ਚੁੱਕਾ ਹੈ, ਭਾਵੇਂ ਅੱਜ ਗਲਤ ਵੀ ਸਾਬਿਤ ਹੋ ਜਾਵੇ, ਉਸਨੂੰ ਹੀ ਸੱਚ ਮੰਨਣ ਦਾ ਹੋਕਾ ਦਿੰਦਾ ਹਨ। ਸਾਰੇ ਧਰਮ ਸਮੇਂ ਨਾਲੋਂ ਕਈ ਸੌ ਸਾਲ ਪਿਛੇ ਚਲਦੇ ਹਨ, ਮੌਕੇ ਦੇ ਸੱਚ ਨੂੰ ਲੰਬੇ ਸਮੇਂ ਬਾਅਦ ਮਜਬੂਰੀ ਵਿੱਚ ਕਬੂਲਦੇ ਹਨ। ਇਹ ਆਪਣੇ ਸ਼ਰਧਾਲੂਆਂ ਨੂੰ ਸੋਚਣ ਤੋਂ ਰੋਕਦੇ ਹਨ। ਮੰਨਣ ਤੇ ਜ਼ੋਰ ਦਿੰਦੇ ਹਨ ਤੇ ਜਾਨਣ ਦੀ ਇਜ਼ਾਜਤ ਨਹੀਂ ਦਿੰਦੇ। ਤਕਰੀਬਨ ਸਾਰੇ ਪ੍ਰਚਲਤ ਜਥੇਬੰਧਕ ਧਾਰਮਿਕ ਫਿਰਕੇ ਆਪਣੇ ਤੋਂ ਪਹਿਲੇ ਧਰਮ ਵਿੱਚ ਪੈਦਾ ਹੋ ਜਾਂਦੇ ਨਕਲੀ ਧਰਮਾਂ ਦੇ ਵਿਰੋਧ ਵਿੱਚ ਖੜ੍ਹਦੇ ਹਨ, ਅਸਲੀ ਧਰਮ ਗੁਰੂ ਫਿਰ ਪਹਿਲੇ ਧਰਮਾਂ ਦੇ ਨਕਲੀਪਨ ਤੇ ਪੁਜਾਰੀਵਾਦ ਦਾ ਵਿਰੋਧ ਕਰਦੇ ਹਨ। ਪਰ ਸਮਾਂ ਪਾ ਕੇ ਪੁਜਾਰੀ ਤੇ ਹਾਕਮ, ਨਵੇਂ ਧਰਮ ਵਿੱਚ ਨਕਲੀ ਧਰਮਾਂ ਰਾਹੀਂ ਫਿਰ ਆਪਣਾ ਗਲਬਾ ਪਾ ਲੈਂਦੇ ਹਨ। ਅੱਜ ਦੇ ਪ੍ਰਚਲਤ ਸਾਰੇ ਜਥੇਬੰਧਕ ਧਰਮਾਂ ਦਾ ਇਤਿਹਾਸ ਤਕਰੀਬਨ 4000 ਕੁ ਹਜ਼ਾਰ ਸਾਲ ਪੁਰਾਣਾ ਹੈ। ਪਹਿਲਾ ਜਥੇਬੰਧਕ ਯਹੂਦੀ ਧਰਮ ਆਪਣੇ ਸਮੇਂ ਦੇ ਰਾਜਨੀਤਕਾਂ ਤੇ ਨਕਲੀ ਧਰਮ ਪੁਜਾਰੀਆਂ ਦੇ ਵਿਰੋਧ ਵਿੱਚ ਪ੍ਰਗਟ ਹੋਇਆ ਸੀ, ਪਰ ਸਮਾਂ ਪਾ ਕੇ ਇਸ ਧਰਮ ਦੇ ਪੁਜਾਰੀਆਂ ਨੇ ਰੋਮਨ ਸ਼ਾਸਕਾਂ ਨਾਲ ਸਾਂਝ ਪਾ ਲਈ ਤੇ ਰਲ਼ ਕੇ ਲੋਕਾਂ ਦਾ ਸੋਸ਼ਣ ਕਰਨ ਲੱਗੇ ਤਾਂ ਯਹੂਦੀਆਂ ਵਿੱਚ ਪੈਦਾ ਹੋਏ ਜੀਸਸ ਕਰਾਈਸਟ ਨੇ ਬਗਾਵਤ ਕੀਤੀ ਤੇ ਉਸਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਬਾਅਦ ਵਿੱਚ ਉਸਦੇ ਨਾਮ ਤੇ ਸ਼ੁਰੂ ਹੋਇਆ ਨਵਾਂ ਧਾਰਮਿਕ ਫਿਰਕਾ ਇਸਾਈ ਮੱਤ ਬਣਿਆ। ਜਿਸ ਵਿੱਚ ਪੈਦਾ ਹੋਏ ਪੁਜਾਰੀਵਾਦ ਨੇ ਸਮੇਂ ਦੀਆਂ ਹਕੂਮਤਾਂ ਨਾਲ ਰਲ਼ ਕੇ ਜੋ ਮਨੁੱਖਤਾ ਵਿਰੁੱਧ ਜ਼ੁਲਮ ਕੀਤੇ, ਉਸ ਨਾਲ ਇਤਿਹਾਸ ਦੀਆਂ ਕਿਤਾਬਾਂ ਭਰੀਆਂ ਪਈਆਂ ਹਨ। ਕੁੱਝ ਸਦੀਆਂ ਪਹਿਲਾਂ ਈਸਾਈ ਪੁਜਾਰੀਆਂ ਨੇ ਗੋਰੇ ਹਾਕਮਾਂ ਨਾਲ ਰਲ਼ ਕੇ ਸਾਰੀ ਮਨੁੱਖਤਾ ਨੂੰ ਗੁਲਾਮ ਬਣਾਉਣ ਦਾ ਸੁਪਨਾ ਲਿਆ ਸੀ। ਅਰਬ ਵਿੱਚ ਮੂਰਤੀ ਪੂਜ ਲੋਕਾਂ ਨੂੰ ਇੱਕ ਰੱਬ ਦਾ ਸੰਦੇਸ਼ ਤੇ ਮੌਕੇ ਦੇ ਹਾਕਮਾਂ ਦੇ ਸੋਸ਼ਣ ਖਿਲਾਫ ਖੜ੍ਹੇ ਹੋਏ ਇਸਲਾਮ ਨੇ ਬਾਅਦ ਵਿੱਚ ਉਨ੍ਹਾਂ ਹੀ ਹਾਕਮਾਂ ਨਾਲ ਰਲ਼ ਕੇ ਜੋ ਤਬਾਹੀ ਦੁਨੀਆਂ ਵਿੱਚ ਮਚਾਈ, ਉਸ ਦੀਆਂ ਮਿਸਾਲਾਂ ਲਈ ਸਾਊਥ ਏਸ਼ੀਆ ਦੇ ਇਤਿਹਾਸ ਦਾ ਹਰ ਪੰਨਾ ਗਵਾਹ ਹੈ। ਇਸੇ ਤਰ੍ਹਾਂ ਭਾਰਤੀ ਮੂਲ ਨਿਵਾਸੀਆਂ ਦਾ ਕੁਦਰਤ ਦੀ ਪੂਜਾ ਆਦਿ ਦਾ ਧਰਮ ਤਬਾਹ ਕਰਕੇ ਆਰੀਅਨ ਕਬੀਲਿਆਂ ਨੇ ਵੇਦਾਂ, ਸ਼ਸਤਰਾਂ, ਸਿਮ੍ਰਤੀਆਂ, ਉਪਨਿਸ਼ਦਾਂ ਆਦਿ ਅਧਾਰਿਤ ਨਕਲੀ ਧਰਮ ਸ਼ੁਰੂ ਕਰਕੇ ਸਮਾਜ ਵਿੱਚ ਸਿਰਫ ਵੰਡੀਆਂ ਹੀ ਨਹੀਂ ਪਾਈਆਂ, ਸਗੋਂ ਦਰਾਵੜ ਲੋਕਾਂ ਨੂੰ ਗੁਲਾਮ ਬਣਾ ਕੇ ਪਸ਼ੂਆਂ ਤੋਂ ਬਦਤਰ ਜੀਵਨ ਜੀਣ ਲਈ ਮਜਬੂਰ ਕੀਤਾ। ਇਸਦੇ ਵਿਰੋਧ ਵਿੱਚ ਬੁੱਧ ਤੇ ਜੈਨ ਧਰਮ ਪੈਦਾ ਹੋਏ, ਜਿਨ੍ਹਾਂ ਨੇ ਆਰੀਅਨਾਂ ਦੇ ਨਕਲੀ ਬ੍ਰਾਹਮਣੀ ਧਰਮ ਨੂੰ ਵੰਗਾਰਿਆ, ਪਰ ਅੱਜ ਇਹ ਦੋਨੋ ਧਰਮ ਵੀ ਨਕਲੀ ਧਰਮਾਂ ਨਾਲ ਭਰੇ ਪਏ ਹਨ। ਇਸੇ ਤਰ੍ਹਾਂ ਪੁਰਾਣੇ ਸਾਰੇ ਨਕਲੀ ਧਰਮਾਂ ਨੂੰ ਰੱਦ ਕਰਕੇ ਖੜ੍ਹਾ ਹੋਇਆ ਨਵਾਂ ਸਿੱਖ ਧਰਮ, ਪੂਰੀ ਤਰ੍ਹਾਂ ਬ੍ਰਾਹਮਣਵਾਦ ਦੀ ਭੇਟ ਚੜ੍ਹ ਚੁੱਕਾ ਹੈ। ਬਾਕੀ ਧਰਮਾਂ ਵਾਂਗ ਇਸ ਵਿੱਚ ਵੀ ਰਾਜਨੀਤਕਾਂ, ਪੁਜਾਰੀਆਂ ਤੇ ਧਨਾਢਾਂ ਦਾ ਪੂਰਾ ਬੋਲਬਾਲਾ ਹੈ। ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਸਿੱਖ ਧਰਮ ਵਿੱਚ ਵੀ ਪ੍ਰਚਲਤ ਹੋ ਚੁੱਕੇ ਹਨ। ਜਿਸ ਵਿਚੋਂ ਅਸਲੀ ਧਰਮ ਵਿਚੋਂ ਲੱਭਣਾ ਮੁਸ਼ਕਿਲ ਹੋ ਚੁੱਕਾ ਹੈ।

ਇਹ ਸਾਰਾ ਕੁੱਝ ਦੱਸਣ ਤੋਂ ਭਾਵ ਹੈ ਕਿ ਅਸਲੀ ਧਰਮ ਬਹੁਤ ਥੋੜ੍ਹਾ ਚਿਰ ਚੱਲਦਾ ਹੈ, ਨਕਲੀ ਧਰਮਾਂ ਅੱਗੇ ਅਸਲੀ ਧਰਮ ਬਹੁਤਾ ਚਿਰ ਨਹੀਂ ਖੜ੍ਹਦੇ ਕਿਉਂਕਿ ਪੁਜਾਰੀਆਂ ਨੂੰ ਪਤਾ ਹੁੰਦਾ ਹੈ ਕਿ ਮਨੁੱਖ ਦੀਆਂ ਬੁਨਿਆਦੀ ਕਮਜ਼ੋਰੀਆਂ ਨੂੰ ਵਰਤ ਕੇ ਉਨ੍ਹਾਂ ਦਾ ਸੋਸ਼ਣ ਕਿਵੇਂ ਕਰਨਾ ਹੈ? ਨਕਲੀ ਧਰਮਾਂ ਤੇ ਸਿਆਸਤ ਦੀ ਖੇਡ ਸਿਰਫ ਇਸ ਆਧਾਰ 'ਤੇ ਚਲਦੀ ਹੈ ਕਿ ਵੱਧ ਤੋਂ ਲੋਕਾਂ ਨੂੰ ਕਾਬੂ ਕਿਵੇਂ ਕਰਨਾ ਹੈ ਤੇ ਆਪਣੇ ਹਿੱਤਾਂ ਲਈ ਕਿਵੇਂ ਵਰਤਣਾ ਹੈ। ਰਾਜਨੀਤੀਵਾਨ ਮਨੁੱਖ ਨੂੰ ਸਰੀਰਕ ਤੌਰ 'ਤੇ ਕਾਬੂ ਕਰਦਾ ਹੈ, ਗੁਲਾਮ ਬਣਾਉਂਦਾ ਹੈ ਤੇ ਮਨੁੱਖ ਜਦੋਂ ਜਾਗਰੂਕ ਹੋ ਜਾਂਦਾ ਹੈ ਤਾਂ ਉਹ ਰਾਜਨੀਤਕ ਗੁਲਾਮੀ 'ਚੋਂ ਨਿਕਲ ਜਾਂਦਾ ਹੈ ਜਾਂ ਰਾਜਨੀਤਕ ਨਿਜ਼ਾਮ ਬਦਲ ਦਿੰਦਾ ਹੈ। ਨਕਲੀ ਧਰਮ ਦੀ ਖ਼ੂਬੀ ਇਹ ਹੈ ਕਿ ਇਹ ਤੁਹਾਡੇ ਦਿਮਾਗ ਨੂੰ ਕਾਬੂ ਕਰਦਾ ਹੈ, ਤੁਹਾਨੂੰ ਮਾਨਸਿਕ ਤੌਰ 'ਤੇ ਗੁਲਾਮ ਬਣਾਉਂਦਾ ਹੈ। ਇੱਕ ਵਾਰ ਗੁਲਾਮ ਬਣਿਆ ਮਨੁੱਖ ਪੀੜ੍ਹੀ-ਦਰ-ਪੀੜ੍ਹੀ ਗੁਲਾਮ ਤੁਰਿਆ ਜਾਂਦਾ ਹੈ। ਪੁਜਾਰੀਆਂ ਕੋਲ ਮਨੁੱਖ ਨੂੰ ਦਿਮਾਗੀ ਤੌਰ 'ਤੇ ਗੁਲਾਮ ਬਣਾ ਕੇ ਰੱਖਣ ਦੇ ਬੜੇ ਸਾਧਨ ਹਨ। ਸ਼ਰਧਾ (ਫੇਥ) ਉਨ੍ਹਾਂ ਦਾ ਇੱਕ ਅਜਿਹਾ ਮਾਰੂ ਹਥਿਆਰ ਹੈ ਕਿ ਜੋ ਇਸਦੇ ਚੱਕਰ ਵਿੱਚ ਫਸ ਗਿਆ, ਨਿਕਲਣਾ ਬੜਾ ਮੁਸ਼ਕਿਲ ਹੈ। ਇਸ ਕਰਕੇ ਪੁਜਾਰੀ ਤੁਹਾਨੂੰ ਵਾਰ ਵਾਰ ਸ਼ਰਧਾ ਰੱਖਣ, ਭਰੋਸਾ ਕਰਨ ਦੀ ਮੁਹਾਰਨੀ ਪੜ੍ਹਾਉਂਦੇ ਹਨ। ਅਸਲ ਵਿੱਚ ਸ਼ਰਧਾ ਕੀ ਹੈ, ਇਹ ਵੀ ਜਾਣ ਲੈਣਾ ਚਾਹੀਦਾ ਹੈ ਤਾਂ ਹੀ ਇਸ ਵਿਚੋਂ ਨਿਕਲ ਸਕਦੇ ਹਾਂ। ਸ਼ਰਧਾ ਤੋਂ ਭਾਵ ਹੈ ਕਿ ਬਿਨਾਂ ਕੁੱਝ ਜਾਣੇ, ਬਿਨਾਂ ਕੁੱਝ ਸਮਝੇ, ਬਿਨਾਂ ਕੋਈ ਪੜਤਾਲ ਕੀਤਿਆਂ, ਸੱਚੋ ਸੱਚ ਮੰਨ ਕੇ ਤੁਰ ਪੈਣਾ। ਤੁਹਾਡੇ ਸਾਹਮਣੇ ਜਿਤਨੀ ਮਰਜ਼ੀ ਵੱਡੀ ਕੋਈ ਸਚਾਈ ਪੇਸ਼ ਕਰ ਦੇਵੇ, ਤੁਸੀਂ ਉਸਨੂੰ ਸੱਚ ਨਹੀਂ ਮੰਨਣਾ, ਸੱਚ ਸਿਰਫ ਉਹ ਮੰਨਣਾ ਹੈ, ਜੋ ਤੁਹਾਨੂੰ ਧਰਮ ਪੁਜਾਰੀ ਨੇ ਸਿਖਾ ਦਿੱਤਾ ਹੋਵੇ, ਉਸਦਾ ਤੋਤਾ ਰਟਨ ਕਰਾ ਦਿੱਤਾ ਹੋਵੇ। ਸ਼ਰਧਾ ਅਜਿਹੀ ਮਾਨਸਿਕ ਬੀਮਾਰੀ ਹੈ ਕਿ ਸਾਹਮਣੇ ਸੱਚ ਦੇਖ ਕੇ ਵੀ ਬੰਦਾ ਅੱਖਾਂ ਮੀਟ ਲੈਂਦਾ ਹੈ। ਆਮ ਤੌਰ 'ਤੇ ਜਥੇਬੰਧਕ ਧਰਮਾਂ ਵਿੱਚ ਫਸੇ ਲੋਕ, ਅਕਸਰ ਕਹਿੰਦੇ ਹਨ ਕਿ ਅਸੀਂ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ ਕਿਉਂਕਿ ਉਨ੍ਹਾਂ ਨੂੰ ਅਜਿਹਾ ਕਹਿਣਾ ਪੁਜਾਰੀਆਂ ਨੇ ਸਿਖਾਇਆ ਹੁੰਦਾ ਹੈ। ਉਨ੍ਹਾਂ ਦੇ ਇਸ ਤਰ੍ਹਾਂ ਕਹਿਣ ਦਾ ਭਾਵ ਹੁੰਦਾ ਹੈ ਕਿ ਦੂਜੇ ਫਿਰਕੇ ਸਾਡੀਆਂ ਮਰਿਯਾਦਾਵਾਂ ਮਨੌਤਾਂ ਵਿੱਚ ਦਖਲ ਨਾ ਦੇਣ ਤੇ ਅਸੀਂ ਦੂਜਿਆਂ ਵਿੱਚ ਦਖਲ ਨਾ ਦੇਈਏ, ਅਸੀਂ ਕੀ ਲੈਣਾ, ਕਿਥੇ ਕੀ ਹੁੰਦਾ ਹੈ। ਪੁਜਾਰੀਆਂ ਵਲੋਂ ਸਾਨੂੰ ਕਿਸੇ ਵੀ ਧਾਰਮਿਕ ਮਰਿਯਾਦਾ, ਪ੍ਰੰਪਰਾ, ਮਨੌਤ, ਕਰਮਕਾਂਡ ਆਦਿ ਨੂੰ ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ ਮੰਨੀ ਜਾਣਾ, ਕੋਈ ਸਵਾਲ ਨਾ ਉਠਾਉਣਾ, ਅੱਖਾਂ ਮੀਟੀ ਰੱਖਣੀਆਂ ਆਦਿ ਸਿਖਾਇਆ ਜਾਂਦਾ ਹੈ। ਅਜਿਹਾ ਕਰਕੇ ਹੀ ਪੁਜਾਰੀ ਸਾਡੇ 'ਤੇ ਮਾਨਸਿਕ ਗਲਬਾ ਪਾਉਂਦਾ ਹੈ। ਜੇ ਪੁਜਾਰੀ ਇਹ ਸਿਖਾਉਣ ਲੱਗ ਜਾਣ ਕੇ ਤੁਸੀਂ ਸਾਡੀ ਕਿਸੇ ਗੱਲ ਨੂੰ ਸੱਚ ਨਹੀਂ ਮੰਨਣਾ, ਕੋਈ ਵੀ ਗੱਲ ਮੰਨਣ ਤੋਂ ਪਹਿਲਾਂ ਉਸਦੀ ਛਾਣਬੀਣ ਕਰਨੀ ਹੈ, ਮੰਨਣ ਤੋਂ ਪਹਿਲਾਂ ਜਾਨਣਾ ਹੈ, ਕਿਸੇ ਤੇ ਅੱਖਾਂ ਮੀਟ ਕੇ ਇਤਬਾਰ ਨਹੀਂ ਕਰਨਾ, ਸਾਡੇ ਧਰਮ ਗ੍ਰੰਥ ਤੇ ਵੀ ਯਕੀਨ ਨਹੀਂ ਕਰਨਾ, ਜਿਤਨਾ ਚਿਰ ਤੁਹਾਡੀ ਤਸੱਲੀ ਨਾ ਹੋਵੇ, ਕਿਸੇ ਦੇ ਧਰਮ ਦਾ ਪਹਿਰਾਵਾ ਜਾਂ ਧਰਮ ਦੇ ਚਿੰਨ੍ਹ ਪਾਏ ਦੇਖ ਕੇ ਉਸਨੂੰ ਧਰਮੀ ਸਮਝ ਕੇ ਮਗਰ ਨਹੀਂ ਲੱਗ ਜਾਣਾ, ਸਗੋਂ ਪਛਾਨਣ ਦੀ ਕੋਸ਼ਿਸ਼ ਕਰਨੀ ਹੈ ਕਿ ਕੀ ਉਹ ਸੱਚਮੁੱਚ ਧਰਮੀ ਹੈ ਤਾਂ ਤੁਸੀਂ ਆਪ ਹੀ ਅੰਦਾਜ਼ਾ ਲਗਾਉ ਕਿ ਕਿਤਨੇ ਕੁ ਲੋਕ ਪੁਜਾਰੀਆਂ ਪਿਛੇ ਲੱਗਣਗੇ। ਖਾਸਕਰ ਅੱਜ ਦੇ ਸਮੇਂ ਵਿੱਚ ਜੇਕਰ ਮਨੁੱਖ ਨੂੰ ਇਹ ਸੋਝੀ ਕਰਵਾ ਦਿੱਤੀ ਜਾਵੇ ਕਿ ਇਸ ਦਿਸਦੇ ਜਾਂ ਅਣਦਿਸਦੇ ਬ੍ਰਹਿਮੰਡ ਵਿੱਚ ਸਭ ਕੁੱਝ ਕੁਦਰਤ ਦੇ ਬਣਾਏ ਅਟੱਲ ਨਿਯਮਾਂ ਅਨੁਸਾਰ ਹੀ ਚਲਦਾ ਹੈ, ਉਥੇ ਕਿਸੇ ਦੀ ਕੋਈ ਸਿਫਾਰਸ਼ ਜਾਂ ਵੱਢੀ ਨਹੀਂ ਚਲਦੀ। ਕਿਸੇ ਦੇ ਪੂਜਾ ਪਾਠ ਕਰਨ ਨਾਲ ਉਹ ਖੁਸ਼ ਨਹੀਂ ਹੁੰਦਾ ਤੇ ਕਿਸੇ ਦੇ ਨਾ ਕਰਨ ਨਾਲ ਉਹ ਨਾਰਾਜ਼ ਨਹੀਂ ਹੁੰਦਾ, ਕੁਦਰਤ ਦੇ ਅਟੱਲ ਨਿਯਮ ਆਪਣੀ ਚਾਲੇ ਆਪੇ ਚਲਦੇ ਰਹਿੰਦੇ ਹਨ। ਉਥੇ ਕਿਸੇ ਦੀ ਕੋਈ ਅਰਦਾਸ, ਪ੍ਰੇਅਰ, ਜੋਦੜੀ ਆਦਿ ਕੰਮ ਨਹੀਂ ਆਉਂਦੀ, ਉਥੇ ਸਭ ਨਿਯਮ ਵਿੱਚ ਹੀ ਚਲਦਾ ਹੈ। ਜੇ ਅਸੀਂ ਉਸ ਹੁਕਮ (ਨਿਯਮ) ਨੂੰ ਸਮਝ ਲਵਾਂਗੇ ਤਾਂ ਸਾਡਾ ਜੀਵਨ ਸੌਖਾ ਹੋ ਜਾਵੇਗਾ। ਅਜਿਹਾ ਸਮਝਾਉਣ ਤੋਂ ਬਾਅਦ ਤੁਸੀਂ ਸੋਚੋ ਕਿ ਕਿਤਨੇ ਕੁ ਲੋਕ ਫਿਰ ਧਰਮ ਅਸਥਾਨਾਂ ਵਿੱਚ ਪੂਜਾ ਪਾਠ ਲਈ, ਭਜਨ ਬੰਦਗੀ ਲਈ, ਅਰਦਾਸਾਂ ਆਦਿ ਲਈ ਜਾਣਗੇ? ਪੁਜਾਰੀ ਇਹ ਸਭ ਜਾਣਦਾ ਹੈ ਕਿ ਜੇ ਮਨੁੱਖ ਨੂੰ ਅਜਿਹੀ ਸੋਝੀ ਹੋ ਜਾਵੇ ਤਾਂ ਸਾਡਾ ਧਰਮ ਦੇ ਨਾਮ ਤੇ ਹਜ਼ਾਰਾਂ ਸਾਲਾਂ ਤੋਂ ਖੜ੍ਹਾ ਝੂਠ ਦਾ ਮਹੱਲ ਡਿਗਦਿਆਂ ਦੇਰ ਨਹੀਂ ਲੱਗਣੀ, ਇਸ ਲਈ ਉਹ ਸਾਨੂੰ ਮਾਨਸਿਕ ਤੌਰ 'ਤੇ ਸ਼ਰਧਾ ਦੇ ਨਾਮ ਤੇ ਗੁਲਾਮ ਬਣਾ ਕੇ ਰੱਖਣਾ ਚਾਹੁੰਦਾ ਹੈ। ਇਸੇ ਲਈ ਸਾਨੂੰ ਵਾਰ ਵਾਰ ਕਿਹਾ ਜਾਂਦਾ ਹੈ ਕਿ ਸ਼ਰਧਾ ਰੱਖੋ, ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ, ਉਹ ਸੱਚੇ ਦਿਲੋਂ ਕੀਤੀਆਂ ਅਰਦਾਸਾਂ ਬੜਾ ਨੇੜਿਉਂ ਹੋ ਕੇ ਸੁਣਦਾ ਹੈ, ਧਰਮ ਤੇ ਕਦੇ ਕਿੰਤੂ ਪ੍ਰੰਤੂ ਨਹੀਂ ਕਰਨਾ ਚਾਹੀਦਾ, ਜਿਹੜੇ ਆਪਣੇ ਗੁਰੂ ਤੇ ਯਕੀਨ ਕਰਦੇ ਹਨ, ਉਨ੍ਹਾਂ ਦਾ ਹੀ ਬੇੜਾ ਪਾਰ ਹੁੰਦਾ ਹੈ ਆਦਿ ਅਨੇਕਾਂ ਤਰ੍ਹਾਂ ਦੇ ਲੁਭਾਵਣੇ ਸ਼ਬਦ ਇਨ੍ਹਾਂ ਨੇ ਸਾਡੀ ਲੁੱਟ ਕਰਨ ਲਈ ਘੜੇ ਹੋਏ ਹਨ।

ਮਨੁੱਖ ਨੂੰ ਮਾਨਸਿਕ ਗੁਲਾਮ ਬਣਾਉਣ ਲਈ ਇੱਕ ਹੋਰ ਵੱਡਾ ਹਥਿਆਰ ਵਰਤਿਆ ਜਾਂਦਾ ਹੈ ਕਿ ਧਰਮ ਗ੍ਰੰਥ ਰੱਬੀ ਬਾਣੀ ਹੁੰਦੇ ਹਨ। ਇਨ੍ਹਾਂ ਵਿਚਲਾ ਗਿਆਨ ਰੱਬ ਵਲੋਂ ਸਿੱਧਾ ਸਾਡੇ ਪੈਗੰਬਰ ਤੱਕ ਪਹੁੰਚਾਇਆ ਗਿਆ ਸੀ, ਜਿਸਨੂੰ ਸਾਡੇ ਰਹਿਬਰ ਜਾਂ ਗੁਰੂ ਨੇ ਮਨੁੱਖਤਾ ਦੇ ਭਲੇ ਲਈ ਗ੍ਰੰਥ ਵਿੱਚ ਕਲਮਬੰਦ ਕੀਤਾ ਹੈ। ਪੁਜਾਰੀ ਅਜਿਹਾ ਪ੍ਰਚਾਰ ਕਿਉਂ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜੇ ਅਸੀਂ ਆਪਣੇ ਧਰਮ ਗ੍ਰੰਥ ਨੂੰ ਸੱਚਾ ਰੱਬੀ ਗਿਆਨ ਕਹਾਂਗੇ ਤਾਂ ਹੀ ਅਸੀਂ ਇਸ ਤੇ ਕੋਈ ਚਰਚਾ ਰੋਕ ਸਕਦੇ ਹਾਂ। ਇਸ ਨਾਲ ਰੱਬ ਵਲੋਂ ਆਏ ਸਿੱਧੇ ਗਿਆਨ ਤੇ ਕੋਈ ਕਿੰਤੂ ਕਰਨ ਵਾਲਿਆਂ ਨੂੰ ਰੋਕ ਸਕਦੇ ਹਾਂ? ਕਿਸੇ ਤਰਕਵਾਦੀ ਦੇ ਸਵਾਲਾਂ ਦੇ ਜਵਾਬਾਂ ਤੋਂ ਬਚ ਸਕਦੇ ਹਾਂ। ਸਮੇਂ ਦੇ ਨਾਲ ਆ ਰਹੀਆਂ ਤਬਦੀਲੀਆਂ ਜਾਂ ਕੁਦਰਤ ਦੇ ਭੇਦਾਂ ਬਾਰੇ ਨਵੀਂ ਮਿਲ ਰਹੀ ਜਾਣਕਾਰੀ ਦੇ ਅਧਾਰ ਤੇ ਕੀਤੇ ਜਾਣ ਵਾਲੇ ਪ੍ਰਸ਼ਨਾਂ ਦੇ ਉਤਰ ਦੇਣ ਤੋਂ ਬਚ ਸਕਦੇ ਹਾਂ। ਜੇ ਧਰਮ ਗ੍ਰੰਥਾਂ ਵਿੱਚ ਲਿਖਿਆ ਸਭ ਕੁੱਝ ਸੱਚੋ ਸੱਚ ਹੈ ਤੇ ਇਹ ਰੱਬ ਵਲੋਂ ਸਿੱਧਾ ਪੈਗੰਬਰ ਨੂੰ ਲਿਖਾਇਆ ਗਿਆ ਸੀ ਤਾਂ ਫਿਰ ਇਸਤੇ ਵਿਚਾਰ ਕਰਨ ਤੇ ਰੋਕ ਕਿਉਂ? ਸੱਚ ਨੂੰ ਕਾਹਦਾ ਪਰਦਾ ਤੇ ਕਾਹਦਾ ਡਰ? ਇੱਕ ਗੱਲ ਹੋਰ ਸਮਝਣ ਵਾਲੀ ਹੈ ਕਿ ਜੇ ਸਾਰੇ ਧਰਮ ਗ੍ਰੰਥਾਂ ਵਿਚਲਾ ਗਿਆਨ ਅਗਰ ਰੱਬ ਵਲੋਂ ਸਿੱਧਾ ਭੇਜਿਆ (ਜਿਸ ਤਰ੍ਹਾਂ ਸਾਰੇ ਧਰਮ ਪੁਜਾਰੀਆਂ ਵਲੋਂ ਦਾਅਵਾ ਕੀਤਾ ਜਾਂਦਾ ਹੈ) ਗਿਆ ਸੀ ਤਾਂ ਫਿਰ ਪਹਿਲੇ ਧਰਮ ਗੁਰੂ ਦਾ ਗਿਆਨ, ਦੂਜੇ ਨਾਲੋਂ ਵੱਖਰਾ ਕਿਉਂ ਹੈ, ਇਥੋਂ ਤੱਕ ਕਿ ਇੱਕ ਦੂਜੇ ਨੂੰ ਕੱਟਦਾ ਵੀ ਹੈ। ਮੰਨ ਲਉ ਰੱਬ ਜੀ ਆਪਣਾ ਗਿਆਨ ਸਮੇਂ ਅਨੁਸਾਰ ਬਦਲਦੇ ਰਹੇ ਸਨ ਤਾਂ ਫਿਰ ਨਵੇਂ ਧਰਮ ਰਾਹੀਂ ਰੱਬ ਵਲੋਂ ਦਿੱਤੇ ਗਿਆਨ ਨੂੰ ਪੁਰਾਣੇ ਸਾਰੇ ਧਰਮ ਸੱਚ ਕਿਉਂ ਨਹੀਂ ਮੰਨ ਲੈਂਦੇ? ਫਿਰ ਕਿਉਂ ਕੋਈ 2000 ਸਾਲ ਪਹਿਲਾਂ ਦਿੱਤੇ ਗਿਆਨ ਨੂੰ ਜੱਫਾ ਮਾਰੀ ਬੈਠਾ ਹੈ, ਕੋਈ 1500 ਸਾਲ ਪਹਿਲਾਂ ਰੱਬ ਦੇ ਫ਼ੁਰਮਾਨਾਂ ਨੂੰ ਇਲਾਹੀ ਹੁਕਮ ਮੰਨਦਾ ਹੈ, ਕੋਈ 1000 ਸਾਲ ਜਾਂ 500 ਸਾਲ ਪਹਿਲਾਂ ਦੇ ਗਿਆਨ ਨੂੰ ਧੁਰੋਂ ਆਇਆ ਫ਼ੁਰਮਾਨ ਕਹਿ ਕੇ ਤੇ ਅਟਕ ਗਿਆ ਹੈ। ਜਿਸ ਤਰ੍ਹਾਂ ਸਾਇੰਸਦਾਨ ਜਦੋਂ ਪੁਰਾਣੀਆਂ ਖੋਜਾਂ ਦੇ ਆਧਾਰ ਤੇ ਨਵੀਂ ਖੋਜ ਕਰ ਲੈਂਦੇ ਹਨ ਤਾਂ ਫਿਰ ਸਾਰੇ ਨਵੀਂ ਖੋਜ ਨੂੰ ਮੰਨਦੇ ਹਨ, ਨਾ ਕਿ ਕੋਈ 500 ਸਾਲ ਜਾਂ 200 ਸਾਲ ਪਹਿਲਾਂ ਦੀ ਖੋਜ ਨੂੰ ਅੰਤਿਮ ਸੱਚ ਮੰਨ ਕੇ ਬੈਠਾ ਹੈ। ਇਸ ਹਿਸਾਬ ਨਾਲ ਤੇ ਧਰਮ ਨੂੰ ਮੰਨਣ ਵਾਲੇ ਸਾਰੇ ਲੋਕਾਂ ਨੂੰ ਉਸ ਧਰਮ ਗ੍ਰੰਥ ਨੂੰ ਮੰਨਣਾ ਚਾਹੀਦਾ ਹੈ, ਜੋ ਸਭ ਤੋਂ ਨਵੀਨ ਗਿਆਨ ਰੱਬ ਨੇ ਦਿੱਤਾ ਸੀ, ਉਸ ਤੋਂ ਵੀ ਅੱਗੇ ਜੋ ਕੁਦਰਤ ਦੀਆਂ ਸਚਾਈਆਂ ਅੱਜ ਦੇ ਮਨੁੱਖ ਨੂੰ ਚਿੱਟੇ ਦਿਨ ਵਾਂਗ ਸਪੱਸ਼ਟ ਦਿਖਾਈ ਦੇ ਰਹੀਆਂ ਹਨ, ਉਹ ਮੰਨਣੀਆਂ ਚਾਹੀਦੀਆਂ

ਹਨ? ਅਜਿਹਾ ਨਹੀਂ ਹੈ, ਪੁਜਾਰੀਆਂ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਹੈ ਕਿ ਸੱਚ ਕੀ ਹੈ ਤੇ ਝੂਠ ਕੀ ਹੈ? ਗਲਤ ਕੀ ਹੈ ਤੇ ਸਹੀ ਕੀ ਹੈ? ਉਨ੍ਹਾਂ ਨੇ ਤਾਂ ਆਪਣੀ ਆਪਣੀ ਦੁਕਾਨਦਾਰੀ ਚਲਾਉਣੀ ਹੈ? ਉਨ੍ਹਾਂ ਨੂੰ ਪਤਾ ਹੈ ਕਿ ਜੇ ਲੋਕਾਂ ਨੂੰ ਸੱਚ ਦੀ ਖੋਜ ਕਰਨ ਦੇ ਰਾਹੇ ਪਾਇਆ ਗਿਆ ਤਾਂ ਫਿਰ ਸਾਡੇ ਕੋਲ ਕੌਣ ਝੂਠੀਆਂ ਅਰਦਾਸਾਂ ਕਰਾਉਣ ਆਏਗਾ? ਕੌਣ ਫੋਕਟ ਕਰਮਕਾਂਡ ਅੱਖਾਂ ਮੀਟ ਕੇ ਕਰੇਗਾ? ਕੌਣ ਝੂਠੇ ਪੂਜਾ ਪਾਠਾਂ ਵਿੱਚ ਆਪਣਾ ਸਮਾਂ ਖਰਾਬ ਕਰੇਗਾ? ਇਸ ਲਈ ਉਨ੍ਹਾਂ ਦਾ ਫਾਇਦਾ ਇਸੇ ਗੱਲ ਵਿੱਚ ਹੈ ਕਿ ਲੋਕ ਅਗਿਆਨੀ ਬਣੇ ਰਹਿਣ, ਅੰਧ-ਵਿਸ਼ਵਾਸ਼ੀ ਬਣੇ ਰਹਿਣ? ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਂਡਾਂ ਆਦਿ ਵਿੱਚ ਉਲਝੇ ਰਹਿਣ? ਕਈ ਵਾਰ ਆਮ ਇਨਸਾਨ ਦੇ ਵਰਤਾਰੇ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਉਹ ਬਾਹਰ ਸਮਾਜ ਵਿੱਚ ਤਾਂ ਸਭ ਕੁੱਝ ਨਵਾਂ ਕਰਨਾ ਚਾਹੁੰਦਾ ਹੈ, ਨਵਾਂ ਵਰਤਣਾ ਚਾਹੁੰਦਾ ਹੈ, ਨਵੀਂ ਖੋਜ ਤੇ ਵਿਸ਼ਵਾਸ਼ ਕਰਦਾ ਹੈ, ਹਰ ਵਿਸ਼ੇ ਤੇ ਚਰਚਾ ਕਰਨਾ ਚਾਹੁੰਦਾ ਹੈ, ਕੋਈ ਚੀਜ਼ ਲੈਣ ਦੇਣ ਵੇਲੇ ਆਪਣੀ ਪੂਰੀ ਤਸੱਲੀ ਕਰਦਾ ਹੈ, ਉਹ ਇਸ ਗੱਲ ਲਈ ਹਮੇਸ਼ਾਂ ਜਾਗਰੂਕ ਰਹਿੰਦਾ ਹੈ ਕਿ ਉਸ ਨਾਲ ਕੋਈ ਧੋਖਾ ਨਾ ਕਰ ਲਵੇ, ਉਸਨੂੰ ਕੋਈ ਲੁੱਟ ਨਾ ਲਵੇ, ਉਸ ਨਾਲ ਕੋਈ ਠੱਗੀ ਨਾ ਮਾਰ ਲਵੇ, ਘਰ ਵਿੱਚ ਸਕਿਉਰਿਟੀ ਅਲਾਰਮ ਲਗਾਉਂਦਾ ਹੈ ਤਾਂ ਕਿ ਕੋਈ ਚੋਰ ਨਾ ਆ ਜਾਵੇ, ਕਈ ਵਾਰ ਕੋਈ ਚੀਜ਼ ਲੈਣ ਤੋਂ ਪਹਿਲਾਂ ਆਪਣੇ ਦੋਸਤਾਂ ਮਿੱਤਰਾਂ ਰਿਸ਼ਤੇਦਾਰਾਂ ਤੋਂ ਸਲਾਹ ਲੈਂਦਾ ਹੈ, ਹੁਣ ਤੇ ਇੰਟਰਨੈਟ ਤੇ ਸਰਚ ਵੀ ਕਰ ਲੈਂਦਾ ਹੈ, ਜੇ ਕੋਈ ਉਸ ਨਾਲ ਧੋਖਾਧੜੀ ਕਰੇ, ਕਨੂੰਨ ਦੀ ਜਾਂ ਪੁਲਿਸ ਦੀ ਮੱਦਦ ਵੀ ਲੈਂਦਾ ਹੈ, ਆਪਣੇ ਜੀਵਨ ਵਿੱਚ ਕਿਹੜਾ ਪ੍ਰੋਫੈਸ਼ਨ ਅਖਤਿਆਰ ਕਰਨਾ ਹੈ ਆਦਿ ਬਾਰੇ ਸਲਾਹਾਂ ਲੈਂਦਾ ਹੈ, ਸਿਹਤ ਵਿੱਚ ਥੋੜ੍ਹੀ ਖਰਾਬੀ ਹੋਵੇ ਡਾਕਟਰ ਕੋਲ ਜਾਂਦਾ ਹੈ, ਕਹਿਣ ਤੋਂ ਭਾਵ ਹਰ ਜਗ੍ਹਾ ਆਪਣੀ ਸਮਝ ਅਨੁਸਾਰ ਚੁਕੰਨਾ ਰਹਿੰਦਾ ਹੈ, ਪਰ ਜਦੋਂ ਹੀ ਧਰਮ ਦੀ ਗੱਲ ਆਉਂਦੀ ਹੈ, ਦਿਮਾਗ ਦੇ ਸਾਰੇ ਦਰਵਾਜ਼ੇ ਬੰਦ ਕਰ ਲੈਂਦਾ ਹੈ, ਜਦੋਂ ਹੀ ਧਰਮ ਅਸਥਾਨ ਦਾ ਦਰਵਾਜ਼ਾ ਟੱਪਦਾ ਹੈ, ਉਸਦੇ ਦਿਮਾਗ ਦਾ ਸੋਚਣ ਵਾਲਾ ਦਰਵਾਜ਼ਾ ਬੰਦ ਹੋ ਜਾਂਦਾ ਹੈ ਤੇ ਸ਼ਰਧਾ ਦਾ ਦਰਵਾਜ਼ਾ ਖੁੱਲ ਜਾਂਦਾ ਹੈ। ਉਸਦੇ ਅੱਖਾਂ ਸਾਹਮਣੇ ਪੁਜਾਰੀ ਝੂਠੀਆਂ ਮਨਘੜਤ ਕਥਾ ਕਹਾਣੀਆਂ ਸੁਣਾਉਂਦੇ ਹਨ, ਕਲਪਿਤ ਦੇਸ਼ਾਂ ਦੇ ਲੁਭਾਵਣੇ ਸੁਪਨੇ ਦਿਖਾਉਂਦੇ ਹਨ। ਕੁਦਰਤ ਦੇ ਅਟੱਲ ਨਿਯਮਾਂ ਦੇ ਉਲਟ ਝੂਠੀਆਂ ਕਰਾਮਤੀ ਕਹਾਣੀਆਂ ਸੁਣ ਕੇ ਵੀ ਉਸਦਾ ਦਿਮਾਗ ਕੰਮ ਨਹੀਂ ਕਰਦਾ ਕਿਉਂਕਿ ਪੁਜਾਰੀਆਂ ਨੇ ਉਸਨੂੰ ਮਾਨਸਿਕ ਗੁਲਾਮ ਬਣਾ ਲਿਆ ਹੁੰਦਾ ਹੈ।

ਹੁਣ ਇਹ ਸਵਾਲ ਉਠਦਾ ਹੈ ਕਿ ਪੁਜਾਰੀ ਮਨੁੱਖ ਨੂੰ ਮਾਨਸਿਕ ਗੁਲਾਮ ਕਿਉਂ ਬਣਾਉਂਦੇ ਹਨ ਤੇ ਸ਼ਰਧਾਲੂ ਇਨ੍ਹਾਂ ਦੇ ਜਾਲ ਵਿੱਚ ਫਸ ਕੇ ਮਾਨਸਿਕ ਗੁਲਾਮ ਕਿਉਂ ਹੁੰਦੇ ਹਨ? ਜਿਸ ਤਰ੍ਹਾਂ ਸ਼ੁਰੂ ਵਿੱਚ ਜ਼ਿਕਰ ਕੀਤਾ ਸੀ ਕਿ ਪੁਰਾਣੇ ਸਮੇਂ ਤੋਂ ਹੀ ਸਿਆਸਤਦਾਨਾਂ ਤੇ ਪੁਜਾਰੀਆਂ ਦੀ ਮਨੁੱਖ ਨੂੰ ਗੁਲਾਮ ਬਣਾ ਕੇ ਰੱਖਣ ਦੀ ਖੇਡ ਚੱਲ ਰਹੀ ਹੈ। ਹਾਕਮ ਧਿਰਾਂ ਕੋਲ ਗੁਲਾਮ ਬਣਾਉਣ ਲਈ ਹਥਿਆਰ ਤੇ ਫੌਜਾਂ ਹੁੰਦੀਆਂ ਹਨ, ਪਰ ਪੁਜਾਰੀ ਕੋਲ ਅਜਿਹਾ ਕੁੱਝ ਨਹੀਂ ਹੁੰਦਾ, ਇਸ ਲਈ ਉਹ ਮਨੁੱਖ ਨੂੰ ਦਿਮਾਗੀ ਗੁਲਾਮ ਬਣਾਉਣ ਦੀ ਖੇਡ ਖੇਡਦਾ ਹੈ, ਇਸ ਨਾਲ ਉਹ ਸਰਰਿਕ ਤੇ ਮਾਨਸਿਕ ਦੋਨੋਂ ਤਰ੍ਹਾਂ ਗੁਲਾਮ ਬਣਾ ਲੈਂਦਾ ਹੈ। ਪਿਛਲੀਆਂ ਕੁੱਝ ਸਦੀਆਂ ਤੋਂ ਇਨ੍ਹਾਂ ਦੀ ਇਸ ਘਿਨਾਉਣੀ ਖੇਡ ਵਿੱਚ ਤੀਜੀ ਧਿਰ ਸਰਮਾਏਦਾਰੀ ਵੀ ਰਲ਼ ਚੁੱਕੀ ਹੈ। ਜਿਨ੍ਹਾਂ ਦਾ ਏਜੰਡਾ ਕੁਦਰਤੀ ਸਾਧਨਾਂ ਤੇ ਕਬਜ਼ਾ ਕਰਕੇ ਤਿਆਰ ਕੀਤੇ ਸਮਾਨ ਵਿਚੋਂ ਵੱਧ ਤੋਂ ਵੱਧ ਮੁਨਾਫਾ ਕਿਵੇਂ ਕਮਾਇਆ ਜਾਵੇ? ਦੂਜਾ ਉਨ੍ਹਾਂ ਦਾ ਏਜੰਡਾ ਮਨੁੱਖ ਨੂੰ ਮਸ਼ੀਨ ਵਾਂਗ ਵਰਤ ਕੇ ਵੱਧ ਕੰਮ ਤੇ ਘੱਟ ਉਜਰਤ ਕਿਵੇਂ ਦਿੱਤੀ ਜਾਵੇ, ਇਸ ਲਈ ਉਨ੍ਹਾਂ ਨੂੰ ਗੁਲਾਮ ਬਿਰਤੀ ਮਨੁੱਖਾਂ ਦੀ ਲੋੜ ਹੈ। ਜੋ ਆਪਣੇ ਹੱਕਾਂ ਤੇ ਹਿੱਤਾਂ ਲਈ ਸੰਘਰਸ਼ ਕਰਨ ਦੇ ਕਾਬਿਲ ਨਾ ਹੋਣ, ਸਭ ਕੁੱਝ ਨੂੰ ਰੱਬ ਦੀ ਰਜ਼ਾ ਮੰਨਣ ਵਾਲੇ ਹੋਣ, ਜੋ ਕੁੱਝ ਮਿਲ ਰਿਹਾ ਹੈ, ਉਸਨੂੰ ਆਪਣੀ ਕਿਸਮਤ ਸਮਝਣ ਦੇ ਆਦੀ ਹੋਣ। ਹੁਣ ਇਹ ਤਿੰਨੇ ਧਿਰਾਂ ਸਾਰੀ ਦੁਨੀਆਂ ਵਿੱਚ ਛੋਟੇ ਤੋਂ ਲੈ ਕੇ ਵੱਡੇ ਪੱਧਰ ਤੇ ਰਲ਼ੀਆਂ ਹੋਈਆਂ ਹਨ। ਤਿੰਨਾਂ ਦਾ ਕੰਮ ਤਾਂ ਹੀ ਚੱਲ ਸਕਦਾ ਹੈ, ਜੇ ਮਨੁੱਖ ਮਾਨਸਿਕ ਤੌਰ ਤੇ ਬੌਣਾ ਹੋਵੇ, ਉਸਦੀ ਸੋਚ ਪਸ਼ੂ ਪੱਧਰ ਤੋਂ ਉਪਰ ਨਾ ਉਠ ਸਕੇ। ਜਾਗੇ ਹੋਏ ਮਨੁੱਖ ਤਿੰਨਾਂ ਧਿਰਾਂ (ਪੁਜਾਰੀਆਂ, ਹਾਕਮਾਂ, ਸਰਮਾਏਦਾਰਾਂ) ਨੂੰ ਰਾਸ ਨਹੀਂ ਆਉਂਦੇ? ਪੁਜਾਰੀਆਂ ਨੂੰ ਖਤਰਾ ਹੈ ਕਿ ਜੇ ਮਨੁੱਖ ਜਾਗ ਪਿਆ, ਉਹ ਧਰਮ ਦੇ ਖੇਤਰ ਵਿੱਚ ਸੋਚਣ ਦੇ ਰਾਹੇ ਪੈ ਗਿਆ ਤਾਂ ਉਸਦਾ ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਂਡਾਂ, ਪੂਜਾ ਪਾਠਾਂ, ਅਰਦਾਸਾਂ, ਨਕਲੀ ਕਰਾਮਾਤੀ ਕਥਾ ਕਹਾਣੀਆਂ ਅਧਾਰਿਤ ਨਕਲੀ ਧਰਮ ਬਹੁਤਾ ਚਿਰ ਟਿਕ ਨਹੀਂ ਸਕਦਾ। ਹਾਕਮ ਜਮਾਤਾਂ ਨੂੰ ਪਤਾ ਹੈ ਕਿ ਜੇ ਆਮ ਲੋਕ ਜਾਗ ਜਾਣ ਤਾਂ ਉਨ੍ਹਾਂ ਦੀ ਐਸ਼ੋ ਇਸ਼ਰਤ, ਚੌਧਰ ਤੇ ਸੋਸ਼ਣ ਦੀ ਖੇਡ ਬਹੁਤਾ ਚਿਰ ਚੱਲ ਨਹੀਂ ਸਕਦੀ, ਲੋਕ ਉਨ੍ਹਾਂ ਦੀਆਂ ਹਕੂਮਤਾਂ ਪਲਟਣ ਲੱਗੇ ਦੇਰ ਨਹੀਂ ਲਾਇਆ ਕਰਨਗੇ, ਇਸ ਲਈ ਉਹ ਵੀ ਇਹੀ ਚਾਹੁੰਦੇ ਹਨ ਕਿ ਲੋਕ ਆਪਣੇ ਰੋਜ਼ਾਨਾ ਦੇ ਕੰਮਾਂ ਧੰਦਿਆਂ ਜਾਂ ਧਰਮ ਦੇ ਪੂਜਾ ਪਾਠਾਂ, ਭਜਨ ਬੰਦਗੀਆਂ ਵਿੱਚ ਫਸੇ ਰਹਿਣ ਤੇ ਉਨ੍ਹਾਂ ਵਿਰੁੱਧ ਕੋਈ ਆਵਾਜ਼ ਨਾ ਉਠ ਸਕੇ। ਇਸੇ ਤਰ੍ਹਾਂ ਧਨਾਢਾਂ ਜਾਂ ਸਰਮਾਏਦਾਰਾਂ ਨੂੰ ਵੀ ਇਹੀ ਰਾਸ ਆਉਂਦਾ ਹੈ ਕਿ ਲੋਕ ਦਿਮਾਗੀ ਅਪਾਹਜ਼ ਬਣੇ ਰਹਿਣ, ਸੋਚਣ ਸਮਝਣ ਦੇ ਸਮਰੱਥ ਨਾ ਹੋ ਸਕਣ, ਸੰਘਰਸ਼ ਦੇ ਕਾਬਿਲ ਨਾ ਹੋਣ, ਆਪਣੇ ਹੱਕਾਂ ਪ੍ਰਤੀ ਸੁਚੇਤ ਨਾ ਹੋਣ ਤਾਂ ਕਿ ਉਨ੍ਹਾਂ ਵਲੋਂ ਹਾਕਮ ਜਮਾਤਾਂ ਨਾਲ ਰਲ਼ ਕੇ ਮਨੁੱਖੀ ਤੇ ਕੁਦਰਤੀ ਵਸੀਲਿਆਂ ਤੇ ਕਬਜ਼ਾ ਕਰਕੇ ਜੋ ਲੁੱਟ ਮਚਾਈ ਹੋਈ ਹੈ, ਲੋਕ ਉਸ ਤੋਂ ਜਾਣੂ ਨਾ ਹੋ ਸਕਣ। ਉਹ ਆਪਣੇ ਹੱਕਾਂ ਲਈ ਖੜ੍ਹੇ ਨਾ ਹੋ ਸਕਣ। ਆਪਣੇ ਹੱਕਾਂ ਲਈ ਸੰਘਰਸ਼ ਨਾ ਕਰ ਸਕਣ। ਇਸ ਲਈ ਤਿੰਨੇ ਧਿਰਾਂ ਦਾ ਭਲਾ ਇਸੇ ਵਿੱਚ ਹੈ ਕਿ ਆਮ ਮਨੁੱਖ ਸੁੱਤੇ ਰਹਿਣ, ਮਾਨਸਿਕ ਤੌਰ 'ਤੇ ਗੁਲਾਮ ਜ਼ਹਿਨੀਅਤ ਦੇ ਮਾਲਕ ਬਣੇ ਰਹਿਣ, ਸੋਚਣ ਸਮਝਣ ਦੇ ਸਮਰੱਥ ਨਾ ਹੋ ਸਕਣ ਤਾਂ ਕਿ ਉਨ੍ਹਾਂ ਤਿੰਨਾਂ ਧਿਰਾਂ ਵਲੋਂ ਰਲ਼ ਕੇ ਸਦੀਆਂ ਤੋਂ ਕੀਤੀ ਜਾ ਰਹੀ ਮਨੁੱਖਤਾ ਦੀ ਲੁੱਟ ਤੋਂ ਲੋਕ ਆਜ਼ਾਦ ਨਾ ਹੋ ਸਕਣ। ਧਰਮ ਇਸ ਵਿੱਚ ਸਭ ਤੋਂ ਘਾਤਕ ਰੋਲ ਅਦਾ ਕਰਦਾ ਹੈ। ਮਨੁੱਖ ਦੀ ਜ਼ਹਿਨੀਅਤ ਨੂੰ ਨਕਾਰਾ ਕਰਨ ਜਾਂ ਖੁੰਡਾ ਕਰਨ ਵਿੱਚ ਇਸਦੀ ਅਹਿਮ ਭੂਮਿਕਾ ਹੈ। ਇਸ ਲਈ ਸਮਾਜ ਦਾ ਧਾਰਮਿਕ ਤੌਰ ਤੇ ਆਜ਼ਾਦ ਹੋਣਾ ਸਭ ਤੋਂ ਜ਼ਰੂਰੀ ਹੈ।

ਜਦੋਂ ਇਹ ਤਿੰਨੋਂ ਧਿਰਾਂ ਮਨੁੱਖਤਾ ਵਿਰੋਧੀ ਹਨ ਤਾਂ ਫਿਰ ਲੋਕ ਇਨ੍ਹਾਂ ਦੇ ਮਾਇਆਜਾਲ ਵਿੱਚ ਫਸਦੇ ਕਿਉਂ ਹਨ? ਅਸਲ ਵਿੱਚ ਇਹੀ ਤਾਂ ਇਨ੍ਹਾਂ ਦੀ ਖੂਬੀ ਹੈ ਕਿ ਇਹ ਸਦੀਆਂ ਤੋਂ ਮਨੁੱਖਤਾ ਨੂੰ ਨਕਲੀ ਧਰਮਾਂ ਰਾਹੀਂ ਮਾਨਸਿਕ ਗੁਲਾਮ ਬਣਾਉਣ ਦਾ ਅਜਿਹਾ ਸਬਕ ਪੜ੍ਹਾਉਂਦੇ ਆਏ ਹਨ ਕਿ ਹੁਣ ਲੋਕਾਂ ਦੀ ਬੁੱਧੀ ਨੇ ਕੰਮ ਕਰਨਾ ਹੀ ਬੰਦ ਕਰ ਦਿੱਤਾ ਹੈ। ਆਮ ਲੋਕ ਤਾਂ ਇਹ ਸਮਝਣ ਦੇ ਸਮਰਥ ਦੇ ਵੀ ਸਮਰਥ ਨਹੀਂ ਰਹੇ ਕਿ ਉਨ੍ਹਾਂ ਦੀ ਹਰ ਪੱਧਰ ਤੇ ਇਸ ਤਿਕੜੀ ਵਲੋਂ ਲੁੱਟ ਕੀਤੀ ਜਾ ਰਹੀ ਹੈ। ਸਾਰੀ ਦੁਨੀਆਂ ਵਿੱਚ ਇਸ ਤਿਕੜੀ ਦੀ ਗਿਣਤੀ 10% ਤੋਂ ਵੱਧ ਨਹੀਂ, ਪਰ ਹਰ ਦੇਸ਼, ਹਰ ਸਮਾਜ, ਹਰ ਕੌਮ ਵਿੱਚ ਇਹੀ 90% ਲੋਕਾਂ ਤੇ ਰਾਜ ਕਰਦੇ ਰਹੇ ਹਨ ਤੇ ਕਰ ਰਹੇ ਹਨ। ਮਨੁੱਖ ਇਨ੍ਹਾਂ ਦੇ ਜਾਲ ਵਿੱਚ ਡਰ ਤੇ ਲਾਲਚ ਵੱਸ ਫਸਦਾ ਹੈ, ਇਨ੍ਹਾਂ ਨੇ ਸਦੀਆਂ ਤੋਂ ਅਜਿਹਾ ਤਾਣਾ-ਬਾਣਾ ਬੁਣਿਆ ਹੋਇਆ ਹੈ ਕਿ ਆਮ ਬੰਦੇ ਨੂੰ ਸੋਚਣ ਲਈ ਸੁਰਤ ਹੀ ਨਹੀਂ ਆਉਣ ਦਿੰਦੇ, ਦੂਸਰਾ ਪੀੜੀ-ਦਰ-ਪੀੜ੍ਹੀ ਅਜਿਹਾ ਪ੍ਰਚਾਰ ਕਰਕੇ ਮਨੁੱਖ ਨੂੰ ਦਿਮਾਗੀ ਅਪਾਹਿਜ ਬਣਾ ਦਿੱਤਾ ਗਿਆ ਹੈ। ਇਨ੍ਹਾਂ ਦੇ ਮਕੜਜ਼ਾਲ ਵਿਚੋਂ ਨਿਕਲਣ ਲਈ ਸਭ ਤੋਂ ਪਹਿਲਾਂ ਨਕਲੀ ਧਰਮਾਂ ਦਾ ਖਹਿੜਾ ਛੱਡਣਾ ਪਵੇਗਾ ਕਿਉਂਕਿ ਦੂਜੀਆਂ ਦੋ ਧਿਰਾਂ ਦੀ ਗੁਲਾਮੀ ਜ਼ਿਆਦਾਤਰ ਸਰੀਰਕ ਹੈ, ਇਸ ਲਈ ਉਸ ਵਿਚੋਂ ਵਿਅਕਤੀ ਜਲਦੀ ਨਿਕਲ ਸਕਦਾ ਹੈ, ਪਰ ਨਕਲੀ ਧਰਮ ਦੀ ਗੁਲਾਮੀ ਵਿਚੋਂ ਨਿਕਲਣ ਲਈ ਅਸਲੀ ਧਰਮ ਦਾ ਰਾਹ ਅਖਤਿਆਰ ਕਰਨਾ ਪਵੇਗਾ। ਸੱਚ ਦੇ ਮਾਰਗ ਦੇ ਪਾਂਧੀ ਬਣਨਾ ਪਵੇਗਾ। ਅਸਲੀ ਧਰਮ ਦਾ ਮਾਰਗ ਸੱਚ ਦੀ ਖੋਜ ਕਰਨਾ ਸਿਖਾਉਂਦਾ ਹੈ, ਅੱਖਾਂ ਮੀਟ ਕੇ ਨਹੀਂ ਖੋਲ ਕੇ ਤੁਰਨ ਦੀ ਜਾਚ ਦੱਸਦਾ ਹੈ, ਅਸਲੀ ਧਰਮ ਕੁਦਰਤ ਦੇ ਅਟੱਲ ਨਿਯਮਾਂ ਦੀ ਸੋਝੀ ਕਰਾਉਂਦਾ ਹੈ ਕਿ ਸਭ ਕੁੱਝ ਹੁਕਮ ਵਿੱਚ ਚੱਲ ਰਿਹਾ ਹੈ, ਉਸਨੂੰ ਸਮਝ ਕੇ ਸਭ ਕੁੱਝ ਹੋ ਸਕਦਾ ਹੈ, ਸੋਝੀ ਹੋ ਸਕਦੀ ਹੈ ਕਿ ਸਾਡੀ ਕੀ ਸਮਰਥਾ ਹੈ ਤੇ ਕੀ ਅਸਮਰਥਾ? ਅਸਲੀ ਧਰਮ ਦੱਸਦਾ ਹੈ ਕਿ ਕੁਦਰਤ ਦੇ ਅਟੱਲ ਨਿਯਮਾਂ ਤੋਂ ਉਲਟ ਕਦੇ ਕੋਈ ਕਰਾਮਾਤ ਨਹੀਂ ਵਾਪਰਦੀ। ਕੁਦਰਤ ਤੇ ਨਿਯਮਾਂ ਨੂੰ ਸਮਝ ਕੇ, ਉਨ੍ਹਾਂ ਦੀ ਖੋਜ ਕਰਕੇ ਹੀ ਅਸੀਂ ਅੱਗੇ ਵਧ ਸਕਦੇ ਹਾਂ। ਅਸਲੀ ਧਰਮ ਤੁਹਾਨੂੰ ਕਦੇ ਵੀ ਲਕੀਰ ਦਾ ਫਕੀਰ ਨਹੀਂ ਬਣਾਉਂਦਾ। ਅਸਲੀ ਧਰਮ ਵੀ ਸਾਇੰਸ ਵਾਂਗ ਜਾਨਣ ਤੇ ਖੋਜਣ ਦਾ ਵਿਸ਼ਾ ਹੈ ਨਾ ਕਿ ਸਿਰਫ ਅੱਖਾਂ ਮੀਟ ਕੇ ਮੰਨਣ ਦਾ। ਸਾਇੰਸ ਤੇ ਅਸਲੀ ਧਰਮ ਵਿੱਚ ਇਤਨਾ ਕੁ ਹੀ ਫਰਕ ਹੈ ਕਿ ਸਾਇੰਸ ਸ੍ਰਿਸ਼ਟੀ ਵਿੱਚ ਦਿਸਦੇ ਮਾਦਾ (ਮੈਟਰ) ਦੀ ਖੋਜ ਕਰਕੇ ਕੁਦਰਤ ਦਾ ਸੱਚ ਸਾਹਮਣੇ ਲਿਆਉਂਦਾ ਹੈ ਤੇ ਅਸਲੀ ਧਰਮ ਉਸ ਮਾਦੇ (ਮੈਟਰ) ਵਿੱਚ ਛੁਪੀ ਚੇਤੰਨਤਾ (ਜਿਵੇਂ ਮਨੁੱਖ ਵਿੱਚ ਆਤਮਾ) ਦੀ ਖੋਜ ਕਰਕੇ ਕੁਦਰਤ ਦੇ ਅੰਦਰਲੇ ਭੇਦਾਂ ਦਾ ਸੱਚ ਪ੍ਰਗਟ ਕਰਦਾ ਹੈ। ਅਸਲੀ ਧਰਮ ਮਨੁੱਖ ਨੂੰ ਆਪਣੇ ਅੰਦਰ ਦੀ ਚੇਤੰਨਤਾ (ਆਤਮਾ) ਦੀ ਖੋਜ ਕਰਨ ਦੀ ਦੱਸ ਪਾਉਂਦਾ ਹੈ। ਇਸ ਲਈ ਧਰਮ ਤੇ ਸਾਇੰਸ ਵਿਰੋਧੀ ਨਹੀਂ, ਜਿਸ ਤਰ੍ਹਾਂ ਕਿ ਨਕਲੀ ਧਰਮਾਂ ਦੇ ਪੁਜਾਰੀ ਪੇਸ਼ ਕਰਦੇ ਹਨ। ਸਾਇੰਸ ਤੇ ਧਰਮ ਦੋਨੋ ਖੋਜ ਵਿੱਚ ਤੇ ਲਗਾਤਾਰ ਖੋਜ ਵਿੱਚ ਵਿਸ਼ਵਾਸ਼ ਰੱਖਦੇ ਹਨ। ਨਕਲੀ ਧਰਮ ਹੀ ਖੋਜਣ ਜਾਂ ਜਾਨਣ ਦੀ ਥਾਂ ਮੰਨਣ ਤੇ ਸ਼ਰਧਾ ਦਾ ਪ੍ਰਚਾਰ ਕਰਦੇ ਹਨ। ਜਿਸ ਦਿਨ ਮਨੁੱਖ ਮੰਨਣ ਦੀ ਥਾਂ ਜਾਨਣ ਤੇ ਖੋਜਣ ਦੇ ਰਾਹ ਤੁਰ ਪਿਆ, ਉਸ ਦਿਨ ਤੋਂ ਨਕਲੀ ਧਰਮਾਂ ਦਾ ਭੋਗ ਪੈਣਾ ਸ਼ੁਰੂ ਹੋ ਜਾਵੇਗਾ। ਇਸੇ ਤਰ੍ਹਾਂ ਅਸਲੀ ਧਰਮ ਮਨੁੱਖ ਨੂੰ ਜ਼ੁਲਮ, ਜ਼ਬਰ, ਅੱਤਿਆਚਾਰ, ਸੋਸ਼ਣ ਖਿਲਾਫ਼ ਜੂਝਣਾ ਸਿਖਾਉਂਦਾ ਹੈ, ਸੰਘਰਸ਼ ਕਰਨਾ ਸਿਖਾਉਂਦਾ ਹੈ। ਅਸਲੀ ਧਰਮ ਮਨੁੱਖੀ ਬਰਾਬਰਤਾ ਤੇ ਭਰਾਤਰੀਭਾਵ ਦਾ ਸੁਨੇਹਾ ਦਿੰਦਾ ਹੈ ਨਾ ਕਿ ਮਨੁੱਖਤਾ ਵਿੱਚ ਧਰਮ, ਜਾਤ, ਨਸਲ, ਰੰਗ, ਕੌਮ, ਦੇਸ਼ ਆਦਿ ਦੇ ਨਾਮ ਤੇ ਵੰਡੀਆਂ ਪਾਉਣ ਦਾ ਸੰਦੇਸ਼। ਧਰਮ ਸਭ ਦਾ ਸਾਂਝਾ ਹੈ, ਉਹ ਹੈ ਸੱਚ ਦੇ ਮਾਰਗ ਤੇ ਚੱਲਣਾ ਅਤੇ ਸੱਚ ਦੀ ਖੋਜ ਕਰਨਾ। ਕੁਦਰਤ ਦੇ ਭੇਦਾਂ ਨੂੰ ਜਾਨਣਾ ਤੇ ਉਨ੍ਹਾਂ ਨੂੰ ਮਨੁੱਖਤਾ ਦੇ ਭਲੇ ਲਈ ਵਰਤਣਾ। ਇਸ ਲਈ ਸਾਨੂੰ ਨਕਲੀ ਧਰਮਾਂ ਵਲੋਂ ਮਨੁੱਖ ਨੂੰ ਪੀੜ੍ਹੀ-ਦਰ-ਪੀੜ੍ਹੀ ਮਾਨਸਿਕ ਗੁਲਾਮ ਬਣਾਉਣ ਦੀ ਪ੍ਰਵਿਰਤੀ ਨੂੰ ਰੋਕਣ ਤੇ ਇਸ ਵਿਚੋਂ ਨਿਕਲਣ ਲਈ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ, ਉਨ੍ਹਾਂ ਨੂੰ ਮੰਨਣ ਦੀ ਥਾਂ ਜਾਨਣ ਦੇ ਰਾਹ ਪਾਉਣ ਦੀ ਲੋੜ ਹੈ। ਅੱਖਾਂ ਮੀਟ ਕੇ ਤੇ ਦਿਮਾਗ ਬੰਦ ਕਰਕੇ ਚੱਲਣ ਦੀ ਥਾਂ, ਮਨੁੱਖ ਨੂੰ ਅੱਖਾਂ ਖੋਲ ਕੇ ਤੇ ਦਿਮਾਗ ਵਰਤ ਕੇ ਚੱਲਣ ਦੀ ਲੋੜ ਹੈ ਤਾਂ ਹੀ ਅਸੀਂ ਨਕਲੀ ਧਰਮਾਂ ਦੀ ਮਾਨਸਿਕ ਗੁਲਾਮੀ ਤੋਂ ਛੁਟਕਾਰਾ ਪਾ ਸਕਦੇ ਹਾਂ।

•••

# 23 ਮਾਰਚ ਦੇ ਸ਼ਹੀਦ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਅਜੋਕੀ ਸਾਰਥਿਕਤਾ

ਨਵਕਿਰਨ ਸਿੰਘ ਪੱਤੀ
98885-44001

23 ਮਾਰਚ ਦਾ ਦਿਨ ਭਾਰਤ ਦੀ ਆਜ਼ਾਦੀ ਦੀ ਲਹਿਰ ਦਾ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਦਿਨ ਹੈ। ਇਸ ਦਿਨ ਭਾਰਤ ਦੀ ਸੱਚੀ ਆਜ਼ਾਦੀ ਲਈ ਜੂਝਣ ਵਾਲੇ ਤਿੰਨ ਮਹਾਨ ਦੇਸ਼ ਭਗਤਾਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੇ ਅੰਗਰੇਜ਼ੀ ਸਾਮਰਾਜ ਖ਼ਿਲਾਫ਼ ਹੱਸ-ਹੱਸ ਕੇ ਕੁਰਬਾਨੀ ਦਿੱਤੀ ਸੀ।

ਸ਼ਹੀਦਾਂ ਦੇ ਵਾਰਿਸ 23 ਮਾਰਚ 1931 ਤੋਂ ਹੀ ਇਸ ਦਿਨ ਨੂੰ ਮਨਾਉਂਦਿਆਂ ਉਨ੍ਹਾਂ ਦੇ ਸੁਪਨਿਆਂ ਦਾ ਲੁੱਟ ਰਹਿਤ ਸਮਾਜ ਸਿਰਜਣ ਦੇ ਸੰਕਲਪ ਨੂੰ ਦ੍ਰਿੜਤਾ ਨਾਲ ਅਪਣਾਉਂਦੇ ਅਤੇ ਪੂਰਾ ਕਰਨ ਦਾ ਹਲਫ਼ ਲੈਂਦੇ ਆ ਰਹੇ ਹਨ।


ਅੰਗਰੇਜ਼ੀ ਸਾਮਰਾਜ ਨੇ 23 ਮਾਰਚ ਦੇ ਦਿਨ ਆਜ਼ਾਦੀ ਦੇ ਇਨ੍ਹਾਂ ਪਰਵਾਨਿਆਂ ਨੂੰ ਫਾਂਸੀ 'ਤੇ ਲਟਕਾ ਕੇ ਮੁਲਕ ਵਿੱਚੋਂ ਅਮਲੀ ਆਜ਼ਾਦੀ ਦੇ ਸੰਕਲਪ ਨੂੰ ਤਹਿਸ-ਨਹਿਸ ਕਰਨ ਦਾ ਸੁਪਨਾ ਲਿਆ ਸੀ ਪਰ ਸ਼ਹੀਦ ਭਗਤ ਸਿੰਘ ਹੁਰਾਂ ਦੇ ਵਾਰਿਸ 1947 ਦੀ ਅਖਾਉਤੀ ਆਜ਼ਾਦੀ ਨੂੰ ਅੰਗਰੇਜ਼ੀ ਸਾਮਰਾਜ ਦਾ ਭਾਰਤੀ ਹਾਕਮ ਧਿਰ ਨਾਲ ਮਹਿਜ਼ ਸਮਝੌਤਾ ਕਹਿ ਕੇ ਰੱਦ ਕਰਦਿਆਂ ਉਸ ਦਿਨ ਤੋਂ ਹੀ ਪੂਰਨ ਆਜ਼ਾਦੀ ਲਈ ਜੂਝਦੇ ਆ ਰਹੇ ਹਨ।

23 ਮਾਰਚ ਦੇ ਮਹਾਨ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ ਮਨਾਉਣ ਅਤੇ ਉਨ੍ਹਾਂ ਦੀ ਵਿਚਾਰਧਾਰਾ ਦਾ ਪ੍ਰਚਾਰ/ਪ੍ਰਸਾਰ ਕਰਨ ਦੀ ਅੱਜ ਹੋਰ ਵੀ ਅਹਿਮੀਅਤ ਬਣਦੀ ਹੈ ਕਿਉਂਕਿ ਹਾਕਮ ਜਮਾਤੀ ਧਿਰ ਵੀ ਸਾਡੇ ਇਨ੍ਹਾਂ ਮਹਾਨ ਸ਼ਹੀਦਾਂ ਦੇ ਦਿਨ ਮਨਾਉਣ ਦਾ ਢੌਂਗ ਰਚ ਕੇ ਲੋਕਾਂ ਦੇ ਅੱਖੀਂ ਘੱਟਾ ਪਾਉਣ ਦਾ ਯਤਨ ਕਰਦੀ ਹੈ। ਪੰਜਾਬ ਵਿਚ ਝਾੜੂ ਪਾਰਟੀ ਤਾਂ ਸੱਤਾ ਵਿਚ ਸ਼ਹੀਦ ਭਗਤ ਸਿੰਘ ਦੇ ਸੁਪਨੇ ਪੂਰੇ ਕਰਨ ਦੇ ਵਾਅਦੇ ਨਾਲ ਹੀ ਆਈ ਹੈ। ਜੋ ਨਾਅਰੇ ਇਨਕਲਾਬ ਜ਼ਿੰਦਾਬਾਦ ਦੇ ਲਾਉਂਦੀ ਹੈ ਅਤੇ ਹੱਕ ਮੰਗਦੇ ਲੋਕਾਂ ਨੂੰ ਕੁਚਲਣ ਲਈ ਆਏ ਦਿਨ ਬੇਹੱਦ ਕਰੂਰਤਾ ਨਾਲ ਪੁਲਿਸ ਤਾਕਤ ਅਤੇ ਜੇਲ੍ਹਾਂ ਦੀ ਵਰਤੋਂ ਕਰਦੀ ਹੈ।

ਅੱਜ ਜਦ ਸੱਤਾ ਧਿਰ ਸਮਾਜ ਵਿੱਚ ਫਿਰਕੂ ਫਾਸ਼ੀਵਾਦ, ਪਿਛਾਖੜੀ ਰਾਸ਼ਟਰਵਾਦ ਦਾ ਪਸਾਰਾ ਕਰਕੇ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਨੂੰ ਨਿਸ਼ਾਨੇ 'ਤੇ ਲੈ ਕੇ ਆਪਣੇ ਸਿਆਸੀ ਵਿਰੋਧੀਆਂ ਨੂੰ ਜੇਲ੍ਹਾਂ ਵਿੱਚ ਸੁੱਟ ਰਹੀ ਹੈ ਤਾਂ ਅਜਿਹੇ ਵਿੱਚ ਸ਼ਹੀਦ ਭਗਤ ਸਿੰਘ ਹੁਰਾਂ ਦੇ ਵਿਚਾਰ ਸਮਾਜ ਵਿੱਚ ਲਿਜਾਣ ਦੀ ਬਹੁਤ ਲੋੜ ਹੈ।

ਸ਼ਹੀਦ ਭਗਤ ਸਿੰਘ ਹੁਰਾਂ ਨੇ ਕਿਹਾ ਸੀ ਕਿ "ਇਨਕਲਾਬ ਤੋਂ ਸਾਡਾ ਭਾਵ ਮੌਜੂਦਾ ਸਮਾਜੀ ਪ੍ਰਬੰਧ ਨੂੰ ਜੜੋਂ ਪੁੱਟ ਕੇ ਵਗਾਹ ਮਾਰਨਾ ਹੈ। ਇਸਦੇ ਵਾਸਤੇ ਰਾਜ ਸ਼ਕਤੀ ਉੱਤੇ ਕਬਜ਼ਾ ਕਰਨਾ ਜ਼ਰੂਰੀ ਹੈ। ਹਾਲੇ ਰਾਜ ਮਸ਼ੀਨਰੀ ਅਜਿਹੇ ਤਬਕੇ ਦੇ ਹੱਥਾਂ ਵਿੱਚ ਹੈ ਜਿਸਨੂੰ ਖ਼ਾਸ ਸਹੂਲਤਾਂ ਹਾਸਲ ਹਨ। ਜਨਤਾ ਦੇ ਹਿੱਤਾਂ ਦੀ ਰਖਵਾਲੀ ਅਤੇ ਆਪਣੇ ਆਦਰਸ਼ ਨੂੰ ਅਸਲੀਅਤ ਵਿੱਚ ਬਦਲਣਾ, ਬਾਕੀ ਕਾਰਲ ਮਾਰਕਸ ਦੇ ਸਿਧਾਂਤਾਂ ਮੁਤਾਬਕ ਸਮਾਜ ਦੀ ਨੀਂਹ ਰੱਖਣੀ, ਇਸ ਸਭ ਕਾਸੇ ਲਈ ਇਹ ਜ਼ਰੂਰੀ ਹੈ ਕਿ ਇਸ ਰਾਜ ਮਸ਼ੀਨਰੀ 'ਤੇ ਸਾਡਾ ਕਬਜਾ ਹੋਵੇ।"

23 ਮਾਰਚ ਦੇ ਸਾਡੇ ਸ਼ਹੀਦਾਂ ਵੱਲੋਂ 'ਇਨਕਲਾਬ ਜਿੰਦਾਬਾਦ' ਅਤੇ 'ਸਾਮਰਾਜਵਾਦ ਮੁਰਦਾਬਾਦ' ਦੇ ਦੋ ਨਾਅਰੇ ਬੁਲੰਦ ਕੀਤੇ ਗਏ। ਜਿਸਦਾ ਸਾਫ਼ ਮਤਲਬ ਵਿਦੇਸ਼ੀ ਅਤੇ ਦੇਸੀ ਸਰਮਾਏਦਾਰੀ ਤੇ ਹੋਰ ਲੋਟੂ ਜਮਾਤਾਂ ਦੀ ਸਰਦਾਰੀ ਤੋਂ ਪੂਰੀ ਤਰ੍ਹਾਂ ਮੁਕਤ, ਲੋਕਾਂ ਦੀ ਪੁੱਗਤ ਵਾਲਾ ਲੁੱਟ ਰਹਿਤ ਸਮਾਜ ਸਿਰਜਣਾ ਸੀ। ਅੱਜ ਕੁੱਝ ਵੋਟ ਬਟੋਰੂ ਸਿਆਸੀ ਪਾਰਟੀਆਂ ਉਨ੍ਹਾਂ ਦਾ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਤਾਂ ਲਾਉਂਦੀਆਂ ਹਨ ਪਰ ਦੂਜਾ 'ਸਾਮਰਾਜਵਾਦ ਮੁਰਦਾਬਾਦ' ਦਾ ਨਾਅਰਾ ਲਾਉਣ ਤੋਂ ਕੰਨੀ ਕਤਰਾਉਂਦੀਆਂ ਹੋਈਆਂ



ਸਾਮਰਾਜੀ ਤੇ ਭਾਰਤੀ ਸਰਮਾਏਦਾਰੀ ਦੀ ਸੇਵਾ ਕਰਦੀਆਂ ਹਨ।

ਸ਼ਹੀਦ ਭਗਤ ਸਿੰਘ ਹੁਰਾਂ ਨੂੰ ਕੋਈ ਮਹਿਜ਼ ਬੰਬ ਬਦੂਕਾਂ ਵਾਲੇ ਬਣਾ ਕੇ ਪੇਸ਼ ਕਰਦਾ ਹੈ, ਕੋਈ ਮਹਿਜ਼ ਅੰਗਰੇਜ਼ ਵਿਰੋਧੀ ਜਨੂੰਨੀ ਨੌਜਵਾਨ, ਕੋਈ ਮਹਿਜ਼ ਗਾਂਧੀ ਵਿਰੋਧੀ ਪਰ ਸਚਾਈ ਇਹ ਹੈ ਕਿ ਇਨ੍ਹਾਂ ਸ਼ਹੀਦਾਂ ਦਾ ਮਕਸਦ ਭਾਰਤ ਵਿਚ ਸਮਾਜਵਾਦੀ ਪ੍ਰਬੰਧ ਦੀ ਸਿਰਜਣਾ ਸੀ ਜਿਸ ਲਈ ਉਨ੍ਹਾਂ ਹਥਿਆਰਬੰਦ ਸੰਘਰਸ਼, ਗੁਪਤ ਪਾਰਟੀ, ਪਾਰਟੀ ਲਿਟਰੇਚਰ, ਨੌਜਵਾਨ, ਵਿਦਿਆਰਥੀ ਜਥੇਬੰਦੀ ਦੀ ਉਸਾਰੀ ਕੀਤੀ। ਉਨ੍ਹਾਂ ਵੱਲੋਂ ਇਨਕਲਾਬ ਦੀ ਜੰਗ ਵਿਚਾਰਾਂ ਅਤੇ ਹਥਿਆਰਾਂ ਦੋਵਾਂ ਦੀ ਅਹਿਮੀਅਤ ਸਮਝਦਿਆਂ ਲੜੀ ਗਈ।

ਭਾਰਤ ਵਿੱਚ ਇਨਕਲਾਬੀ ਲਹਿਰ ਅੱਜ ਵੀ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਉਨ੍ਹਾਂ ਦੀ ਸਮਾਜਵਾਦ ਪ੍ਰਬੰਧ ਦੀ ਸਿਰਜਣਾ ਦੀ ਅਧੂਰੀ ਰਹਿ ਗਈ ਜੰਗ ਨੂੰ ਨੇਪਰੇ ਚਾੜ੍ਹਣ ਲਈ ਯਤਨਸ਼ੀਲ ਹੈ। ਅੱਜ ਵੀ ਸ਼ਹੀਦ ਭਗਤ ਸਿੰਘ ਹੁਰਾਂ ਦੇ ਅਸਲੀ ਵਾਰਿਸ ਦੇਸ਼ ਦੇ ਕਬਾਇਲੀ ਖਿੱਤਿਆਂ ਵਿੱਚ ਆਏ ਦਿਨ ਭਾਰਤੀ ਹਕੂਮਤ ਨਾਲ ਜਾਨ-ਹੂਲਵੀਂ ਲੜਾਈ ਲੜ ਰਹੇ ਹਨ। ਫ਼ਰਕ ਸਿਰਫ਼ ਇਤਨਾ ਪਿਆ ਕਿ ਉਸ ਵਕਤ ਦੁਸ਼ਮਣ ਅੰਗਰੇਜ਼ ਸਾਮਰਾਜ ਸਿੱਧੇ ਰੂਪ ਵਿੱਚ ਸਾਹਮਣੇ ਸੀ ਤੇ ਅੱਜ ਉਸ ਸਾਮਰਾਜਵਾਦ ਦੇ ਪਰਖੇ ਹੋਏ ਭਾਰਤੀ ਦਲਾਲ ਵੱਡੀ ਸਰਮਾਏਦਾਰੀ ਅਤੇ ਜਗੀਰੂ ਤਾਕਤਾਂ ਹੁਕਮਰਾਨ ਹਨ। ਅੱਜ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਉਨ੍ਹਾਂ ਦੇ ਲੁੱਟ ਰਹਿਤ ਸਮਾਜ ਸਿਰਜਣ ਦੇ ਵਿਚਾਰਾਂ ਨੂੰ ਅਗਾਂਹ ਲੈ ਕੇ ਤੁਰ ਰਹੀ ਭਾਰਤ ਦੀ ਇਨਕਲਾਬੀ ਲਹਿਰ, ਜਿਸਨੂੰ ਕਰੂਰ ਹਕੂਮਤੀ ਹਮਲੇ ਕਾਰਨ ਆਰਜ਼ੀ ਤੌਰ 'ਤੇ ਵੱਡੀ ਪਛਾੜ ਦਾ ਸਾਹਮਣਾ ਕਰਨਾ ਪਿਆ ਹੈ, ਦੇ ਪੱਖ ਵਿੱਚ ਹਾਅ ਦਾ ਨਾਅਰਾ ਮਾਰਦੇ ਹੋਏ ਸਾਮਰਾਜ ਦੇ ਪਿੱਠੂ ਭਾਰਤੀ ਹਾਕਮਾਂ ਦਾ ਚਿਹਰਾ ਨੰਗਾ ਕਰੀਏ।

ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸਭ ਤੋਂ ਵੱਧ ਟੇਕ ਨੌਜਵਾਨਾਂ 'ਤੇ ਸੀ। ਇਸੇ ਲਈ ਉਨ੍ਹਾਂ ਲਿਖਿਆ, "....ਆਪਣੇ ਅਸਲੀ ਨਿਸ਼ਾਨੇ ਦੀ ਪੂਰਤੀ ਲਈ ਸਾਡੇ ਹਜ਼ਾਰਾਂ ਹੋਣਹਾਰ ਨੌਜਵਾਨਾਂ ਨੂੰ ਆਪਣੀਆਂ ਕੀਮਤੀ ਜ਼ਿੰਦਗੀਆਂ ਪਿੰਡਾਂ ਵਿੱਚ ਗੁਜ਼ਾਰਨੀਆ ਪੈਣਗੀਆਂ ਅਤੇ ਲੋਕਾਂ ਨੂੰ ਸਮਝਾਉਣਾ ਪਵੇਗਾ ਕਿ ਆਉਣ ਵਾਲੇ ਇਨਕਲਾਬ ਦਾ ਅਸਲ ਭਾਵ ਕੀ ਹੋਵੇਗਾ? ਲੋਕਾਂ 'ਚ ਇਹ ਚੀਜ਼ ਮਹਿਸੂਸ ਕਰਵਾਉਣ ਦੀ ਲੋੜ ਹੈ ਕਿ ਆਉਣ ਵਾਲੇ ਇਨਕਲਾਬ ਦਾ ਅਰਥ ਸਿਰਫ਼ ਹਾਕਮਾਂ ਦੀ ਤਬਦੀਲੀ ਹੀ ਨਹੀਂ ਹੋਵੇਗਾ। ਸੱਭ ਤੋਂ ਵੱਧ ਇਸਦਾ ਅਰਥ ਹੋਵੇਗਾ, ਇੱਕ ਬਿਲਕੁੱਲ ਨਵੇਂ ਰਾਜ ਪ੍ਰਬੰਧ ਦੀ ਸਥਾਪਨਾ ਕਰਨਾ, ਇਹ ਇੱਕ ਦਿਨ ਜਾਂ ਇੱਕ ਸਾਲ ਦਾ ਕੰਮ ਨਹੀਂ ਹੈ। ਕਈ-ਕਈ ਦਹਾਕਿਆਂ ਦੀ ਲਾਸਾਨੀ ਕੁਰਬਾਨੀ ਹੀ ਜਨਤਾ ਨੂੰ ਇਹ ਮਹਾਨ ਕਾਰਜ ਨੂੰ ਸਿਰੇ ਚਾੜ੍ਹਨ ਲਈ ਤਿਆਰ ਕਰ ਸਕਦੀ ਹੈ। "... ਨੌਜਵਾਨਾਂ ਨੂੰ ਅਜ਼ਾਦ ਤੌਰ 'ਤੇ ਸੰਜੀਦਗੀ ਅਤੇ ਠਰੰਮੇ ਨਾਲ ਸੋਚਣਾ ਚਾਹੀਦਾ ਹੈ। ਉਹ ਵਤਨ ਦੀ ਬੰਦ ਖਲਾਸੀ ਨੂੰ ਆਪਣੇ ਜੀਵਨ ਦਾ ਇੱਕੋ-ਇੱਕ ਨਿਸ਼ਾਨਾ ਬਣਾ ਲੈਣ। ਉਨ੍ਹਾਂ ਨੂੰ ਆਪਣੇ ਹੀ ਪੈਰਾਂ 'ਤੇ ਖੜ੍ਹੇ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਪਾਖੰਡੀ ਤੇ ਚਾਲਬਾਜ ਲੋਕਾਂ ਤੋਂ ਬਰਦਾਰ ਰਹਿ ਕੇ ਜਥੇਬੰਦ ਹੋਣਾ ਚਾਹੀਦਾ ਹੈ। ਅਜਿਹੇ ਲੋਕਾਂ ਦੀ ਸਾਡੇ ਆਦਰਸ਼ ਨਾਲ ਕੋਈ ਸਾਂਝ ਨਹੀਂ, ਜੋ ਸੰਕਟ ਦੇ ਸਮੇਂ ਸਾਥ ਛੱਡ ਜਾਂਦੇ ਹਨ।"

23 ਮਾਰਚ ਦੇ ਸ਼ਹੀਦਾਂ ਦੇ ਵਾਰਿਸਾਂ ਨੂੰ ਉਨ੍ਹਾਂ ਦੀ ਜ਼ਿੰਦਗੀ ਦਾ ਗਹਿਰਾਈ 'ਚ ਅਧਿਐਨ ਕਰਦਿਆਂ ਉਨ੍ਹਾਂ ਦੀਆਂ ਬਹੁਤ ਹੀ ਵਡਮੁੱਲੀਆਂ ਲਿਖਤਾਂ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਦਾ ਐਲਾਨਨਾਮਾ ਤੇ ਪ੍ਰੋਗਰਾਮ, ਬੰਬ ਦਾ ਫ਼ਲਸਫ਼ਾ, ਡਰੀਮਲੈਂਡ ਦੀ ਭੂਮਿਕਾ, ਮੈਂ ਨਾਸਤਿਕ ਕਿਉਂ ਹਾਂ, ਸ਼ਹੀਦ ਭਗਤ ਸਿੰਘ ਦੀ ਜੇਲ੍ਹ ਡਾਇਰੀ ਅਤੇ ਉਨ੍ਹਾਂ ਦੀਆਂ ਲਿਖੀਆਂ ਚਿੱਠੀਆਂ ਆਦਿ ਦਾ ਅਧਿਐਨ ਕਰਦੇ ਹੋਏ ਉਨ੍ਹਾਂ ਦੀ ਸੋਚ ਨੂੰ ਆਤਮਸਾਤ ਕਰਦਿਆਂ ਅੱਗੇ ਵਧਣ ਦੀ ਲੋੜ ਹੈ।

# ਕੁਝ 'ਨਵਾਂ ਕਮਿਊਨਿਜਮ' ਬਾਰੇ

*ਸੀ ਕਲਾਰਕ ਕਸਿੰਗਰ, 1960ਵਿਆਂ ਦੇ ਮੁੱਢ ਤੋਂ ਹੀ ਇਕ ਵਧੀਆ ਪ੍ਰਬੰਧਕ, ਕਾਰਕੁਨ, ਲੇਖਕ ਅਤੇ ਬੁਲਾਰੇ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਸੱਠਵਿਆਂ ਦੇ ਮੁੱਢ 'ਚ ਉਹ 'ਸਟੂਡੈਂਟਸ ਫਾਰ ਡੈਮੋਕਰੇਸੀ' (SDS) ਦਾ ਕੌਮੀ ਸਕੱਤਰ ਸੀ ਅਤੇ ਵੀਅਤਨਾਮ ਦੀ ਜੰਗ ਦੇ ਖ਼ਾਤਮੇ ਲਈ ਅਮਰੀਕਾ ਦੀ ਰਾਜਧਾਨੀ ਵਸ਼ਿੰਗਟਨ 'ਚ ਉਸਨੇ ਪਹਿਲਾ ਮਾਰਚ ਜੱਥੇਬੰਦ ਕੀਤਾ ਸੀ। ਉਹ ਇਕ ਕਮਿਊਨਿਸਟ ਇਨਕਲਾਬੀ ਹੈ ਅਤੇ ਇਨਕਲਾਬੀ ਲੀਡਰ ਬਾਬ ਅਵੇਕੀਅਨ ਦੁਆਰਾ ਵਿਕਸਤ 'ਨਿਊ ਕਮਿਊਨਿਜ਼ਮ' ਦਾ ਸਮਰਥਕ ਹੈ। ਅੰਤਰਰਾਸ਼ਟਰੀ ਕਮਿ: ਇਨਕਲਾਬੀ ਲਹਿਰ ਬਾਰੇ ਉਸ ਨੇ ਇੱਕ ਲੰਬਾ ਲੇਖ ਲਿਖਿਆ ਹੈ ਜਿਸ ਦੇ ਤਿੰਨ ਭਾਗ ਹਨ। ਉਨਾਂ 'ਚੋਂ ਬਾਬ ਅਵੇਕੀਅਨ ਦੇ 'ਨਿਊ ਕਮਿਊਨਿਜ਼ਮ' ਨਾਲ ਸੰਬੰਧਿਤ ਭਾਗ ਦਾ ਅਨੁਵਾਦ ਕਰਕੇ ਮੈਂ ਖੁਸ਼ੀ ਲੈ ਰਿਹਾ ਹਾਂ। -ਪਰਮਜੀਤ ਰੌਡੇ*

ਬਹੁਤ ਹੀ ਮਹੱਤਵਪੂਰਨ ਚੀਜ਼ ਜੋ ਸੱਠਵਿਆਂ ਤੋਂ ਚੱਲੀ ਆ ਰਹੀ ਹੈ, ਉਹ ਹੈ ਬਾਬ ਅਵੇਕੀਅਨ ਦਾ 'ਨਵਾਂ ਕਮਿਊਨਿਜਮ'। ਅਵੇਕੀਅਨ, ਮਨੁੱਖਤਾ ਦੀ ਮੁਕਤੀ ਲਈ ਫਰੇਮਵਰਕ ਦਾ ਘਾੜਾ ਹੈ ਅਤੇ ਬਿਨਾਂ ਸ਼ੱਕ ਸਾਡੇ ਸਮੇਂ ਦਾ ਕਾਰਲ ਮਾਰਕਸ ਹੈ। ਸੋਵੀਅਤ ਯੂਨੀਅਨ ਅਤੇ ਚੀਨ 'ਚ ਸਮਾਜਵਾਦ ਦੀ ਹਾਰ ਨੇ 'ਸੱਠਵਿਆਂ ਦੇ ਲੋਕਾਂ ਸਾਹਵੇਂ ਇੱਕ ਵੱਡਾ ਮੁੱਦਾ ਉਭਾਰਿਆ, ਪ੍ਰੰਤੂ ਬਾਬ ਅਵੇਕੀਅਨ ਨੇ ਸਰਮਾਏਦਾਰੀ ਦੇ ਪ੍ਰਚਾਰਕਾਂ ਦੇ ਜੇਤੂ ਦਾਅਵਿਆਂ ਨੂੰ ਮਨਜ਼ੂਰ ਕਰਨ ਤੋਂ ਇਨਕਾਰ ਕਰ ਦਿੱਤਾ। ਉਸਨੇ ਰੂਸ ਅਤੇ ਚੀਨ ਦੇ ਇਨਕਲਾਬਾਂ ਦੀਆਂ ਬੇਪਨਾਹ ਪ੍ਰਾਪਤੀਆਂ ਨੂੰ ਤਸਲੀਮ ਕਰਦਿਆਂ, ਇਸਦੀ ਪੜਤਾਲ 'ਤੇ ਪੰਜਾਹ ਸਾਲ ਲਾਏ ਕਿ ਅਸਲ 'ਚ ਵਾਪਰਿਆ ਕੀ? ਪ੍ਰੰਤੂ ਇਹ ਕਰਦਿਆਂ ਉਸਨੇ ਨਾ ਸਿਰਫ ਇਹ ਫਰੋਲਿਆ ਕਿ ਠੀਕ ਕੀ ਸੀ? ਪਰੰਤੂ ਇਹ ਵੀ ਕਿ ਗਲਤੀਆਂ (ਜਿੰਨਾ 'ਚੋਂ ਕੁਝ ਗੰਭੀਰ ਵੀ ਸਨ) ਕਿਉਂ ਹੋਈਆਂ? ਉਸਨੇ ਇਹ ਵੀ ਧਿਆਨ 'ਚ ਲਿਆਂਦਾ ਕਿ ਇਨ੍ਹਾਂ ਇਨਕਲਾਬੀ ਸਮਾਜਾਂ ਦੇ ਲੀਡਰਾਂ ਨੇ, ਉਨ੍ਹਾਂ ਨੂੰ ਦਰਪੇਸ਼ ਅਜ਼ਾਦੀਆਂ ਤੇ ਜ਼ਰੂਰਤਾਂ ਦੇ ਮਸਲੇ ਦਾ ਕਿਹੜੇ ਢੰਗ ਅਤੇ ਪਹੁੰਚ ਨਾਲ ਸਾਹਮਣਾ ਕੀਤਾ ਅਤੇ ਇਹ ਵੀ ਕਿ ਅੱਜ ਅਸੀਂ ਇਸਤੋਂ ਵਧੀਆ ਤੇ ਵੱਖਰਾ ਕਿਵੇਂ ਕਰ ਸਕਦੇ ਹਾਂ?

ਮੈਂ ਕੋਸ਼ਿਸ਼ ਕਰਾਂਗਾ ਕਿ ਅਵੇਕੀਅਨ ਦੀ ਅੰਤਰਦ੍ਰਿਸ਼ਟੀ ਅਤੇ ਉਸ ਵਲੋਂ ਕੱਢੇ ਕੁਝ ਮਹੱਤਵਪੂਰਨ ਸਿਟਿਆਂ ਨੂੰ ਠੀਕ-ਠੀਕ ਪੇਸ਼ ਕਰ ਸਕਾਂ, ਪਰ ਕਿਸੇ ਨੂੰ ਵੀ ਮੇਰੇ ਨਰੀਖਣ ਨੂੰ 'ਅਧਿਕਾਰਤ' ਹੋਣ ਵਜੋਂ ਨਹੀਂ ਲੈਣਾ ਚਾਹੀਦਾ ਕਿਉਂਕਿ ਇਹ ਨਰੀਖਣ ਅਵੇਕੀਅਨ ਦੀਆਂ ਲਿਖਤਾਂ ਨੂੰ ਖ਼ੁਦ ਪੜ੍ਹਨ ਦੀ ਥਾਂ ਨਹੀਂ ਲੈ ਸਕਦਾ।

ਅਵੇਕੀਅਨ ਨੇ ਜੋ ਖਾਸ ਗੱਲ ਕਹੀ ਉਹ ਹੈ ਵਿਗਿਆਨਕ ਹੋਣ 'ਚ ਰਹੀ ਘਾਟ ਤੇ ਅਸਫਲਤਾ! ਵਿਗਿਆਨਕ ਤੋਂ ਭਾਵ ਕਿਸੇ ਦੇ ਵਿਚਾਰਾਂ ਦਾ ਇੱਛਾਵਾਦੀ ਹੋਣ ਦੀ ਥਾਂ ਹਕੀਕਤਾਂ ਨਾਲ ਮੇਲ ਖਾਂਦਾ ਹੋਣ ਤੋਂ ਹੈ! ਉਸ ਮੁਤਾਬਕ ਵੀਹਵੀਂ ਸਦੀ ਦਾ ਕਮਿਊਨਿਜਮ (ਪੁਰਾਣਾਂ ਕਮਿਊਨਿਜਮ) ਅਕਸਰ ਹੀ ਧਾਰਮਿਕ ਪਹੁੰਚ 'ਚ ਫਸਿਆ ਰਿਹਾ ਅਤੇ ਉਸਨੇ ਵਿਸ਼ਵਾਸਾਂ ਨੂੰ ਹੀ ਹਕੀਕਤ ਦਾ ਬਦਲ ਮੰਨ ਲਿਆ! ਇਸਦੀ ਇੱਕ ਮਾਰੂ ਉਦਾਹਰਣ; ਉਨ੍ਹਾਂ ਦਾ ਇਹ ਅੰਤਮ-ਉਦੇਸ਼ੀ ਦਾਅਵਾ ਸੀ ਕਿ ਕਮਿਊਨਿਜਮ ਅਟੱਲ ਹੈ! ਜਦੋਂ ਕਿ ਕਮਿਊਨਿਜਮ ਅਟੱਲ ਨਹੀਂ ਸੰਭਵ ਹੈ ਕਿਉਂਕਿ ਇਸ ਸੰਭਾਵਨਾ ਦਾ ਪਦਾਰਥਿਕ ਅਧਾਰ ਮੌਜੂਦ ਹੈ,ਪਰ ਇਹ ਅਟੱਲ ਨਹੀਂ।

ਅਵੇਕੀਅਨ ਦੀਆਂ ਲਿਖਤਾਂ 'ਚ ਜੀਹਨੇ ਮੈਨੂੰ ਸੱਭ ਤੋਂ ਵੱਧ ਪ੍ਰਭਾਵਿਤ ਕੀਤਾ, ਉਹ ਹੈ ਸੋਸ਼ਲਿਜਮ ਬਾਰੇ ਉਸਦਾ ਸੰਕਲਪ! ਅੱਜ ਕਲ੍ਹ ਬਹੁਤੇ ਲੋਕ ਸੋਚਦੇ ਹਨ ਕਿ ਸਮਾਜਵਾਦੀ ਰਾਜ ਇਕ ਰਲੀ-ਮਿਲੀ ਆਰਥਿਕਤਾ ਹੁੰਦੀ ਹੈ ਜੀਹਦੇ 'ਚ ਸਰਮਾਏਦਾਰੀ ਨੂੰ, ਨੁਮਾਇੰਦਾ-ਜਮਹੂਰੀਅਤ ਦੀ ਤਾਕਤ ਰਾਹੀਂ ਕਾਬੂ ਕੀਤਾ ਜਾਂਦਾ ਹੈ ਅਤੇ ਜੀਹਦੇ 'ਚ ਰਾਜ, ਰਹਿਣ-ਸਹਿਣ ਦੇ ਮੁਢਲੇ ਮਿਆਰਾਂ ਅਤੇ ਹਰ ਇਕ ਲਈ ਡਾਕਟਰੀ ਸਹਾਇਤਾ ਵਗੈਰਾ ਦੀ ਗਰੰਟੀ ਕਰਦਾ ਹੈ। ਪਰ ਇਸ ਸੋਚ ਦੇ ਉਲਟ ਪਰ ਮਾਰਕਸ ਦੀ ਇਸ ਧਾਰਨਾ 'ਤੇ ਅਧਾਰਤ ਕਿ ਸ਼ੋਸ਼ਲਿਜ਼ਮ ਪਰਿਵਰਤਨ ਦਾ ਸਮਾਂ ਹੁੰਦਾ ਹੈ, ਜੀਹਦੇ 'ਚ ਸਰਮਾਏਦਾਰ ਜਮਾਤ ਦੀ ਡਿਕਟੇਟਰਸ਼ਿਪ ਨੂੰ ਜਾਇਦਾਦ-ਹੀਣ ਕਿਰਤੀ ਲੋਕਾਂ ਅਤੇ ਉਨ੍ਹਾਂ ਦੇ ਸੰਗੀਆਂ ਦੀ ਡਿਕਟੇਟਸ਼ਿਪ 'ਚ ਤਬਦੀਲ ਕੀਤਾ ਜਾਂਦਾ ਹੈ। ਅਵੇਕੀਅਨ ਇਹ ਸਮਝ ਲੈਕੇ ਆਉਂਦਾ ਹੈ ਕਿ ਇਸ ਪਰਿਵਰਤਨ ਦਾ ਚੇਤੰਨ-ਟੀਚਾ, ਆਰਥਿਕਤਾ ਨੂੰ ਵਸਤੂ-ਬਜ਼ਾਰ ਦੀ ਥਾਂ ਸਮਾਜਿਕ ਲੋੜਾਂ ਦੁਆਰਾ ਨਿਯੰਤਰਿਤ ਕੀਤਾ ਜਾਣਾ ਹੁੰਦਾ ਹੈ।


ਇਨ੍ਹਾਂ ਟੀਚਿਆਂ ਦਾ ਇੱਕ ਹੋਰ ਢੰਗ ਨਾਲ ਚਿੱਤਰਨ ਕਰਦਿਆਂ ਮਾਰਕਸ ਨੇ ਕਿਹਾ ਸੀ: ਸਾਰੇ ਜਮਾਤੀ ਵਖਰੇਵਿਆਂ ਨੂੰ ਖਤਮ ਕਰਨਾ, ਉਨ੍ਹਾਂ ਸਾਰੇ ਪੈਦਾਵਾਰੀ ਸੰਬੰਧਾਂ ਨੂੰ ਖਤਮ ਕਰਨਾ ਜਿਨ੍ਹਾਂ 'ਤੇ ਇਹ ਜਮਾਤੀ ਵਖਰੇਵੇਂ ਟਿਕੇ ਹੋਏ ਹਨ, ਉਨ੍ਹਾਂ ਸਾਰੇ ਸਮਾਜਿਕ ਸੰਬੰਧਾਂ ਨੂੰ ਖਤਮ ਕਰਨਾ ਜਿਹੜੇ ਇਨ੍ਹਾਂ ਪੈਦਾਵਾਰੀ ਰਿਸ਼ਤਿਆਂ ਦੇ ਅਨੁਸਾਰੀ ਹੁੰਦੇ ਹਨ ਅਤੇ ਉਨ੍ਹਾਂ ਸਾਰੇ ਵਿਚਾਰਾਂ ਦਾ ਇਨਕਲਾਬੀਕਰਨ ਕਰਨਾਂ ਜਿਹੜੇ ਉਨ੍ਹਾਂ ਸਮਾਜਿਕ ਰਿਸ਼ਤਿਆਂ ਦੇ ਅਨੁਸਾਰੀ ਹੁੰਦੇ ਹਨ।

ਬਾਬ ਅਵੇਕੀਅਨ ਮੁਤਾਬਕ ਲੋਕਾਈ ਲਈ ਇਸ ਸਮਝ ਨੂੰ ਸਮਝਣ 'ਚ ਵੱਡੀ ਰੁਕਾਵਟ, ਪੁਰਾਣੇ ਕਮਿਊਨਿਜ਼ਮ ਵਲੋਂ ਅਲੋਚਨਾਤਮਕ ਸੋਚ ਨੂੰ ਵਾਰ-ਵਾਰ ਦਬਾਉਣਾ ਸੀ। ਇਸ ਦੇ ਉਲਟ ਉਸ ਮੁਤਾਬਕ, ਸਮਾਜਵਾਦੀ ਸਮਾਜ 'ਚ ਲੋਕਾਂ ਕੋਲ ਅਸਹਿਮਤੀ ਜਤਾਉਣ ਦਾ ਵਸੀਲਾ ਤੇ ਸੁਖਾਵਾਂ ਮਾਹੌਲ ਹੋਣਾ ਚਾਹੀਦਾ ਹੈ। ਸਰਮਾਏਦਾਰੀ ਦੀ ਬਹਾਲੀ ਲਈ ਹੋ ਰਹੀਆਂ ਹਿੰਸਕ ਕਾਰਵਾਈਆਂ ਦੇ ਵਿਰੁੱਧ ਸਮਾਜਵਾਦੀ ਰਾਜ ਦੀ ਤਾਕਤ ਬਣਾਈ ਰੱਖਣ ਲਈ, ਮਜ਼ਬੂਤ ਕੇਂਦਰ ਵਾਲਾ ਪਰ ਬਹੁਤ ਹੀ ਲਚਕੀਲੀ ਪਹੁੰਚ ਵਾਲਾ ਨਵਾਂ ਸਮਾਜਵਾਦੀ ਰਾਜ ਹੋਣਾ ਚਾਹੀਦਾ ਹੈ। ਕਮਿਊਨਿਸਟ ਸੱਚ ਤੋਂ ਕਦੇ ਵੀ ਨਹੀਂ ਡਰਦੇ ਅਤੇ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਅਸਹਿਮਤੀ ਨੂੰ ਉਤਸ਼ਾਹਿਤ ਕਰਨ ਕਿਉਂਕਿ ਸਾਰਾ ਸੱਚ ਇੱਥੋਂ ਹੀ ਮਿਲਦਾ ਹੈ।

ਅਵੇਕੀਅਨ ਧਿਆਨ 'ਚ ਲਿਆਉਂਦਾ ਹੈ ਕਿ ਲੋਕਾਂ ਅਤੇ ਸਮਾਜਵਾਦੀ ਸਟੇਟ 'ਚ ਵਿਰੋਧਤਾਈਆਂ ਪੈਦਾ ਹੋ ਸਕਦੀਆਂ ਹਨ। ਉਸ ਮੁਤਾਬਕ ਜਦੋਂ ਸਮਾਜਵਾਦੀ ਸਟੇਟ ਨੇ ਲੋਕਾਂ ਨੂੰ ਬਾਹਰਲੇ ਦੁਸ਼ਮਣਾਂ ਅਤੇ ਸਰਮਾਏਦਾਰੀ ਦੀ ਬਹਾਲੀ ਤੋਂ ਬਚਾਉਣਾ ਹੈ, ਤਾਂ ਉਸੀ ਸਮੇਂ ਉਸਨੇ ਲੋਕਾਂ ਦੇ ਅਧਿਕਾਰਾਂ ਨੂੰ ਖ਼ੁਦ ਸਟੇਟ ਤੋਂ ਵੀ ਸੁਰੱਖਿਅਤ ਰੱਖਣਾ ਹੁੰਦਾ ਹੈ। ਅਵੇਕੀਅਨ ਦੀ ਵਿਸ਼ੇਸ਼ ਮਹੱਤਤਾ ਉਸ ਦੇ ਇਸ ਗੱਲ ਤੇ ਜ਼ੋਰ ਦੇਣ 'ਚ ਹੈ ਕਿ ਕਮਿਊਨਿਸਟਾਂ ਨੂੰ ਸਟੇਟ ਦੀ ਅਗਵਾਈ ਮੁੱਖ ਤੌਰ ਤੇ ਵਿਚਾਰਧਾਰਾ ਅਤੇ ਸਿਆਸੀ ਪ੍ਰਭਾਵ ਰਾਹੀਂ ਕਰਨੀ ਚਾਹੀਦੀ ਹੈ, ਨਾ ਕਿ ਜੱਥੇਬੰਦਕ ਕੰਟਰੋਲ ਰਾਹੀਂ! ਕਮਿਊਨਿਸਟ ਪਾਰਟੀ ਹਰ ਹਾਲ 'ਚ ਕਨੂੰਨ ਅਤੇ ਸੋਸਲਿਸਟ ਸਟੇਟ ਦੇ ਸੰਵਿਧਾਨ ਦੇ ਅਧੀਨ ਹੈ ਅਤੇ ਉਨ੍ਹਾਂ ਨੂੰ ਸਿਰਫ ਇਸ ਕਰਕੇ ਸਪੈਸਲ ਅਧਿਕਾਰ ਨਹੀਂ ਮਿਲ ਜਾਂਦੇ ਕਿ ਉਹ ਤਾਂ ਕਮਿਊਨਿਸਟ ਪਾਰਟੀ ਦੇ ਮੈਂਬਰ ਹਨ।

ਵਿਸ਼ੇਸ਼ ਤੌਰ 'ਤੇ ਅਵੇਕੀਅਨ ਲੋਕਾਂ ਵੱਲੋਂ ਸਟੇਟ ਦੀ ਅਲੋਚਨਾ ਕਰਨ ਦੇ ਅਧਿਕਾਰ ਅਤੇ ਇੱਥੋਂ ਤਕ ਕਿ ਸਰਮਾਏਦਾਰੀ ਦੀ ਬਹਾਲੀ ਦੇ ਅਧਿਕਾਰ ਦੀ ਹੀ ਗੱਲ ਨਹੀਂ ਕਰਦਾ, ਉਹ ਤਾਂ ਇਸ ਤੋਂ ਵੀ ਅੱਗੇ ਸਟੇਟ ਵਲੋ ਉਨ੍ਹਾਂ ਲੋਕਾਂ ਨੂੰ ਜੋ ਉਸਦੀ ਅਲੋਚਨਾ ਕਰਦੇ ਹਨ ਅਤੇ ਜਿਨ੍ਹਾਂ ਤੇ ਸਟੇਟ ਵੱਲੋਂ ਮੁਕੱਦਮਾ ਚਲਾਇਆ ਜਾਂਦਾ ਹੈ, ਦੀ ਵੀ ਉਸ ਹੱਦ ਤਕ ਵਿੱਤੀ ਸਹਾਇਤਾ ਦੇਣ ਦੀ ਮੰਗ ਕਰਦਾ ਹੈ, ਜਿਸ ਹੱਦ ਤਕ ਸਟੇਟ ਵਲੋਂ ਮੁਕੱਦਮਾ ਚਲਾਉਣ ਵਾਲਿਆਂ ਦੀ ਵਿੱਤੀ ਸਹਾਇਤਾ ਕੀਤੀ ਜਾਂਦੀ ਹੈ। ਕਨੂੰਨੀ ਹੱਕਾਂ ਦੀ ਇਹ ਉਹ ਧਾਰਨਾ ਹੈ ਜੀਹਨੂੰ ਹੁਣ ਤੱਕ ਕਿਸੇ ਵੀ ਸਰਮਾਏਦਾਰ ਰਾਜ ਨੇ ਤਸਲੀਮ ਕਰਨ ਦੀ ਜੁਰਅਤ ਨਹੀਂ ਕੀਤੀ।

ਅਵੇਕੀਅਨ ਨੇ ਉਨ੍ਹਾਂ ਵਿਚਾਰਾਂ ਦੀ ਵੀ ਤਿੱਖੀ ਆਲੋਚਨਾ ਕੀਤੀ ਹੈ ਜੋ ਬਾਹਰਮੁਖੀ ਹੋਣ ਦੀ ਥਾਂ ਇਹ ਕਹਿੰਦੇ ਹਨ ਕਿ ਸੱਚ ਦਾ ਜਮਾਤੀ ਅਧਾਰ ਹੁੰਦਾ ਹੈ ਅਤੇ ਕਿਰਤੀ ਤੇ ਦੱਬੇ ਕੁਚਲੇ ਲੋਕ ਸਚਾਈ 'ਤੇ ਸਿਰਫ ਇਸ ਕਰਕੇ ਵਿਸ਼ੇਸ਼ ਮਾਲਕੀ ਰੱਖਦੇ ਹਨ ਕਿਉਂਕਿ ਉਹ ਲੁੱਟੇ-ਪੁੱਟੇ ਤੇ ਦੱਬੇ-ਕੁਚਲੇ ਹਨ। ਉਸ ਅਨੁਸਾਰ ਇਹਦੇ 'ਚੋਂ ਹੀ ਇਹ ਨੁਕਸਦਾਰ ਵਿਚਾਰ ਜਨਮ ਲੈਂਦਾ ਹੈ ਕਿ ਇਕ ਵਾਰ ਕਿਰਤੀ ਲੋਕਾਂ ਨੂੰ ਰਾਜਸਤਾ ਦੀ ਪੁਜ਼ੀਸ਼ਨ ਤੱਕ ਲੈ ਆਓ ਤਾਂ ਮਸਲੇ ਹੱਲ ਹੋ ਜਾਣਗੇ। ਹਾਲਾਂਕਿ ਗੈਰਜਮਾਤੀ ਸਮਾਜ ਤੱਕ ਪਹੁੰਚਣ ਵਾਸਤੇ, ਇਸ ਸਬੰਧੀ ਸਾਰੇ ਸਮਾਜ ਦੀ ਡੂੰਘੀ ਸਮਝ ਬਣਾਉਣ ਤੇ ਉਸਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦੀ ਲੋੜ ਹੁੰਦੀ ਹੈ।




ਪੁਰਾਣੇ ਕਮਿਊਨਿਜਮ ਦੇ ਵਿਸ਼ਲੇਸ਼ਣ ਦੀ ਇੱਕ ਹੋਰ ਨੁਕਸਦਾਰ ਉਦਾਹਰਣ ਇਹ ਵਿਚਾਰ ਹੈ ਕਿ ਕਮਿਊਨਿਜਮ ਦਾ ਅਧਾਰ 'ਪਦਾਰਥਕ ਬਹੁਲਤਾ' ਹੁੰਦਾ ਹੈ। ਉਸ ਮੁਤਾਬਕ ਇਸ ਵਿਚਾਰ 'ਚੋਂ ਹੀ ਇਹ ਗ਼ਲਤ ਵਿਚਾਰ ਸਾਹਮਣੇ ਆਉਂਦਾ ਹੈ ਕਿ ਸਮਾਜਵਾਦੀ ਰਾਜ ਸਿਰਫ "ਕਮਿਊਨਿਜਮ ਲਈ ਰਾਹ ਤਿਆਰ ਕਰਦਾ ਹੈ। ਇਹ ਠੀਕ ਹੈ ਕਿ ਕਮਿਊਨਿਸਟ ਆਰਥਿਕਤਾ ਲਈ ਇਕ ਪੱਧਰ ਤੱਕ ਬਹੁਲਤਾ ਦੀ ਲੋੜ ਹੈ ਪਰ ਮੁੱਖ ਲੋੜ ਲੋਕਾਂ ਦੀ ਸੋਚ ਅਤੇ ਸਮਾਜਿਕ ਸੰਬੰਧਾਂ 'ਚ ਤਬਦੀਲੀ ਹੁੰਦੀ ਹੈ, ਨਾਂਕਿ ਇਹ ਕਿ ਆਲੇ-ਦੁਆਲੇ ਕਿੰਨੀ ਪਦਾਰਥਿਕ ਦੌਲਤ ਮੌਜੂਦ ਹੈ।

ਕੌਮਾਂਤਰੀਵਾਦ ਦੇ ਮਾਮਲੇ 'ਚ ਵੀ ਪੁਰਾਣਾ ਕਮਿਊਨਿਜਮ ਸਦਾ ਹੀ ਠੀਕ ਨਹੀਂ ਰਿਹਾ। ਕਮਿਊਨਿਸਟ ਇਨਕਲਾਬ ਦਾ ਨਿਸ਼ਾਨਾ ਸਿਰਫ਼ ਸਬੰਧਤ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਸੁਧਾਰਨਾ ਹੀ ਨਹੀਂ ਹੁੰਦਾ, ਪ੍ਰੰਤੂ ਸਰਮਾਏ ਦੀਆਂ ਬੇੜੀਆਂ ਤੋਂ ਮਨੁੱਖਤਾ ਦੀ ਵਿਸ਼ਵਵਿਆਪੀ ਮੁਕਤੀ ਵੀ ਹੁੰਦਾ ਹੈ। ਜਿਵੇਂ ਕਿ ਅਵੇਕੀਅਨ ਨੇ ਧਿਆਨ 'ਚ ਲਿਆਂਦਾ ਹੈ ਕਿ ਕਮਿਊਨਿਸਟ ਦੇਸ਼ ਦਾ ਮੁੱਖ ਮਕਸਦ ਸੰਸਾਰ ਇਨਕਲਾਬ ਲਈ ਅਧਾਰ ਇਲਾਕੇ ਵਜੋਂ ਕੰਮ ਕਰਨਾ ਹੁੰਦਾ ਹੈ। ਪਰ ਬਹੁਤ ਵਾਰ ਹੋਇਆ ਇਹ ਕਿ ਕਮਿਊਨਿਸਟ ਲੀਡਰ ਰਾਸ਼ਟਰਵਾਦ ਮੂਹਰੇ ਝੁਕ ਗਏ ਅਤੇ ਉਨ੍ਹਾਂ ਨੇ ਆਪਣਾ ਧਿਆਨ ਆਪਣੇ ਦੇਸ਼ ਦੇ ਹਿਤਾਂ ਤੇ ਹੀ ਕੇਂਦਰਿਤ ਕਰੀ ਰੱਖਿਆ।

ਹੋਰ ਤਾਂ ਹੋਰ, ਕਮਿਊਨਿਜਮ ਅਤੇ ਉੱਥੇ ਪਹੁੰਚਣ ਦੇ ਪੈਂਡੇ ਦੌਰਾਨ ਲੋੜੀਂਦੀ ਨੈਤਿਕ ਮਜ਼ਬੂਤੀ ਦੇ ਮਾਮਲੇ 'ਚ ਵੀ ਅਸੀਂ ਅਸਫਲ ਹੋਏ ਹਾਂ। ਬਾਬ ਅਵੇਕੀਅਨ ਦਾ ਨਵਾਂ ਕਮਿਊਨਿਜਮ ਦ੍ਰਿੜ ਹੈ ਕਿ ਸਾਡੇ ਉਦੇਸ਼, ਇਹ ਤੈਅ ਨਹੀਂ ਕਰ ਸਕਦੇ ਕਿ ਇਸ ਦੀ ਪ੍ਰਾਪਤੀ ਲਈ ਜੋ ਮਰਜ਼ੀ ਢੰਗ-ਤਰੀਕਾ ਅਪਣਾਓ। ਇਸ ਅਧਾਰ 'ਤੇ ਜੁਰਮ ਨਹੀਂ ਕੀਤੇ ਜਾ ਸਕਦੇ ਕਿ ਇਸ ਤਰ੍ਹਾਂ ਉਹ ਕਮਿਊਨਿਜਮ ਦੇ ਨੇੜ ਪਹੁੰਚ ਜਾਣਗੇ। ਸਗੋਂ,ਕਮਿਊਨਿਸਟਾਂ ਦੇ ਢੰਗ-ਤਰੀਕੇ ਸਦਾ ਹੀ ਕਮਿਊਨਿਜਮ ਦੇ ਉਦੇਸ਼ਾਂ 'ਚੋਂ ਨਿਕਲਣੇ ਅਤੇ ਉਨ੍ਹਾਂ ਦੇ ਅਨੁਸਾਰੀ ਹੋਣੇ ਚਾਹੀਦੇ ਨੇ।

ਮਾਰਕਸ ਵਾਂਗ, ਅਵੇਕੀਅਨ ਵੀ ਤਾਜ਼ਾ ਘਟਨਾਵਾਂ ਬਾਰੇ ਚੋਟੀ ਦਾ ਟਿੱਪਣੀਕਾਰ ਅਤੇ ਅਨਮੋਲ ਰਾਹ ਦਰਸਾਵਾ ਹੈ। ਵਿਸ਼ੇਸ਼ ਕਰਕੇ, ਕ੍ਰਿਸਚੀਅਨ ਫਾਸ਼ੀਵਾਦ ਦੇ ਸਿਰ ਚੁੱਕਣ ਬਾਰੇ ਉਹ ਪਿਛਲੇ ਚਾਲੀ ਸਾਲ ਤੋਂ ਲਗਾਤਾਰ ਲਿਖਦਾ ਤੇ ਚੌਕਸ ਕਰਦਾ ਆ ਰਿਹਾ ਹੈ। (ਬਾਬ ਅਵੇਕੀਅਨ ਦੀਆਂ 1996 ਤੋਂ 2025 ਤੱਕ ਦੀਆਂ ਫਾਸਿਜਮ ਬਾਰੇ ਲਿਖਤਾਂ Revcom.us ਤੋਂ ਮਿਲ ਸਕਦੀਆਂ ਹਨ) ਸੋ, ਫਾਸ਼ਿਜਮ ਬਾਰੇ ਜਰਮਨ ਦੇ ਲੋਕ ਤਾਂ ਇਹ ਬਹਾਨਾ ਬਣਾ ਸਕਦੇ ਹੈ ਕਿ "ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਕੀ ਹੋਣ ਜਾ ਰਿਹਾ ਹੈ" ਪਰ ਇਸ ਦੇਸ਼ (ਅਮਰੀਕਾ) ਦੇ ਲੋਕ ਇਹ ਬਹਾਨਾ ਨਹੀਂ ਬਣਾ ਸਕਦੇ।

ਇਸੀ ਸਮੇਂ, ਅਵੇਕੀਅਨ ਨੇ ਵਿਕਸਤ ਸਰਮਾਏਦਾਰ ਦੇਸ਼ਾਂ ਲਈ ਇਨਕਲਾਬ ਦੇ ਰਾਹ ਨੂੰ ਡੂੰਘੀ ਤਰ੍ਹਾਂ ਘੋਖਿਆ ਅਤੇ ਦੱਸਿਆ ਹੈ ਕਿ; ਲੋਕਾਂ ਦੇ ਵਧੀਆ ਇਰਾਦੇ ਹੋਣ ਦੇ ਬਾਵਜੂਦ ਉਨ੍ਹਾਂ ਦਾ ਜ਼ਰੂਰਤ ਦੀ ਤਾਕਤ ਦਾ ਵਧਾਕੇ ਅਤੇ ਇਸ ਜ਼ਰੂਰਤ ਨੂੰ ਬਦਲਣ ਲਈ ਮੌਜੂਦ ਅਜ਼ਾਦੀ ਦਾ ਅੰਦਾਜ਼ਾ ਘਟਾਕੇ ਲਾਉਣ ਵੱਲ ਮਾਰੂ ਝੁਕਾਅ, ਉਨ੍ਹਾਂ ਨੂੰ ਲਾਜ਼ਮੀ ਹੀ ਇਨਕਲਾਬ ਦੀਆਂ ਸੰਭਾਵਨਾਵਾਂ ਤੋਂ ਇਨਕਾਰੀ ਹੋਣ, ਜਾਂ ਫਿਰ ਦਰਸ਼ਕ ਬਣਨ ਤੇ ਇਨਕਲਾਬ ਦੀ ਉਡੀਕ ਕਰਨ ਵੱਲ ਲੈ ਜਾਵੇਗਾ। ਅਸਲ 'ਚ ਲੋੜ ਇਹ ਹੈ ਕਿ ਮੌਜੂਦਾ ਸਮਾਜ ਦੀਆਂ ਦਰਾੜਾਂ ਦਾ ਠੀਕ ਵਿਸ਼ਲੇਸ਼ਣ ਕੀਤਾ ਜਾਵੇ ਅਤੇ ਠੋਸ ਟੀਚੇ ਨੂੰ ਮਨ 'ਚ ਵਸਾਉਂਦਿਆਂ—ਇਸ ਦੀਆਂ ਸੰਭਾਵਨਾਵਾਂ ਅਤੇ ਇਸ 'ਤੇ ਪੈਣ ਵਾਲੇ ਨਿਰੰਤਰ ਦਬਾਆਂ ਨੂੰ ਵੀ ਧਿਆਨ 'ਚ ਰੱਖਦਿਆਂ —ਇਨਕਲਾਬੀ ਹਾਲਤ ਪੈਦਾ ਹੋਣ ਵੱਲ ਤੇਜ਼ੀ ਲਿਆਂਦੀ ਜਾਵੇ।

ਇਹ ਸਮਝਣਾ ਮਹੱਤਵਪੂਰਨ ਹੈ ਕਿ ਬਾਬ ਅਵੇਕੀਅਨ ਦੀਆਂ ਸਮੂਹ ਰਚਨਾਵਾਂ; ਮਾਰਕਸਵਾਦ 'ਚ ਸਿਰਫ ਵਾਧਾ, ਸੁਧਾਰ ਜਾਂ ਉਸ ਨੂੰ ਲਾਗੂ ਕਰਨ 'ਚ ਵਿਸ਼ੇਸ਼ਤਾ ਹੀ ਨਹੀਂ, ਸਗੋਂ ਜੇ ਇਸ ਦੀ ਮਾਰਕਸ ਵਲੋਂ ਮਾਰੀ ਉੱਚੀ ਛਾਲ ਨਾਲ ਤੁਲਨਾ ਕਰੀਏ ਤਾਂ ਇਹ ਇਕ ਵਿਗਿਆਨਕ ਸਿਫਤੀ ਛਾਲ ਹੈ। ਮਾਰਕਸ ਦੇ ਸਮੇਂ ਸਰਮਾਏਦਾਰੀ ਨੇ ਅਮਰੀਕਾ ਅਤੇ ਯੂਰਪ ਦੇ ਮੁੱਖ ਦੇਸ਼ਾਂ 'ਚ ਆਪਣੀ ਤਾਕਤ ਪੱਕੇ-ਪੈਰੀਂ ਕਰ ਲਈ ਸੀ ਅਤੇ ਮੈਟਾਸਟੈਟਿਕ ਕੈਂਸਰ ਵਾਂਗ ਸੰਸਾਰ ਭਰ 'ਚ ਫੈਲ ਰਿਹਾ ਸੀ। ਉਸ ਸਮੇਂ ਮਨੁੱਖਤਾ ਕੋਲ ਸੁਰੱਖਿਅਤ ਬੁਰਜੂਆ ਡੈਮੋਕਰੇਸੀ, ਸਿੰਡੀਕਲਿਜ਼ਮ ਜਾਂ ਖਿਆਲੀ ਸੋਸ਼ਲਿਜ਼ਮ ਦੀਆਂ ਧਾਰਨਾਵਾਂ, ਜਿਸ ਦੀਆਂ ਜੜ੍ਹਾਂ ਅਕਸਰ ਹੀ ਧਰਮਾਂ 'ਚ ਹੁੰਦੀਆਂ ਸਨ ਨਾਲ ਟੱਕਰ ਲੈਣ ਲਈ ਕੁਝ ਵੀ ਨਹੀਂ ਸੀ। ਮਾਰਕਸ ਨੇ ਸਰਮਾਏਦਾਰੀ ਪ੍ਰਬੰਧ ਅਤੇ ਇਸ ਨੂੰ ਖਤਮ ਕਰਨ ਲਈ ਲੋੜੀਂਦੀ ਵਿਗਿਆਨਕ ਵਿਆਖਿਆ ਰਾਹੀਂ ਇਸ ਸਭ ਨੂੰ ਕੁਝ ਨੂੰ ਬਦਲਕੇ ਰੱਖ ਦਿੱਤਾ।

ਅੱਜ ਜਦੋਂ ਵੀਹਵੀਂ ਸਦੀ ਦੇ ਮਹਾਨ ਇਨਕਲਾਬ ਫੇਲ੍ਹ ਚੁੱਕੇ ਹਨ, ਸਰਮਾਏਦਾਰੀ ਪੈਦਾਵਾਰ ਦਾ ਸੰਸਾਰੀਕਰਨ ਹੋ ਚੁੱਕਾ ਹੈ, ਸਾਡੇ ਗ੍ਰਹਿ (planet) ਤੇ ਵਾਤਾਵਰਣੀ ਖ਼ਤਰਾ ਮੰਡਰਾ ਰਿਹਾ ਹੈ ਅਤੇ ਫਾਸੀਵਾਦੀ ਲਹਿਰਾਂ ਦਾ ਦੁਨੀਆ ਪੱਧਰ ਤੇ ਪਸਾਰਾ ਹੋਇਆ ਪਿਆ ਹੈ ਤਾਂ ਇਸ ਸਮੇਂ, ਸਰਮਾਏਦਾਰੀ ਉਦਾਰਵਾਦ, ਸੋਸ਼ਲ-ਡੈਮੋਕਰੇਟਿਕ ਮਜ਼ਦੂਰ ਲਹਿਰ ਅਤੇ ਇੱਥੋਂ ਤੱਕ ਕਿ ਬੀਤੇ ਦੀ ਵਧੀਆ ਕਮਿਊਨਿਸਟ ਵਿਚਾਰਧਾਰਾ ਦੇ ਪੁਰਾਣੇ ਹਥਿਆਰ ਵੀ; ਮਨੁੱਖਤਾ ਨੂੰ ਦਰਪੇਸ਼ ਚੁਣੌਤੀਆਂ ਨਾਲ ਸਿੱਝਣ ਲਈ ਪੂਰੀ ਤਰ੍ਹਾਂ ਕਾਫੀ ਨਹੀਂ। ਇਸ ਨੁਕਤੇ 'ਤੇ ਆਕੇ ਬਾਬ ਅਵੇਕੀਅਨ ਇਹ ਦੱਸਣ ਲਈ ਮੂਹਰੇ ਆਉਂਦਾ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ! ਅਵੇਕੀਅਨ ਨੇ ਮਨੁੱਖਤਾ ਨੂੰ ਅਗਲੀ ਵੱਡੀ ਛਲਾਂਗ ਮਾਰਨ ਲਈ,ਸਬੂਤਾਂ ਤੇ ਅਧਾਰਤ ਅਤੇ ਸਿਫਤੀ ਤੌਰ ਤੇ ਵੱਧ ਵਿਗਿਆਨਕ ਢੰਗ-ਤਰੀਕੇ ਤੇ ਪਹੁੰਚ ਵਾਲੇ ਹੁਨਰ ਦੱਸੇ ਹਨ।

ਆਪਣੇ ਸਮਿਆਂ 'ਚ ਮਾਰਕਸ ਇਕ ਵਿਵਾਦਪੂਰਨ ਸ਼ਖ਼ਸੀਅਤ ਸੀ, ਅੱਜ ਬਾਬ ਅਵੇਕੀਅਨ ਵੀ ਉਸ ਤਰ੍ਹਾਂ ਹੀ ਹੈ। ਮਾਰਕਸ ਦੇ ਸਮੇਂ ਦੇ ਸੁਧਾਰਵਾਦੀਆਂ ਵਲੋਂ ਉਸਨੂੰ ਕੱਟੜਪੰਥੀ ਅਤੇ ਸੰਪਰਦਾਇਕ ਸਮਝਿਆ ਜਾਂਦਾ ਸੀ। ਇਸ ਨੂੰ ਮਹਿਸੂਸ ਕਰਨ ਲਈ ਸਾਨੂੰ 'ਰਾਉਲ ਪੈਕ' ਦੀ ਫਿਲਮ 'ਯੰਗ ਕਾਰਲ ਮਾਰਕਸ' (The Young Karl Marx) ਦੇਖਣੀ ਚਾਹੀਦੀ ਹੈ। ਮਾਰਕਸ ਤੋਂ ਪਹਿਲਾਂ ਅਤੇ ਬਾਅਦ 'ਚ ਪੈਦਾ ਹੋਣ ਵਾਲੇ ਮਹਾਨ ਵਿਗਿਆਨੀਆਂ ਵਾਂਗ, ਮਾਰਕਸ ਦੀ ਸੂਝ-ਬੂਝ ਬੁਨਿਆਦੀ ਤੌਰ ਤੇ ਸੱਚ ਸਾਬਤ ਹੋਈ ਅਤੇ ਉਸਨੇ ਦੁਨੀਆ ਬਾਰੇ ਸਾਡੀ ਸਮਝ ਦਾ ਰੂਪ ਬਦਲਣ ਤੋਂ ਇਲਾਵਾ ਇਤਿਹਾਸ ਨੂੰ ਵੀ ਨਵਾਂ ਮੋੜ ਦੇ ਦਿੱਤਾ!

ਪਿਛਲੇ ਕਾਫ਼ੀ ਸਾਲਾਂ ਦੀਆਂ ਘਟਨਾਵਾਂ ਦੇ ਗਵਾਹ ਵਜੋਂ ਮੈਂ ਹੁਣ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੇ ਤੁਸੀਂ ਮਨੁੱਖਤਾ ਦੀ ਨਿਜਾਤ ਲਈ ਗੰਭੀਰ ਹੋ, ਤਾਂ ਤੁਹਾਨੂੰ ਬਾਬ ਅਵੇਕੀਅਨ ਦੇ ਵਿਦਿਆਰਥੀ ਹੋਣਾ ਚਾਹੀਦਾ ਹੈ। ਅਵੇਕੀਅਨ ਦੇ ਵਿਦਿਆਰਥੀ ਹੋਣ ਦੇ ਨਾਤੇ ਮੈਨੂੰ ਸਵੀਕਾਰ ਕਰਨ 'ਚ ਕੋਈ ਦਿੱਕਤ ਨਹੀਂ ਕਿ ਮੈਂ ਕਲਾਸ 'ਚ ਅਕਸਰ ਹੀ ਲੇਟ ਪਹੁੰਚਦਾ ਅਤੇ ਹਮੇਸ਼ਾ ਵਧੀਆ ਨੰਬਰ ਨਹੀਂ ਸੀ ਲੈਂਦਾ, ਪਰ ਮੈਂ ਸਕੂਲ ਜਾਣਾ ਬੰਦ ਨਹੀਂ ਕੀਤਾ। ਅੱਜ ਦੇ ਇਨਕਲਾਬੀਆਂ ਕੋਲ ਜ਼ਿੰਦਗੀ ਭਰ ਲਈ ਦੁਨੀਆ ਦੀ ਬਹੁਤ ਉੱਤਮ ਤੇ ਵਿਕਸਤ ਵਿਚਾਰਧਾਰਾ ਹੈ। ਮੇਰੀ ਉਮਰ 85 ਸਾਲ ਹੈ ਤੇ ਮੈਨੂੰ ਲੱਗਦਾ ਹੈ ਕਿ ਮੇਰੇ ਕੋਲ ਜ਼ਿੰਦਗੀ ਦੇ 15 ਸਾਲ ਹੋਰ ਹਨ! ਆਓ ਰਲ-ਮਿਲ ਕੇ ਅੱਗੇ ਵਧੀਏ!

**ਅਨੁਵਾਦਕ: ਪਰਮਜੀਤ ਰੌਡੇ**
**ਫੋਨ: 737 274 2370**

# Stand up to the US blockade, break the siege on Cuba: Canada must send oil and aid

The Communist Party of Canada demands that the Canadian government immediately break its silence and take concrete action to defy Donald Trump's act of economic warfare against Cuba. The January 29 executive order, imposing a total blockade on fuel supplies to the island, is designed to strangle the Cuban people and create a humanitarian catastrophe. These actions are already escalating mass suffering in Cuba and are a direct challenge to the sovereignty of every country in the hemisphere. The so-called "Donroe doctrine," which asserts U.S. domination over the Americas, must be defeated, and it is in the direct interest of working people in Canada to stand against it.

Due to the barbaric acts of the U.S. government, the situation in Cuba is very serious. Over 75 per cent of the country's oil imports have vanished in a single month. Hospitals are running on generators that are now running out of fuel. Power blackouts lasting up to 16 hours a day threaten patient care and food preservation. Local agriculture is at risk of collapse, threatening to tip the island into famine. This is the deliberate result of U.S. policy, economic genocide designed to force political surrender through starvation and suffering.

Why is the United States punishing Cuba so brutally? Because Cuba dared to exercise its right to self-determination. It kicked out U.S. corporations and gangsters, eliminated extreme poverty and illiteracy, and built a socialist society that remains a beacon of hope. Despite more than 60 years of imperialist aggression, Cuba has provided free education and medical care to its people, achieving life expectancies that rival advanced industrialized countries. For proving that working people can build socialism, it is being strangled.

This blockade is a flagrant violation of international law. It constitutes unilateral economic coercion with extraterritorial effects, imposed without UN Security Council authorization and despite repeated and overwhelming UN votes calling for an end to the US blockade. It violates the fundamental principles of sovereign equality, non-intervention, and self-determination enshrined in the UN Charter. Yet global financial institutions, intimidated by aggressive U.S. sanctions enforcement, have largely abandoned Cuba, costing the island at least $130 billion by 2018 and many more billions of dollars in the last few years as the blockade has been strengthened.

Prime Minister Mark Carney declared at Davos that the era of accommodating coercion must end, calling for "a new order that encompasses our values, such as respect for human rights, sustainable development, solidarity, sovereignty and territorial integrity." He urged the world to remain "principled in our commitment to fundamental values, sovereignty, territorial integrity, the prohibition of the use of force, except when consistent with the UN Charter, and respect for human rights." While Carney's plainly hypocritical rhetoric was in fact aimed at repositioning Canada within the NATO imperialist bloc, his words resonated with working people who genuinely want a foreign policy based on peace and sovereignty. We must build a movement to make that vision a reality.




The Canadian government's response so far has been a disgrace. When pressed in the House of Commons, Foreign Affairs Minister Anita Anand responded not by condemning U.S. aggression or offering aid, but by saying that consular officials "stand ready to support Canadians in need." In the face of a deliberate humanitarian disaster, Ottawa's only concern was for Canadian tourists. Anand knows this is an illegal escalation. So far, she has chosen silence and complicity.

Canada has maintained diplomatic relations with Cuba for decades, against the wishes of the United States government. Canadians visit Cuba more than any other Caribbean nation. Canada is Cuba's second-largest source of foreign investment. The Canadian government must immediately condemn this act of economic terror, use all diplomatic means to oppose the blockade, and strengthen trade and cooperation to help Cuba withstand this assault.

Concrete action is required. Canada must ship oil to Cuba immediately. We must work with other regional powers to break the siege. We must also reopen flights and restore the tourist industry, making it easy for Canadians to travel to Cuba and support its economy. These actions would encourage other governments to follow suit. The greatest risk is doing nothing, allowing the U.S. to systematically destroy independent countries.

We call on all trade unions and people's organizations to build a broad movement that forces the Canadian government to stand against U.S. aggression and provide material support to Cuba. There are millions of Canadians with ties to Cuba who can be brought into the fight. The defence of Cuban sovereignty is the defence of sovereignty everywhere. Let Cuba Live!

**Central Executive Committee,**
**Communist Party of Canada**

# ਈਰਾਨ ਉੱਤੇ ਅਮਰੀਕੀ ਹਮਲੇ ਖਿਲਾਫ ਬਠਿੰਡੇ ਵਿੱਚ ਰੋਸ ਮਾਰਚ

ਬਠਿੰਡਾ, (ਬਲਜਿੰਦਰ ਸਿੰਘ ਪਟਿਆਲਾ) : ਅਮਰੀਕਾ ਅਤੇ ਇਜਰਾਇਲ ਵੱਲੋਂ ਈਰਾਨ ਉੱਤੇ ਕੀਤੇ ਧੱਕੜ ਹਮਲੇ ਖਿਲਾਫ ਅੱਜ ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਬਠਿੰਡਾ ਸ਼ਹਿਰ ਅੰਦਰ ਵੱਡਾ ਰੋਸ ਮਾਰਚ ਕੀਤਾ ਗਿਆ ਅਤੇ ਇਸ ਜੰਗ ਦੇ ਖਿਲਾਫ ਜ਼ੋਰਦਾਰ ਆਵਾਜ਼ ਉਠਾਈ ਗਈ। ਇਸ ਪ੍ਰਦਰਸ਼ਨ ਤੋਂ ਪਹਿਲਾਂ ਟੀਚਰ ਹੋਮ ਬਠਿੰਡਾ ਵਿਖੇ ਇਕੱਤਰਤਾ ਕੀਤੀ ਗਈ ਜਿਹਦੇ ਵਿੱਚ ਵੱਖ-ਵੱਖ ਤਬਕਿਆਂ ਵੱਲੋਂ ਭਰਵੀਂ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ।



ਇਕੱਤਰਤਾ ਨੂੰ ਸੰਬੋਧਨ ਕਰਦਿਆਂ ਲੋਕ ਮੋਰਚਾ ਪੰਜਾਬ ਦੇ ਸੂਬਾਈ ਸਕੱਤਰ ਜਗਮੇਲ ਸਿੰਘ ਅਤੇ ਇਨਕਲਾਬੀ ਕੇਂਦਰ ਪੰਜਾਬ ਦੇ ਸੁਬਾਈ ਆਗੂ ਮੁਖਤਿਆਰ ਪੂਹਲਾ ਨੇ ਕਿਹਾ ਕਿ ਇਰਾਨ ਅਮਰੀਕੀ ਧੌਂਸ ਮੰਨਣ ਤੋਂ ਨਾਬਰ ਹੈ ਅਤੇ ਇਸ ਕਰਕੇ ਇਹ ਅਮਰੀਕਾ ਨੂੰ ਮੱਧ ਪੂਰਬ ਅੰਦਰ ਆਪਣੀ ਸਾਮਰਾਜੀ ਲੁੱਟ ਦੀਆਂ ਸਕੀਮਾਂ ਵਿੱਚ ਵੱਡਾ ਅੜਿੱਕਾ ਜਾਪ ਰਿਹਾ ਹੈ। ਤੇਲ ਭੰਡਾਰਾਂ ਵਿੱਚ ਨਾਲ ਭਰਪੂਰ ਮੱਧ ਪੂਰਬ ਦੇ ਖੇਤਰ ਅੰਦਰ ਅਮਰੀਕਾ ਬੇਰੋਕ ਟੋਕ ਲੁੱਟ ਜਾਰੀ ਰੱਖਣਾ ਚਾਹੁੰਦਾ ਹੈ ਅਤੇ ਇਜਰਾਇਲ ਇਸ ਖੇਤਰ ਅੰਦਰ ਉਸਦਾ ਵੱਡਾ ਹੱਥ ਠੋਕਾ ਹੈ। ਈਰਾਨ ਦੀ ਖਮੇਨੀ ਹਕੂਮਤ ਉਹਨਾਂ ਚੁਨਿੰਦਾ ਹਕੂਮਤਾਂ ਵਿੱਚੋਂ ਸੀ ਜਿਸਨੇ ਆਪਣੇ ਦੇਸ਼ਾਂ ਅੰਦਰ ਅਮਰੀਕੀ ਧੌਂਸ ਮੰਨਣ ਤੋਂ ਇਨਕਾਰ ਕਰਨ ਦੀ ਦਲੇਰੀ ਦਿਖਾਈ ਹੈ। ਟਰੰਪ ਹਕੂਮਤ ਪਿਛਲੇ ਲੰਬੇ ਸਮੇਂ ਤੋਂ ਇਸ ਉੱਤੇ ਆਰਥਿਕ ਰੋਕਾਂ ਲਾਉਂਦੀ ਆ ਰਹੀ ਹੈ, ਪਰ ਇਹਨਾਂ ਆਰਥਿਕ ਪਾਬੰਦੀਆਂ ਦੇ ਬਾਵਜੂਦ ਇਰਾਨ ਡਟਿਆ ਰਿਹਾ ਹੈ। ਹੁਣ ਆਰਥਿਕ ਪਾਬੰਦੀਆਂ ਦਾ ਹਥਿਆਰ ਫੇਹਲ ਹੋ ਜਾਣ ਤੋਂ ਬਾਅਦ ਅਮਰੀਕਾ ਨੰਗੇ ਚਿੱਟੇ ਹਮਲੇ ਤੇ ਉੱਤਰ ਆਇਆ ਹੈ। ਪਿਛਲੇ ਸਾਲ ਵੀ ਅਮਰੀਕੀ ਅਤੇ ਇਜ਼ਰਾਇਲੀ ਹਾਕਮਾਂ ਨੇ ਈਰਾਨ ਉੱਤੇ ਹਮਲੇ ਕੀਤੇ ਸਨ ਪਰ ਉਹ ਇਸਦੇ ਬਾਵਜੂਦ ਖਮੇਨੀ ਹਕੂਮਤ ਨੂੰ ਝੁਕਾ ਨਹੀਂ ਸਕੇ ਸਨ। ਹੁਣ ਉਹਨਾਂ ਨੇ ਵੱਡੀ ਪੱਧਰ ਉੱਤੇ ਹਵਾਈ ਹਮਲਿਆਂ ਨਾਲ ਇਸਦੇ ਚੋਟੀ ਦੇ ਆਗੂਆਂ ਨੂੰ ਮਾਰ ਕੇ ਇਸ ਦੇਸ਼ ਅੰਦਰ ਅਮਰੀਕਾ ਪੱਖੀ ਸਰਕਾਰ ਖੜ੍ਹੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ।

ਜੰਗਬਾਜ਼ ਅਮਰੀਕਾ ਅਤੇ ਇਜਰਾਇਲ ਨੇ ਇਸ ਹਮਲੇ ਰਾਹੀਂ ਨਿਰਦੋਸ਼ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ। ਰਾਹੀਂ ਇੱਕ ਸਕੂਲ ਤੇ ਹਮਲਾ ਕਰਕੇ 100 ਤੋਂ ਵਧੇਰੇ ਲੜਕੀਆਂ ਨੂੰ ਕਤਲ ਕੀਤਾ ਹੈ ਤੇ ਕੁਲ ਮਿਲਾ ਕੇ 200 ਤੋਂ ਵੱਧ ਇਰਾਨੀ ਮਾਰ ਸੁੱਟੇ ਹਨ। ਟਰੰਪ ਨੇ ਇਹ ਜੰਗ ਅੱਗੇ ਵੀ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਇਹ ਹਮਲਾ ਸਾਰੇ ਕੌਮਾਂਤਰੀ ਕਾਨੂੰਨ ਉਲੰਘ ਕੇ ਅਤੇ ਸਾਰੀਆਂ ਕੌਮਾਂਤਰੀ ਸੰਸਥਾਵਾਂ ਨੂੰ ਦਰਕਿਨਾਰ ਕਰਕੇ ਕੀਤਾ ਗਿਆ ਹੈ।

ਇਸ ਪ੍ਰਦਰਸ਼ਨ ਦੌਰਾਨ ਜਿੱਥੇ ਇਕੱਠ ਨੇ ਅਮਰੀਕੀ ਅਤੇ ਇਜਰਾਇਲੀ ਜੰਗਬਾਜ਼ ਹਾਕਮਾਂ ਦੇ ਖਿਲਾਫ ਆਵਾਜ਼ ਉਠਾਈ ਅਤੇ ਇਹ ਜੰਗ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਉਥੇ ਉਹਨਾਂ ਨੇ ਮੋਦੀ ਹਕੂਮਤ ਵੱਲੋਂ ਪਿਛਲੇ ਸਮੇਂ ਦੌਰਾਨ ਇਹਨਾਂ ਜੰਗਬਾਜ਼ ਹਕੂਮਤਾਂ ਨਾਲ ਗੂੜ੍ਹੀ ਕੀਤੀ ਗਈ ਜੋਟੀ ਦਾ ਵੀ ਵਿਰੋਧ ਕੀਤਾ ਅਤੇ ਅਮਰੀਕਾ ਤੇ ਇਜਰਾਈਲ ਨਾਲ ਕੀਤੇ ਸਾਰੇ ਸਮਝੌਤੇ ਸੰਧੀਆਂ ਰੱਦ ਕਰਨ ਦੀ ਮੰਗ ਕੀਤੀ। ਉਹਨਾਂ ਨੇ ਲੋਕਾਂ ਨੂੰ ਇਸ ਨਿਹੱਕੀ ਜੰਗ ਖਿਲਾਫ ਜੋਰਦਾਰ ਆਵਾਜ਼ ਉਠਾਉਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਇਸ ਇਕੱਠ ਵੱਲੋਂ ਇਕ ਮਤੇ ਰਾਹੀਂ ਗੁਰਦਾਸਪੁਰ ਵਿੱਚ ਪੁਲਿਸ ਵੱਲੋਂ ਨੌਜਵਾਨ ਦੇ ਕੀਤੇ ਗਏ ਪੁਲਿਸ ਮੁਕਾਬਲੇ ਦੀ ਉੱਚ ਪੱਧਰੀ ਜਾਂਚ ਦੀ, ਪੁਲਿਸ ਨੂੰ ਦਿੱਤੇ ਜਾਬਰ ਅਧਿਕਾਰ ਖਤਮ ਕਰਨ ਦੀ ਅਤੇ ਦੋਸ਼ੀ ਪੁਲਿਸ ਅਫਸਰਾਂ ਨੂੰ ਸਖਤ ਸਜਾਵਾਂ ਦੇਣ ਦੀ ਵੀ ਮੰਗ ਕੀਤੀ ਗਈ। ਇਸ ਮੌਕੇ ਜਲੰਧਰ ਤੋਂ ਸੁਰਿੰਦਰ ਕੁਮਾਰੀ ਕੋਛੜ ਵਿਸ਼ੇਸ਼ ਤੌਰ ਤੇ ਇਸ ਮਾਰਚ ਵਿੱਚ ਸ਼ਾਮਿਲ ਹੋਏ।

# ਮੈਂ ‘ਗਣਤੰਤਰ’ ਦਾ ਬੰਦੀ ਪੱਤਰਕਾਰ ਬੋਲ ਰਿਹਾਂ...

*ਸੁਤੰਤਰ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਇਸ ਸਮੇਂ ਪਟਨਾ (ਬਿਹਾਰ) ਦੀ ਬੇਊਰ ਆਦਰਸ਼ ਸੈਂਟਰਲ ਜੇਲ੍ਹ ਵਿੱਚ ਵਿਚਾਰਧੀਨ ਕੈਦੀ ਹਨ। ਜੋ ਗ਼ੈਰਕਾਨੂੰਨੀ ਖਣਨ, ਇਸਦਾ ਵਿਰੋਧ ਕਰਨ ਵਾਲੇ ਆਦਿਵਾਸੀ ਲੋਕਾਂ ਉੱਪਰ ਭਿਆਨਕ ਜਬਰ ਅਤੇ ਮਜ਼ਲੂਮਾਂ ਦੇ ਹੱਕਾਂ ਲਈ ਨਿਧੜਕ ਆਵਾਜ਼ ਉਠਾ ਰਹੇ ਸਨ। ਉਨ੍ਹਾਂ ਦੀ ਜ਼ਬਾਨਬੰਦੀ ਕਰਨ ਲਈ ਉਨ੍ਹਾਂ ਨੂੰ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਨਾਲ ਸੰਬੰਧਤ ਹੋਣ ਦੇ ਝੂਠੇ ਕੇਸ ਵਿਚ ਉਲਝਾ ਕੇ ਅਤੇ ਉਨ੍ਹਾਂ ਉੱਪਰ ਯੂਏਪੀਏ ਲਗਾ ਕੇ ਪਿਛਲੇ ਸਾਲਾਂ ਤੋਂ ਜੇਲ੍ਹ ਵਿਚ ਡੱਕਿਆ ਹੋਇਆ ਹੈ। ਉਨ੍ਹਾਂ ਵੱਲੋਂ ਗਣਤੰਤਰ ਦਿਵਸ ਉੱਪਰ ਜੇਲ੍ਹਾਂ ਦੇ ਅਣਮਨੁੱਖੀ ਹਾਲਾਤ ਬਾਰੇ ਅਤੇ ਕੈਦੀਆਂ ਦੇ ਹੱਕਾਂ ਦੇ ਘਾਣ ਬਾਰੇ ਲਿਖਿਆ ਇਹ ਲੇਖ ਬਹੁਤ ਮਹੱਤਵਪੂਰਨ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਲੇਖ ਦਾ ਮੁਕੰਮਲ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ*

ਰੂਪੇਸ਼ ਕੁਮਾਰ ਸਿੰਘ
ਪੇਸ਼ਕਸ਼ : ਬੂਟਾ ਸਿੰਘ ਮਹਿਮੂਦਪੁਰ

26 ਜਨਵਰੀ 2026 ਨੂੰ ਸਾਡਾ ਗਣਤੰਤਰ ਆਪਣੇ 76 ਸਾਲ ਪੂਰੇ ਕਰੇਗਾ। ਗਣਤੰਤਰ ਜਾਂ ਲੋਕਤੰਤਰ ਦੀ ਪ੍ਰਸਿੱਧ ਪਰਿਭਾਸ਼ਾ, ਜਿਸਨੂੰ ਅਸੀਂ ਬਚਪਨ ਤੋਂ ਪੜ੍ਹਦੇ ਤੇ ਸੁਣਦੇ ਆ ਰਹੇ ਹਾਂ, ਉਹ ਹੈ- ਜਨਤਾ ਦਾ, ਜਨਤਾ ਲਈ ਤੇ ਜਨਤਾ ਦੁਆਰਾ ਚਲਾਇਆ ਜਾਂਦਾ ਰਾਜ। ਕੀ ਮੌਜੂਦਾ ਸਮੇਂ ਵਿੱਚ ਉਪਰੋਕਤ ਪਰਿਭਾਸ਼ਾ ਸਾਡੇ ਮੁਲਕ ਦੇ ਗਣਤੰਤਰ ’ਤੇ ਢੁੱਕਦੀ ਹੈ? ਕੀ ਅਸੀਂ ਜਾਂ ਸਾਡੀ ਹੁਕਮਰਾਨ ਜਮਾਤ ਵੀ, ਇਮਾਨਦਾਰੀ ਨਾਲ ਇਹ ਕਹਿ ਸਕਦੇ ਹਾਂ ਕਿ ਸਾਡੇ ਮੁਲਕ ਵਿੱਚ ਸੱਚੇ ਮਾਇਨਿਆਂ ਵਿੱਚ ਲੋਕਤੰਤਰ ਹੈ? ਬਿਲਕੁਲ ਨਹੀਂ।

ਅੱਜ ਸਾਡੇ ਮੁਲਕ ਵਿੱਚ ਸਰਮਾਏਦਾਰਾਂ ਦਾ, ਸਰਮਾਏਦਾਰਾਂ ਲਈ ਤੇ ਸਰਮਾਏਦਾਰਾਂ ਦੁਆਰਾ ਚਲਾਇਆ ਰਾਜ ਹੈ। ਅੱਜ ਸਾਡੇ ਮੁਲਕ ਵਿੱਚ ਗਣਤੰਤਰ ਦੀ ਜਗ੍ਹਾ ’ਤੇ ਪੂੰਜੀਤੰਤਰ, ਲੁੱਟਤੰਤਰ ਤੇ ਗੰਨਤੰਤਰ ਹੈ। ਇਸ ਸਮੇਂ ਸਾਡੇ ਮੁਲਕ ਦੀ ਸੱਤਾ ’ਤੇ ਕਾਬਜ਼ ਬ੍ਰਾਹਮਣਵਾਦੀ ਹਿੰਦੂਤਵ ਫਾਸ਼ੀਵਾਦੀ ਨਰਿੰਦਰ ਮੋਦੀ ਦੀ ਸਰਕਾਰ ਨੇ ਲੋਕਤੰਤਰ ਦੇ ਸਾਰੇ ਅੰਗਾਂ ਨੂੰ ਅਪਾਹਜ ਬਣਾ ਦਿੱਤਾ ਹੈ। ਪੂਰੇ ਮੁਲਕ ਵਿੱਚ ਇੱਕ-ਛਤਰ ਰਾਜ ਦਾ ਸੁਪਨਾ ਪੂਰਾ ਕਰਨ ਲਈ ਆਰ.ਐਸ.ਐਸ. ਤੇ ਭਾਜਪਾ ਜੀ-ਜਾਨ ਨਾਲ ਜੁੱਟੀ ਹੈ। ਇਨ੍ਹਾਂ ਨੇ ਸਪੱਸ਼ਟ ਤੌਰ ’ਤੇ ਐਲਾਨ ਕਰ ਰੱਖਿਆ ਹੈ ਕਿ ਜੋ ਉਨ੍ਹਾਂ ਦੇ ਨਾਲ ਨਹੀਂ ਹੈ, ਉਹ ਇਸ ਮੁਲਕ ਦੇ ਦੁਸ਼ਮਣ ਹਨ।

ਕੱਲ੍ਹ ਤੱਕ ਜਿੱਥੇ ਮੁਲਕ ਦਾ ਭਾਵ ਵੰਨ-ਸੁਵੰਨਤਾ ਵਿੱਚ ਏਕਤਾ ਸੀ, ਅੱਜ ਮੁਲਕ ਦਾ ਅਰਥ ਹੁਕਮਰਾਨ ਸਰਕਾਰ ਬਣ ਚੁੱਕਾ ਹੈ। ਹੁਣ ਸੱਤਾਧਾਰੀ ਸਰਕਾਰ ਦੇ ਖ਼ਿਲਾਫ਼ ਬੋਲਣਾ ਮਤਲਬ ਮੁਲਕ ਦੇ ਖ਼ਿਲਾਫ ਬੋਲਣਾ ਹੈ।

ਚੋਣ ਜਿੱਤਣ ਲਈ ਇਨ੍ਹਾਂ ਨੇ ਸਾਮ-ਦਾਮ-ਦੰਡ-ਭੇਦ ਦੀ ਨੀਤੀ ਅਪਣਾਈ ਹੋਈ ਹੈ। ਉਸ ਤੋਂ ਬਾਅਦ ਵੀ ਜੇ ਇਹ ਚੋਣ ਨਹੀਂ ਜਿੱਤ ਪਾਉਂਦੇ, ਤਾਂ ਫਿਰ ਵਿਰੋਧੀ-ਧਿਰ ਦੀਆਂ ਪਾਰਟੀਆਂ ਦੇ ਵਿਧਾਇਕਾਂ ਨੂੰ ਤੋੜਨ ਲਈ ਪੈਸਾ, ਕੇਂਦਰੀ ਏਜੰਸੀਆਂ ਦੀਆਂ ਕਾਰਵਾਈਆਂ, ਡਰਾਉਣਾ-ਧਮਕਾਉਣਾ ਆਦਿ ਰਸਤਿਆਂ ਦਾ ਸਹਾਰਾ ਲੈਂਦੇ ਹਨ ਤੇ ਰਾਜਾਂ ਵਿੱਚ ਆਖਿ ?ਰਕਾਰ ਆਪਣੀ ਸਰਕਾਰ ਬਣਾ ਲੈਂਦੇ ਹਨ। ਕੱਲ੍ਹ ਤੱਕ ਵਿਰੋਧੀ-ਧਿਰ ਦੇ ਭ੍ਰਿਸ਼ਟ ਆਗੂ (ਇਨ੍ਹਾਂ ਦੇ ਦੁਆਰਾ ਹੀ ਅਜਿਹੇ ਐਲਾਨੇ) ਇਨ੍ਹਾਂ ਦੀ ਪਾਰਟੀ ਵਿੱਚ ਸ਼ਾਮਿਲ ਹੋਣ ’ਤੇ ਹੀ ਈਮਾਨਦਾਰ ਬਣ ਜਾਂਦੇ ਹਨ ਤੇ ਉਨ੍ਹਾਂ ਉੱਪਰ ਦਰਜ ਦਰਜਨਾਂ ਮੁਕੱਦਮੇ ਵਾਪਸ ਲੈ ਲਏ ਜਾਂਦੇ ਹਨ।

ਆਪਣੇ ਮਿੱਤਰ ਉਦਯੋਗਪਤੀਆਂ ਨੂੰ ਬਹੁਮੁੱਲੀ ਖਣਿਜ ਦੌਲਤ ਸੌਂਪਣ ਲਈ ਇਹ ਆਦਿਵਾਸੀਆਂ ਦਾ ਕਤਲੇਆਮ ਕਰਦੇ ਹਨ। ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਨੂੰ ‘ਦੇਸ਼ਧ੍ਰੋਹੀ’, ‘ਅਰਬਨ ਨਕਸਲ’ ਐਲਾਨ ਕਰਦੀ ਹੈ। ਆਪਣੇ ਹੱਕ-ਹੁਕੂਕ ਦੀ ਆਵਾਜ਼ ਬੁਲੰਦ ਕਰਨ ’ਤੇ ਮੁਸਲਮਾਨਾਂ ਨੂੰ ਦਹਿਸ਼ਤਗਰਦ ਐਲਾਨਿਆ ਜਾਂਦਾ ਹੈ, ਤਾਂ ਸਿੱਖਾਂ ਨੂੰ ਖ਼ਾਲਸਤਾਨੀ। ਇਸ ਸਰਕਾਰ ਨੇ ਸਿੱਖਿਆ ਦਾ ਭਗਵਾਕਰਨ ਕਰਕੇ ਵਿਦਿਆਰਥੀਆਂ ਨੂੰ ਝੂਠਾ ਇਤਿਹਾਸ ਪੜ੍ਹਨ ਲਈ ਮਜਬੂਰ ਕੀਤਾ ਹੈ, ਅਤੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਅੰਤਹੀਣ ਦਲਦਲ ਵਿੱਚ ਧੱਕ ਦਿੱਤਾ ਹੈ।

ਔਰਤਾਂ ਨੂੰ ਚਾਰਦੀਵਾਰੀ ਦੇ ਅੰਦਰ ਪੂਰੀ ਤਰ੍ਹਾਂ ਕੈਦ ਕਰਨ ਦੀ ਪੂਰੀ ਕੋਸ਼ਿਸ਼ ਵੀ ਸਾਡੇ ‘ਗਣਤੰਤਰ’ ਦੇ ਸੰਚਾਲਕ ਕਰ ਰਹੇ ਹਨ। ਸਾਡੇ ਗਣਤੰਤਰ ਵਿੱਚ ‘ਗਣਤੰਤਰ’ ਦੇ ਨਾਂ ’ਤੇ ਕੀ ਚੱਲ ਰਿਹਾ ਹੈ, ਇਹ ਜੇ ਅਸੀਂ ਆਪਣੀਆਂ ਅੱਖਾਂ ਤੋਂ ਫਿਰਕਾਪ੍ਰਸਤੀ, ਜਾਤੀਵਾਦ, ਅੰਧਭਗਤੀ ਆਦਿ ਦਾ ਪਰਦਾ ਹਟਾ ਕੇ ਦੇਖੀਏ, ਤਾਂ ਸਪੱਸ਼ਟ ਦਿਸ ਹੀ ਰਿਹਾ ਹੈ ਕਿ ਸਾਡਾ ’ਗਣਤੰਤਰ’ ਬਿਲਕੁਲ ’ਗਨਤੰਤਰ’ ਵਿੱਚ ਤਬਦੀਲ ਹੋ ਚੁੱਕਾ ਹੈ।

ਤੁਸੀਂ ਜਾਣਦੇ ਹੋ ਕਿ ਸਾਡੇ ਗਣਤੰਤਰ ਵਿੱਚ ਵੱਡੀ ਗਿਣਤੀ ਵਿੱਚ ਕੈਦਖ਼ਾਨੇ (ਜੇਲ੍ਹਾਂ) ਵੀ ਹਨ, ਜਿੱਥੇ ਲੱਖਾਂ ਬੰਦੀ ਕੈਦ ਹਨ। ਕੀ ਤੁਸੀਂ ਕੈਦਖ਼ਾਨੇ ਵਿੱਚ ਬੰਦ ਇਸ ਗਣਤੰਤਰ ਦੇ ਬੰਦੀਆਂ ਬਾਰੇ ਜਾਣਦੇ ਹੋ?

ਮੈਂ ਇਸ ਗਣਤੰਤਰ ਦਾ ਬੰਦੀ ਹਾਂ ਤੇ ਪਿਛਲੇ 42 ਮਹੀਨਿਆਂ ਤੋਂ ਕੈਦਖ਼ਾਨੇ ਵਿੱਚ ਕੈਦ ਹਾਂ। 42 ਮਹੀਨੇ ਪਹਿਲਾਂ ਮੈਂ ਸੁਤੰਤਰ ਪੱਤਰਕਾਰੀ ਕਰਦਾ ਸੀ ਤੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਸਿਰਫ਼ ਲਿਖਦਾ ਹੀ ਨਹੀਂ ਸੀ, ਬਲਕਿ ਬੋਲਦਾ ਵੀ ਸੀ। ਸਿੱਟੇ ਵਜੋਂ ਸਰਕਾਰ ਨੇ 17 ਜੁਲਾਈ 2022 ਨੂੰ ਮੇਰੇ ’ਤੇ ਕਾਲਾ ਕਾਨੂੰਨ ਯੂਏਪੀਏ ਦੀਆਂ ਕਈ ਧਾਰਾਵਾਂ ਲਗਾ ਕੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਤੇ 18 ਜੁਲਾਈ 2022 ਨੂੰ ਜੇਲ੍ਹ ਭੇਜ ਦਿੱਤਾ।

ਉਦੋਂ ਤੋਂ ਮੈਂ ਝਾਰਖੰਡ ਦੀ ਸਰਾਇਕੇਲਾ ਜ਼ਿਲ੍ਹਾ ਜੇਲ੍ਹ ਤੇ ਬਿਰਸਾ ਮੁੰਡਾ ਸੈਂਟਰਲ ਜੇਲ੍ਹ, ਹੋਟਵਾਰ (ਰਾਂਚੀ) ਅਤੇ ਬਿਹਾਰ ਦੀ ਸ਼ਹੀਦ ਜੁੱਬਾ ਸਾਹਨੀ ਸੈਂਟਰਲ ਜੇਲ੍ਹ, ਭਾਗਲਪੁਰ ਵਿੱਚ ਕੈਦ ਰਿਹਾ ਹਾਂ ਅਤੇ ਫ਼ਿਲਹਾਲ ਆਦਰਸ਼ ਸੈਂਟਰਲ ਜੇਲ੍ਹ, ਬੇਊਰ (ਪਟਨਾ) ਵਿੱਚ ਕੈਦ ਹਾਂ।

**ਜੇਲ੍ਹਾਂ ਦੇ ਹਾਲਾਤ ਅਤੇ ਬੰਦੀਆਂ ਦੇ ਹੱਕ**

ਬਿਹਾਰ-ਝਾਰਖੰਡ ਦੀਆਂ 90 ਪ੍ਰਤੀਸ਼ਤ ਜੇਲ੍ਹਾਂ ਵਿੱਚ ਸਮਰੱਥਾ ਤੋਂ ਵੱਧ (ਡੇਢ ਗੁਣਾ ਤੇ ਕਿਤੇ-ਕਿਤੇ ਦੁੱਗਣੇ) ਬੰਦੀ ਹਨ। ਕਿਸੇ ਵੀ ਜੇਲ੍ਹ ਵਿੱਚ ਜੇਲ੍ਹ ਮੈਨੂਅਲ ਅਨੁਸਾਰ ਨਾਸ਼ਤਾ, ਭੋਜਨ, ਜੇਲ੍ਹ-ਸਾਬਣ ਆਦਿ ਨਹੀਂ ਮਿਲਦਾ। ਹਾਂ! ਜੇ ਤੁਸੀਂ ਰਸੂਖ਼ਵਾਨ ਹੋ, ਤਾਂ ਫਿਰ ਤੁਸੀਂ ਜੇਲ੍ਹ ਅਧਿਕਾਰੀਆਂ ਨੂੰ ਪੈਸੇ ਦੇ ਕੇ ਜੇਲ੍ਹ ਵਿੱਚ ਹੀ ਹੀਟਰ ’ਤੇ ਲਜ਼ੀਜ਼ ਖਾਣਾ ਬਣਵਾ ਸਕਦੇ ਹੋ ਜਾਂ ਘਰ ਤੇ ਹੋਟਲ ਤੋਂ ਵੀ ਮੰਗਵਾ ਸਕਦੇ ਹੋ।

ਬਾਕੀ ਬੰਦੀਆਂ ਨੂੰ ਗਲ਼ੇ-ਸੜੇ ਹੋਏ ਚਾਵਲ, ਪਾਣੀ ਵਰਗੀ ਪਤਲੀ ਦਾਲ, ਸਬਜ਼ੀ ਦੇ ਨਾਂ ’ਤੇ ਆਲੂ ਦੇ ਦੋ-ਚਾਰ ਟੁਕੜੇ ਤੇ ਕੀੜਾ ਲੱਗੀ ਹਰੀ ਸਬਜ਼ੀ ਦੇ ਦੋ-ਚਾਰ ਕੱਚੇ ਟੁਕੜੇ ਤੇ ਪਾਣੀ, ਜਲੀਆਂ ਤੇ ਕੱਚੀਆਂ ਰੋਟੀਆਂ ਹੀ ਨਸੀਬ ਵਿੱਚ ਹੁੰਦੀਆਂ ਹਨ। ਰਸੂਖ਼ਵਾਨ ਤੇ ਪੈਸੇ ਵਾਲੇ ਬੰਦੀਆਂ ਦਾ ਬਿਸਤਰਾ 6 ਫੁੱਟ ਲੰਬਾ ਤੇ 3 ਫੁੱਟ ਚੌੜਾ ਹੁੰਦਾ ਹੈ। ਉਨੀ ਹੀ ਜਗ ?ਹਾ ਵਿੱਚ 3-4 ਆਮ ਬੰਦੀਆਂ ਨੂੰ ਰਹਿਣਾ ਪੈਂਦਾ ਹੈ।

ਭਾਰਤ ਦੀ ਸੁਪਰੀਮ ਕੋਰਟ (ਮਹਾਰਾਸ਼ਟਰ ਰਾਜ ਬਨਾਮ ਪ੍ਰਭਾਕਰ ਪਾਂਡੂਰੰਗ 1966) ਅਨੁਸਾਰ, ‘ਕਿਸੇ ਵੀ ਬੰਦੀ ਜਾਂ ਕੈਦੀ ਨੂੰ ਸੰਵਿਧਾਨ ਦੁਆਰਾ ਦਿੱਤੇ ਹੋਰ ਮੌਲਿਕ ਹੱਕਾਂ ਦੇ ਨਾਲ-ਨਾਲ ਅਨੁਛੇਦ 21, ਜੀਵਨ ਦਾ ਅਧਿਕਾਰ’ ਵੀ ਪ੍ਰਾਪਤ ਹੈ।’ ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ’ਕੈਦੀ, ਭਾਵੇਂ ਉਹ ਵਿਚਾਰਧੀਨ ਹੋਵੇ ਜਾਂ ਦੋਸ਼ੀ ਅਤੇ ਇੱਥੋਂ ਤੱਕ ਕਿ ਅਦਾਲਤ ਵਿੱਚ ਉਸਦੇ ਵਿਰੁੱਧ ਲਾਇਆ ਦੋਸ਼ ਜਾਂ ਸਿੱਧਾ ਅਪਰਾਧ ਚਾਹੇ ਕੋਈ ਵੀ ਹੋਵੇ, ਮੁਲਕ ਦੇ ਦੂਸਰੇ ਨਾਗਰਿਕਾਂ ਵਾਂਗ ਸੁਤੰਤਰਤਾ ਤੋਂ ਇਲਾਵਾ ਸਾਰੇ ਹੱਕਾਂ ਦਾ ਆਨੰਦ ਲੈ ਸਕਦਾ ਹੈ।’

ਸੁਪਰੀਮ ਕੋਰਟ ਦੇ ਫ਼ੈਸਲੇ ਦੀ ਰੋਸ਼ਨੀ ਵਿੱਚ ਜੇ ਅਸੀਂ ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਬੰਦ ਬੰਦੀਆਂ ਦੀ ਹਾਲਤ ਨੂੰ ਦੇਖੀਏ, ਤਾਂ ਇਹ ਇੱਕ ਸੁਪਨੇ ਦੀ ਤਰ੍ਹਾਂ ਲੱਗਦਾ ਹੈ। ਕਿਉਂਕਿ ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਬੰਦੀਆਂ ਨੂੰ ਨਾ ਤਾਂ ਮਨੁੱਖੀ ਸਨਮਾਨ ਨਾਲ ਜਿਉਣ ਦਾ ਅਧਿਕਾਰ ਹੈ, ਨਾ ਤੇਜ਼ੀ ਨਾਲ ਸੁਣਵਾਈ ਦਾ ਅਧਿਕਾਰ, ਨਾ ਸਿਹਤ ਤੇ ਇਲਾਜ ਦਾ ਅਧਿਕਾਰ, ਨਾ ਹੱਥਕੜੀ ਦੇ ਖ਼ਿਲਾਫ਼ ਸੁਰੱਖਿਆ ਦਾ ਅਧਿਕਾਰ, ਨਾ ਜੇਲ੍ਹ ਵਿੱਚ ਦੁਰਵਿਹਾਰ ਤੇ ਤਸੀਹਿਆਂ ਦੇ ਖ਼ਿਲਾਫ਼ ਸੁਰੱਖਿਆ ਦਾ ਅਧਿਕਾਰ, ਨਾ ਸਿੱਖਿਆ ਦਾ ਅਧਿਕਾਰ, ਨਾ ਕੰਮ ਲਈ ਉਚਿਤ ਮਜ਼ਦੂਰੀ ਦਾ ਅਧਿਕਾਰ ਤੇ ਨਾ ਉਚਿਤ



ਰਿਹਾਇਸ਼ ਦਾ ਅਧਿਕਾਰ ਹਾਸਲ ਹੈ ਅਤੇ ਨਾ ਹੀ ਜੇਲ੍ਹ ਮੈਨੂਅਲ ਅਨੁਸਾਰ ਨਾਸ਼ਤਾ, ਭੋਜਨ ਤੇ ਹੋਰ ਸਹੂਲਤਾਂ ਹੀ ਮਿਲਦੀਆਂ ਹਨ।

ਇੱਥੋਂ ਤੱਕ ਕਿ ਬੰਦੀਆਂ ਨੂੰ ਆਪਣੇ ਪਰਿਵਾਰ ਵਾਲਿਆਂ ਤੇ ਵਕੀਲਾਂ ਨੂੰ ਚਿੱਠੀ ਤੱਕ ਲਿਖਣ ਦਾ ਅਧਿਕਾਰ ਜੇਲ੍ਹ ਪ੍ਰਸ਼ਾਸਨ ਨਹੀਂ ਦਿੰਦਾ, ਫਿਰ ਕਵਿਤਾ, ਕਹਾਣੀ ਤੇ ਲੇਖ ਲਿਖਣ ਬਾਰੇ ਤਾਂ ਜ਼ਿਆਦਾਤਰ ਬੰਦੀ ਸੋਚ ਵੀ ਨਹੀਂ ਸਕਦੇ। ਇਹ ਸਭ ਬਹੁਤ ਮੁਸ਼ਕਲ ਹੈ। ਤੁਸੀਂ ਕਾਲ ਕਰਨ ਸਮੇਂ, ਮੁਲਾਕਾਤ ਵਿੱਚ ਆਪਣੀਆਂ ਗੱਲਾਂ, ਕਵਿਤਾਵਾਂ, ਅਨੁਭਵ, ਆਪਣੀਆਂ ਪਰੇਸ਼ਾਨੀਆਂ ਸਾਂਝੀਆਂ ਕਰ ਸਕਦੇ ਹੋ, ਉਹ ਵੀ ਕਈ ਵਾਰ ਸਮੇਂ ਦੀ ਘਾਟ ਕਰਕੇ ਟੁਕੜਿਆਂ ਵਿੱਚ ਹੁੰਦੀਆਂ ਹਨ।

ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਰਹਿੰਦਿਆਂ ਮੈਂ ਇਹੀ ਜਾਣਿਆ ਕਿ ਜੇਲ੍ਹ ਇੱਕ ਤਸੀਹਾਘਰ ਹੈ, ਜਿਸਨੂੰ ਸੁਧਾਰ ਘਰ ਤਾਂ ਬਿਲਕੁਲ ਵੀ ਨਹੀਂ ਕਿਹਾ ਜਾ ਸਕਦਾ। ਜੇਲ੍ਹ ਭ੍ਰਿਸ਼ਟਾਚਾਰ ਦਾ ਸਭ ਤੋਂ ਵੱਡਾ ਅੱਡਾ ਹੈ, ਇੱਥੇ ਭ੍ਰਿਸ਼ਟਾਚਾਰ ਸਰੇਆਮ ਹੁੰਦਾ ਹੈ। ਜੇ ਤੁਹਾਡੇ ਕੋਲ ਪੈਸਾ ਹੈ ਤਾਂ ਤੁਹਾਡੇ ਲਈ ਜੇਲ੍ਹ ਵੀ ਸਵਰਗ ਹੈ ਅਤੇ ਜੇ ਤੁਹਾਡੇ ਕੋਲ ਪੈਸਾ ਨਹੀਂ ਹੈ ਤਾਂ ਜੇਲ੍ਹ ਤੁਹਾਡੇ ਲਈ ਨਰਕ ਤੋਂ ਵੀ ਬਦਤਰ ਹੈ।

ਜੇਲ੍ਹ ਵਿੱਚ ਇਲਾਜ ਦੇ ਨਾਂ ’ਤੇ ਸਿਰਫ਼ ਧੋਖਾ ਹੁੰਦਾ ਹੈ, ਜੇਕਰ ਤੁਸੀਂ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਹੋ ਤਾਂ ਤੁਹਾਡੀ ਮੌਤ ਜੇਲ੍ਹ ਵਿੱਚ ਹੀ ਨਿਸ਼ਚਿਤ ਹੈ, ਪਰ ਤੁਹਾਡੀ ਮੌਤ ਬਾਹਰ ਦੇ ਹਸਪਤਾਲ ਵਿੱਚ ਇਲਾਜ ਦੌਰਾਨ ਹੀ ਦਿਖਾਈ ਜਾਵੇਗੀ।

ਜਦੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਮੈਨੂੰ ਸਰਾਇਕੇਲਾ ਜ਼ਿਲ੍ਹਾ ਜੇਲ੍ਹ ਵਿੱਚ ਭੇਜਿਆ ਗਿਆ, ਤਾਂ ਉੱਥੇ ਮੈਨੂੰ ਅਜਿਹੇ ਸੈੱਲ ਵਿੱਚ ਰੱਖਿਆ ਗਿਆ ਜਿਸਦੇ ਨਾਲ ਦੇ ਕਮਰਿਆਂ ਵਿੱਚ ਕੋਹੜ, ਟੀ.ਬੀ. ਤੇ ਏਡਜ਼ ਤੋਂ ਪੀੜਤ ਬੰਦੀ ਸਨ ਅਤੇ ਸਾਡਾ ਸਾਰਿਆਂ ਦਾ ਇਸ਼ਨਾਨਘਰ ਤੇ ਪਖ਼ਾਨਾ ਸਾਂਝਾ ਸੀ।

ਮੇਰੇ ਵਿਰੋਧ ਕਰਨ ’ਤੇ ਮੈਨੂੰ ਪੁਰਾਣੇ ਜਨਾਨਾ ਵਾਰਡ (ਭੂਤ ਬੰਗਲੇ ਦੇ ਨਾਂ ਨਾਲ ਪ੍ਰਸਿੱਧ) ਵਿੱਚ ਇੱਕਲੇ ਬੰਦ ਕਰ ਦਿੱਤਾ ਗਿਆ, ਜਿਸਦੀ ਛੱਤ ਤੋਂ ਬਾਰਸ਼ ਵਿੱਚ ਪਾਣੀ ਚੋਂਦਾ ਸੀ ਤੇ ਪੂਰੇ ਕਮਰੇ ਵਿੱਚ ਪਾਣੀ ਹੀ ਪਾਣੀ ਹੋ ਜਾਂਦਾ ਸੀ। ਨਤੀਜਾ, ਮੈਨੂੰ ਇੱਕ ਖੂੰਜੇ ਵਿੱਚ ਬੈਠ ਕੇ ਪੂਰਾ ਦਿਨ-ਰਾਤ ਗੁਜ਼ਾਰਨਾ ਪੈਂਦਾ ਸੀ। ਮੇਰੇ ਪਰਿਵਾਰ ਵਾਲਿਆਂ ਦੁਆਰਾ ਭੇਜੀ ਕਿਤਾਬ, ਕਾਪੀ ਤੇ ਕਲਮ ਵੀ ਜੇਲ੍ਹ ਪ੍ਰਸ਼ਾਸਨ ਨੇ ਮੈਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਖਾਣਾ ਬਿਲਕੁਲ ਵੀ ਖਾਣ ਯੋਗ ਨਹੀਂ ਸੀ। ਇਸਦੇ ਵਿਰੁੱਧ ਜਦੋਂ ਮੈਂ 15 ਅਗਸਤ ਨੂੰ ਭੁੱਖ ਹੜਤਾਲ ਕੀਤੀ, ਤਾਂ ਜਾ ਕੇ ਮੈਨੂੰ ਕਾਪੀ, ਕਿਤਾਬ, ਕਲਮ ਮਿਲੀ, ਪਰ ਮੇਰੇ ਜਨਮਦਿਨ ’ਤੇ ਮੇਰੇ ਮਿੱਤਰਾਂ ਦੁਆਰਾ ਮੈਨੂੰ ਭੇਜਿਆ ਪੋਸਟਕਾਰਡ ਵੀ ਨਹੀਂ ਦਿੱਤਾ ਗਿਆ।

ਬਿਰਸਾ ਮੁੰਡਾ ਸੈਂਟਰਲ ਜੇਲ੍ਹ ਹੋਟਵਾਰ (ਰਾਂਚੀ) ਵਿੱਚ ਤਾਂ ਮੇਰੀ ਲਿਖੀ ਕਿਤਾਬ ‘ਕੈਦਖ਼ਾਨੇ ਕਾ ਆਈਨਾ’ ਵੀ ਪਰਿਵਾਰ ਵਾਲਿਆਂ ਨੂੰ ਮੈਨੂੰ ਨਹੀਂ ਦੇਣ ਦਿੱਤੀ ਗਈ। ਕਿਹਾ ਗਿਆ ਕਿ ਇਸ ਵਿੱਚ ਜੇਲ੍ਹ ਪ੍ਰਬੰਧ ਦੇ ਖ਼ਿਲਾਫ਼ ਗੱਲਾਂ ਲਿਖੀਆਂ ਗਈਆਂ ਹਨ, ਹਾਲਾਂਕਿ ਇਹ ਕਿਤਾਬ ਅਮੇਜ਼ਨ ਤੇ ਫਲਿਪਕਾਰਟ ’ਤੇ ਮਿਲ ਰਹੀ ਹੈ। ਉੱਥੇ ਦੇ ਸੁਪਰਡੈਂਟ ਹਾਮਿਦ ਅਖ਼ਤਰ ਮੁਸਲਮਾਨ ਸਨ, ਪਰ ਉਨ੍ਹਾਂ ਨੇ ਜੇਲ੍ਹ ਲਾਇਬ੍ਰੇਰੀ ਵਿੱਚ ਮੌਜੂਦ ਤਸਲੀਮਾ ਨਸਰੀਨ ਦੀਆਂ ਸਾਰੀਆਂ ਕਿਤਾਬਾਂ ’ਤੇ ਪਾਬੰਦੀ ਲਗਾ ਦਿੱਤੀ ਸੀ ਤੇ ਉਸਨੂੰ ਬੰਦੀਆਂ ਨੂੰ ਪੜ੍ਹਨ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ।

ਬਾਅਦ ਵਿੱਚ, ਸ਼ਹੀਦ ਜੁੱਬਾ ਸਾਹਨੀ ਸੈਂਟਰਲ ਜੇਲ੍ਹ, ਭਾਗਲਪੁਰ ਵਿੱਚ ਵੀ ਮੈਂ ਦੇਖਿਆ ਕਿ ਤਸਲੀਮਾ ਨਸਰੀਨ ਦੀਆਂ ਕੁਝ ਕਿਤਾਬਾਂ ਨੂੰ ਪਾਬੰਦੀ ਲਗਾ ਕੇ ਜੇਲ੍ਹ ਲਾਇਬ੍ਰੇਰੀ ਦੀਆਂ ਕਿਤਾਬਾਂ ਦੀ ਸੂਚੀ ਵਿੱਚੋਂ ਹੀ ਬਾਹਰ ਕਰ ਦਿੱਤਾ ਗਿਆ ਸੀ, ਤਾਂਕਿ ਕੋਈ ਬੰਦੀ ਇਸਦੀ ਮੰਗ ਨਾ ਕਰੇ। ਬਿਰਸਾ ਮੁੰਡਾ ਸੈਂਟਰਲ ਜੇਲ੍ਹ ਵਿੱਚ ਮੈਂ ਜੇਲ੍ਹ ਪ੍ਰਸ਼ਾਸਨ ਤੋਂ ਇਤਿਹਾਸ ਵਿੱਚ ਐਮ.ਏ. ਕਰਨ ਦੀ ਇੱਛਾ ਜ਼ਾਹਰ ਕੀਤੀ, ਤਾਂ ਮੈਨੂੰ ਦੱਸਿਆ ਗਿਆ ਕਿ ਇੱਥੇ ਸਿਰਫ਼ ਨੈਸ਼ਨਲ ਇਸਟੀਚਿਊਟ ਆਫ ਓਪਨ ਸਕੂਲਿੰਗ ਤੋਂ 10ਵੀਂ ਤੇ 12ਵੀਂ ਦੀ ਪੜ੍ਹਾਈ ਦੀ ਸਹੂਲਤ ਹੈ।

ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਬਿਹਾਰ-ਝਾਰਖੰਡ ਦੀ ਕਿਸੇ ਵੀ ਜੇਲ੍ਹ ਵਿੱਚ ਸਨਾਤਕੋਤਰ (ਐਮ.ਏ.) ਦੀ ਪੜ੍ਹਾਈ ਦੀ ਸਹੂਲਤ ਇਗਨੂ (ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ) ਤੋਂ ਵੀ ਨਹੀਂ ਹੈ। ਇਸ ਲਈ ਮੈਨੂੰ ਇਗਨੂ ਦੇ ਰਾਮਗੜ੍ਹ (ਝਾਰਖੰਡ) ਸਟੱਡੀ ਸੈਂਟਰ ’ਤੇ ਐਮ.ਏ. ਵਿੱਚ ਆਪਣੇ ਨਿੱਜੀ ਖ਼ਰਚ ’ਤੇ ਦਾਖ਼ਲਾ ਲੈਣਾ ਪਿਆ।

**ਸੈੱਲ ਦੀ ਜ਼ਿੰਦਗੀ ਤੋੜ ਦਿੰਦੀ ਹੈ**

ਜੇਲ੍ਹਾਂ ਵਿੱਚ ਸਧਾਰਨ ਵਾਰਡ ਤੋਂ ਇਲਾਵਾ ਸੈੱਲ (ਅੰਡਾ ਸੈੱਲ, ਹਾਈ ਸੈਕਿਊਰਿਟੀ ਸੈੱਲ ਆਦਿ) ਵੀ ਹੁੰਦਾ ਹੈ। ਮੈਂ ਆਪਣੇ 42 ਮਹੀਨਿਆਂ ਦੇ ਜੇਲ੍ਹ ਜੀਵਨ ਵਿੱਚ 33 ਮਹੀਨੇ ਸੈੱਲ ਵਿੱਚ ਹੀ ਰਿਹਾ ਹਾਂ ਤੇ ਇਸ ਸਮੇਂ ਵੀ ਸੈੱਲ ਵਿੱਚ ਹੀ ਬੰਦ ਹਾਂ। ਸਧਾਰਨ ਵਾਰਡ ਦੇ ਬੰਦੀਆਂ ਨੂੰ ਤਾਂ ਕੁਝ ਹੱਕ ਵੀ ਹਾਸਲ ਹਨ ਜਾਂ ਕਹਿ ਸਕਦੇ ਹਾਂ ਕਿ ਕੁਝ ਸਹੂਲਤਾਂ ਵੀ ਹਾਸਲ ਹਨ, ਪਰ ਸੈੱਲ ਦੇ ਬੰਦੀ ਜ਼ਿਆਦਾਤਰ ਸਹੂਲਤਾਂ ਤੋਂ ਵਾਂਝੇ ਹਨ। ਇੱਥੇ ਮੈਂ ਉਨ੍ਹਾਂ ਸਹੂਲਤਾਂ ਦੀ ਗੱਲ ਕਰ ਰਿਹਾ ਹਾਂ ਜੋ ਸਰੀਰ ਤੇ ਦਿਮਾਗ ਦੇ ਸਿਹਤਮੰਦ ਰਹਿਣ ਲਈ ਹਰ ਇਨਸਾਨ ਲਈ ਜ਼ਰੂਰੀ ਹਨ, ਬੰਦੀ ਵਜੋਂ ਗ਼ੁਲਾਮ ਜ਼ਿੰਦਗੀ ਗੁਜ਼ਾਰਦੇ ਬੰਦੀਆਂ ਲਈ ਵੀ। ਜਿਵੇਂ ਸਧਾਰਨ ਵਾਰਡ ਦੇ ਬੰਦੀ ਜੇਲ੍ਹ ਵਿੱਚ ਆਯੋਜਿਤ ਸਿੱਖਿਆ-ਸਿਖਲਾਈ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਸਕਦੇ ਹਨ, ਪਰ ਸੈੱਲ ਦੇ ਬੰਦੀ ਨਹੀਂ ਲੈ ਸਕਦੇ।

ਸਧਾਰਨ ਵਾਰਡ ਵਿੱਚ ਟੀ.ਵੀ. ਤੇ ਜੇਲ੍ਹ ਰੇਡੀਓ (ਬਿਹਾਰ ਦੀਆਂ ਜੇਲ੍ਹਾਂ ਵਿੱਚ) ਦਾ ਸਪੀਕਰ ਲੱਗਿਆ ਹੁੰਦਾ ਹੈ, ਜਿਸ ਤੋਂ ਬੰਦੀਆਂ ਦਾ ਕੁਝ ਮਨੋਰੰਜਨ ਹੋ ਜਾਂਦਾ ਹੈ, ਮਾਨਸਿਕ ਤਨਾਅ ਤੋਂ ਰਾਹਤ ਮਿਲਦੀ ਹੈ ਪਰ ਸੈੱਲ ਵਿੱਚ ਅਜਿਹੀ ਕੋਈ ਸਹੂਲਤ ਨਹੀਂ ਹੈ। ਸਧਾਰਨ ਵਾਰਡ ਦੇ ਬੰਦੀ ਜੇਲ੍ਹ ਲਾਇਬ੍ਰੇਰੀ ਵਿੱਚ ਬੈਠ ਕੇ ਪੜ੍ਹ ਸਕਦੇ ਹਨ, ਪਰ ਸੈੱਲ ਦੇ ਬੰਦੀ ਉੱਥੇ ਨਹੀਂ ਬੈਠ ਸਕਦੇ। ਸਧਾਰਨ ਵਾਰਡ ਦੇ ਬੰਦੀ ਜੇਲ੍ਹ ਦੇ ਮੈਦਾਨ ਵਿੱਚ ਖੇਡ-ਕੁੱਦ ਸਕਦੇ ਹਨ, ਪੂਰੀ ਜੇਲ੍ਹ ਵਿੱਚ ਘੁੰਮ-ਫਿਰ ਸਕਦੇ ਹਨ, ਪਰ ਸੈੱਲ ਦੇ ਬੰਦੀ ਸੈੱਲ ਤੋਂ ਬਾਹਰ ਨਹੀਂ ਨਿਕਲ ਸਕਦੇ। ਕਹਿ ਸਕਦੇ ਹਾਂ ਕਿ ਸੈੱਲ, ਜੇਲ੍ਹ ਦੇ ਅੰਦਰ ਜੇਲ੍ਹ ਹੈ।

ਸੈੱਲ ਵਿੱਚ ਆਮ ਤੌਰ ’ਤੇ ਜੇਲ੍ਹ ਪ੍ਰਸ਼ਾਸਨ ਅਜਿਹੇ ਬੰਦੀਆਂ ਨੂੰ ਰੱਖਦੇ ਹਨ ਜੋ ਸਧਾਰਨ ਵਾਰਡ ਵਿੱਚ ਗ਼ੈਰ-ਕਾਨੂੰਨੀ ਮੋਬਾਈਲ ਦੀ ਵਰਤੋਂ ਕਰਨ, ਨਸ਼ਾ ਕਰਨ ਤੇ ਮਾਰ-ਕੁੱਟ ਕਰਨ ਦੇ ਦੋਸ਼ੀ ਪਾਏ ਜਾਂਦੇ ਹਨ। ਪਰ ਹੁਣ ਸੈੱਲ ਵਿੱਚ ਅਜਿਹੇ ਬੰਦੀਆਂ ਨੂੰ ਵੀ ਰੱਖਿਆ ਜਾਣ ਲੱਗਿਆ ਹੈ, ਜੋ ਆਪਣੇ ਤੇ ਬੰਦੀਆਂ ਦੇ ਹੱਕਾਂ ਦੇ ਘਾਣ ਵਿਰੁੱਧ ਉਨ੍ਹਾਂ ਲਈ ਆਵਾਜ਼ ਉਠਾਉਂਦੇ ਹਨ। ਉਨ੍ਹਾਂ ਨੂੰ ਸੈੱਲ ਵਿੱਚ ਬੰਦ ਕਰਕੇ ਉਨ੍ਹਾਂ ਤੋਂ ਸਾਰੇ ਅਧਿਕਾਰ ਖੋਹ ਲਏ ਜਾਂਦੇ ਹਨ।

ਜਿਹੜੇ ਬੰਦੀ ਬੰਦੀ ਹੱਕਾਂ ਲਈ ਆਵਾਜ਼ ਉਠਾਉਂਦੇ ਰਹਿੰਦੇ ਹਨ, ਉਨ੍ਹਾਂ ਨੂੰ ਪ੍ਰਸ਼ਾਸਕੀ ਲਗਾ ਕੇ ਦੂਸਰੀਆਂ ਜੇਲ੍ਹਾਂ ਵਿੱਚ ਵੀ ਭੇਜ ਦਿੱਤਾ ਜਾਂਦਾ ਹੈ, ਜਿਨ੍ਹਾਂ ’ਤੇ ਉੱਥੇ ਪਹੁੰਚਦੇ ਹੀ ਜੇਲ੍ਹ ਗੇਟ ਤੋਂ ਲੈ ਕੇ ਕੇਂਦਰ ਸਥਲ (ਗੁਮਟੀ) ਤੱਕ ਅਣਗਿਣਤ ਲਾਠੀਆਂ ਵਰਸਾਈਆਂ ਜਾਂਦੀਆਂ ਹਨ।

**ਜੇਲ੍ਹਾਂ ਵਿੱਚ ਭ੍ਰਿਸ਼ਟਾਚਾਰ, ਪਰ ਸੁਣਵਾਈ ਨਹੀਂ**

ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਸਥਾਨਕ ਅਦਾਲਤ, ਉੱਚ ਅਦਾਲਤ ਜਾਂ ਸਰਵਉੱਚ ਅਦਾਲਤ ਦੇ ਆਦੇਸ਼ਾਂ ਦਾ ਵੀ ਕੋਈ ਅਸਰ ਨਹੀਂ ਪੈਂਦਾ। ਜਦ ਕੋਈ ਬੰਦੀ ਸੀਨੀਅਰ ਅਧਿਕਾਰੀਆਂ ਨੂੰ ਜੇਲ੍ਹ ਦੇ ਭ੍ਰਿਸ਼ਟ ਪ੍ਰਬੰਧ ਦੀ ਸ਼ਿਕਾਇਤ ਕਰਦੇ ਹਨ, ਤਾਂ ਜੇਲ੍ਹ ਪ੍ਰਸ਼ਾਸਨ ਆਪਣੇ ਦਲਾਲ ਬੰਦੀਆਂ ਦੇ ਬਿਆਨ ਕਲਮਬੱਧ ਕਰਕੇ ਰਿਪੋਰਟ ਬਣਾ ਕੇ ਭੇਜ ਦਿੰਦੇ ਹਨ ਕਿ ਜੇਲ੍ਹ ਵਿੱਚ ਸਭ ਕੁਝ ਸਹੀ ਹੈ। ਜੇ ਕਦੇ ਜਾਂਚ ਲਈ ਅਧਿਕਾਰੀ ਆ ਜਾਣ, ਤਾਂ ਜੇਲ੍ਹ ਅਧਿਕਾਰੀ ਉਨ੍ਹਾਂ ਨੂੰ ਸਿਰਫ਼ ਆਪਣੇ ਦਲਾਲ ਬੰਦੀਆਂ ਨਾਲ ਹੀ ਮਿਲਾਉਂਦੇ ਹਨ, ਬਾਕੀ ਬੰਦੀਆਂ ਨੂੰ ਉਨ੍ਹਾਂ ਦੇ ਆਪੋ-ਆਪਣੇ ਵਾਰਡ ਵਿੱਚ ਬੰਦ ਕਰ ਦਿੰਦੇ ਹਨ।

ਹਾਲ ਹੀ ਵਿੱਚ 18 ਜਨਵਰੀ 2026 ਨੂੰ ਪਟਨਾ ਹਾਈਕੋਰਟ ਦੇ ਮਾਨਯੋਗ ਚੀਫ਼ ਜਸਟਿਸ ਸੰਗਮ ਕੁਮਾਰ ਸਾਹੂ, ਜੇਲ੍ਹ ਆਈ.ਜੀ. ਪ੍ਰਣਵ ਕੁਮਾਰ ਸਮੇਤ ਕਈ ਅਧਿਕਾਰੀ ਆਦਰਸ਼ ਸੈਂਟਰਲ ਜੇਲ੍ਹ ਵਿੱਚ ਆਏ ਤੇ ਜੇਲ੍ਹ ਦਾ ਮੁਆਇਨਾ ਕੀਤਾ, ਜਿਸ ਦੌਰਾਨ ਸਾਰੇ ਬੰਦੀਆਂ ਨੂੰ ਆਪਣੇ-ਆਪਣੇ ਵਾਰਡ ਵਿੱਚ ਬੰਦ ਕਰ ਦਿੱਤਾ ਗਿਆ। ਅਤੇ ਉਨ੍ਹਾਂ ਹੀ ਲੋਕਾਂ ਦੇ ਰੂ-ਬਰੂ ਕਰਵਾਇਆ ਗਿਆ ਜੋ ਜੇਲ੍ਹ ਪ੍ਰਸ਼ਾਸਨ ਦੀ ਦਲਾਲੀ ਕਰਦੇ ਹਨ। ਬਾਕੀ ਸਾਡੇ ਵਰਗੇ ਸਧਾਰਨ ਬੰਦੀ ਤਾਂ ਕਦੇ ਵੀ ਉਨ੍ਹਾਂ ਦੇ ਸਾਹਮਣੇ ਨਹੀਂ ਲਿਆਂਦੇ ਜਾਂਦੇ।

ਮੈਂ ਇਸ ਜੇਲ੍ਹ ਵਿੱਚ ਵਿਆਪਕ ਭ੍ਰਿਸ਼ਟਾਚਾਰ ਤੇ ਬੰਦੀਆਂ ਦੇ ਸ਼ੋਸ਼ਣ ਤੇ ਜਬਰ-ਤਸ਼ੱਦਦ ਬਾਰੇ ਦਰਖ਼ਾਸਤ ਪਟਨਾ ਡੀ.ਐਮ. ਨੂੰ 15 ਦਸੰਬਰ 2025 ਨੂੰ ਭੇਜੀ ਹੈ, ਜਿਸਦੀ ਕਾਪੀ ਬਿਹਾਰ ਦੇ ਉਪ-ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸਮਰਾਟ ਚੌਧਰੀ ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਨੂੰ ਵੀ ਭੇਜੀ ਹੈ, ਜਿਸ ’ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ।

ਜੇਲ੍ਹ ਦਾ ਭ੍ਰਿਸ਼ਟਾਚਾਰ ਸਿਖ਼ਰ ’ਤੇ ਹੈ, ਇਸਨੂੰ ਚਾਲੂ ਰੱਖਣ ਲਈ ਆਵਾਜ਼ ਉਠਾਉਣ ਵਾਲੇ ਬੰਦੀਆਂ ਦੇ ਹੱਕ ਖੋਹੇ ਜਾਂਦੇ ਹਨ ਅਤੇ ਕਿਉਂਕਿ ਇਨ੍ਹਾਂ ’ਤੇ ਕਦੇ ਰੋਕ ਨਹੀਂ ਲੱਗਦੀ, ਇਸ ਲਈ ਬੇਖ਼ੌਫ਼ ਹੋ ਕੇ ਇਹ ਭ੍ਰਿਸ਼ਟਾਚਾਰ ਵਿੱਚ ਗ੍ਰਸੇ ਹੋਏ ਹਨ। ਉਂਝ ਵੀ ਜੇਲ੍ਹ ਵਿੱਚ ਇਹ ਗੱਲ ਪ੍ਰਚਲਤ ਹੈ ਕਿ ਜੇਲ੍ਹ ਪ੍ਰਸ਼ਾਸਨ ਆਪਣੇ ਭ੍ਰਿਸ਼ਟਾਚਾਰ ਦੀ ਕਮਾਈ ਦਾ ਇੱਕ ਵੱਡਾ ਹਿੱਸਾ ਮੰਤਰੀਆਂ ਤੇ ਸੀਨੀਅਰ ਅਧਿਕਾਰੀਆਂ ਨੂੰ ਵੀ ਦਿੰਦਾ ਹੈ, ਇਸ ਲਈ ਉਹ ਕੋਈ ਕਾਰਵਾਈ ਨਹੀਂ ਕਰਦੇ। ਫਿਰ ਵੀ ਜੇ ਕੋਈ ਜਾਂਚ ਟੀਮ ਆ ਵੀ ਜਾਵੇ, ਤਾਂ

ਮੋਟੀ ਰਕਮ ਦੇ ਕੇ ਜੇਲ੍ਹ ਪ੍ਰਸ਼ਾਸਨ ਸਭ ਕੁਝ ਮੈਨੇਜ ਕਰ ਲੈਂਦਾ ਹੈ।

ਮੈਂ ਕੁਝ ਮਹੀਨਿਆਂ ਤੋਂ ਉੱਚ (ਬੈਡ) ਕੋਲੈਸਟ੍ਰੋਲ, ਹਾਈ ਟ੍ਰਾਈਗਲਿਸਰਾਈਡਜ਼, ਐਲਰਜੀ, ਐੱਲ 5 ਡਿਸਕ ਸਲਿਪ ਤੇ ਯਾਦਦਾਸ਼ਤ ਘਟਣ ਦੀਆਂ ਸਮੱਸਿਆਵਾਂ ਤੋਂ ਪੀੜਤ ਹਾਂ। ਪਟਨਾ ਦੀ ਸਪੈਸ਼ਲ ਐੱਨਆਈਏ ਕੋਰਟ ਦੁਆਰਾ ਆਦਰਸ਼ ਸੈਂਟਰਲ ਜੇਲ੍ਹ, ਬੇਊਰ (ਪਟਨਾ) ਦੇ ਸੁਪਰਡੈਂਟ ਨੂੰ ਮੇਰੇ ਇਲਾਜ ਲਈ 11 ਦਸੰਬਰ 2025 ਨੂੰ ਲਿਖਤੀ ਹੁਕਮ ਦਿੱਤਾ ਗਿਆ ਹੈ ਪਰ ਜੇਲ੍ਹ ਪ੍ਰਸ਼ਾਸਨ ਦੁਆਰਾ ਅਜੇ ਤੱਕ ਕੋਈ ਇਲਾਜ ਨਹੀਂ ਕਰਵਾਇਆ ਗਿਆ ਹੈ। ਇਸ ਤੋਂ ਪਹਿਲਾਂ 01 ਨਵੰਬਰ 2025 ਨੂੰ ਵੀ ਜੇਲ੍ਹ ਪ੍ਰਸ਼ਾਸਨ ਨੂੰ ਕੋਰਟ ਦੁਆਰਾ ਇਲਾਜ ਲਈ ਹੁਕਮ ਦਿੱਤਾ ਗਿਆ ਸੀ।

ਇਸ ਤੋਂ ਪਹਿਲਾਂ ਵੀ ਸਿਹਤ ਸਮੱਸਿਆ ਨੂੰ ਲੈ ਕੇ ਕੋਰਟ ਵਿੱਚ ਅਰਜ਼ੀਆਂ ਲਗਾਈਆਂ ਗਈਆਂ ਸਨ, ਉਦੋਂ ਮੈਂ ਭਾਗਲਪੁਰ ਸ਼ਹੀਦ ਜ਼ੁੱਬਾ ਸਾਹਨੀ ਸੈਂਟਰਲ ਜੇਲ੍ਹ ਵਿੱਚ ਸੀ। ਉੱਥੇ ਅਦਾਲਤ ਵੱਲੋਂ ਹੁਕਮ ਹੋਣ ਤੋਂ ਬਾਅਦ ਤੇ ਸਿਹਤ ਸਮੱਸਿਆ ਨੂੰ ਲੰਮੇ ਸਮੇਂ ਤੱਕ ਝੱਲਣ ਤੋਂ ਬਾਅਦ ਹੀ ਮੈਨੂੰ ਹਸਪਤਾਲ ਵਿੱਚ ਦਿਖਾਇਆ ਗਿਆ ਸੀ। ਪਰ ਬੇਊਰ ਜੇਲ੍ਹ ਪ੍ਰਸ਼ਾਸਨ ਉਸ ਤੋਂ ਵੀ ਅੱਗੇ ਨਿਕਲ ਚੁੱਕਾ ਹੈ, ਲੰਮੇ ਸਮੇਂ ਤੇ ਦੋ-ਦੋ ਵਾਰ ਅਦਾਲਤੀ ਹੁਕਮ ਜਾਰੀ ਹੋਣ ਦੇ ਬਾਅਦ ਵੀ ਇਨ੍ਹਾਂ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ।

ਇਹ ਕੋਈ ਨਵੀਂ ਗੱਲ ਨਹੀਂ ਹੈ। ਮੇਰੇ ਏਨੇ ਸਾਲਾਂ ਦਾ ਅਨੁਭਵ ਇਹੀ ਕਹਿੰਦਾ ਹੈ ਕਿ ਕਿਸੇ ਕੇਸ ਵਿੱਚ ਅਦਾਲਤ ਦਾ ਹੁਕਮ ਹੋਣ ਤੋਂ ਬਾਅਦ ਵੀ ਜੇਲ੍ਹ ਪ੍ਰਸ਼ਾਸਨ ਅਕਸਰ ਉਸਦਾ ਪਾਲਣ ਨਹੀਂ ਕਰਦੀ ਤੇ ਵਾਰ-ਵਾਰ ਹੁਕਮ ਦੇ ਕੇ ਕੋਰਟ ਵੀ ਥੱਕ ਜਾਂਦੀ ਹੈ। ਇਸ ਤਰ੍ਹਾਂ ਬੰਦੀਆਂ ਦੇ ਬਹੁਤ ਸਾਰੇ ਕੇਸ ਲੰਮੇ ਸਮੇਂ ਤੱਕ ਲਟਕੇ ਹੀ ਰਹਿ ਜਾਂਦੇ ਹਨ ਜਾਂ ਫਿਰ ਇੱਕ ਥਕਾਊ ਅਰਸੇ ਤੋਂ ਬਾਅਦ ਅਮਲ ਵਿੱਚ ਆਉਂਦੇ ਹਨ। ਪੂਰੇ ਮੁਲਕ ਦੀਆਂ ਅਦਾਲਤਾਂ ਲਈ ਅਜਿਹਾ ਕੋਈ ਖੇਤਰਾਧਿਕਾਰ ਨਹੀਂ ਹੈ ਜੋ ਜੇਲ੍ਹ ਦੀਆਂ ਮਨਮਾਨੀਆਂ ਉੱਪਰ ਅਦਾਲਤ ਦੀ ਅਥਾਰਟੀ ਸਥਾਪਤ ਕਰ ਸਕੇ ਤੇ ਜੇਲ੍ਹਾਂ ਦੇ ਬੰਦੀਆਂ ਦੇ ਹੱਕਾਂ ਨੂੰ ਬਚਾ ਸਕੇ।

ਆਦਰਸ਼ ਸੈਂਟਰਲ ਜੇਲ੍ਹ, ਬੇਊਰ (ਪਟਨਾ) ਦੇ ਸੁਪਰਡੈਂਟ ਦੀ ਤਾਨਾਸ਼ਾਹੀ ਤਾਂ ਇਸ ਹੱਦ ਤੱਕ ਹੈ ਕਿ ਉਹ ਬੰਦੀਆਂ ਦੁਆਰਾ ਅਦਾਲਤ ਦੇ ਨਾਂ ਭੇਜੀਆਂ ਅਰਜ਼ੀਆਂ ਨੂੰ ਵੀ ਅਦਾਲਤ ਨੂੰ ਨਹੀਂ ਭੇਜਦਾ। ਬੰਦੀਆਂ ਨੂੰ 'ਬੰਦੀ ਅਰਜ਼ੀ-ਪੱਤਰ' ਦੇਣ ਤੋਂ ਸਾਫ਼ ਇਨਕਾਰ ਕਰ ਦਿੰਦਾ ਹੈ। 74 ਸਾਲਾ ਮਾਓਵਾਦੀ ਆਗੂ ਪ੍ਰਮੋਦ ਮਿਸ਼ਰਾ ਸੈੱਲ ਵਿੱਚ ਮੇਰੇ ਕਮਰੇ ਦੇ ਨਾਲ ਵਾਲੇ ਕਮਰੇ ਵਿੱਚ ਹੀ ਹਨ, ਉਨ੍ਹਾਂ ਨੇ ਦਸੰਬਰ 2025 ਵਿੱਚ 'ਬੰਦੀ ਅਰਜ਼ੀ-ਪੱਤਰ' 'ਤੇ ਸਪੈਸ਼ਲ ਐੱਨਆਈਏ ਕੋਰਟ, ਪਟਨਾ, ਸਪੈਸ਼ਲ ਐੱਨਆਈਏ ਕੋਰਟ, ਰਾਂਚੀ ਤੇ ਪ੍ਰਧਾਨ ਮੰਤਰੀ ਦੇ ਨਾਂ 'ਤੇ ਅਰਜ਼ੀਆਂ ਜੇਲ੍ਹ ਦਫ਼ਤਰ ਨੂੰ ਦਿੱਤੀਆਂ, ਪਰ ਜੇਲ੍ਹ ਪ੍ਰਸ਼ਾਸਨ ਨੇ ਇਨ੍ਹਾਂ ਤਿੰਨਾਂ ਵਿੱਚੋਂ ਇੱਕ ਵੀ ਅਰਜ਼ੀ ਅੱਗੇ ਨਹੀਂ ਭੇਜੀ।

ਸਿੱਟੇ ਵਜੋਂ, ਉਨ੍ਹਾਂ ਨੇ 26 ਜਨਵਰੀ 2026 ਤੋਂ ਅਣਮਿੱਥੇ ਸਮੇਂ ਲਈ ਭੁੱਖ-ਹੜਤਾਲ ਦਾ ਐਲਾਨ ਕਰ ਦਿੱਤਾ ਹੈ, ਪਰ ਹੁਣ ਉਨ੍ਹਾਂ ਨੂੰ ਬੰਦੀ ਅਰਜ਼ੀ-ਪੱਤਰ ਵੀ ਨਹੀਂ ਦਿੱਤਾ ਜਾ ਰਿਹਾ।

'ਮਧੁਕਰ ਭਗਵਾਨ ਸੰਭਾਲੇ ਬਨਾਮ ਮਹਾਰਾਸ਼ਟਰ ਰਾਜ ਅਤੇ ਹੋਰ' (1987) ਵਿੱਚ, ਸੁਪਰੀਮ ਕੋਰਟ ਨੇ ਕਿਹਾ ਹੈ ਕਿ ÷ਅਸੀਂ ਇਹ ਸਮਝਣ ਵਿੱਚ ਨਾਕਾਮ ਰਹੇ ਹਾਂ ਕਿ ਕੈਦੀ ਨੂੰ ਜੇਲ੍ਹ ਪ੍ਰਸ਼ਾਸਨ ਦੇ ਖ਼ਿਲਾਫ਼ ਆਪਣੀਆਂ ਸ਼ਿਕਾਇਤਾਂ ਨੂੰ ਆਪਣੀ ਚਿੱਠੀ ਦੇ ਰਾਹੀਂ ਬਾਹਰੀ ਦੁਨੀਆ ਸਾਹਮਣੇ ਕਿਉਂ ਨਹੀਂ ਰੱਖਣਾ ਚਾਹੀਦਾ...। ਦੋਸ਼ਸਿੱਧ ਹੋਣ 'ਤੇ ਜੇਲ੍ਹ ਵਿੱਚ ਬੰਦ ਹੋਣ ਕਾਰਨ, ਕੈਦੀ ਰਾਜਨੀਤਕ ਤੋਂ ਹੱਕ ਖੋਹੇ ਨਹੀਂ ਜਾਂਦੇ।'

ਕੀ ਇਸ 'ਗਣਤੰਤਰ' ਦੇ ਬੰਦੀਆਂ ਨੂੰ ਸੁਪਰੀਮ ਕੋਰਟ ਦੇ ਕਥਨ ਅਨੁਸਾਰ ਤੇ ਸੰਵਿਧਾਨ ਵਿਚ ਦਿੱਤੇ ਮੌਲਿਕ ਹੱਕ ਕਦੇ ਹਾਸਲ ਹੋਣਗੇ? 'ਜੇਲ੍ਹ ਅਪਵਾਦ ਹੈ ਤੇ ਜ਼ਮਾਨਤ ਨਿਯਮ,' ਕੀ ਇਹ ਕਦੇ ਇਹ ਜ਼ਮੀਨੀ ਹਕੀਕਤ ਉੱਪਰ ਸਾਕਾਰ ਹੋਵੇਗਾ ਜਾਂ ਜੇਲ੍ਹਾਂ ਦੇ ਤਸੀਹਾ ਘਰਾਂ ਵਿੱਚ ਬੰਦੀਆਂ ਨੂੰ ਦਰੜ ਕੇ ਭ੍ਰਿਸ਼ਟ ਅਧਿਕਾਰੀਆਂ ਦੀਆਂ ਪੌਂ-ਬਾਰਾਂ ਇਸੇ ਤਰ੍ਹਾਂ ਚੱਲਦੀਆਂ ਰਹਿਣਗੀਆਂ?

ਕੀ ਸੱਚਾ ਗਣਤੰਤਰ ਸਥਾਪਤ ਕਰਨ ਲਈ ਭਾਰਤ ਦਾ ਅਵਾਮ ਸੜਕਾਂ 'ਤੇ ਆਵੇਗਾ? ਇਸਦਾ ਜਵਾਬ ਹੀ 'ਗਣਤੰਤਰ' ਦੇ ਬੰਦੀਆਂ ਦਾ ਭਵਿੱਖ ਤੈਅ ਕਰੇਗਾ।

# ਮੋਦੀ ਹਕੂਮਤ ਦਾ ਮੀਆਂਮਿੱਠੂ ਬਣਿਆ ਅਦਾਲਤੀ ਢਾਂਚਾ



ਡਾ. ਬਲਜਿੰਦਰ
94170-79720
singh.drbaljinder@gmail.com

ਮੁਲਕ ਦੀ ਸੁਪਰੀਮ ਕੋਰਟ ਨੇ ਆਪਣੇ 29 ਜਨਵਰੀ ਦੇ ਇੱਕ ਹੁਕਮ 'ਚ ਕਿਹਾ ਹੈ ਕਿ ਘਰੇਲੂ ਕਾਮਗਾਰ ਯਾਨੀ ਕਿ ਘਰਾਂ 'ਚ ਕੰਮ ਕਰਨ ਵਾਲੇ ਔਰਤਾਂ ਤੇ ਮਰਦਾਂ ਦਾ ਸੰਵਿਧਾਨ ਦੀ ਧਾਰਾ 23 ਮੁਤਾਬਕ ਘੱਟੋ ਘੱਟ ਤਨਖ਼ਾਹਾਂ ਤੇ ਭੱਤਿਆਂ ਦੀ ਮੰਗ ਕਰਨ ਦਾ ਕੋਈ ਵੀ ਬੁਨਿਆਦੀ ਹੱਕ ਨਹੀਂ ਬਣਦਾ। ਅਦਾਲਤ ਨੇ ਇਸ ਸਬੰਧ ਵਿੱਚ ਅਜਿਹਾ ਕੋਈ ਵੀ ਹੁਕਮ ਜਾਰੀ ਕਰਨ ਤੋਂ ਨਾ ਸਿਰਫ ਇਨਕਾਰ ਹੀ ਕੀਤਾ ਹੈ ਬਲਕਿ ਇਸਨੇ ਪਿਛਲੇ 40 ਸਾਲਾਂ ਦੇ ਆਵਦੇ ਸੰਵਿਧਾਨਕ ਅਧਿਕਾਰ ਦੀ ਵੀ ਉਲੰਘਣਾ ਕੀਤੀ ਹੈ। ਸੁਪਰੀਮ ਕੋਰਟ ਦਾ ਇਹ ਪਿੱਛਲਮੋੜਾ ਹੈਰਾਨੀਜਨਕ ਹੈ ਕਿ 1982 ਤੋਂ ਲੈ ਕੇ ਇਹ ਪਟੀਸ਼ਨ ਕਰਤਾਵਾਂ ਨੂੰ ਅਜਿਹੀ ਰਾਹਤ ਪ੍ਰਦਾਨ ਕਰਦੀ ਆ ਰਹੀ ਹੈ ਕਿ ਹਰ ਵਰਗ ਦੀ ਆਪਣੇ ਕਰਮ ਖੇਤਰ ਮੁਤਾਬਕ ਕੁੱਝ ਨਾ ਕੁੱਝ ਘੱਟੋ ਘੱਟ ਉਜਰਤ ਤਹਿ ਕੀਤੀ ਜਾਣੀ ਚਾਹੀਦੀ ਹੈ ਅਤੇ ਅਦਾਲਤ ਇਹ ਤਹਿ ਕਰਦੀ ਆਈ ਹੈ। ਅਦਾਲਤ ਵੱਲੋਂ ਇਹ ਫ਼ੈਸਲਾ ਪੈੱਨ ਥੋਡੀਲਾਲਾਰਗਲ ਸੰਗਮ ਵੱਲੋਂ ਦਾਇਰ ਇੱਕ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਦਿੱਤਾ ਗਿਆ।

ਇਹ ਫ਼ੈਸਲਾ ਇਸ ਲਈ ਵੀ ਜ਼ਿਕਰ ਕਰਨ ਯੋਗ ਹੈ ਕਿਉਂਕਿ ਮੁਲਕ ਭਰ ਦੇ ਘਰੇਲੂ ਕਾਮਗਾਰਾਂ ਦੀਆਂ ਦਸ ਯੂਨੀਅਨਾਂ ਤੇ ਐਸੋਸੀਏਸ਼ਨਾਂ ਨੇ ਸਰਵ ਉੱਚ ਅਦਾਲਤ ਸਾਹਮਣੇ ਇਹ ਅਰਜ਼ੀ ਦਿੱਤੀ ਸੀ ਕਿ ਇਹ ਉਹਨਾਂ ਦਾ ਮੁੱਢਲਾ ਅਧਿਕਾਰ ਹੈ ਅਤੇ ਆਰਥਕ ਤੰਗੀਆਂ ਤੁਰਸ਼ੀਆਂ ਕਾਰਨ ਅਗਰ ਕਿਸੇ ਵਿਅਕਤੀ ਨੂੰ ਆਪਣੇ ਆਪਦੇ ਸ਼ੋਸ਼ਤ ਹੋਣ ਤੋਂ ਬਚਣ ਲਈ ਕੋਈ ਨਾ ਕੋਈ ਘੱਟੋ ਘੱਟ ਤਨਖ਼ਾਹਾਂ ਤੇ ਭੱਤੇ ਲੋੜੀਂਦੇ ਹੁੰਦੇ ਹਨ। ਅਜਿਹੇ ਬੰਧੂਆ ਮਜ਼ਦੂਰੀ ਵਾਲੇ ਸ਼ੋਸ਼ਣ ਤੋਂ ਬਚਣ ਲਈ ਸੰਵਿਧਾਨ ਦੀ ਧਾਰਾ 23 ਤਹਿਤ ਹੱਕ ਰਾਖਵੇਂ ਕੀਤੇ ਹੋਏ ਹਨ ਤਾਂ ਜੋ ਉਹ ਵਗਾਰ ਵਾਲੀ ਗੁਲਾਮੀ ਦੇ ਗੇੜ ਵਿੱਚ ਫਸਣੋਂ ਬਚ ਸਕਣ ਜਿਹੋ ਜਿਹੀ ਬੰਧੂਆ ਮਜ਼ਦੂਰੀ ਕਰਵਾਏ ਜਾਣ ਦਾ ਮਸਲਾ ਭੱਠਾ ਮਜ਼ਦੂਰਾਂ ਦੇ ਮਾਮਲੇ ਵਿੱਚ ਪਿਛਲੇ ਸਮੇਂ ਦੌਰਾਨ ਸਾਹਮਣੇ ਆਇਆ ਸੀ।

ਇਹਦੇ ਨਾਲ ਹੀ ਸੁਪਰੀਮ ਕੋਰਟ ਦਾ ਇਹ ਫੈਸਲਾ ਸੁਣਾਉਂਦਿਆਂ ਪਟੀਸ਼ਨ ਕਰਤਾਵਾਂ ਨੂੰ ਬੜੀ ਹੀ ਬੇਸ਼ਰਮੀ ਤੇ ਨਿੱਘਰੀ ਹੋਈ ਮਾਨਸਿਕਤਾ ਨਾਲ ਇਹ ਵੀ ਮੱਤ ਦੇਣੀ ਕਿ ਅਗਰ ਥੋਡੀ ਗੱਲ ਮੰਨਦਿਆਂ ਅਸੀਂ ਯਾਨੀ ਕਿ ਕੋਰਟ ਕੋਈ ਘੱਟੋ ਘੱਟ ਉਜਰਤ ਨਿਰਧਾਰਤ ਕਰ ਵੀ ਦਿੰਦੇ ਹਾਂ ਤਾਂ ਧਿਆਨ ਰੱਖਿਓ, ਥੋਨੂੰ ਕਿਸੇ ਨੇ ਕੰਮ 'ਤੇ ਵੀ ਨਹੀਂ ਲਾਉਣਾ ਅਤੇ ਦਰ ਦਰ ਦੀਆਂ ਠੋਕਰਾਂ ਖਾਂਦੇ ਫਿਰੋਂਗੇ।

ਅਜਿਹੇ ਮਾਮਲੇ ਅਦਾਲਤਾਂ ਅੰਦਰ ਅਕਸਰ ਹੀ ਬਹਿਸ ਅਧੀਨ ਲਿਆਏ ਜਾਂਦੇ ਰਹੇ ਹਨ। ਕਦੇ ਕਿਸੇ ਰੂਪ ਵਿੱਚ ਅਤੇ ਕਦੇ ਕਿਸੇ ਸ਼ਕਲ ਵਿੱਚ। ਸਾਡੇ ਮੁਲਕ ਦੇ ਹਾਕਮ ਭਾਰਤੀ ਸੰਵਿਧਾਨ ਦੀਆਂ ਵਡਿਆਈਆਂ ਮਾਰਦੇ ਥੱਕਦੇ ਨਹੀਂ ਕਿ ਇਹ ਦੁਨੀਆਂ ਦੀ ਸੱਭ ਤੋਂ ਵੱਡੀ ਜਮਹੂਰੀਅਤ ਵਾਲਾ ਰਾਜ ਹੈ ਅਤੇ ਇਹਦਾ ਸੰਵਿਧਾਨ ਦੁਨੀਆਂ ਦੇ ਸੱਭ ਤੋਂ ਆਹਲਾ ਸੰਵਿਧਾਨਾਂ ਦੇ ਸਾਰ ਸਮੋਈ ਬੈਠਾ ਹੈ। ਇਸ ਸੰਵਿਧਾਨ ਅਨੁਸਾਰ ਰਾਜ ਪ੍ਰਬੰਧ ਨੂੰ ਸਹੀ ਢੰਗ ਨਾਲ ਚਲਾਉਣ ਲਈ ਸ਼ਕਤੀਆਂ ਦੇ ਸੰਤੁਲਨ ਨੂੰ ਬਣਾਈ ਰੱਖਣ ਲਈ ਇਹਨੂੰ ਤਿੰਨ ਭਾਗਾਂ - ਕਾਰਜਪਾਲਿਕਾ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਵਿੱਚ ਵੰਡਿਆ ਹੋਇਆ ਹੈ।

ਉਹਨਾਂ ਦੀ ਵਿਧਾਨਪਾਲਿਕਾ ਯਾਨੀ ਕਿ ਵੋਟਾਂ ਰਾਹੀਂ ਚੁਣੇ ਗਏ ਕਹਾਏ ਜਾਂਦੇ ਲੋਕਾਂ ਦੇ ਨੁਮਾਇੰਦੇ ਅਤੇ ਕਾਰਜਪਾਲਿਕਾ ਤੋਂ ਭਾਵ ਉਸ ਅਫ਼ਸਰਸ਼ਾਹੀ ਤੋਂ ਹੈ ਜਿਹੜੀ ਕਿ ਕਿਸੇ ਵੀ ਪਾਰਟੀ ਦੀ ਸਰਕਾਰ ਤਾਕਤ ਵਿੱਚ ਆਉਣ 'ਤੇ ਅਬਦਲ ਰਹਿੰਦੀ ਹੈ।




ਸਾਡੇ ਮੁਲਕ ਅੰਦਰ ਚੱਲਣ ਵਾਲੇ ਜਮਹੂਰੀ ਤਰਜ਼ ਦੇ ਢਾਂਚੇ ਅੰਦਰ ਇਹ ਅਫਸਰਸ਼ਾਹੀ ਹੀ ਹੈ ਜਿਹੜੀ ਕਿ ਹਾਕਮ ਜਮਾਤ ਦੀਆਂ ਨੀਤੀਆਂ ਨੂੰ ਹਕੀਕਤ ਵਿੱਚ ਸਰਕਾਰੀ ਜਾਮਾ ਪਹਿਨਾਉਂਦੀ ਹੈ। ਅਤੇ ਅਦਾਲਤੀ ਢਾਂਚਾ ਇਹਨਾਂ ਦੀ ਨਜ਼ਰਸਾਨੀ ਕਰਨ ਲਈ ਤਿਆਰ ਕੀਤਾ ਗਿਆ ਹੈ। ਆਪਣੇ ਲੋਕ ਵਿਰੋਧੀ ਕਿਰਦਾਰ ਕਰਕੇ ਜਮਹੂਰੀਅਤ ਦੇ ਇਹ ਦੋਵੇਂ ਸਤੰਭ ਪਹਿਲਾਂ ਹੀ ਲੋਕਾਂ ਦੇ ਨੱਕੋਂ ਬੁੱਲੋਂ ਲੱਥ ਚੁੱਕੇ ਹਨ।

ਨਿਆਂਪਾਲਿਕਾ ਦੇ ਸਾਹਮਣੇ ਇੱਕ ਸਮਾਂ ਇਹ ਵੀ ਆਇਆ ਸੀ ਕਿ ਸੁਪਰੀਮ ਅਦਾਲਤ ਨੂੰ ਨਰਸਿਮਹਾ ਰਾਓ ਦੇ ਕਾਰਜਕਾਲ ਦੌਰਾਨ ਇਹ ਵੀ ਕਹਿਣਾ ਪਿਆ ਸੀ ਕਿ ਸੀਬੀਆਈ ਕੇਂਦਰੀ ਹਕੂਮਤ ਦੇ ਤੋਤੇ ਦਾ ਪਿੰਜਰਾ ਹੈ। ਪਰ ਹੁਣ ਸਰਬਉੱਚ ਅਦਾਲਤ ਵੱਲੋਂ ਸੁਣਾਏ ਗਏ ਹਾਲੀਆ ਸਾਲਾਂ ਵਿੱਚ ਆਏ ਫ਼ੈਸਲੇ ਗੰਭੀਰ ਚਿੰਤਾ ਦਾ ਵਿਸ਼ਾ ਹਨ। ਸਰਬਉੱਚ ਅਦਾਲਤ ਦੇ ਇਨ੍ਹਾਂ ਫੈਸਲਿਆਂ ਨੇ ਮੋਦੀ ਹਕੂਮਤ ਦੇ 2014 ਤੋਂ ਬਾਅਦ ਸ਼ੁਰੂ ਹੋਏ ਇਸ ਅਮਲ ਨੇ ਤੀਜੇ ਕਾਰਜਕਾਲ ਤੱਕ ਪਹੁੰਚਦਿਆਂ ਪਹੁੰਚਦਿਆਂ ਵੱਡਾ ਕੂਹਣੀ ਮੋੜ ਕੱਟ ਲਿਆ ਹੈ। ਹੁਣ ਤਾਂ ਅਦਾਲਤ ਵੱਲੋਂ ਅਜਿਹਾ ਕੁੱਝ ਉੱਚਰਿਆ ਜਾਣਾ ਵੀ ਸਰਕਾਰ ਨੂੰ ਗਵਾਰਾ ਨਹੀਂ। ਸਰਕਾਰ ਐਨੀ ਕੁ ਨੁਕਤਾਚੀਨੀ ਨੂੰ ਵੀ ਬਰਦਾਸ਼ਤ ਨਹੀਂ ਕਰਦੀ। ਮਿਸਾਲਾਂ ਸਾਡੇ ਸਾਹਮਣੇ ਹਨ - 2002 ਦੇ ਗੁਜਰਾਤ ਦੰਗਿਆਂ ਦੇ ਦੋਸ਼ਾਂ ਦੀ ਸੁਣਵਾਈ ਕਰ ਰਹੇ ਜੱਜ ਲੋਇਆ ਦੀ ਭੇਦਭਰੇ ਹਾਲਾਤਾਂ ਅੰਦਰ ਹੋਈ ਮੌਤ, 2020-21 ਦੌਰਾਨ ਦਿੱਲੀ ਦੰਗਿਆਂ ਦੀ ਸੁਣਵਾਈ ਕਰ ਰਹੇ ਜਸਟਿਸ ਮੁਰਲੀਧਰਨ ਨੂੰ ਦਿੱਲੀ ਹਾਈਕੋਰਟ ਤੋਂ ਬਦਲਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਤਬਦੀਲ ਕਰਨਾ, ਜੱਜਾਂ ਦੇ ਤਬਾਦਲਿਆਂ ਵਿੱਚ ਕੇਂਦਰੀ ਹਕੂਮਤ ਦੇ ਦਖ਼ਲ, ਸੰਭਲ ਪੁਲਿਸ ਦੇ ਡੀਐਸਪੀ ਸਮੇਤ ਹੋਰਨਾਂ ਪੁਲਿਸ ਮੁਲਾਜਮਾਂ ਖਿਲ਼ਾਫ਼ ਐਫਆਈਆਰ ਦਰਜ ਕਰਨ ਦਾ ਹੁਕਮ ਦੇਣ ਵਾਲੇ ਚੀਫ ਜੁਡੀਸ਼ੀਅਲ ਮੈਜਿਟ੍ਰੇਟ ਦਾ ਤਬਾਦਲਾ ਅਹਿਮ ਘਟਨਾਵਾਂ ਹਨ।

ਸਰਬਉੱਚ ਅਦਾਲਤ ਵੱਲੋਂ ਰਾਮ ਜਨਮ ਭੂਮੀ-ਬਾਬਰੀ ਮਸਜਿਦ ਮਾਮਲਾ, ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਅਤੇ 35 ਏ ਖ਼ਤਮ ਕਰਨ, ਨੋਟਬੰਦੀ, ਜੀਐਸਟੀ, ਰਫੇਲ ਜਹਾਜ, ਪੈਗਾਸਿਸ, ਹਿਡਨਬਰਗ ਰਿਪੋਰਟ ਆਦਿ ਦੇ ਮਾਮਲਿਆਂ ਵਿੱਚ ਕੋਈ ਵੀ ਦਖਲਅੰਦਾਜ਼ੀ ਕਰਨ ਦੀ ਕੋਈ ਜ਼ਰੂਰਤ ਹੀ ਨਹੀਂ ਸਮਝੀ। ਕਿਉਂਕਿ ਇਹ ਕਿਸੇ ਕਾਰਪੋਰੇਟ ਘਰਾਣਿਆਂ ਦੇ ਮਾਮਲੇ ਨਹੀਂ ਬਣਦੇ ਸਨ ਅਤੇ ਨਾ ਹੀ ਇਹ ਮੋਦੀ ਹਕੂਮਤ ਦੇ ਹਿੰਦੂਤਵਵਾਦੀ ਫਾਸ਼ੀ ਫਿਰਕੂ ਅਜੰਡੇ ਨੂੰ ਅੱਗੇ ਵਧਾਉਣ ਵਿੱਚ ਕੋਈ ਰੋਕ ਨਹੀਂ ਬਣਦੇ ਸਨ ਬਲਕਿ ਇਹ ਤਾਂ ਉਹਨੂੰ ਹੋਰ ਅੱਗੇ ਵੱਲ ਹੀ ਤੋਰਦੇ ਸਨ।

ਦੂਜੇ ਪਾਸੇ ਅਦਾਲਤਾਂ ਅਜਿਹੇ ਫੈਸਲੇ ਵੀ ਬਹੁਤ ਹੀ ਤੱਦੀ ਨਾਲ ਕਰ ਰਹੀਆਂ ਹਨ ਜੋ ਉਹਨਾਂ ਕਾਰਪੋਰੇਟਾਂ ਨਾਲ ਸਬੰਧਤ ਹਨ ਜਿਹੜੇ ਮੋਦੀ ਹਕੂਮਤ ਦੇ ਖਾਸਮਖਾਸ ਘਰਾਣਿਆਂ ਪ੍ਰਤੀ ਸਵੱਲੀ ਨਜ਼ਰ ਰੱਖ ਰਹੇ ਹਨ। ਪੱਤਰਕਾਰਾਂ ਵੱਲੋਂ ਇਹਨਾਂ ਘਰਾਣਿਆਂ ਦੀ ਰਿਪੋਰਟ ਕਰਨ ਵਾਲੇ ਪੱਤਰਕਾਰਾਂ ਨੂੰ ਸਜ਼ਾ ਸੁਣਾਏ ਜਾਣ, ਸੋਸ਼ਲ ਮੀਡੀਆ ਦੇ ਪਲੇਟਫਾਰਮਾਂ ਤੋਂ ਕੰਟੈਂਟ ਹਟਾਉਣ ਦੇ ਹੁਕਮ ਸੁਣਾਉਣ, ਜਮਹੂਰੀ ਕਾਰਕੁਨਾਂ ਨੂੰ ਬਿਨਾ ਮੁਕੱਦਮਾ ਚਲਾਇਆਂ ਸਾਲਾਂ ਬੱਧੀ ਜੇਲ੍ਹਾਂ ਵਿੱਚ ਡੱਕੀ ਰੱਖਣ ਅਤੇ ਫਾਦਰ ਸਟੈਨ ਸਵਾਮੀ ਤੇ ਆਦਿਵਾਸੀ ਕਾਰਕੁੰਨ ਪਾਂਡੂ ਵਰਗੇ ਕਾਰਕੁੰਨਾਂ ਨੂੰ ਜੇਲ੍ਹਾਂ ਦੇ ਅੰਦਰ ਹੀ ਮਰਨ ਲਈ ਮਜ਼ਬੂਰ ਕਰਨ ਅਤੇ ਜੀਐੱਨ ਸਾਈਂਬਾਬਾ ਵਰਗਿਆਂ ਨੂੰ ਜੇਲਾਂ ਅੰਦਰਲੇ ਹਾਲਾਤਾਂ ਜ਼ਰੀਏ ਅਜਿਹੀ ਤਰ੍ਹਾਂ ਸਰੀਰਕ ਰੂਪ ਵਿੱਚ ਨਾਕਾਮ ਕਰ ਦੇਣਾ ਕਿ ਉਹ ਜੇਲ੍ਹ ਤੋਂ ਬਾਹਰ ਆਉਣ ਦੇ ਕੁੱਝ ਸਮੇਂ ਬਾਅਦ ਹੀ ਇਸ ਦੁਨੀਆਂ ਨੂੰ ਛੱਡ ਜਾਣ, ਪੰਜ-ਪੰਜ ਸਾਲ ਬੀਤ ਜਾਣ ਬਾਅਦ ਵੀ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਨੂੰ ਜਮਾਨਤ ਦੇਣ ਤੋਂ ਵੀ ਇਨਕਾਰ ਕਰਨ ਅਤੇ ਮੁਕੱਦਮਾ ਚਲਾਉਣ ਦੀ ਕੋਈ ਵਾਈ ਧਾਈ ਵੀ ਨਾ ਹੋਣ ਦੀ ਹਾਲਤ ਵਿੱਚ ਹੀ ਰਹਿੰਦੀ ਕਸਰ ਅਦਾਲਤ ਨੇ ਉਸ ਹੁਕਮ ਨਾਲ ਪੂਰੀ ਕਰ ਦਿੱਤੀ ਕਿ ਇਹ ਜਮਹੂਰੀ ਕਾਰਕੁੰਨ ਅਗਲੇ ਇੱਕ ਸਾਲ ਤੱਕ ਸੁਪਰੀਮ ਕੋਰਟ ਵੱਲ ਜ਼ਮਾਨਤ ਲਈ ਵੀ ਮੂੰਹ ਹੀ ਨਾ ਕਰਨ।

ਪਰ ਇਹਦੇ ਉਲਟ ਕਿਸੇ ਨਾ ਕਿਸੇ ਰੂਪ ਵਿੱਚ ਸਰਕਾਰ ਦੇ ਵੰਡਪਾਊ ਤੇ ਫਿਰਕੂ ਫਾਸ਼ੀ ਅਜੰਡੇ ਨੂੰ ਜ਼ਰਬਾਂ ਦੇਣ ਵਾਲੇ ਬਲਾਤਕਾਰੀ/ਕਾਤਲ ਸਾਧਾਂ, ਲਖੀਮਪੁਰ ਦੇ ਪੰਜ ਕਿਸਾਨਾਂ ਦੇ ਕਾਤਲ ਅਜੇ ਮਿਸ਼ਰਾ ਟੈਨੀ ਦੇ ਪੁੱਤ ਅਸੀਸ ਮਿਸ਼ਰਾ ਵਰਗਿਆਂ ਨੂੰ ਮੌਜਾਂ ਨਾਲ ਹੀ ਪੈਰੋਲ 'ਤੇ ਬਾਹਰ ਆਉਣ ਦਿੱਤਾ ਜਾਂਦਾ ਹੈ। ਟਰੇਡ ਯੂਨੀਅਨਾਂ ਪ੍ਰਤੀ ਟਿੱਪਣੀਆਂ, ਘੱਟ ਗਿਣਤੀ ਮੁਸਲਿਮ ਤਬਕੇ ਖਿਲਾਫ਼ ਹੇਟ ਸਪੀਚ (ਨਫ਼ਰਤੀ ਜ਼ਹਿਰ ਉਗਾਲੀ) ਮਾਮਲਿਆਂ ਪ੍ਰਤੀ ਚੁੱਪੀ ਧਾਰਨ ਵਿੱਚ ਹੀ ਭਲਾਈ ਸਮਝੀ ਜਾਂਦੀ ਹੈ। ਸਰਬਉੱਚ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਵੀ ਯੂਏਪੀਏ, ਪੀਐਮਐਲਏ, ਬੁਲਡੋਜਰੀ ਮੁਹਿੰਮ ਜਾਰੀ ਰਹਿਣ ਆਦਿ। ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਅਤੇ ਹੋਰ ਪੱਛੜੀਆਂ ਸ਼?ਰੇਣੀਆਂ ਪ੍ਰਤੀ ਹੁੰਦੇ ਵਿਤਕਰੇ ਨੂੰ ਰੋਕਣ ਵਾਲੇ ਖ਼ੁਦ ਦੇ ਹੀ ਹੁਕਮਾਂ ਉੱਪਰ ਮਨੂਵਾਦੀਆਂ ਅੱਗੇ ਗੋਡੇ ਟੇਕਕੇ ਰੋਕ ਲਾਉਣ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਡਿਗਰੀ ਵਿਵਾਦ, ਕਰਨਲ ਸੋਫੀਆ ਕੁਰੈਸ਼ੀ ਖਿਲਾਫ਼ ਮੱਧ ਪ੍ਰਦੇਸ਼ ਦੇ ਇੱਕ ਮੰਤਰੀ ਵਿਜੇ ਸ਼ਾਹ ਵੱਲੋਂ ਭੱਦੀਆਂ ਟਿੱਪਣੀਆਂ ਕਰਨ, ਐਪਸਟੀਨ ਫਾਈਲਾਂ ਵਿੱਚ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਦਾ ਨਾਂ ਬੋਲਣ ਦੇ ਬਾਵਜੂਦ ਵੀ ਚੁੱਪੀ ਸੇਧੀ ਰੱਖਣ, ਭਾਰਤੀ ਸੰਵਿਧਾਨ ਦੀ ਥਾਂ ਆਰਐਸਐਸ ਦੀ ਬੁਨਿਆਦ ਮਨੂੰ ਸਿਮਰਤੀ ਨੂੰ ਲਾਗੂ ਕਰਨ ਦੇ ਸ਼ਰੇਆਮ ਬਿਆਨ ਦੇਣ ਉਪਰੰਤ ਵੀ ਅਦਾਲਕਤਾਂ ਦੇ ਮੂੰਹ ਸੀਤੇ ਜਾਣੇ ਅਦਾਲਤਾਂ ਦੇ ਨਿਰਪੱਖ ਅਤੇ ਲੋਕ ਹੱਕਾਂ ਵਿੱਚ ਖੜ੍ਹਨ ਦੀਆਂ ਟਾਹਰਾਂ ਮਾਰਨ ਦੀ ਪੋਲ ਖੋਹਲਦੇ ਹਨ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਨਿਆਂ ਸਿਰਫ਼ ਹੋਣਾ ਹੀ ਨਹੀਂ ਚਾਹੀਦਾ ਬਲਕਿ ਹੋਇਆ ਦਿਸਣਾ ਵੀ ਚਾਹੀਦਾ ਹੈ। ਨਿਆਂ ਪ੍ਰਬੰਧ ਦੀ ਜਿਸ ਸਰਬਉੱਚ ਅਦਾਲਤ ਨੇ ਕਦੇ ਸੀਬੀਆਈ ਨੂੰ ਕੇਂਦਰੀ ਸਰਕਾਰ ਦੇ ਤੋਤੇ ਦਾ ਪਿੰਜਰਾ ਕਿਹਾ ਸੀ ਅੱਜ ਉਹੀ ਨਿਆਂਪ੍ਰਬੰਧ ਮੋਦੀ ਹਕੂਮਤ ਦੇ ਤੋਤੇ ਦਾ ਪਿੰਜਰਾ ਭਾਵ ਮੀਆਂਮਿੱਠੂ ਬਣ ਚੁੱਕਿਆ ਹੈ। ਸਰਬਉੱਚ ਅਦਾਲਤ ਦੇ ਸਾਬਕਾ ਮੁੱਖ ਜੱਜਾਂ ਅਤੇ ਜੱਜਾਂ ਦੀ ਹੋਣੀ ਇੱਕ ਨਿਸ਼ਚਿਤ ਪੈਟਰਨ ਅਖ਼ਤਿਆਰ ਕਰ ਚੁੱਕੀ ਹੈ। ਬਹੁਤ ਸਾਰੇ ਜੱਜ ਸੇਵਾਮੁਕਤ ਹੋਣ ਤੋਂ ਤੁਰੰਤ ਬਾਅਦ ਸਿਆਸੀ ਛਤਰ ਛਾਇਆ ਹੇਠ ਜਾਕੇ ਗਵਰਨਰ ਜਾਂ ਚੇਅਰਮੈਨ ਵਰਗਾ ਕੋਈ ਆਰਾਮਦਾਇਕ ਤੇ ਸਨਮਾਨਯੋਗ ਅਹੁਦਾ ਹਾਸਲ ਕਰ ਲੈਂਦੇ ਹਨ। ਜਿਵੇਂ ਰੰਜਨ ਗੋਗੋਈ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕਰਨਾ, ਆਦਰਸ਼ ਕੁਮਾਰ ਗੋਇਲ ਨੂੰ ਨੈਸ਼ਨਲ ਗਰੀਨ ਟ੍ਰਿਬਿਊਨਲ ਦਾ ਮੁਖੀ ਥਾਪਣਾ, ਪੱਛਮੀ ਬੰਗਾਲ ਦੇ ਇੱਕ ਜੱਜ ਵੱਲੋਂ ਅਸਤੀਫਾ ਦੇਕੇ ਫੌਰੀ ਬਾਅਦ ਬੀਜੇਪੀ ਦੀ ਟਿਕਟ 'ਤੇ ਚੋਣ ਲੜਨਾ, ਡੀਵਾਈ ਚੰਦਰਚੂੜ ਵੱਲੋਂ ਆਪਣੇ ਕਾਰਜਕਾਲ ਦੌਰਾਨ ਰਾਮ ਜਨਮ ਭੂਮੀ ਫੈਸਲੇ ਨੂੰ ਕਾਨੂੰਨਾਂ ਜਾਂ ਸਬੂਤਾਂ ਦੇ ਅਧਾਰ 'ਤੇ ਸੁਣਾਉਣ ਦੀ ਬਜਾਏ ਜਨ ਵਿਸ਼ਵਾਸ਼ ਦੇ ਆਧਾਰ 'ਤੇ ਕਰਨਾ, ਆਪਣੀ ਸਰਕਾਰੀ ਰਿਹਾਇਸ਼ ਉੱਤੇ ਪ੍ਰਧਾਨ ਮੰਤਰੀ ਨਾਲ ਧਾਰਮਕ ਸਮਾਗਮ ਮੌਕੇ ਟੱਲੀਆਂ ਖੜਕਾਉਣ ਤੋਂ ਲੈਕੇ ਮੌਜੂਦਾ ਮੁੱਖ ਜੱਜ ਸੂਰੀਆ ਕਾਂਤ ਵੱਲੋਂ ਹਰਿਆਣਾ ਦੌਰੇ ਦੌਰਾਨ ਸਿਆਸੀ ਲੋਕਾਂ ਨਾਲ ਖੁੱਲ੍ਹਾਂ ਮਾਨਣ ਜਿਹੇ ਅਜਿਹੀਆਂ ਮਿਸਾਲਾਂ ਹਨ ਜੋ ਸੱਤ੍ਹਾ ਉੱਪਰ ਕਾਬਜ ਭਾਜਪਾਈਆਂ ਦੀ ਰਜ਼ਾ ਅਨੁਸਾਰ ਫੈਸਲੇ ਕਰਨ ਵੱਲ ਨਿਆਂਪਾਲਿਕਾ ਦੇ ਤੇਜ਼ੀ ਨਾਲ ਵਧ ਰਹੇ ਕਦਮ ਲੋਕਾਈ ਲਈ ਵੱਡੇ ਖ਼ਤਰੇ ਦੇ ਸੂਚਕ ਬਣ ਰਹੇ ਹਨ।

ਹੁਣ ਥੋੜ੍ਹੀ ਜਿਹੀ ਗੱਲ ਕਾਨੂੰਨ ਬਾਰੇ ਵੀ ਕਰ ਲੈਣੀ ਚਾਹੀਦੀ ਹੈ ਤਾਂ ਜੋ ਇਹ ਸਮਝ ਵਿੱਚ ਆ ਸਕੇ ਕਿ ਮੁਲਕ ਦੀ ਉੱਚ ਅਦਾਲਤ ਤੇ ਉਹਦੇ ਸਨਮਾਨਤ ਜੱਜ ਸਾਹਿਬਾਨ ਅਜਿਹਾ ਵਿਓਹਾਰ ਕਿਉਂ ਕਰ ਰਹੇ ਹਨ? ਲਾਅ ਜਾਂ ਕਾਨੂੰਨ ਦਾ ਪਹਿਲਾ ਅਰਥ ਹੀ ਹੈ ਕਿ ਇਹ ਇੱਕ ਜਾਇਦਾਦ ਦੀ ਮਾਲਕ ਜਮਾਤ ਦੀ ਧਾਰਨਾ 'ਤੇ ਖੜ੍ਹਾ ਹੈ। ਇਹ ਸਮਝਦਾ ਹੈ ਕਿ ਇੱਕ ਜਮਾਤ ਹੈ ਜੀਹਦੇ ਕੋਲ ਜਾਇਦਾਦ ਹੈ ਅਤੇ ਹੋਰਨਾਂ ਕੋਲ ਜਾਇਦਾਦ ਨਹੀਂ ਹੈ। ਇੱਥੇ ਹੀ ਜਮਾਤੀ ਟਕਰਾਅ ਖੜ੍ਹਾ ਹੈ। ਅੰਗ੍ਰੇਜ਼ੀ ਦੀ ਇੱਕ ਕਹੌਤ ਵੀ ਹੈ ਕਿ "ਕਾਨੂੰਨ ਦੇ ਦਸਾਂ 'ਚੋਂ ਨੌਂ ਹਿੱਸੇ ਜਾਇਦਾਦ ਦੇ ਹੀ ਨੇ" ਯਾਨੀ ਕਿ ਜਾਇਦਾਦਾਂ ਵਾਲਿਆਂ ਦੀ ਪੁੱਗਤ ਨੂੰ ਦਰਸਾਇਆ ਗਿਆ ਹੈ। ਉੱਨੀਵੀਂ ਸਦੀ ਦੇ ਅੰਗ੍ਰੇਜ਼ੀ ਕਵੀ ਤੇ ਆਲੋਚਕ ਮੈਥਿਊ ਆਰਨੌਲਡ ਦੇ ਕਹਿਣ ਵਾਂਗ ਕਾਨੂੰਨ ਨੂੰ ਇਓਂ ਵੀ ਕਿਹਾ ਜਾ ਸਕਦਾ ਹੈ ਕਿ "ਜਾਇਦਾਦ ਹੀ ਕਾਨੂੰਨ ਦੀ ਜਨਮਦਾਤੀ ਹੈ।" ਅਜਿਹੇ ਨਜ਼ਰੀਏ ਨਾਲ ਦੇਖਿਆਂ ਇਹ ਕਿਹਾ ਜਾ ਸਕਦਾ ਹੈ ਕਿ ਕਾਨੂੰਨ ਕੋਡਾਂ ਦੇ ਰੂਪ ਵਿੱਚ ਕੀਤੇ ਉਹ ਇਕਰਾਰਨਾਮੇ ਹਨ ਜਿਹਨਾਂ ਤਹਿਤ ਜਾਇਦਾਦ ਮਾਲਕ ਗੁਲਾਮ ਜਮਾਤ ਵੱਲੋਂ ਪੈਦਾ ਕੀਤੇ ਸਾਧਨਾਂ ਦੀ ਲੁੱਟ ਨੂੰ ਵੰਡਦੇ ਹਨ। ਅਜਿਹੀ ਹਾਲਤ ਵਿੱਚ ਨਾਬਰਾਬਰੀਆਂ ਵਾਲੇ ਭਾਰਤੀ ਸਮਾਜਕ ਢਾਂਚੇ ਅੰਦਰ ਮੁਲਕ ਦੀਆਂ ਅਦਾਲਤਾਂ ਤੋਂ ਇਹ ਆਸ ਕਰਨੀ ਕਿ ਉਹ ਲੁਟੀਂਦੇ ਤਬਕਿਆਂ ਦੇ ਹਿੱਤਾਂ ਦੀ ਗੱਲ ਕਰਨਗੀਆਂ, ਝੋਟਿਆਂ ਦੇ ਘਰੋਂ ਲੱਸੀ ਭਾਲਣ ਵਾਂਗ ਹੈ।


ਅਦਾਲਤਾਂ ਤੇ ਅਦਾਲਤੀ ਢਾਂਚੇ ਬਾਰੇ ਆਪਣੇ ਕਾਵਿਕ ਲਹਿਜ਼ੇ ਵਿੱਚ ਪੰਜਾਬ ਦੇ ਸਿਰਮੌਰ ਕਵੀ ਸੁਰਜੀਤ ਪਾਤਰ ਦੀਆਂ ਲਿਖੀਆਂ ਇਹ ਸਤਰਾਂ ਐਨ ਸਟੀਕ ਢੁੱਕਦੀਆਂ ਹਨ -

**ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ**
**ਫ਼ੈਸਲੇ ਸੁਣਦਿਆਂ ਸੁੱਕ ਗਏ**
**ਆਖੋ, ਇਹਨਾਂ ਨੂੰ ਉੱਜੜੇ ਘਰੀਂ ਜਾਣ ਹੁਣ**
**ਇਹ ਕਦੋਂ ਤੀਕ ਐਥੇ ਖੜ੍ਹੇ ਰਹਿਣਗੇ।**

ਪਰ ਅੱਜ ਇਹ ਵੇਲਾ ਘਰੋ-ਘਰੀਂ ਚਲੇ ਜਾਣ ਦਾ ਨਹੀਂ, ਘਰੀਂ ਵੜ ਜਾਣ ਦਾ ਨਹੀਂ, ਕੱਲਿਆਂ 'ਕਹਿਰਿਆਂ ਆਵਾਜ਼ ਉਠਾਉਣ ਦਾ ਨਹੀਂ ਬਲਕਿ ਸਾਹਮਣੇ ਖੜ੍ਹੀਆਂ ਵਡੇਰੀਆਂ ਚੁਣੌਤੀਆਂ ਸੰਗ ਮੱਥਾ ਲਾਉਦਿਆਂ ਬਰਾਬਰਤਾ ਵਾਲੇ ਨਵੇਂ ਜਮਹੂਰੀ ਲੋਕ ਪੱਖੀ ਸਮਾਜ ਦੀ ਉਸਾਰੀ ਲਈ ਜਮਾਤੀ ਸੰਘਰਸ਼ਾਂ ਦੇ ਪਿੜ ਮੱਲਣ ਦਾ ਹੈ। ਆਓ! ਇਸ ਦਿਸ਼ਾ ਵੱਲ ਹਰ ਕਦਮ ਅੱਗੇ ਵਧਾਉਣ ਦਾ ਜੋਰਦਾਰ ਅਹਿਦ ਕਰੀਏ।

## 'ਪਗੜੀ ਸੰਭਾਲ ਜੱਟਾ'

ਅੱਜ 'ਪਗੜੀ ਸੰਭਾਲ ਜੱਟਾ' ਲਹਿਰ ਦੇ ਬਾਨੀ ਅਤੇ ਇਸਨੂੰ ਜਿੱਤ ਦੇ ਅੰਜਾਮ ਤੀਕ ਪਹੁੰਚਾਉਣ ਵਾਲੇ ਯੋਧੇ, ਸਰਦਾਰ ਅਜੀਤ ਸਿੰਘ ਹੁਰਾਂ ਦਾ ਜਨਮ ਦਿਨ ਹੈ। ਉਹ 23 ਫਰਵਰੀ 1881 ਵਿਚ ਜਨਮੇ ਅਤੇ 15 ਅਗਸਤ 1947 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਵੇਲੇ ਦਾ ਪ੍ਰਚਲਤ ਗੀਤ ਹੇਠਾਂ ਪੇਸ਼ ਹੈ:




ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ,
ਫਸਲਾਂ ਨੂੰ ਖਾ ਗਏ ਕੀੜੇ,
ਤਨ ਤੇ ਨਹੀਂ ਤੇਰੇ ਲੀੜੇ
ਭੁੱਖਾਂ ਨੇ ਖ਼ੂਨ ਨਿਚੋੜੇ, ਰੋਂਦੇ ਨੇ ਬਾਲ ਓਇ,
ਪਗੜੀ ਸੰਭਾਲ ਓ ਜੱਟਾ, ਪਗੜੀ ਸੰਭਾਲ ਓਇ
ਬਣਦੇ ਨੇ ਤੇਰੇ ਲੀਡਰ, ਰਾਜੇ ਤੇ ਖ਼ਾਨ ਬਹਾਦਰ
ਤੈਨੂੰ ਫਸਾਵਣ ਖ਼ਾਤਿਰ, ਵਿਛਦੇ ਨੇ ਜਾਲ ਓਇ
ਹਿੰਦ ਏ ਤੇਰਾ ਮੰਦਰ, ਇਸ ਦਾ ਪੁਜਾਰੀ ਤੂੰ,
ਝੱਲੇਗਾ ਕਦੋਂ ਤੱਕ, ਆਪਣੀ ਖ਼ੁਆਰੀ ਤੂੰ,
ਲੜਨੇ ਤੇ ਮਰਨੇ ਦੀ ਕਰਲੈ, ਤਿਆਰੀ ਤੂੰ,
ਪਗੜੀ ਸੰਭਾਲ ਓ ਜੱਟਾ, ਪਗੜੀ ਸੰਭਾਲ ਓਇ
ਸੀਨੇ ਉੱਤੇ ਖਾਵੇ ਤੀਰ, ਰਾਂਝਾ ਤੂੰ ਦੇਸ ਏ ਹੀਰ,
ਸੰਭਲ ਕੇ ਚੱਲ ਤੂੰ ਵੀਰ, ਪਗੜੀ ਸੰਭਾਲ
ਤੁਸੀਂ ਕਿਉਂ ਦੇਂਦੇ ਵੀਰਿ, ਬੇਗਾਰ ਓਇ
ਹੋਕੇ ਇਕੱਠੇ ਵੀਰਿ, ਮਾਰੋ ਲਲਕਾਰ ਓਇ
ਤਾੜੀ ਦੋ ਹੱਥ ਵਜੇ ਛਾਤੀਆਂ ਨੂੰ ਤਾਣਿ ਓਇ
ਪਗੜੀ ਸੰਭਾਲ ਓ ਜੱਟਾ, ਪਗੜੀ ਸੰਭਾਲ ਓਇ!

**ਸਰਦਾਰ ਅਜੀਤ ਸਿੰਘ, ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਚਾਚਾ ਸਨ। ਉਨ੍ਹਾਂ ਦੀ ਪਵਿੱਤਰ ਯਾਦ ਨੂੰ ਸਿਜਦਾ**

## ਅੰਤਰਰਾਸ਼ਟਰੀ ਮਾਂ ਬੋਲੀ

ਬੁੱਲ੍ਹੇ, ਵਾਰਸ ਤੋਂ ਵਰੋਸਾਈ।
ਨਾਨਕ, ਅੰਗਦ ਨੇ ਪਰਨਾਈ।

ਸ਼ੱਕਰਗੰਜ ਨੇ ਸ਼ੱਕਰ ਘੋਲ਼ੀ,
ਗੋਬਿੰਦ ਗੁਰ ਨੇ ਵੀ ਫਿਰ ਬੋਲੀ।

ਵਿੰਗ ਵਲੇਵੇਂ ਖਾਂਦੀ-ਖਾਂਦੀ,
ਸਦੀਆਂ ਵਿੱਚੋਂ ਆਉਂਦੀ ਜਾਂਦੀ।

ਅੱਜ ਤੀਕ ਦਾ ਸਫ਼ਰ ਲੰਮੇਰਾ,
ਅਸਲੀ ਇਸ਼ਟ ਹੈ ਇਹੀਓ ਮੇਰਾ।

ਮਾਂ ਬੋਲੀ ਪੰਜਾਬੀ ਮੇਰੀ,
ਤੈਨੂੰ ਮੁਬਾਰਕ ਹੋਵੇ ਤੇਰੀ।

ਤੇਰੀ ਦਾ ਵੀ ਸਤਿਕਾਰ ਹੈ ਮੈਨੂੰ,
ਇਹ ਨਾ ਸਮਝੀਂ ਖ਼ਾਰ ਹੈ ਮੈਨੂੰ।

ਆਪੋ-ਆਪਣਾ ਫ਼ਰਜ਼ ਨਿਭਾਈਏ,
ਮਾਂ ਬੋਲੀ ਨੂੰ ਸੀਸ ਝੁਕਾਈਏ।

ਮਾਂ ਬੋਲੀ ਨੂੰ ਭੁੱਲ ਜਾਂਦੇ ਜੋ ।
ਕੱਖਾਂ ਵਾਂਗੂੰ ਰੁਲ਼ ਜਾਂਦੇ ਉਹ।

ਅਜ਼ਾਦ ਕਸਮ ਲੈ ਏਸ ਦਿਹਾੜੇ।
ਮਾਂ ਬੋਲੀ ਦੇ ਚੜ੍ਹੀਂ ਕੰਧਾੜੇ।

ਦੁਨੀਆਂ ਦੇ ਵਿੱਚ ਨਾਮ ਰਹੇਗਾ।
ਇਹੀਓ ਅੱਜ ਪੈਗਾਮ ਰਹੇਗਾ।

-ਅਜ਼ਾਦ

## ਮਾਂ ਬੋਲੀ ਦੀ ਬਾਂਗ

ਮਾਏ ਨੀ ਅਸੀਂ ਪੁੱਤ ਨਾ ਤੇਰੇ
ਨਾ ਮਾਏ ਅਸੀਂ ਮਿੱਤ ਹਾਂ ਤੇਰੇ।
ਰੌਲ਼ਾ ਪਾਉਂਦੇ ਫਿਰਨ ਬਥੇਰੇ
ਉਹ ਵੀ ਕਿਹੜਾ ਮਿੱਤ ਨੇ ਤੇਰੇ।
ਜੋ ਵੀ ਆਇਆ ਬਾਹਰੋਂ ਚੜ੍ਹਕੇ
ਮਰ ਜਾਣਾ ਬਣਦਾ ਸੀ ਲੜਕੇ
ਰਹਿ ਗਏ ਅਸੀਂ ਉਸੀ ਦੇ ਬਣ ਕੇ
ਖੁਦ ਨੂੰ ਲੱਖਾਂ ਦੁੱਖ ਸਹੇੜੇ
ਮਾਏ ਨੀ ਅਸੀਂ ਪੁੱਤ ਨਾ ਤੇਰੇ
ਬਣੇ ਸ਼ਾਸਕ ਜਦ ਬਾਹਰੋਂ ਆ ਕੇ
ਬੋਲੇ ਸੁਰ ਵਿੱਚ ਸੁਰ ਮਿਲਾ ਕੇ
ਬਦਲੀ ਬੋਲੀ ਸਿਰ ਹਿਲਾ ਕੇ
ਤੱਜਿਆ ਤੈਨੂੰ ਚੜ੍ਹ ਬਨੇਰੇ
ਮਾਏ ਨੀ ਅਸੀਂ ਪੁੱਤ ਨਾ ਤੇਰੇ
ਮਿੱਠੀ ਸੀ ਭਾਵੇਂ ਤੇਰੀ ਲੋਰੀ
ਸੁਹਾਗ ਧੀਆਂ ਦੇ ਵੀਰ ਦੀ ਘੋੜੀ
ਮਾਹੀਏ-ਟੱਪੇ ਜਿਵੇਂ ਫੁੱਲ ਕਟੋਰੀ
ਸੁਣ ਵੰਨ-ਸੁਵੰਨੇ ਚਿਰੇ ਨਵੇਰੇ
ਮਾਏ ਨੀ ਅਸੀਂ ਪੁੱਤ ਨਾ ਤੇਰੇ
ਵਧੀਆ ਭਾਵੇਂ ਸਭ ਤੋਂ ਬੋਲੀ
ਕਰ ਦਿੱਤੀ ਤੇਰੇ ਪੁੱਤਰਾਂ ਗੋਲੀ
ਧਰਮਾਂ ਕੀਤੀ ਹੋਰ ਵੀ ਹੌਲ਼ੀ
ਵਿੱਚ ਭਾਈਆਂ ਦੇ ਪਏ ਬਖੇੜੇ
ਮਾਏ ਨੀ ਅਸੀਂ ਪੁੱਤ ਨਾ ਤੇਰੇ
ਆਈ ਫ਼ਾਰਸੀ ਸਿੱਖਣ ਡਹਿ ਪਏ
ਇੰਗਲਿਸ਼ ਨੂੰ ਅਸੀਂ ਟੁੱਟ ਕੇ ਪੈ ਗਏ
ਹਿੰਦੀ ਨੂੰ ਤਾਂ ਘਰ ਹੀ ਲੈ ਗਏ
ਭੰਡਿਆ ਤੈਨੂੰ ਚਾਰ-ਚੁਫ਼ੇਰੇ
ਮਾਏ ਨੀ ਅਸੀਂ ਪੁੱਤ ਨਾ ਤੇਰੇ
ਬਹੁ-ਗੁਣੀਆਂ ਦੀ ਤੂੰ ਏਂ ਰਾਣੀ
ਧੀਆਂ ਪੁੱਤਾਂ ਪਰ ਕਦਰ ਨਾ ਜਾਣੀ
ਭਾਵੇਂ ਤੇਰਾ ਕੋਈ ਹੋਰ ਨਾ ਹਾਣੀ
ਤੁੱਛ ਦੱਸੀਏ ਤੈਨੂੰ ਸ਼ਾਮ ਸਵੇਰੇ
ਧਰਮਾਂ ਨੇ ਤੈਨੂੰ ਟੁਕੜੇ ਕੀਤਾ
ਘਾਓ ਨਾ ਜਾਣਾ ਏਹੋ ਸੀਤਾ
ਹੋਈ ਅੱਡ ਕੁਰਾਨ ਤੇ ਗੀਤਾ
ਆਪੋ ਅਪਣੇ ਰਾਗ ਨੇ ਛੇੜੇ
ਮਾਏ ਨੀ ਅਸੀਂ ਪੁੱਤ ਨਾ ਤੇਰੇ
'ਖੋਜੀ' ਤੇਰੇ ਘੋਰ ਅਗਿਆਨੀ
ਲਿਖਦੇ ਪਰਚੇ ਗਲਤ ਬਿਆਨੀ
ਉਲਝੇ ਨੇ ਵਿੱਚ ਖਿੱਚੋ-ਤਾਣੀ
ਤਰਕ ਉਨ੍ਹਾਂ ਦਾ ਗਧੀਆਂ-ਗੇੜੇ
ਮਾਏ ਨੀ ਅਸੀਂ ਪੁੱਤ ਨਾ ਤੇਰੇ
ਨਿੱਤ ਨਵੀਂ ਹੀ ਮਿਲੇ ਚੁਣੌਤੀ
ਮੁਸ਼ਕਲ ਫੌਂਟ ਦੀ ਆਣ ਖਲੋਤੀ
ਨਜ਼ਰ ਸਰਕਾਰੀ ਫਿਰੀ ਚਿਰੋਕੀ
ਹੋਰ ਕਈ ਨੇ ਝਗੜੇ ਝੇੜੇ
ਮਾਏ ਨੀ ਅਸੀਂ ਪੁੱਤ ਨਾ ਤੇਰੇ
ਰਹੀ ਗਰੀਬ ਦੀ ਮਾਂ ਤੂੰ ਬਣ ਕੇ
ਜੋ ਬੋਲਣ ਤੈਨੂੰ ਸੀਨਾ ਤਣ ਕੇ
ਅਸਰ ਤਾਂ ਹੋਣਾ ਉਨ੍ਹਾਂ ਤੇ ਛਣ ਕੇ
ਹਾਹਾਕਾਰ ਇਹ ਚਾਰ ਚੁਫ਼ੇਰੇ
ਮਾਏ ਨੀ ਅਸੀਂ ਪੁੱਤ ਨਾ ਤੇਰੇ
ਮਾਂ-ਬੋਲੀ ਦਾ ਅਰਥ ਨਾ ਜਾਣਨ
ਕੀਮਤ ਤੇਰੀ ਨਾ ਪਹਿਚਾਣਨ
ਦੂਜੀਆਂ ਬੋਲੀਆਂ ਧੱਕੀ ਜਾਵਣ
ਸੁਪਨੇ ਸਾਡੇ ਹੋਏ ਛੁਟੇਰੇ
ਮਾਏ ਨੀ ਅਸੀਂ ਪੁੱਤ ਨਾ ਤੇਰੇ

ਮਾਏ ਨੀ ਅਸੀਂ ਪੁੱਤ ਨਾ ਤੇਰੇ

- ਜਸਵਿੰਦਰ ਸੰਧੂ, ਬ੍ਰੈਂਪਟਨ

## ਸਮਰਪਿਤ ਮਾਂ ਬੋਲੀ ਨੂੰ ! ਪੰਜਾਬੀ ਬੋਲੀ

ਗੋਦੀ ਦੇ ਵਿੱਚ ਬਹਿ ਕੇ ਸਿੱਖੀ,
ਮਾਂ ਵਰਗੀ ਮਾਂ ਬੋਲੀ!
ਮਾਖਿਓਂ ਮਿੱਠੀ, ਅੰਮ੍ਰਿਤ ਵਰਗੀ,
ਮਾਂ ਵਰਗੀ ਮਾਂ ਬੋਲੀ!
ਨਾਨਕ ਦੇ ਹੋਠਾਂ ਨੇ ਛੂਹੀ,
ਮਾਂ ਵਰਗੀ ਮਾਂ ਬੋਲੀ!
ਬੁੱਲ੍ਹੇ ਸ਼ਾਹ ਨੇ ਮਾਣ ਵਧਾਇਆ,
ਮਾਂ ਵਰਗੀ ਮਾਂ ਬੋਲੀ!
ਬੋਲੀਆਂ ਦੀ, ਪਟਰਾਣੀ ਬੋਲੀ,
ਮਾਂ ਵਰਗੀ ਮਾਂ ਬੋਲੀ!
ਪੰਜਾਬੀ ਨੂੰ ਕਿਉਂ ਦੰਦ ਚਿੜਾਵਾਂ,
ਮਾਂ ਵਰਗੀ ਮਾਂ ਬੋਲੀ!

-ਸੁਖਦੇਵ ਸਲੇਮਪੁਰੀ
9780620233

## ਟਰੰਪ, ਝੂਠ ਦੇ ਬੰਬ 'ਤੇ

ਉਹ ਆਇਆ
ਮੁਸਕਰਾਉਂਦੇ ਹੋਏ
ਸੂਟ ਦੇ ਹੇਠਾਂ
ਫੌਜੀ ਬਜਟ
ਛੁਪਾਉਂਦੇ ਹੋਏ

ਹਥਿਆਰਾਂ ਦੇ
ਸੌਦਾਗਰ ਦੇ
ਬਣਾ-ਸੁਆਰ ਕੇ
ਕੱਟੇ ਹੋਏ ਨੇ
ਸਿਰ ਦੇ ਵਾਲ
ਪਰ ਦਿਮਾਗ 'ਚ
ਭਰਿਆ ਹੈ ਬਾਰੂਦ

ਉਹ ਬੋਲਿਆ-
'ਅਮਨ ਚਾਹੀਦੈ'
ਤੇ ਭੇਜ ਦਿੱਤੇ
ਹਰ ਮੁਲਕ 'ਚ ਟੈਂਕ

ਉਸ ਦੇ 'ਟਵੀਟ' ਚਲਦੇ ਨੇ
ਮਿਜ਼ਾਇਲਾਂ ਤੋਂ ਵੀ ਤੇਜ਼
ਤੇ ਹਰ ਝੂਠ
ਚਮਕਦਾ ਹੈ ਟੀਵੀ 'ਤੇ
ਬਣਕੇ 'ਰਾਸ਼ਟਰ-ਹਿਤ'

ਉਸਨੇ ਲੋਕਤੰਤਰ ਨੂੰ
ਤੇਲ ਦੇ ਖੂਹਾਂ 'ਚ
ਡੁਬੋ ਦਿੱਤਾ ਤੇ
ਹਰ ਬੰਬਾਰੀ 'ਤੇ
'ਸੁਰੱਖਿਆ' ਨਾਂ ਧਰ ਦਿੱਤਾ

ਉਸਦੇ ਹੱਥ 'ਚ
ਨਹੀਂ ਹੈ ਬਟਨ
ਨਕਲੀ ਪ੍ਰਮਾਣੂ ਦਾ
ਅਸਲ ਸਾਇਆ ਹੈ
ਮੌਤ ਦਾ

ਉਹ ਬੱਚਿਆਂ ਦੀਆਂ ਲਾਸ਼ਾਂ 'ਤੇ
ਝੰਡਾ ਲਹਿਰਾਉਂਦਾ ਹੈ
ਪ੍ਰਗਟਾਵੇ ਦੀ ਆਜ਼ਾਦੀ ਦਾ

ਉਹ ਸਿੱਖ ਕੇ ਆਇਆ ਸੀ
ਬੁਸ਼ ਤੋਂ ਤੇ ਸਮਝਦਾ ਸੀ
ਸਾਰੀ ਦੁਨੀਆਂ ਨੂੰ ਇਰਾਕ?
ਹਰ ਵਿਰੋਧ ਨੂੰ
ਕਹਿੰਦਾ ਹੈ
'ਆਤੰਕ' ਹਰ ਜੰਗ ਨੂੰ
ਦਸਦਾ ਹੈ 'ਜ਼ਰੂਰੀ'

ਰੂਸ-ਯੂਕਰੇਨ ਦੀ ਅੱਗ 'ਚ
ਪਰਦੇ ਪਿੱਛਿਓਂ
ਪਾਉਂਦਾ ਰਿਹਾ ਤੇਲ

ਤੇ ਭਾਰਤ-ਪਾਕਿਸਤਾਨ ਦੀ
ਸਰਹੱਦ 'ਤੇ
'ਆਤੰਕਵਾਦ' ਦੇ ਨਾਂ 'ਤੇ
ਕਰਦਾ ਰਿਹਾ ਖੇਲ੍ਹ

ਉਸ ਲਈ ਜੰਗ ਹੈ
ਸਿਰਫ਼ ਵਪਾਰ
ਇੱਕ ਅਜਿਹਾ ਸੌਦਾ
ਜਿਸ 'ਚ ਮਰੇ ਕੋਈ ਵੀ
ਪਰ ਜਿੱਤੇ
'ਵਾਲ ਸਟਰੀਟ' ਬਾਜ਼ਾਰ

ਉਸਨੇ
ਹਥਿਆਰ ਦਿੱਤੇ ਉਨ੍ਹਾਂ ਨੂੰ
ਜੋ ਮਾਰਦੇ ਨੇ ਗੋਲੀਆਂ
ਬੱਚਿਆਂ ਦੀ ਪਿੱਠ 'ਤੇ

ਫਿਰ ਕਰਾਉਂਦਾ ਹੈ
'ਸ਼ਾਂਤੀ ਵਾਰਤਾ'
ਘੜਾ ਹੋਕੇ
ਉਨ੍ਹਾਂ ਦੀਆਂ ਲਾਸ਼ਾਂ ਦੀ
ਹਿੱਕ 'ਤੇ

ਉਸ ਦੀ ਮੁਸਕਰਾਹਟ ਹੈ
ਇੱਕ 'ਵਪਾਰ-ਚਿੰਨ੍ਹ'
ਜਿਸਦੇ ਹੇਠ ਲਿਖਿਆ ਹੈ-
'ਮੁਨਾਫ਼ਾ ਪਹਿਲਾਂ'

ਜਾਂ ਕਹੋ-
'ਮੁਨਾਫ਼ਾ ਹੀ ਧਰਮ ਹੈ'

ਤੇ ਉਸ ਦੀਆਂ
ਅੱਖਾਂ 'ਚ ਨਹੀਂ ਹੈ
ਲੋਕਤੰਤਰ
ਚਮਕਦਾ ਹੈ
ਰਾਜਤੰਤਰ

ਟਰੰਪ-ਸਿਰਫ਼ ਇੱਕ ਨਾਂ ਨਹੀਂ
ਪੂੰਜੀ ਦਾ
ਉਹ ਚਿਹਰਾ ਹੈ
ਜੋ ਕੰਧਾਂ ਵਗਲਦਾ ਹੈ
ਹੱਦਾਂ ਖਿਚਦਾ ਹੈ
ਤੇ ਫਿਰ
ਕਹਿੰਦਾ ਹੈ-
'ਅਸੀਂ ਲੜ ਰਹੇ ਹਾਂ
ਮਾਨਵਤਾ ਲਈ'

ਪਰ ਸੱਚ ਇਹ ਹੈ-

ਕਿ ਉਹ
ਲਈ ਬੈਠਾ ਹੈ
ਝੂਠ ਦੇ ਬੰਬ
ਇੱਕ ਮਸਖ਼ਰਾ ਹੈ
ਜਿਸ ਦੀ ਹਾਸੀ 'ਚ
ਹੈ ਲਹੂ ਦੀ ਗੰਧ ਤੇ
ਜਿਸਦੀਆਂ ਤਾੜੀਆਂ 'ਚ
ਹੈ ਗੋਲੀਆਂ ਦੀ ਤਰੰਗ

ਟਰੰਪ ਵਰਗੇ ਮਸਖ਼ਰੇ
ਲਿਖੇ ਜਾਣਗੇ
ਇਤਿਹਾਸ ਦੇ ਹਾਸ਼ੀਏ 'ਤੇ

ਜਿੱਥੇ ਧੂੜ ਦੇ ਕਣ ਵੀ
ਉਸਦੀ ਲਫ਼ਾਜ਼ੀ ਤੋਂ ਹੋਣਗੇ
ਵੱਧ ਵਜ਼ਨਦਾਰ

ਪੂੰਜੀ ਦਾ ਮਸਖ਼ਰਾ
ਚਾਹੇ ਜਿੰਨਾਂ ਵੀ ਭੜ੍ਹਕੇ
ਹੁਣ ਡਗਮਗਾ ਚੁੱਕਿਆ ਹੈ
ਉਸਦਾ ਸ਼ੈਤਾਨੀ ਮੰਚ

ਉਹ ਜੋ ਹਰ ਬੰਬ ਨੂੰ ਸਿੱਟਦਾ ਹੈ
ਉਸ 'ਤੇ 'ਰੱਖਿਆ' ਚੇਪਕੇ
ਹੁਣ ਪਹਿਚਾਨਿਆ ਜਾਵੇਗਾ
ਇਤਿਹਾਸ ਦੇ ਕਟਹਿਰੇ 'ਚ
'ਹਤਿਆਰਾ' ਜਾਣਕੇ

ਐਮ.ਕੇ. ਆਜ਼ਾਦ
ਅਨੁ: ਯਸ਼ ਪਾਲ
98145 35005

## ਚਾਚਾ ਇਹ ਕੌਣ ਸੀ ?

ਚਾਚਾ ਇਹ ਕੌਣ ਸੀ?
ਬੜੀ ਲਿਸ਼ਕੀ-ਪੁਸ਼ਕੀ
ਡੁੱਲ੍ਹ-ਡੁੱਲ੍ਹ ਪੈਂਦੀ
ਟੱਪੂੰ-ਟੱਪੂੰ ਕਰਦੀ ਸੀ
ਚੰਗੀ ਲਗਦੀ ਸੀ
ਬੜੇ ਵਧੀਆ ਪਰਮ ਪੁਆਏ ਸੀ
ਹਾਈ-ਲਾਈਟ ਵੀ ਕਰਵਾਏ ਸੀ
ਮੱਕੀ ਦੀਆਂ ਖਿੱਲਾਂ ਵਾਂਗ ਹੱਸਦੀ ਸੀ
ਲਗਦਾ ਸੀ ਤੇਰੇ ਤੋਂ
ਲਿਪਸਟਿਕ ਲਹਾਉਣਾ ਚਾਹੁੰਦੀ ਸੀ?
ਮੌਸਮ ਨੂੰ ਬੇਈਮਾਨ ਬਣਾਕੇ
ਤੇਰੇ ਗਲ ਵਿੱਚ
ਬਾਂਹਾਂ ਪਾਉਣੀਆਂ ਚਾਹੁੰਦੀ ਸੀ

ਭਤੀਜ ਛੱਡ ਯਾਰ
ਕਈ ਗੱਲਾਂ ਦੀ ਲੱਸੀ ਨਹੀਂ ਕਰੀ ਦੀ

ਨਹੀਂ ਨਹੀਂ ਚਾਚਾ ਦੱਸ ਦੇ
ਤੇਰੇ ਬਹੁਤ ਨੇੜੇ ਹੋ ਹੋ ਕੇ
ਬੁੱਲ੍ਹ ਟੁਕਦੀ ਸੀ
ਤਰਿਹਾਏ ਬੁੱਲ੍ਹਾਂ ਲਈ ਨਮੀਂ ਮੰਗਦੀ ਸੀ

ਚੱਲ ਛੱਡ ਭਤੀਜ
ਤੂੰ ਕੀ ਲੈਣਾ?

ਨਹੀਂ ਚਾਚਾ ਤੈਨੂੰ ਮੇਰੀ ਸੁਹੁੰ
ਪਾ ਦੇ ਥੋੜਾ ਚਾਨਣ

ਲੈ ਸੁਣ
ਅਸੀਂ ਇਕੱਠੇ PAU ਵਿੱਚ ਪੜ੍ਹਦੇ ਸੀ
ਸਾਨੂੰ ਇੱਕ ਦੂਜੇ ਨਾਲ
ਮੁਹੱਬਤ ਹੋ ਗਈ
ਦਿਲ ਕੁੰਗਰੂਇੰਨਟ ਹੋ ਗਏ
ਇੱਕ ਦੂਜੇ ਦੀ ਉਂਗਲ ਵਿੱਚ
ਉਂਗਲ ਫਸਾ ਲਈ
ਦੋ ਜਿੰਦਾਂ ਨੂੰ ਇੱਕ ਬਣਾਉਣ ਦੇ
ਸੁਪਨੇ ਦੇਖਣ ਲੱਗੇ
ਆਪਸ ਵਿੱਚ ਚੁੰਝਾਂ ਲੜਾਉਂਦੇ
ਸ਼ਹਿਰ ਦੇ ਭਲਵਾਨੀ ਗੇੜੇ ਲਾਉਂਦੇ
ਯੂਨੀਵਰਸਿਟੀ ਦੇ
ਬੋਟੈਨੀਕਲ ਗਾਰਡਨ ਵਿੱਚ
ਮੋਰ-ਮੋਰਨੀ ਵਾਂਗਰ ਪੈਲਾਂ ਪਾਉਂਦੇ
ਇੱਕ ਦੂਜੇ ਦੇ ਵਾਲਾਂ ਦੇ ਸਿਆੜਾਂ
ਵਿੱਚ ਉਂਗਲਾਂ ਨਾਲ ਹੱਲ ਚਲਾਉਂਦੇ
ਦੁਨੀਆ ਤੋਂ ਬੇਖ਼ਬਰ ਹੋ
ਬਹੁਤਾ ਟਾਈਮ ਇਕੱਠੇ ਬਿਤਾਉਂਦੇ

ਚਾਚਾ ਪਾਣੀ ਪੀਣ ਲੱਗ ਗਿਆ
ਚਾਚਾ ਫੇਰ

ਉਹ ਹੋਮ ਸਾਇੰਸ ਕਾਲਜ ਵਿੱਚ ਪੜ੍ਹਦੀ ਸੀ
ਮੈਂ ਹੌਰਟੀਕਲਚਰ ਡਿਪਾਰਟਮੈਂਟ ਵਿੱਚ
ਪੜ੍ਹਦਾ ਸੀ
ਉਹ ਤਰ੍ਹਾਂ-ਤਰ੍ਹਾਂ ਦੇ ਖਾਣੇ ਬਣਾਉਂਦੀ
ਤੇਰੇ ਚਾਚੇ ਨੂੰ ਵੀ ਸੁਆਦ ਦਿਖਾਉਂਦੀ
ਹੁਣ ਵੀ ਕਈ ਵਾਰੀ
ਜੀਭ ਤੇ ਉਹ ਸੁਆਦ ਆ ਜਾਂਦਾ ਹੈ
ਸੋਚਿਆ ਸੀ
ਪਿੰਡ 'ਟੱਲੇਵਾਲ' ਜਾ ਕੇ
ਫਲਾਂ ਦਾ ਬਾਗ ਲਾਵਾਂਗੇ
ਮੋਟਰ ਕੋਲ ਲੱਗੇ
ਸ਼ਹਿਤੂਤ ਦੀ ਛਾਵੇਂ ਬੈਠ ਕੇ ਖਾਇਆ ਕਰਾਂਗੇ
ਬੱਚਿਆਂ ਸੰਗ ਖੁਸ਼ੀਆਂ ਮਨਾਵਾਂਗੇ
ਚਾਚੇ ਦਾ ਗਲਾ ਭਰ ਆਇਆ

ਮੈਥੋਂ ਰਹਿ ਨਹੀਂ ਹੋਇਆ
ਚਾਚਾ ਫੇਰ?

ਅਮਰੀਕਾ ਤੋਂ ਪੰਜਾਬੀ ਆਇਆ
ਪਿੰਜਰੇ ਵਿੱਚ ਪਾ ਕੇ
ਕੈਲੀਫੋਰਨੀਆ ਲੈ ਗਿਆ
ਮੇਰੀ ਅਮਾਨਤ ਨੂੰ ਆਪਣੀ ਬਣਾ
ਗੋਲਡਨ ਸਟੇਟ ਲੈ ਗਿਆ
ਹੁਣ ਤਾਂ ਪੰਜਾਬ ਛੁੱਟੀਆਂ ਮਨਾਉਣ ਆਈ ਹੈ

ਚਾਚਾ ਹੁਣ ਕੀ ਚਾਹੁੰਦੀ ਹੈ?
ਬਹੁਤ ਕੁਝ! ਬਹੁਤ ਕੁਝ
ਦੇ ਦੇ ਫਿਰ
ਐਨੀ ਦੂਰੋਂ ਆਈ ਹੈ
ਪਾ ਦੇ ਖ਼ੈਰ
ਭਰ ਦੇ ਝੋਲੀ
ਲੈ ਲੈ ਬਾਂਹਾਂ ਵਿੱਚ
ਘਾਟੇ ਵਾਧੇ ਤਾਂ ਜ਼ਿੰਦਗੀ ਵਿੱਚ
ਹੁੰਦੇ ਹੀ ਰਹਿੰਦੇ ਹਨ

ਭਤੀਜ! ਸਾਡੀ ਸਕੀਮ ਤਾਂ
ਭਾਰਤ ਦੀ 'ਗਰੀਬੀ ਹਟਾਓ ਸਕੀਮ' ਵਾਂਗ
ਫ਼ੇਲ੍ਹ ਹੋ ਗਈ ਸੀ

ਚਾਚਾ ਹੁਣ ਬਦਲ ਦੇ
ਬੱਦਲਵਾਈ ਨੂੰ "ਸੰਨੀ ਡੇਅ" ਵਿੱਚ
ਦੇਖ ਲੈ ਕਿੰਨੀ ਦੂਰੋਂ ਆਈ ਹੈ?

ਨਹੀਂ - ਨਹੀਂ - ਨਹੀਂ!

ਮੈਂ ਇਹ ਨਹੀਂ ਕਰ ਸਕਦਾ
ਅਦਰ-ਮੈਨਜ਼ ਲੈਂਡ ਤੇ ਜਾਣਾ
ਟਰੈੱਸ ਪਾਸਿੰਗ ਹੁੰਦੀ ਹੈ
ਮੈਂ ਟਰੈੱਸ ਪਾਸਰ ਨਹੀਂ ਬਣਨਾ
ਮੇਰੀ ਅਮਾਨਤ ਸੀ
ਪਰ ਹੁਣ ਕਿਸੇ ਹੋਰ ਦੀ ਅਮਾਨਤ ਹੈ
ਸੁਖੀ ਵੱਸੇ
ਮੇਰੀ ਏਹ ਹੀ ਕਾਮਨਾ ਹੈ

ਚਾਚਾ ਅੱਖਾਂ ਪੂੰਝਣ ਲੱਗ ਪਿਆ
ਚਾਚਾ ਅੱਖਾਂ ਪੂੰਝਣ ਲੱਗ ਪਿਆ।

-ਸਨੀ ਧਾਲੀਵਾਲ

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਕੈਨੇਡਾ ’ਚ ਕੱਚੇ ਨੌਜਵਾਨ ਕਾਮਿਆਂ ਦਾ ਸੰਘਰਸ਼



ਖੁਸ਼ਪਾਲ ਗਰੇਵਾਲ
+1 514 576-4373

ਕੈਨੇਡਾ ਦੇ ਹੁਨਰਮੰਦ ਕਾਮਿਆਂ ਦਾ ਸੂਬਾ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨ ਜਾਰੀ ਹੈ। ਕੈਨੇਡਾ ਦੀਆਂ ਅਵਾਸ ਨੀਤੀਆਂ ਵਿੱਚ ਸਖ਼ਤ ਤਬਦੀਲੀਆਂ ਕਾਰਨ ਕੈਨੇਡਾ ਦੇ ਸੂਬੇ ਓਂਟਾਰੀਓ ਵਿੱਚ ‘ਓਂਟਾਰੀਓ ਪਰਵਾਸੀ ਨਾਮਜ਼ਦ ਪ੍ਰੋਗਰਾਮ’ (ਓਆਈਐਨਪੀ) ਤਹਿਤ ਲਗਭਗ 2000 ਨੌਜਵਾਨਾਂ ਦੇ ਪੱਕੇ ਹੋਣ ਦੀਆਂ ਅਰਜ਼ੀਆਂ ਧੋਖਾਧੜੀ ਦੇ ਦੋਸ਼ਾਂ ਤਹਿਤ ਖਾਰਜ ਕਰ ਦਿੱਤੀਆਂ ਗਈਆਂ ਹਨ। ਸੂਬਾ ਸਰਕਾਰ ਦੀ ਵੈੱਬਸਾਈਟ ਅਨੁਸਾਰ, ਓਆਈਐਨਪੀ ਇੱਕ ਸੂਬਾਈ ਪ੍ਰੋਗਰਾਮ ਹੈ ਜੋ ਵਿਦੇਸ਼ੀ ਕਾਮਿਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ, ਜਿਨ੍ਹਾਂ ਕੋਲ ‘ਓਂਟਾਰੀਓ ਦੀ ਅਰਥਵਿਵਸਥਾ ਲਈ ਲੋੜੀਂਦਾ ਹੁਨਰ ਅਤੇ ਤਜਰਬਾ’ ਹੈ, ਨੂੰ ਪੱਕੇ ਹੋਣ ਲਈ ਨਾਮਜ਼ਦ ਕਰਦਾ ਹੈ। ਪਰ ਇਹਨਾਂ ਕਾਮਿਆਂ ਕੋਲ ਲੋੜੀਂਦਾ ਹੁਨਰ ਤੇ ਤਜਰਬਾ ਹੋਣ ਦੇ ਬਾਵਜੂਦ ਇਹਨਾਂ ਦੀ ਪੱਕੇ ਹੋਣ ਦੀ ਆਸ ਉੱਤੇ ਪਾਣੀ ਫੇਰਿਆ ਜਾ ਰਿਹਾ ਹੈ।

ਵਰਕ ਪਰਮਿਟ ਖ਼ਤਮ ਹੋਣ ਦੇ ਡਰ ਦੀ ਤਲਵਾਰ ਅਤੇ ਸੂਬਾ-ਕੇਂਦਰ ਸਰਕਾਰਾਂ ਦੀ ਆਪਸੀ ਖਿਚੋਤਾਣ ਵਿੱਚ ਪਰਵਾਸੀ ਕਾਮਿਆਂ ਨੂੰ ਆਪਣਾ ਭਵਿੱਖ ਧੁੰਦਲਾ ਦਿਖਾਈ ਦੇ ਰਿਹਾ ਹੈ। ਮਜਬੂਰਨ ਉਨ੍ਹਾਂ ਨੂੰ ਟੋਰਾਂਟੋ ’ਚ ਕੁਈਨਜ਼ ਪਾਰਕ ਵਿੱਚ ਓਂਟਾਰੀਓ ਦੀ ਸਰਕਾਰੀ ਇਮਾਰਤ ਅੱਗੇ ਕੜਾਕੇ ਦੀ ਠੰਢ ’ਚ ਪੱਕਾ ਧਰਨਾ ਲਗਾਉਣ ਲਈ ਮਜਬੂਰ ਹੋਣਾ ਪਿਆ। ਇੱਕ ਸਾਲ ਤੋਂ ਜ਼ਿਆਦਾ ਸਮੇਂ ਤੋਂ ਲੱਗੀਆਂ ਅਰਜ਼ੀਆਂ ਨੂੰ ਬਿਨਾਂ ਕਿਸੇ ਕਾਰਨ, ਠੋਸ ਦਲੀਲ ਜਾਂ ਤੱਥ ਦਿੱਤੇ ਬਿਨਾਂ ਰੱਦ ਕਰਨਾ ਅੰਤਰਰਾਸ਼ਟਰੀ ਕਾਮਿਆਂ ਨਾਲ ਘੋਰ ਬੇਇਨਸਾਫ਼ੀ ਹੈ। ਸੰਘਰਸ਼ਸ਼ੀਲ ਕਾਮਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੈਨੇਡਾ ਵਿੱਚ ਪੱਕੇ ਹੋਣ ਲਈ ਨਾ ਕੇਵਲ 1500-2000 ਡਾਲਰ ਅਰਜ਼ੀਆਂ ਦੀ ਫ਼ੀਸ ਅਦਾ ਕੀਤੀ ਹੈ ਸਗੋਂ ਆਪਣੀ ਜ਼ਿੰਦਗੀ ਦੇ ਕਈ ਸਾਲ ਵੀ ਇਸ ਪ੍ਰੋਗਰਾਮ ਤਹਿਤ ਪੱਕੇ ਹੋਣ ਦੇ ਲੇਖੇ ਲਾਏ ਹਨ। ਸੂਬਾ ਸਰਕਾਰ ਧੋਖਾਧੜੀ ਬਾਰੇ ਠੋਸ ਜਾਣਕਾਰੀ ਤੇ ਤੱਥ ਪੇਸ਼ ਕਰਨ ਤੋਂ ਆਨਾਕਾਨੀ ਕਰ ਰਹੀ ਹੈ। ਬਿਨਾਂ ਕਾਰਨ ਦੱਸੇ ਸੂਬਾ ਸਰਕਾਰ ਨੇ ਇੱਕ ਸਾਲ ਮਗਰੋਂ ਅਰਜ਼ੀਆਂ ਵਾਪਸ ਮੋੜ ਦਿੱਤੀਆਂ ਅਤੇ ਨਾਲ ਹੀ ਓਂਟਾਰੀਓ ਪਰਵਾਸੀ ਨਾਮਜ਼ਦ ਪ੍ਰੋਗਰਾਮ (ਐਕਸਪ੍ਰੈਸ ਐਂਟਰੀ) ਬੰਦ ਕਰ ਦਿੱਤਾ ਹੈ। ਪ੍ਰਦਰਸ਼ਨ ਕਰ ਰਹੇ ਨੌਜਵਾਨ ਮੰਗ ਕਰ ਰਹੇ ਹਨ ਕਿ ਸੰਭਾਵੀ ਧੋਖਾਧੜੀ ਦੇ ਸਬੂਤ ਪੇਸ਼ ਕੀਤੇ ਜਾਣ ਤੇ ਰੱਦ ਕੀਤੀਆਂ ਸਾਰੀਆਂ ਅਰਜ਼ੀਆਂ ਤੇ ਮੁੜ ਵਿਚਾਰ ਕੀਤਾ ਜਾਵੇ। ਸੂਬੇ ਦੇ ਪ੍ਰੀਮੀਅਰ ਡਗ ਫੋਰਡ ਨੇ ਇਸ ਮਸਲੇ ਦਾ ਭਾਂਡਾ ਕੇਂਦਰ ਸਰਕਾਰ ਉੱਤੇ ਫੋੜ ਕੇ ਹਾਲ-ਫਿਲਹਾਲ ਆਪਣਾ ਪੱਲਾ ਝਾੜ ਲਿਆ ਹੈ। ਸਰਕਾਰੀ ਸਹਾਇਤਾ ਦੇ ਉਲਟ ਨੌਜਵਾਨ ਕਾਮਿਆਂ ਦੇ ਸੰਘਰਸ਼ ਨੂੰ ਸਮਾਜਿਕ ਸੰਸਥਾਵਾਂ ਤੇ ਪ੍ਰਵਾਸੀ ਮਜ਼ਦੂਰ ਜੱਥੇਬੰਦੀਆਂ ਦਾ ਸਮਰਥਨ ਮਿਲ ਰਿਹਾ ਹੈ।

ਵਿਕਸਿਤ ਮੁਲਕਾਂ ਵੱਲੋਂ ਅਵਾਸ ਨੀਤੀਆਂ ਵਿੱਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਦੇ ਅੰਗ ਵਜੋਂ ਧੋਖਾਧੜੀ ਮਹਿਜ਼ ਇੱਕ ਬਹਾਨਾ ਹੈ। ਇਸਦਾ ਮੂਲ ਕਾਰਨ ਬਦਲਦੀਆਂ ਆਰਥਿਕ-ਸਿਆਸੀ ਹਾਲਤਾਂ ਵਿੱਚੋਂ ਪੈਦਾ ਹੋਈ ਬੇਰੁਜ਼ਗਾਰੀ ਹੈ। ਕੁਝ ਇਸੇ ਤਰ੍ਹਾਂ ਦੇ ਬਦਲਾਅ ਕੈਨੇਡਾ ਦੇ ਕਿਊਬਿਕ ਸੂਬੇ ਵਿੱਚ ਵੀ ਕੀਤੇ ਗਏ ਹਨ। ਕਿਊਬਿਕ ਨੇ ਕੈਨੇਡਾ ਵਿੱਚ ਪੱਕੇ ਹੋਣ ਲਈ ਬਹੁਤ ਹੀ ਚਰਚਾਯੋਗ ਪ੍ਰੋਗਰਾਮ ਪੀਈਕਿਊ (ਕਿਊਬਿਕ ਤਜਰਬਾ ਪ੍ਰੋਗਰਾਮ) ਨੂੰ ਵੀ ਬੰਦ ਕਰ ਦਿੱਤਾ ਹੈ। ਇਸਦੇ ਵਿਰੋਧ ਵਜੋਂ ਵੱਡੀ ਗਿਣਤੀ ਵਿੱਚ ਮੌਂਟਰੀਅਲ ਤੇ ਕਿਊਬਿਕ ਸ਼ਹਿਰ ਵਿੱਚ ਲੋਕ ਸੜਕਾਂ ਤੇ ਪ੍ਰਦਰਸ਼ਨ ਕਰ ਰਹੇ ਹਨ।



ਇਸ ਸਮੇਂ ਪੂਰੀ ਦੁਨੀਆ ਦੇ ਪਰਵਾਸੀਆਂ ਉੱਪਰ ਗਹਿਰਾ ਸੰਕਟ ਮੰਡਰਾ ਰਿਹਾ ਹੈ। ‘ਪੰਜ ਅੱਖਾਂ’ ਨਾਂ ਨਾਲ ਜਾਣੇ ਜਾਂਦੇ ਵਿਕਸਤ ਪੂੰਜੀਵਾਦੀ ਮੁਲਕਾਂ ਦੇ ਗੱਠਜੋੜ ਵਾਲੇ ਦੇਸ਼ ਆਏ ਦਿਨ ਇਮੀਗ੍ਰੇਸ਼ਨ ਨੀਤੀਆਂ ਦੇ ਸੁਧਾਰ ਹੇਠ ਅੰਤਰਰਾਸ਼ਟਰੀ ਕਾਮਿਆਂ ਨੂੰ ਦੇਸ਼-ਨਿਕਾਲਾ ਦੇਣ ਲਈ ਰਾਹ ਪੱਧਰਾ ਕਰ ਰਹੇ ਹਨ। ਟੋਰਾਂਟੋ, ਮੌਂਟਰੀਅਲ, ਨਿਊਯਾਰਕ ਤੇ ਸ਼ਿਕਾਗੋ ਜਿਹੇ ਵੱਡੇ-ਵੱਡੇ ਸ਼ਹਿਰਾਂ ਵਿੱਚ ਪਰਵਾਸ ਨੀਤੀਆਂ ਖਿਲਾਫ਼ ਲਗਾਤਾਰ ਰੋਸ ਮੁਜ਼ਾਹਰੇ ਹੋ ਰਹੇ ਹਨ। ਐਨਾ ਹੀ ਨਹੀਂ ਬਾਕੀ ਸਾਰੇ ਵਿਕਸਤ ਮੁਲਕ ਕਿਸੇ ਸਮੇਂ ਸਸਤੀ ਤੇ ਹੁਨਰਮੰਦ ਕਿਰਤ ਸ਼ਕਤੀ ਲਈ ਪਰਵਾਸ ਨੀਤੀਆਂ ਵਿੱਚ ਢਿੱਲ ਦੇ ਰਹੇ ਸਨ। ਪਰੰਤੂ ਹੁਣ ਆਰਥਿਕ ਮੰਦੀ ਕਾਰਨ ਵਧਦੀ ਮਹਿੰਗਾਈ, ਬੇਰੁਜ਼ਗਾਰੀ ਅਤੇ ਏ.ਆਈ. (ਬਣਾਉਟੀ ਬੁੱਧੀ) ਦੇ ਉਭਾਰ ਨਾਲ ਮਨੁੱਖੀ ਕਿਰਤ ਦੀ ਜਗ੍ਹਾ ਮਸ਼ੀਨਾਂ ਲੈ ਰਹੀਆਂ ਹਨ। ਰੋਬੋਟਿਕ ਤਕਨਾਲੋਜੀ ਵਿਕਸਿਤ ਦੇਸ਼ਾਂ ‘ਚ ਲਾਗੂ ਕਰਨੀ ਸੌਖੀ ਹੋਣ ਕਾਰਨ ਇਹ ਪਰਵਾਸੀਆਂ ਕਾਮਿਆਂ ਸਮੇਤ ਪੱਕੇ ਵਸਨੀਕਾਂ ਨੂੰ ਵੀ ਵਿਹਲੇ ਕਰ ਰਹੀ ਹੈ।

ਵਿਕਸਤ ਮੁਲਕਾਂ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਵੱਡੀ ਬਣਦੀ ਜਾ ਰਹੀ ਹੈ। ਇਸ ਸਮੱਸਿਆ ਦੇ ਠੋਸ ਹੱਲ ਤੋਂ ਧਿਆਨ ਹਟਾਉਣ ਲਈ ਸਭ ਤੋਂ ਕਮਜ਼ੋਰ ਕੜੀ ਪਰਵਾਸੀਆਂ ਨੂੰ ਬਲੀ ਦੇ ਬੱਕਰੇ ਬਣਾਇਆ ਜਾ ਰਿਹਾ ਹੈ।

ਸਰਕਾਰਾਂ ਦੀਆਂ ਨੀਤੀਆਂ ਸਥਾਨਕ ਲੋਕਾਂ ਤੇ ਪਰਵਾਸੀਆਂ ਵਿਚਕਾਰ ਨਫ਼ਰਤ ਦੇ ਬੀਜ ਬੀਜ ਰਹੀਆਂ ਹਨ ਤੇ ਨਤੀਜੇ ਵਜੋਂ ਵਿਕਸਤ ਮੁਲਕਾਂ ਵਿੱਚ ਨਸਲੀ ਵਿਤਕਰੇ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਅਸਟਰੇਲੀਆ ਵਿੱਚ ਪਰਵਾਸੀਆਂ ਖਿਲਾਫ਼ ਰੈਲੀ ਤੇ ਪੰਜਾਬੀ ਦੇ ਨਾਮੀ ਗਾਇਕ ਨੂੰ ਵੀ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਤਾਜ਼ਾ ਮਾਮਲਾ ਕਨੇਡਾ ਦੇ ਅਲਬਰਟਾ ਸੂਬੇ ਦਾ ਸਾਹਮਣੇ ਆਇਆ ਹੈ। ਕਿਸੇ ਅਣਪਛਾਤੇ ਵਿਅਕਤੀ ਵੱਲੋਂ ਪੱਗ ਖਿਲਾਫ਼ ਨਸਲੀ ਟਿੱਪਣੀ ਕਰਦਿਆਂ ਕਿਹਾ ਹੈ ਕਿ “Kill the Turban or be killed”, ਇਹ ਉਹੀ ਦੇਸ਼ ਹੈ ਜੋ ਪੰਜਾਬੀਆਂ ਦਾ ਸਭ ਤੋਂ ਪਸੰਦੀਦਾ ਮੁਲਕ ਹੈ। ਆਰਥਿਕ ਗਤੀ ਧੀਮੀ ਹੋਣ ਕਾਰਨ ਸਾਰੇ ਵਿਕਸਿਤ ਦੇਸ਼ ਪਰਵਾਸ ਨੀਤੀਆਂ ਵਿੱਚ ਲਗਾਤਾਰ ਤਬਦੀਲੀਆਂ ਕਰ ਰਹੇ ਹਨ। ਪਿਛਲੇ ਦਿਨੀ ਯੂਕੇ ਸਰਕਾਰ ਨੇ ਸ਼ਰਨਾਰਥੀਆਂ ਦੇ ਪੱਕੇ ਹੋਣ ਦਾ ਸਮਾਂ 5 ਸਾਲ ਤੋਂ ਵਧਾ ਕੇ 20 ਸਾਲ ਕਰਨ, ਜਰਮਨੀ ਨੇ ਸਖ਼ਤ ਹੁੰਦਿਆਂ ਸ਼ਰਨਾਰਥੀਆਂ ਦੇ ਪਰਿਵਾਰਾਂ ਦੇ ਵੀਜ਼ੇ ਬੰਦ ਕਰਨ ਤੇ ਗਰੀਸ ਨੇ ਤਾਂ ਪਨਾਹ ਲੈਣ ਤੇ ਹੀ 3 ਮਹੀਨਿਆਂ ਦੀ ਪਾਬੰਦੀ ਲਗਾ ਦਿੱਤੀ ਹੈ। ਸਭ ਤੋਂ ਜਿਆਦਾ ਪਰਵਾਸੀਆਂ ਖਿਲਾਫ਼ ਸਖਤੀ ਅਮਰੀਕਾ ਅੰਦਰ ਟਰੰਪ ਪ੍ਰਸ਼ਾਸਨ ਨੇ ਵਰਤੀ ਹੈ। ਟਰੰਪ ਵੱਲੋਂ ਸ਼ਰਨਾਰਥੀਆਂ ਤੇ ਪੂਰਨ ਪਾਬੰਦੀ ਲਗਾਉਣ, ਮੈਕਸੀਕੋ ਦੀ ਸਰਹੱਦ ਉੱਤੇ ਸਖ਼ਤਾਈ ਕਰਨ, ਪਰਵਾਸੀਆਂ ਨੂੰ ਕੱਢਣ ਦੀ ਪ੍ਰਕਿਰਿਆ ਤੇਜ਼ ਕਰਨ, ਆਈਸ ਟਾਸਕ ਫੋਰਸ ਨੂੰ ਜਿਆਦਾ ਅਧਿਕਾਰ ਦੇਣ, ਪਨਾਹ ਲੈਣ ਵਾਲੇ ਪ੍ਰੋਗਰਾਮਾਂ ਨੂੰ ਬੰਦ ਕਰਨ ਤੇ ਹੋਰ ਤਾਂ ਹੋਰ ਸਕੂਲਾਂ ਤੇ ਹਸਪਤਾਲਾਂ ਵਿੱਚ ਵੀ ਛਾਪੇਮਾਰੀ ਜਿਹੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਪਰਵਾਸੀਆਂ ਉੱਪਰ ਸਖ਼ਤੀ ਲਈ ਕੈਨੇਡਾ ਵੀ ਪਿੱਛੇ ਨਹੀਂ ਰਹਿ ਰਿਹਾ। ਕੈਨੇਡਾ ਜੋ ਕਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਭ ਤੋਂ ਪਸੰਦੀਦਾ ਮੁਲਕ ਵਜੋਂ ਜਾਣਿਆ ਜਾਂਦਾ ਸੀ, ਅੱਜ ਨਿੱਗਰ ਰਹੀ ਆਰਥਿਕਤਾ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਤੇ ਮੁਕੰਮਲ ਪਾਬੰਦੀ ਦੀ ਗੱਲ ਕਰ ਰਿਹਾ ਹੈ।

ਪਰਵਾਸ ਨੀਤੀਆਂ ਵਿੱਚ ਬਦਲਾਓ ਦੇ ਕਾਰਨ ਪੂੰਜੀਵਾਦੀ ਪ੍ਰਬੰਧ ਦੇ ਸੰਕਟ ਵਿੱਚ ਪਏ ਹਨ। ਕੈਨੇਡਾ ਦੀ ਆਰਥਿਕਤਾ ਤੇ ਜਵਾਨ ਕਿਰਤ ਸ਼ਕਤੀ ਵਿੱਚ ਪਰਵਾਸੀ ਕਾਮਿਆਂ ਦਾ ਅਹਿਮ ਯੋਗਦਾਨ ਰਿਹਾ ਹੈ। ਅੰਤਰਰਾਸ਼ਟਰੀ ਵਿਦਿਆਰਥੀ 35-40 ਹਜ਼ਾਰ ਡਾਲਰ ਸਿਰਫ਼ ਕੈਨੇਡਾ ਦੀ ਧਰਤੀ ਤੇ ਪੈਰ ਧਰਾਵੇ ਲਈ ਪੜ੍ਹਾਈ ਉੱਪਰ ਖਰਚ ਕਰਦੇ ਹਨ। ਇਹ ਪੜ੍ਹਾਈ ਜਿਆਦਾਤਰ ਰੁਜ਼ਗਾਰ ਮੁਖੀ ਨਹੀਂ ਹੁੰਦੀ। ਸਗੋਂ ਜਿਆਦਾਤਰ ਵਿਦਿਆਰਥੀਆਂ ਤੋਂ ਮੁਨਾਫ਼ੇ ਕਮਾਉਣ ਦਾ ਸਾਧਨ ਹੁੰਦੀ ਹੈ। ਇੱਕ ਰੇਡੀਓ ਪ੍ਰੋਗਰਾਮ ‘ਚ ਬ੍ਰਿਟਿਸ਼ ਕੋਲੰਬੀਆ ਦੀ ਪੋਸਟ ਸੈਕੰਡਰੀ ਸਿੱਖਿਆ ਮੰਤਰੀ “ਜੈਸੀ ਸੁਨੇਰ” ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਬਿਨਾਂ ਉਨ੍ਹਾਂ ਦੇ ਲਗਭਗ 25 ਸਰਕਾਰੀ ਕਾਲਜ-ਯੂਨੀਵਰਸਿਟੀਆਂ ਬੰਦ ਹੋਣ ਦੀ ਕਗਾਰ ਤੇ ਹਨ। ਕੈਨੇਡਾ ਦੇ ਸਰਕਾਰੀ ਤੇ ਨਿੱਜੀ ਵਿਦਿਅਕ ਅਦਾਰਿਆਂ ਵਿੱਚ ਵਿਦਿਆਰਥੀ ਦੋ ਸਾਲਾਂ ਦੌਰਾਨ ਮਹਿੰਗੀ ਰਿਹਾਇਸ਼ ਤੇ ਪੜ੍ਹਾਈ ਉੱਪਰ ਹਜ਼ਾਰਾਂ ਡਾਲਰ ਖ਼ਰਚਣ ਤੋਂ ਬਾਅਦ ਸੂਬਾ ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਚਕਾਰ ਪਿਸਣ ਲਈ ਮਜਬੂਰ ਹੋ ਜਾਂਦੇ ਹਨ। ਕਹਿਣ ਨੂੰ ਤਾਂ ਪੜ੍ਹਾਈ ਬਾਅਦ ਉਹਨਾਂ ਨੂੰ 3 ਸਾਲ ਦਾ ਵਰਕ ਪਰਮਿਟ ਮਿਲ ਜਾਂਦਾ ਹੈ, ਕਿਤੇ ਵੀ ਕੰਮ ਕਰਨ ਲਈ ਸੁਤੰਤਰ ਹੁੰਦੇ ਹਨ, ਪਰੰਤੂ ਸਰਕਾਰਾਂ ਪਰਵਾਸ ਨੀਤੀਆਂ ਆਪਣੇ ਤਰੀਕੇ ਨਾਲ ਘੜਦੀਆਂ ਹਨ। ਲੋੜ ਅਨੁਸਾਰ ਪਰਵਾਸੀ ਕਾਮਿਆਂ ਨੂੰ ਉਨ੍ਹਾਂ ਖੇਤਰਾਂ ਵੱਲ ਧੱਕ ਦਿੱਤਾ ਜਾਂਦਾ ਹੈ ਜਿੱਥੇ ਕੁਸ਼ਲ ਤੇ ਸਸਤੇ ਮਜ਼ਦੂਰਾਂ ਦੀ ਲੋੜ ਹੈ। ਜਿੱਥੇ ਉਨ੍ਹਾਂ ਨੇ ਆਪਣੀ ਯੋਗਤਾ ਸਾਬਤ ਕਰਕੇ ਪੱਕਾ ਹੋਣਾ ਹੁੰਦਾ ਹੈ। ਕਈ ਵਾਰ ਸੂਬਾ ਤੇ ਕੇਂਦਰ ਸਰਕਾਰਾਂ ਦੇ ਆਪਸੀ ਹਿਤਾਂ ਦੇ ਟਕਰਾਅ ਕਾਰਨ ਵਿਦਿਆਰਥੀ ਇੱਕ ਜਗ੍ਹਾ ਤੋਂ ਦੂਜੀ ਜਗ ?ਹਾ ਤੇ ਇੱਕ ਸੂਬੇ ਤੋਂ ਦੂਜੇ ਸੂਬੇ ਧੱਕੇ ਖਾਣ ਲਈ ਮਜਬੂਰ ਹੋ ਜਾਂਦੇ ਹਨ। ਕੇਂਦਰ ਤੇ ਸੂਬਾ ਸਰਕਾਰਾਂ ਆਪਣੇ ਹਿਤਾਂ ਦੀ ਪੂਰਤੀ ਲਈ ਨੌਜਵਾਨਾਂ ਨੂੰ ਆਪਣੀ ਕਠਪੁਤਲੀ ਬਣਾ ਛੱਡਦੀਆਂ ਹਨ।

ਕਿਸੇ ਵੇਲੇ ਕੈਨੇਡਾ ਲਈ ਪਰਵਾਸ ਨੀਤੀ ਕਿਸੇ ਵਰਦਾਨ ਤੋਂ ਘੱਟ ਨਹੀਂ ਸੀ। ਕੋਵਿਡ ਕਾਲ ਦੌਰਾਨ ਪਰਵਾਸੀ ਕਾਮਿਆਂ ਨੂੰ ‘ਅਸਲ ਲੜਨ ਵਾਲੇ ਯੋਧਿਆ’ ਤੋਂ ਲੈ ਕੇ ‘ਮੂਹਰਲੀ ਕਤਾਰ ਦੇ ਕਾਮੇ’ ਆਦਿ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਜਾਂਦਾ ਰਿਹਾ। ਤੇ ਬਦਲਦੀਆਂ ਸਥਿਤੀਆਂ ਵਿੱਚ ਉਨ੍ਹਾਂ ਹੀ ਕਾਮਿਆਂ ਨੂੰ ਕੱਢਣ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਇਹ ਉਹੀ ਕਾਮੇ ਹਨ ਜੋ ਬਿਨਾਂ ਜ਼ਿੰਦਗੀ ਦੀ ਪਰਵਾਹ ਕਰੇ ਕੋਵਿਡ ਸੰਕਟ ਦੌਰਾਨ ਲੋਕਾਂ ਦੀ ਸੇਵਾ ਲਈ ਕੁੱਦ ਪਏ ਸਨ। ਬਦਲਦੀਆਂ ਆਰਥਿਕ ਸਥਿਤੀਆਂ ਨਾਲ ਪੱਛਮੀ ਦੇਸ਼ਾਂ ਦੀ ਆਰਥਿਕਤਾ ਲਗਾਤਾਰ ਨਿਵਾਣ ਵੱਲ ਨੂੰ ਜਾ ਰਹੀ ਹੋਣ ਕਾਰਨ ਪੂੰਜੀਵਾਦੀ ਢਾਂਚਾ ਸੰਕਟ ਨਾਲ ਘਿਰਦਾ ਜਾ ਰਿਹਾ ਹੈ। ਇਸੇ ਸੰਕਟ ਨੂੰ ਨਜਿੱਠਣ ਲਈ ਪਰਵਾਸ ਨੀਤੀਆਂ ਵਿੱਚ ਤਬਦੀਲੀਆਂ ਤੋਂ ਲੈ ਕੇ ਨਵੀਆਂ ਜੰਗਾਂ ਨੂੰ ਜਨਮ ਦਿੱਤਾ ਜਾ ਰਿਹਾ ਹੈ। ਕੈਨੇਡਾ ਦੀ ਆਰਥਿਕਤਾ ਦੇ ਹੌਲੀ ਹੋਣ ਤੋਂ ਪਹਿਲਾਂ ਤੱਕ ਹਾਲਾਤ ਮੁਕਾਬਲਤਨ ਚੰਗੇ ਸਨ। ਪਰੰਤੂ ਨਵੇਂ ਪੂੰਜੀਵਾਦੀ ਸੰਕਟ ਕਾਰਨ ਮਹਿੰਗਾਈ ਤੇ ਬੇਰੁਜ਼ਗਾਰੀ ਵਰਗੇ ਦੈਂਤ ਆਏ ਦਿਨ ਵੱਡੇ ਹੋ ਰਹੇ ਹਨ। ਕੈਨੇਡਾ ਦੀਆਂ ਸੂਬਾਈ ਸਰਕਾਰਾਂ ਤੇ ਕੇਂਦਰ ਸਰਕਾਰ ਲੋਕ ਰੋਹ ਤੋਂ ਬਚਣ ਲਈ ਤੇ ਉਸਨੂੰ ਕੁਰਾਹੇ ਪਾਉਣ ਲਈ ਪਰਵਾਸੀਆਂ ਕਾਮਿਆਂ ਨੂੰ ਮੋਹਰਾ ਬਣਾ ਰਹੀ ਹੈ। ਹਾਲ ਦੀ ਘੜੀ ਕਨੇਡਾ ਦੇ ਆਰਥਿਕ, ਵਪਾਰਕ ਤੇ ਸੇਵਾਵਾਂ ਦੇ ਖੇਤਰ ਦੀ ਰਫ਼ਤਾਰ ਧੀਮੀ ਹੈ ਤੇ ਸਰਕਾਰ ਲਈ ਸਭ ਤੋਂ ਸੌਖਾ ਤੇ ਫੌਰੀ ਰਸਤਾ ਅੰਤਰਰਾਸ਼ਟਰੀ ਕਾਮਿਆਂ ਸਿਰ ਭਾਂਡਾ ਭੰਨਣ ਵਿੱਚ ਹੈ।

ਆਉਣ ਵਾਲਾ ਸਮਾਂ ਪਰਵਾਸੀਆਂ ਲਈ ਕਾਫ਼ੀ ਚੁਣੌਤੀਪੂਰਨ ਹੋਣ ਵਾਲਾ ਹੈ। ਡਗਮਗਾਉਂਦੀਆਂ ਪੱਛਮੀ ਅਰਥਵਿਵਸਥਾਵਾਂ ਸਰਕਾਰੀ ਸੇਵਾਵਾਂ ’ਤੇ ਕੱਟ ਲਗਾਉਣ, ਖ਼ਰਚੇ ਘਟਾਉਣ ਅਤੇ ਕਮਜ਼ੋਰ ਵਰਗਾਂ—ਖ਼ਾਸ ਕਰਕੇ ਪਰਵਾਸੀ ਕਾਮਿਆਂ ਨੂੰ ਨਿਸ਼ਾਨਾ ਬਣਾਉਣ ਵੱਲ ਵਧ ਰਹੀਆਂ ਹਨ। ਪਰ ਇਹ ਸੰਕਟ ਸਿਰਫ਼ ਪਰਵਾਸੀਆਂ ਦਾ ਨਹੀਂ ਹੈ ਬਲਕਿ ਇਹ ਪੂਰੇ ਪੂੰਜੀਵਾਦੀ ਸਮਾਜਿਕ ਢਾਂਚੇ ਦਾ ਸੰਕਟ ਹੈ। ਜੇਕਰ ਸਥਾਨਕ ਤੇ ਪਰਵਾਸੀ ਲੋਕ ਇਕਜੁੱਟ ਹੋਕੇ ਵਿਰੋਧ ਨਹੀਂ ਕਰਨਗੇ ਤਾਂ ਇਹ ਸੰਕਟ ਹੋਰ ਗੰਭੀਰ ਰੂਪ ਧਾਰ ਸਕਦਾ ਹੈ। ਸਾਂਝੇ ਸੰਘਰਸ਼, ਭਾਈਚਾਰਕ ਏਕਤਾ ਅਤੇ ਸਮਾਜਿਕ ਚੇਤੰਨਤਾ ਹੀ ਇਸ ਜੋਖਿਮ ਭਰੇ ਦੌਰ ਤੋਂ ਨਿਕਲਣ ਦਾ ਸਵੱਲਾ ਰਸਤਾ ਹੈ।

# ਤ੍ਰੈਮਾਸਕ ਪੰਜਾਬੀ ਮੈਗਜ਼ੀਨ ਚਿਰਾਗ ਦੀ ਆਨਲਾਈਨ ਆਰਕਾਈਵ



ਸੁਖਵੰਤ ਹੁੰਦਲ
604644-2470

ਸਾਨੂੰ ਇਹ ਦੱਸਦਿਆਂ ਬਹੁਤ ਖ਼ੁਸ਼ੀ ਹੋ ਰਹੀ ਹੈ ਕਿ ਪੰਜਾਬੀ ਦੇ ਤ੍ਰੈਮਾਸਕ ਮੈਗਜ਼ੀਨ ਚਿਰਾਗ ਦੀ ਆਨਲਾਈਨ ਆਰਕਾਈਵ ਚਾਲੂ ਹੋ ਗਈ ਹੈ। ਹੁਣ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਵਸਦਾ ਪੰਜਾਬੀ ਪਾਠਕ ਆਪਣੇ ਕੰਪਿਊਟਰ ਦੇ ਮਾਊਸ ਦੇ ਇਕ ਕਲਿੱਕ ਨਾਲ ਚਿਰਾਗ ਦੇ ਪੁਰਾਣੇ ਅੰਕਾਂ ਨੂੰ ਦੇਖ ਸਕਦਾ ਹੈ ਅਤੇ ਜੇ ਚਾਹੇ ਤਾਂ ਡਾਊਨਲੋਡ ਕਰ ਸਕਦਾ ਹੈ। ਚਿਰਾਗ ਦਾ ਪਹਿਲਾ ਅੰਕ ਜੁਲਾਈ-ਸਤੰਬਰ 1992 ਵਿੱਚ ਛਪਿਆ ਸੀ। ਮੈਗਜ਼ੀਨ ਨੂੰ ਛਾਪਣ ਦੇ ਮਕਸਦ ਬਾਰੇ ਜਾਣਕਾਰੀ ਦਿੰਦਿਆਂ, ਉਸ ਸਮੇਂ ਇਸ ਦੇ ਸੰਪਾਦਕ ਹਰਭਜਨ ਸਿੰਘ ਹੁੰਦਲ ਨੇ ਲਿਖਿਆ ਸੀ:

‘ਚਿਰਾਗ ਜਨ-ਜੀਵਨ ਦੇ ਹਨੇਰੇ ਪੱਖਾਂ ਨੂੰ ਰੌਸ਼ਨ ਕਰਨ ਦਾ ਮਾਰਗ ਲੈ ਕੇ ਤੁਰਿਆ ਹੈ। ਇਹ ਧਾਰਮਿਕ ਹਨੇਰ ਬਿਰਤੀਵਾਦ, ਫਿਰਕਾ-ਪ੍ਰਸਤੀ ਦੇ ਕਾਲੇ ਤੇ ਮਾਰੂ ਪ੍ਰਛਾਂਵਿਆਂ ਤੋਂ ਪਾਠਕਾਂ ਨੂੰ ਜਾਣੂ ਕਰਾਉਂਦਾ, ਜਨਵਾਦੀ ਸੰਘਰਸ਼ਾਂ, ਧਰਮ-ਨਿਰਪੇਖ ਆਦਰਸ਼ਾਂ ਤੇ ਪ੍ਰਗਤੀਸ਼ੀਲ ਉਦੇਸ਼ਾਂ ਦਾ ਸਾਹਿਤਕ ਪੱਧਰ ’ਤੇ ਚਿਤਰਨ ਕਰਦਾ, ਕਲਾ ਤੇ ਸਾਹਿਤ ਦੇ ਉੱਚੇ ਤੇ ਸੁੱਚੇ ਮਿਆਰਾਂ ਨੂੰ ਕਦੇ ਵੀ ਅੱਖੋਂ ਪ੍ਰੋਖੇ ਨਹੀਂ ਕਰੇਗਾ। ਸਮਕਾਲੀ ਗੁੰਝਲਦਾਰ ਸਮਾਜਿਕ ਪ੍ਰਸਥਿਤੀਆਂ ਦਾ ਨਰੋਏ ਤੇ ਸਵਸਥ ਦ੍ਰਿਸ਼ਟੀਕੋਣ ਤੋਂ ਚਿਤਰਨ ਕਰਦੀਆਂ ਕਵਿਤਾਵਾਂ ਤੇ ਕਹਾਣੀਆਂ ਦੇ ਨਾਲ ਨਾਲ ਚਿਰਾਗ ਸਾਹਿਤ, ਸਭਿਆਚਾਰ, ਭਾਸ਼ਾ ਤੇ ਦਰਸ਼ਨ ਦੇ ਭਖਦੇ ਮਸਲਿਆਂ ਉੱਤੇ ਵਿਚਾਰ-ਉਕਸਾਊ ਲਿਖਤਾਂ ਛਾਪਕੇ ਭਖਵੀਂ ਤੇ ਨਰੋਈ ਬਹਿਸ ਲਈ ਢੁਕਵਾਂ ਮੰਚ ਪ੍ਰਦਾਨ ਕਰੇਗਾ।

ਚਿਰਾਗ ਨਵੀਂ ਪ੍ਰਤਿਭਾ ਨੂੰ ਲੱਭ ਲੱਭ ਕੇ ਪੇਸ਼ ਕਰਨ ਦਾ ਨਿਰੰਤਰ ਯਤਨ ਜਾਰੀ ਰੱਖੇਗਾ। ਇਹ ਪ੍ਰਗਤੀਵਾਦੀ ਸਾਹਿਤਕ ਸਭਿਆਚਾਰਕ ਲਹਿਰ ਦੇ ਆਦਰਸ਼ਾਂ ਤੇ ਆਸਿਆਂ ਦਾ ਗੰਭੀਰ ਮੁਲਾਂਕਣ ਕਰਨ ਦੇ ਨਾਲ ਨਾਲ ਸਮੇਂ ਦੀਆਂ ਨਵੀਂਆਂ ਚੁਣੌਤੀਆਂ ਨੂੰ ਸਾਹਿਤਕ ਪੱਧਰ ’ਤੇ ਪ੍ਰਵਾਨ ਕਰਦਾ, ਇਸ ਲਹਿਰ ਨੂੰ ਸਮੇਂ ਦੀ ਹਾਣੀ ਬਨਾਉਣ ਲਈ ਸਾਹਿਤਕ, ਜਥੇਬੰਦਕ ਤੇ ਸਿਰਜਣਾਤਮਿਕ ਉਪਰਾਲੇ ਕਰੇਗਾ।

ਅਜੇਹੇ ਉੱਚੇ ਤੇ ਸੁੱਚੇ ਸਾਹਿਤਕ ਕਾਰਜਾਂ ਨੂੰ ਸਿਰੇ ਚਾੜ੍ਹਦਾ ਚਿਰਾਗ ਸੁਹਜ-ਸ਼ਾਸਤਰ ਦੇ ਸਰਬ ਪ੍ਰਵਾਨਤ ਸਾਹਿਤਕ ਮਾਪਦੰਡਾਂ ਨੂੰ ਦ੍ਰਿਸ਼ਟੀ-ਗੋਚਰ ਕਰਦਾ ਹੋਇਆ ਕਲਾਤਮਿਕ ਪੱਧਰ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕਰੇਗਾ।

ਸੰਵਾਦ ਤੇ ਗਹਿਰ-ਗੰਭੀਰ ਵਾਦ ਵਿਵਾਦ ਦੀ ਵਿਧੀ ਅਪਣਾਉਂਦਿਆਂ ਇਹ ਪੱਤਰ ਧਾਰਮਕ ਮੂਲਵਾਦ, ਫਿਰਕਾਪ੍ਰਸਤੀ ਤੇ ਪੁਨਰ-ਸੁਰਜੀਤਵਾਦ ਦੇ ਮਨੁੱਖ-ਵਿਰੋਧੀ ਪੈਂਤੜਿਆਂ ਨੂੰ ਰੱਦ ਕਰਦਾ ਇਨਸਾਨੀ-ਦੋਸਤੀ ਤੇ ਮਨੁੱਖੀ-ਪਿਆਰ ਦੇ ਉੱਚੇ ਆਦਰਸ਼ਾਂ ਦੀ ਪੁਨਰ ਸਥਾਪਨਾ ਲਈ ਆਪਣੇ ਸਾਹਿਤਕ ਯਤਨ ਜਾਰੀ ਰੱਖੇਗਾ ਅਤੇ ਸਾਰੇ ਚੰਗੇ ਲੇਖਕਾਂ ਦੀਆਂ ਨਰੋਈ ਦਿੱਖ ਵਾਲੀਆਂ ਰਚਨਾਵਾਂ ਪੇਸ਼ ਕਰਦਾ ਹੋਇਆ, ਸੰਕੀਰਣਤਾ ਤੋਂ ਬਚਣ ਦਾ ਯਤਨ ਕਰੇਗਾ।

1992 ਤੋਂ ਸ਼ੁਰੂ ਹੋ ਕੇ ਚਿਰਾਗ ਹੁਣ ਤੱਕ ਨਿਕਲ ਰਿਹਾ ਹੈ। ਇਸ ਸਮੇਂ ਇਸ ਦੇ ਸੰਪਾਦਕ ਡਾ: ਕਰਮਜੀਤ ਸਿੰਘ ਹਨ। ਪੰਜਾਬੀ ਸਾਹਿਤਕ ਜਗਤ ਵਿੱਚ ਚਿਰਾਗ ਦੀ ਇਕ ਵੱਖਰੀ ਅਤੇ ਸਤਿਕਾਰਯੋਗ ਪਛਾਣ ਹੈ। ਇਸ ਵਿੱਚ ਪਾਕਿਸਤਾਨੀ ਪੰਜਾਬੀ ਸਾਹਿਤ ਨੂੰ ਵਿਸ਼ੇਸ਼ ਥਾਂ ਦਿੱਤੀ ਜਾਂਦੀ ਰਹੀ ਹੈ। ਇਸ ਲਈ ਪੰਜਾਬੀ ਪਾਠਕਾਂ ਨੂੰ ਦੋਹਾਂ ਪੰਜਾਬਾਂ ਵਿੱਚ ਰਚੇ ਜਾ ਰਹੇ ਪੰਜਾਬੀ ਸਾਹਿਤ ਨਾਲ ਜਾਣੂ ਕਰਵਾਉਣ ਵਿੱਚ ਚਿਰਾਗ ਦੀ ਵਿਸ਼ੇਸ਼ ਭੂਮਿਕਾ ਹੈ।




ਇਸ ਤੋਂ ਬਿਨਾਂ ਚਿਰਾਗ ਨੇ ਕਈ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤੇ ਹਨ ਜਿਹਨਾਂ ਵਿੱਚ ਸ਼ਾਮਲ ਹਨ: ਨਾਜ਼ਿਮ ਹਿਕਮਤ ਵਿਸ਼ੇਸ਼ ਅੰਕ, ਪੰਜਾਬੀ ਆਲੋਚਨਾ ਵਿਸ਼ੇਸ਼ ਅੰਕ, ਖਾਲਸਾ-ਸਿਰਜਣਾ ਦੀ ਤੀਸਰੀ ਸ਼ਤਾਬਦੀ ਨੂੰ ਸਮਰਪਤ ਵਿਸ਼ੇਸ਼ ਅੰਕ, ਦਲਿਤ ਸਾਹਿਤ ਵਿਸ਼ੇਸ਼ ਅੰਕ, ਪਾਬਲੋ ਨੇਰੂਦਾ ਵਿਸ਼ੇਸ਼ ਅੰਕ, ਜੰਗ ਵਿਰੋਧੀ ਕਵਿਤਾ ਵਿਸ਼ੇਸ਼ ਅੰਕ, ਮਹਿਮੂਦ ਦਰਵੇਸ਼ ਕਵਿਤਾ ਵਿਸ਼ੇਸ਼ ਅੰਕ, ਪਾਕਿਸਤਾਨੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ, ਵਾਹਗੇ ਪਾਰ ਦੀ ਪੰਜਾਬੀ ਕਵਿਤਾ ਵਿਸ਼ੇਸ਼ ਅੰਕ, ਦੁਖਾਂਤ ਸੰਨ ਸੰਤਾਲੀ ਵਿਸ਼ੇਸ਼ ਅੰਕ, ਇੰਟਰਵਿਊ ਵਿਸ਼ੇਸ਼ ਅੰਕ, ਫੈਜ਼ ਅਹਿਮਦ ਫੈਜ਼-ਜਨਮ ਸ਼ਤਾਬਦੀ ਵਿਸ਼ੇਸ਼ ਅੰਕ, ਕਾਮਰੇਡ ਸੁਰਜੀਤ ਗਿੱਲ ਵਿਸ਼ੇਸ਼ ਅੰਕ, ਗਦਰ ਪਾਰਟੀ ਲਹਿਰ ਸ਼ਤਾਬਦੀ ਵਿਸ਼ੇਸ਼ ਅੰਕ, ਲੋਕ ਕਵੀ ਹਬੀਬ ਜਾਲਿਬ ਵਿਸ਼ੇਸ਼ ਅੰਕ, ਅਤੇ ਸੁਹੇਲ ਵਿਸ਼ੇਸ਼ ਅੰਕ। ਚਿਰਾਗ ਵਲੋਂ ਕੱਢੇ ਗਏ ਇਹ ਵਿਸ਼ੇਸ਼ ਅੰਕ ਚਿਰਾਗ ਦੀ ਇਕ ਮਾਨਯੋਗ ਪ੍ਰਾਪਤੀ ਹੈ।

ਚਿਰਾਗ ਦੇ ਅੰਕਾਂ ਨੂੰ ਸੰਭਾਲਣ ਅਤੇ ਪੰਜਾਬੀ ਪਾਠਕਾਂ ਦੇ ਸਨਮੁੱਖ ਕਰਨ ਲਈ ਅਸੀਂ ਇਸ ਦੀ ਡਿਜੀਟਲ ਆਰਕਾਈਵ ਤਿਆਰ ਕੀਤੀ ਹੈ। ਇਸ ਸਮੇਂ ਇਸ ਡਿਜੀਟਲ ਆਰਕਾਈਵ ਵਿੱਚ ਸੰਨ 1992-2018 ਤੱਕ ਛਪੇ ਅੰਕ ਸ਼ਾਮਲ ਹਨ। 2018 ਤੋਂ ਬਾਅਦ ਦੇ ਅੰਕ ਪ੍ਰਾਪਤ ਕਰਕੇ ਅਸੀਂ ਛੇਤੀ ਹੀ ਚਿਰਾਗ ਦੀ ਆਰਕਾਈਵ ਨੂੰ ਮੁਕੰਮਲ ਕਰਾਂਗੇ। ਇਸ ਆਰਕਾਈਵ ’ਤੇ ਚਿਰਾਗ ਦੇ ਡਿਜੀਟਲ ਅੰਕਾਂ ਦੇ ਨਾਲ ਨਾਲ ਹਰ ਇਕ ਅੰਕ ਵਿੱਚ ਛਪੀਆਂ ਲਿਖਤਾਂ ਦੀ ਸੂਚੀ ਵੀ ਦਿੱਤੀ ਗਈ ਹੈ ਤਾਂ ਕਿ ਪਾਠਕ ਨੂੰ ਚਿਰਾਗ ਵਿੱਚ ਛਪੀਆਂ ਲਿਖਤਾਂ ਲੱਭਣ ਵਿੱਚ ਸੌਖ ਰਹੇ।


ਸਾਨੂੰ ਚਿਰਾਗ ਦੇ ਇਹ ਅੰਕ ਡਾ: ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਏ ਹਨ। ਇਸ ਲਈ ਅਸੀਂ ਉਹਨਾਂ ਦੇ ਤਹਿਦਿਲੋਂ ਧੰਨਵਾਦੀ ਹਾਂ। ਆਸ ਹੈ ਕਿ ਪੰਜਾਬੀ ਸਾਹਿਤ ਦੇ ਪਾਠਕ, ਵਿਦਿਆਰਥੀ ਅਤੇ ਖੋਜੀ ਸਾਡੀ ਇਸ ਕੋਸ਼ਿਸ਼ ਨੂੰ ਸਵੀਕਾਰ ਕਰਨਗੇ ਅਤੇ ਇਸ ਡਿਜੀਟਲ ਆਰਕਾਈਵ ਦਾ ਭਰਪੂਰ ਫਾਇਦਾ ਉਠਾਉਣਗੇ। ਇਹ ਆਰਕਾਈਵ ਹੇਠਾਂ ਦਿੱਤੇ ਲਿੰਕ ’ਤੇ ਦੇਖੀ ਜਾ ਸਕਦੀ ਹੈ:

https://chiragarchive.blog

# ਵਿੱਦਿਅਕ ਢਾਂਚੇ ਨੂੰ ਕਟਹਿਰੇ 'ਚ ਖੜ੍ਹਾ ਕਰਦੀ ਕਿਤਾਬ - ਅਧਿਆਪਕ ਦੇ ਨਾਂ ਖ਼ਤ



ਡਾ. ਬਲਜਿੰਦਰ
94170-79720
singh.drbaljinder@gmail.com




"ਇੱਕ ਔਰਤ ਅਧਿਆਪਕ ਨੇ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਦਾ ਇਤਿਹਾਸ ਪੜ੍ਹਾਇਆ। ਉਹ ਠੀਕ ਉਸੇ ਨੁਕਤੇ 'ਤੇ ਆ ਕੇ ਰੁਕ ਗਈ, ਜਿਸ ਤੋਂ ਅੱਗੇ ਦੀ ਸਾਡੀ ਜ਼ਿੰਦਗੀ ਨਾਲ ਸਕੂਲ ਨੇ ਸਾਨੂੰ ਜੋੜਣਾ ਸੀ। ਪੂਰੇ ਸਾਲ ਉਹਨੇ ਸਾਡੀ ਕਲਾਸ 'ਚ ਕੋਈ ਵੀ ਅਖਬਾਰ ਪੜ੍ਹਕੇ ਨਹੀਂ ਸੁਣਾਇਆ।

ਸ਼ਾਇਦ ਉਹਦੀਆਂ ਅੱਖਾਂ ਸਾਹਵੇਂ ਫਾਸ਼ੀਵਾਦ ਦੇ ਉਸ ਦੌਰ ਦਾ ਇਹ ਇਸ਼ਤਿਹਾਰ ਘੁੰਮ ਰਿਹਾ ਹੋਊ: ਇੱਥੇ ਸਿਆਸਤ ਦੀ ਗੱਲ ਕਰਨਾ ਮਨ੍ਹਾ ਹੈ।

"ਸਰੀਰਕ ਸਿੱਖਿਆ ਦੇ ਇਮਤਿਹਾਨ ਮੌਕੇ ਸਾਡੇ ਇੱਕ ਅਧਿਆਪਕ ਨੇ ਸਾਡੇ ਵੱਲ ਇੱਕ ਗੇਂਦ ਵਗਾਹ ਕੇ ਮਾਰਦਿਆਂ ਕਿਹਾ: 'ਬਾਸਕੈੱਟਬਾਲ ਖੇਡੋ।' ਪਰ ਸਾਨੂੰ ਇਹ ਖੇਡ ਖੇਡਣੀ ਨਹੀਂ ਆਉਂਦੀ ਸੀ। ਅਧਿਆਪਕ ਨੇ ਸਾਡੇ ਵੱਲ ਫਿਟਲਾਨ੍ਹਤ ਦੀ ਤੱਕਣੀ ਨਾਲ ਤੱਕਿਆ, ਇਓਂ ਲੱਗਦਾ ਸੀ ਜਿਵੇਂ ਕਹਿ ਰਿਹਾ ਹੋਵੇ- 'ਬੇਚਾਰੇ!' ਉਹ ਅਧਿਆਪਕ ਵੀ ਥੋਡੇ 'ਚੋਂ ਈ ਆ। ਉਹਦੇ ਲਈ ਰਵਾਇਤੀ ਆਚਾਰ-ਵਿਹਾਰ 'ਚ ਨਿਪੁੰਨ ਹੋਣਾ ਐਨਾ ਮਾਅਨੇ ਰੱਖਦਾ ਆ। ਉਸਨੇ ਹੈਡਮਾਸਟਰ ਨੂੰ ਕਿਹਾ ਕਿ ਇਹਨਾਂ ਨੇ ਕਿਸੇ ਵੀ ਕਿਸਮ ਦੀ 'ਸਰੀਰਕ ਸਿੱਖਿਆ' ਗ੍ਰਹਿਣ ਨਹੀਂ ਕੀਤੀ, ਇਸਲਈ ਇਹਨਾਂ ਨੂੰ ਇਮਤਿਹਾਨ ਦੁਬਾਰਾ ਦੇਣਾ ਪਊ।

ਉਸ ਅਧਿਆਪਕ ਲਈ ਇਹ ਗੱਲ ਕੋਈ ਮਾਅਨੇ ਨਹੀਂ ਰੱਖਦੀ ਕਿ ਅਸੀਂ ਸ਼ਾਹਬਲੂਤ (ਯੂਰਪੀ ਮੁਲਕਾਂ ਅੰਦਰ ਬਹੁਤ ਲੰਬਾ ਤੇ ਮਜ਼ਬੂਤ ਦਰਖਤ ਓਕ) ਦੇ ਰੁੱਖ 'ਤੇ ਚੜ੍ਹ ਸਕਦੇ ਹਾਂ। ਉਸਤੇ ਚੜ੍ਹਕੇ ਅਸੀਂ ਆਪਣੇ ਦੋਨਾਂ ਹੱਥਾਂ 'ਚ ਕੁਹਾੜੀ ਫੜ੍ਹ ਕੁਅੰਟਲ ਪੱਕੇ ਭਾਰ ਵਾਲੀ ਟਾਹਣੀ ਨੂੰ ਵੱਢਕੇ ਤੇ ਫਿਰ ਉਸ ਟਾਹਣੀ ਨੂੰ ਬਰਫ਼ ਉੱਤੋਂ ਦੀ ਘੜੀਸਦਿਆਂ ਆਪਣੀ ਮਾਂ ਦੇ ਚੁੱਲ੍ਹੇ ਮੂਹਰੇ ਲਿਜਾਕੇ ਟਿਕਾ ਸਕਦੇ ਹਾਂ।

ਫਲੋਰੈਂਸ ਸ਼ਹਿਰ ਦੇ ਇੱਕ ਬੰਦੇ ਬਾਰੇ ਮੈਨੂੰ ਪਤਾ ਲੱਗਿਆ ਹੈ ਕਿ ਉਹ ਆਪਣੇ ਘਰ ਦੀ ਉੱਪਰਲੀ ਮੰਜ਼ਲ 'ਤੇ ਜਾਣ ਲਈ ਤਾਂ ਲਿਫਟ ਵਰਤਦਾ ਹੈ ਪਰ ਉਹਨੇ ਇੱਕ ਮਹਿੰਗਾ ਜਿਹਾ ਯੰਤਰ (ਜੁਗਾੜ) ਖਰੀਦਕੇ ਲਿਆਂਦਾ ਹੋਇਆ ਹੈ ਜੀਹਨੂੰ ਚਲਾਕੇ ਉਹ ਕਿਸ਼ਤੀ ਚਲਾਉਣ ਦਾ ਸਵਾਂਗ ਰਚਦਾ ਹੈ। ਸਰੀਰਕ ਸਿੱਖਿਆ ਦੇ ਪੇਪਰਾਂ 'ਚ ਨੰਬਰ ਦੇਣ ਲੱਗੇ ਤਾਂ ਤੁਸੀਂ ਅਜਿਹੇ ਬੰਦੇ ਨੂੰ ਪਹਿਲਾ ਦਰਜਾ ਦੇ ਦਿੰਦੇ ਹੋ।

ਇਹ ਕੋਈ ਨਾਵਲ ਦਾ ਅਧਿਆਏ ਨਹੀਂ ਹੈ। ਇਹ ਇੱਕ ਨਿੱਕੀ ਜਿਹੀ ਕਿਤਾਬ ਦੇ ਨਿੱਕੇ-ਨਿੱਕੇ ਅੰਸ਼ ਹਨ। ਕੋਈ ਚੁਟਕਲੇ ਨਹੀਂ ਹਨ, ਨਾ ਹੀ ਹਨ- ਇਸ 'ਚ ਕਬਿੱਤ। ਇਹ ਕਿਤਾਬ ਅਜਿਹੇ ਸੈਂਕੜੇ ਅੰਸ਼ਾਂ ਨਾਲ ਭਰੀ ਪਈ ਹੈ। ਕੋਈ ਇੱਕ ਬੰਦੇ ਦੀ ਇਹ ਕਹਾਣੀ ਨਹੀਂ ਹੈ। ਇਸ ਜਹਾਨ 'ਚ ਰਹਿਣ ਵਾਲਾ ਹਰ ਸ਼ਖਸ ਹੀ ਇਸਦਾ ਕਿਰਦਾਰ ਹੈ। ਕਿਤਾਬ ਨੂੰ ਪੜ੍ਹਣ ਬੈਠਣ ਦੀ ਹੀ ਦੇਰ ਹੈ ਕਿ ਤੁਸੀਂ ਇਸਨੂੰ ਪੜ੍ਹਕੇ ਮੁਕਾਇਆਂ ਬਿਨਾਂ ਰੁਕ ਹੀ ਨਹੀਂ ਸਕਦੇ।

ਲੱਗਪੱਗ ਸੌ ਕੁ ਸਫਿਆਂ ਦੀ ਮੂਲ ਰੂਪ 'ਚ ਇਤਾਲਵੀ ਭਾਸ਼ਾ ਦੀ 1966-67 'ਚ ਛਪੀ ਇਹ ਕਿਤਾਬ ਮੁੱਖ ਰੂਪ 'ਚ ਗੱਲ ਕਰਦੀ ਹੈ-ਰਵਾਇਤੀ ਵਿੱਦਿਅਕ ਢਾਂਚੇ ਦੀ, ਵਿਦਿਆਰਥੀਆਂ ਦੀ ਯੋਗਤਾ ਦੀ, ਉਹਨਾਂ ਦੇ ਪਰਿਵਾਰਕ ਪਿਛੋਕੜ ਦੀ, ਉਹਨਾਂ ਨੂੰ ਪੜ੍ਹਣ ਲਈ ਮਿਲਣ ਵਾਲੀਆਂ ਸਹੂਲਤਾਂ ਦੀ, ਉਹਨਾਂ ਨਾਲ ਹੁੰਦੇ ਭੇਦਭਾਵ ਦੀ, ਉਹਨਾਂ ਦੇ ਪਰਿਵਾਰਾਂ ਦੀ ਆਰਥਕ-ਸਮਾਜਕ ਹੈਸੀਅਤ ਦੀ, ਉਹਨਾਂ ਦੀਆਂ ਟਿਊਸ਼ਨਾਂ ਦੀ, ਭਾਸ਼ਾ ਦੀ, ਬੋਲੀ ਦੀ, ਗਣਿਤ ਦੀ ਅਲਜ਼ੈਬਰੇ ਦੀ, ਖੇਤਾਂ ਦੀ, ਅਧਿਆਪਕਾਂ ਦੀ ਤੇ ਉਹਨਾਂ ਨੂੰ ਪੜ੍ਹਾਏ ਜਾਣ ਵਾਲੇ ਸਿਲੇਬਸਾਂ ਦੀ, ਲੋਕ ਸਰੋਕਾਰਾਂ ਦੀ, ਮਜ਼ਦੂਰਾਂ ਦੀ ਤੇ ਉਹਨਾਂ ਦੇ ਬੱਚਿਆਂ ਦੀ ਜਿਹੜੇ ਪੜ੍ਹਣ ਲਈ ਰਵਾਇਤੀ ਸਕੂਲਾਂ 'ਚ ਜਾਂਦੇ ਹਨ, ਕਿਸਾਨਾਂ ਦੇ ਬੱਚਿਆਂ ਦੀ, ਪਾਦਰੀਆਂ ਦੇ ਰੋਲ ਦੀ, ਬਾਈਬਲ ਦੀ, ਲੈਟਿਨ ਭਾਸ਼ਾ ਦੀ, ਯੂਨਾਨੀ ਭਾਸ਼ਾ ਦੀ, ਫਾਸ਼ੀਵਾਦ ਦੀ। ਇਸ ਕਿਤਾਬ ਵਿਚਲੀ ਸਾਰੀ ਸਮੱਗਰੀ ਦੇ ਵਿਸ਼ਿਆਂ ਨੂੰ ਇਸ ਛੋਟੀ ਜਿਹੀ ਲਿਖਤ ਅੰਦਰ ਟੋਹਿਆ ਵੀ ਨਹੀਂ ਜਾ ਸਕਦਾ।

ਅਧਿਆਪਕ ਦੇ ਨਾਂ ਖ਼ਤ ਨਾਮ ਦੀ ਇਹ ਛੋਟੀ ਜਿਹੀ ਪੁਸਤਕਾ ਸਾਨੂੰ ਉਹਨਾਂ ਹਾਲਾਤਾਂ ਦੇ ਰੂਬਰੂ ਕਰ ਦਿੰਦੀ ਹੈ ਜਿਹੜੇ ਹਰ ਗਰੀਬ ਮੁਲਕ ਦੇ ਬਸ਼ਿੰਦਿਆਂ ਦੇ ਬੱਚੇ ਝੱਲ ਰਹੇ ਹਨ। ਇਹ ਕਿਤਾਬ ਸਿਰਫ ਬੱਚਿਆਂ ਦੀ ਤ੍ਰਾਸਦੀ ਹੀ ਬਿਆਨ ਨਹੀਂ ਕਰਦੀ ਬਲਕਿ ਇਸ ਤ੍ਰਾਸਦੀ ਦੇ ਪਿੱਛੇ ਛਿਪੇ ਕਾਰਨਾਂ 'ਤੇ ਵੀ ਉਂਗਲ ਧਰਦੀ ਹੈ ਤੇ ਅਖੀਰ 'ਚ ਹਰ ਸੰਭਵ ਵਿਸ਼ੇ 'ਤੇ ਆਪਣੇ ਸੁਝਾਅ ਵੀ ਦਿੰਦੀ ਹੈ।

ਪੁਸਤਕ ਵਿਚਲੀ ਭਾਸ਼ਾ ਦਾ ਪ੍ਰਵਾਹ ਬਹੁਤ ਸਹਿਜ ਹੈ। ਪਾਣੀ ਦੀ ਰਵਾਨਗੀ ਵਾਲੀ ਵਾਰਤਕ ਹੈ। ਕੋਈ ਗੁੰਝਲਦਾਰ ਸ਼ਬਦ-ਜਾਲ ਨਹੀਂ ਹੈ। ਲੋਕਾਂ ਦੀ ਸਮਝ 'ਚ ਆਉਣ ਵਾਲੀ ਬੋਲੀ ਵਰਤੀ ਗਈ ਹੈ।

ਇਹ ਗੱਲ ਨਹੀਂ ਕਿ ਇਹਦੇ ਅੰਦਰ ਕੋਈ ਬਿਨਾਂ ਸਿਰਪੈਰ ਤੋਂ ਹੀ ਗੱਲਾਂ ਕਹੀਆਂ ਗਈਆਂ ਹਨ। ਆਪਣੀ ਗੱਲ ਨੂੰ ਵਾਜਬੀਅਤ ਬਖਸ਼ਣ ਲਈ ਅੰਕੜੇ ਤੇ ਸਾਰਣੀਆਂ ਦਿੱਤੀਆਂ ਗਈਆਂ ਹਨ। ਅਧਿਆਪਕਾਂ ਦੀ ਪੜ੍ਹਾਈ 'ਤੇ ਵੀ ਸਿਰਜਣਾਤਮਕ ਟੀਕਾ ਕੀਤਾ ਗਿਆ ਹੈ ਕਿ ਕਿਵੇਂ ਇਹ ਸਿੱਖਿਆ ਹਕੀਕਤਾਂ ਤੋਂ ਕੋਹਾਂ ਦੂਰ ਹੈ।

ਇਹਦੇ 'ਚ ਹੈਰਾਨ ਹੋਣ ਵਾਲੀ ਗੱਲ ਹੈ ਕਿ ਇਸ ਪੁਸਤਕ ਦੇ ਰਚੈਤਾ ਕੋਈ ਬਹੁਤੀ ਉੱਚ-ਦਰਜੇ ਦੀ ਪੜ੍ਹਾਈ ਕਰਕੇ ਕਿਸੇ ਯੂਨੀਵਰਸਿਟੀਆਂ 'ਚ ਲੱਗੇ ਪ੍ਰੋਫੈਸਰ ਆਦਿ ਜਾਂ ਮਸ਼ਹੂਰ ਕਾਲਜਾਂ ਦੇ ਵਿਦਿਆਰਥੀ/ਅਧਿਆਪਕ ਨਹੀਂ ਹਨ। ਇਹ ਤਾਂ ਤੇਰਾਂ ਤੋਂ ਪੰਦਰਾਂ ਸਾਲਾਂ ਦੇ ਵਿਚਵਿਚਾਲੜੀ ਉਮਰ ਦੇ ਅੱਠ ਚੋਬਰ ਹਨ। ਜਿਹੜੇ ਇਟਲੀ ਦੇ ਮਸ਼ਹੂਰ ਸ਼ਹਿਰ ਫਰਾਂਸਿਸ ਸ਼ਹਿਰ ਤੋਂ ਪੰਜਾਹ ਕਿਲੋਮੀਟਰ ਦੂਰਦਰਾਜ ਦੇ ਦੁਰਗਮ ਰਾਹਾਂ ਵਾਲੇ ਪਹਾੜਾਂ 'ਚ ਸਥਿਤ ਬਾਰਬੀਆਨਾ ਪਿੰਡ ਦੇ ਸਕੂਲ ਦੇ ਵਿਦਿਆਰਥੀ ਹਨ। ਇਸੇ ਪਿੰਡ ਦੇ ਨਾਂ 'ਤੇ ਹੀ ਇਸ ਕਿਤਾਬ ਦਾ ਉੱਪ ਸਿਰਲੇਖ ਬਾਰਬੀਆਨਾ ਸਕੂਲ ਦੇ ਬੱਚੇ ਰੱਖਿਆ ਗਿਆ ਹੈ। ਇਹਨਾਂ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਾਲੀਆਂ ਕੋਈ ਸਹੂਲਤਾਂ ਉਪਲਬਧ ਨਹੀਂ ਸਨ। ਬਾਰਬੀਆਨਾ ਸਕੂਲ 'ਚ ਉਹ ਬੱਚੇ ਹੀ ਪੜ੍ਹਣ ਲਈ ਆਏ ਸਨ ਜਿਹਨਾਂ ਨੂੰ ਜਾਂ ਤਾਂ ਸਰਕਾਰੀ ਸਕੂਲਾਂ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ 'ਚ ਜਮਾ ਈ ਕੋਈ ਰੁਚੀ ਨਹੀਂ ਸੀ ਜਾਂ ਫਿਰ ਉਹਨਾਂ ਨੂੰ ਇਹਨਾਂ ਸਕੂਲਾਂ 'ਚ ਫੇਹਲ ਕਰ ਦਿੱਤਾ ਗਿਆ ਸੀ। ਇਹਨਾਂ ਬੱਚਿਆਂ ਨੂੰ ਤੰਗ ਤੇ ਨਿਰਉਤਸ਼ਾਹਤ ਕੀਤਾ ਗਿਆ ਸੀ। ਪਰ ਇਹਨਾਂ ਹੀ ਬੱਚਿਆਂ ਨੂੰ ਲੈ ਕੇ ਇਸ ਪਿੰਡ 'ਚ ਸਥਿਤ ਚਰਚ ਦੇ ਪਾਦਰੀ ਫਾਦਰ ਡਾੱਨ ਲੌਰੈਂਜ਼ੋ ਮਿਲਾਨੀ ਨੇ ਇੱਕ ਡੋਪੋਸਕੂਲਾ(ਕੰਮ ਦੇ ਘੰਟਿਆਂ ਤੋਂ ਬਾਅਦ ਘਰ ਆਉਣ ਤੋਂ ਬਾਅਦ ਸਕੂਲ ਜਾਣ ਵਾਲੇ ਸਕੂਲ) ਦਾ ਆਰੰਭ ਕੀਤਾ ਸੀ। ਉਸੇ ਨੇ ਹੀ ਇਹਨਾਂ ਬੱਚਿਆਂ ਦੀ ਰਾਹਨੁਮਾਈ ਕਰ ਅਜਿਹੀ ਕਰਾਮਾਤੀ ਪੁਸਤਕ ਲੋਕਾਂ ਲਈ ਪੇਸ਼ ਕੀਤੀ ਹੈ। ਅਤੇ ਇਹਨਾਂ 'ਚੋਂ ਹੀ ਅੱਠ ਬੱਚੇ ਇਸ ਪੁਸਤਕ ਦੇ ਰਚੇਤਾ ਬਣੇ।

ਪੁਸਤਕ ਵਿਚਲੀ ਬਿਆਨੀ ਵਿਦਿਆਰਥੀਆਂ ਦੀ ਜ਼ਿੰਦਗੀ ਕੋਈ ਇਟਲੀ ਦੇ ਪੇਂਡੂ ਖੇਤਰ ਤੱਕ ਹੀ ਸੀਮਤ ਨਹੀਂ ਹੈ। ਇਹ ਦੁਨੀਆਂ ਦੇ ਮੁਲਕਾਂ ਦੇ ਹੱਦਾਂ-ਬੰਨੇ ਟੱਪ ਹਰ ਉਸ ਮੁਲਕ ਦੇ ਬੱਚਿਆਂ ਤੇ ਮਾਪਿਆਂ ਦੀ ਵਿਥਿਆ ਹੈ। ਜਿਹਨਾਂ ਅੰਦਰ ਵਿਅਕਤੀਆਂ ਦਾ ਇੱਕ ਸਮੂਹ ਜ਼ਿੰਦਗੀ ਦੇ ਸਾਰੇ ਸ਼ੋਬਿਆਂ 'ਤੇ ਕਾਬਜ ਹੈ ਅਤੇ ਇਹਨੂੰ ਆਪਣੇ ਹੀ ਢੰਗਾਂ ਨਾਲ ਤੇ ਆਪਣੇ ਨਿੱਜੀ ਹਿੱਤਾਂ ਦੇ ਅਨੁਸਾਰ ਵਰਤੋਂ 'ਚ ਲਿਆਉਂਦਾ ਹੈ।

ਇਸ ਵਿਚਲੀ ਸਮੱਗਰੀ ਸਾਡੇ ਮੁਲਕ ਦੇ ਲੋਕਾਂ ਲਈ ਵੀ ਬਹੁਤ ਮਾਅਨੇ ਰੱਖਦੀ ਹੈ। ਦੁਨੀਆਂ ਦੇ ਹਰ ਦੱਬੇ-ਕੁਚਲੇ ਮੁਲਕ ਵਾਂਗ ਸਾਡੇ ਮੁਲਕ ਦੇ ਲੋਕ ਵੀ ਅੱਜ ਮੌਜੂਦਾ ਸਰਕਾਰ ਵੱਲੋਂ ਲੋਕਾਂ ਦੇ ਹੱਕਾਂ 'ਤੇ ਛਾਪੇ ਮਾਰਨ ਵਾਲੀ ਲਾਗੂ ਕੀਤੀ ਜਾ ਰਹੀ ਕੌਮੀ ਵਿੱਦਿਆ ਨੀਤੀ ਦੀ ਮਾਰ ਹੇਠ ਆਏ ਹੋਏ ਹਨ। ਜਿਹੜੀ ਹਰ ਪੱਧਰ ਦੀ ਸਿੱਖਿਆ ਦੇ ਨਿੱਜੀਕਰਣ ਨੂੰ ਉਤਸ਼ਾਹਤ ਤਰਕਦੀ ਹੈ ਤੇ ਵਿਦਿਆਰਥੀਆਂ ਨੂੰ ਕਾਰਪੋਰੇਟ ਘਰਾਣਿਆਂ ਲਈ ਖਾਜ਼ਾ ਬਣਾਉਂਦੀ ਹੈ। ਜਿੱਥੇ ਜਮਹੂਰੀ ਤੇ ਇਨਸਾਫ ਪਸੰਦ ਹਲਕੇ ਆਪਣੇ ਵਿੱਤ ਮੂਜਬ ਇਸ ਲੋਕ ਵਿਰੋਧੀ ਤੇ ਵਿਦਿਆਰਥੀ ਵਿਰੋਧੀ ਤੇ ਕਾਰਪੋਰੇਟ ਪੱਖੀ ਤੇ ਸਨਾਤਨੀ ਰਵਾਇਤਾਂ ਨੂੰ ਤੇ ਮਨੂੰਵਾਦੀ ਸੋਚ ਨੂੰ ਉਚਿਆਉਣ ਵਾਲੀ ਇਸ ਨੀਤੀ ਦਾ ਆਪਣੇ ਵਿੱਤ ਮੂਜਬ ਵਿਰੋਧ ਕਰ ਰਹੇ ਹਨ। ਉੱਥੇ ਇਸ ਵਿਰੋਧ ਅੰਦਰ ਉਹਨਾਂ ਲੋਕਾਂ ਹੱਥ ਇਹ ਪੁਸਤਕ ਇੱਕ ਕਾਰਗਰ ਹਥਿਆਰ ਹੈ ਜਿਹੜਾ ਕਿ ਪੀੜਤ ਵਰਗ ਦੇ ਬੱਚਿਆਂ ਨੇ ਸਿਰਜਿਆ ਹੈ। ਇਹ ਕਿਤਾਬ ਸਿੱਖਿਆ ਸ਼ਾਸਤਰੀਆਂ, ਸਿਆਸੀ ਕਾਰਕੁੰਨਾਂ, ਮਾਪਿਆਂ, ਅਧਿਆਪਕਾਂ ਤੇ ਆਪਣੇ ਮੁਲਕ ਦੇ ਲੋਕਾਂ ਦੀ ਜ਼ਿੰਦਗੀ ਪ੍ਰਤੀ ਫਿਕਰਮੰਦ ਲੋਕਾਂ ਲਈ ਬਹੁਤ ਹੀ ਲਾਭਦਾਇਕ ਸਿੱਧ ਹੋਵੇਗੀ। ਵਿਦਿਆਰਥੀਆਂ ਦੇ ਨਾਲ-ਨਾਲ ਵਿੱਦਿਆ ਪ੍ਰਤੀ ਸਰੋਕਾਰ ਰੱਖਣ ਵਾਲੇ ਸੱਭਨਾਂ ਵਰਗਾਂ ਦੇ ਲੋਕਾਂ ਨੂੰ ਇਹ ਪੁਸਤਕ ਵਾਚਣੀ ਚਾਹੀਦੀ ਹੈ।

ਇਸ ਪੁਸਤਕ ਨੂੰ ਪੜ੍ਹਕੇ ਇੱਕ ਫ਼?ਲਮ ਚੇਤੇ ਆਉਂਦੀ ਹੈ ਜਿਹੜੀ ਬਹੁਤ ਹੀ ਰੌਚਕ ਢੰਗ ਨਾਲ ਅੱਜ ਦੇ ਪੜ੍ਹਾਈ ਦੇ ਢਾਂਚੇ 'ਤੇ ਤਿੱਖਾ ਵਿਅੰਗ ਕਸਦੀ ਹੈ ਤੇ ਨਾਲ ਹੀ ਬਹੁਤ ਹੀ ਸਪੱਸ਼ਟ ਰੂਪ 'ਚ ਇਸਦੀ ਪਾਜ ਉਘੜਾਈ ਕਰਦੀ ਹੈ- ਹਿੰਦੀ ਫ਼ਿਲਮ ਥਰੀ ਈਡੀਅਟਸ, ਜਿਹੜੀ ਕਰੀਬ ਪੰਦਰਾਂ ਵਰ੍ਹੇ ਪਹਿਲਾਂ ਰਿਲੀਜ਼ ਹੋਈ ਸੀ। ਇਸ ਫ਼ਿਲਮ ਦਾ ਇੱਕ ਡਾਇਲਾਗ ਇੱਥੇ ਬਹੁਤ ਹੀ ਢੁੱਕਵਾਂ ਹੈ- ਪੜ੍ਹਾਉਣ ਦੀ ਤਰਕੀਬ 'ਤੇ ਬਹਿਸ ਦੌਰਾਨ ਫ਼ਿਲਮ ਦਾ ਇੱਕ ਅਹਿਮ ਕਿਰਦਾਰ ਕਹਿੰਦਾ ਹੈ ਕਿ ਅੱਜ ਮੈਂ ਤੁਹਾਨੂੰ ਇੰਜੀਨੀਅਰਿੰਗ ਨਹੀਂ ਪੜ੍ਹਾਵਾਂਗਾ (ਆਪਣੇ ਅਧਿਆਪਕ ਨੂੰ ਸੰਬੋਧਨ ਹੁੰਦਾ ਕਹਿੰਦਾ ਹੈ), ਉਹ ਤਾਂ ਤੁਸੀਂ ਮੇਰੇ ਨਾਲੋਂ ਕਿਤੇ ਬਿਹਤਰ ਪੜ੍ਹਾ ਸਕਦੇ ਹੋ। ਪਰ ਮੈਂ ਅੱਜ ਤੁਹਾਨੂੰ ਇਹ ਪੜ੍ਹਾਵਾਂਗਾ ਕਿ ਪੜ੍ਹਾਇਆ ਕਿਵੇਂ ਜਾਂਦਾ ਹੈ।

ਪੰਜਾਬੀ 'ਚ ਇਸ ਕਿਤਾਬ ਨੂੰ ਕਈ ਵਰ੍ਹੇ ਪਹਿਲਾਂ ਯੂਨੀਸਟਾਰ ਚੰਡੀਗੜ੍ਹ ਵਾਲਿਆਂ ਨੇ ਛਾਪਿਆ ਸੀ ਪਰ ਹੁਣ ਮਿਲ ਨਹੀਂ ਰਹੀ। ਹਿੰਦੀ ਭਾਸ਼ਾ 'ਚ ਇਹ 2006 'ਚ ਗ੍ਰੰਥ ਸ਼ਿਲਪੀ ਵੱਲੋਂ ਛਾਪੀ ਗਈ ਸੀ ਜਿਹੜੀ ਕਿ ਮਿਲ ਜਾਂਦੀ ਹੈ। ਅੰਗ੍ਰੇਜ਼ੀ 'ਚ ਏ ਲੈਟਰ ਟੂ ਟੀਚਰ ਦੇ ਨਾਮ 'ਤੇ ਪੀਡੀਐੱਫ ਦੇ ਰੂਪ 'ਚ ਇੰਟਰਨੈੱਟ ਤੋਂ ਮਿਲ ਜਾਂਦੀ ਹੈ।

ਅੰਤ 'ਚ ਇਸ ਖ਼ਤ ਵਿਚਲੇ ਹੀ ਇੱਕ ਵਾਕ ਨਾਲ ਇਸ ਚਰਚਾ ਨੂੰ ਸਿਰੇ ਲਾਉਂਦੇ ਹਾਂ-

ਗਿਆਨ ਦਾ ਉਦੇਸ਼ ਹੀ ਇਹ ਹੈ ਕਿ ਅਸੀਂ ਇਸ ਨੂੰ ਹੋਰਾਂ ਨਾਲ ਸਾਂਝਾ ਕਰੀਏ।





Galaxy Kitchen Cabinets Ltd.
Residential & Commercial
• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058


Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4


THE HARP GREWAL
ਹਰਪ ਗਰੇਵਾਲ REAL ESTATE TEAM
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC. BROKERAGE
HIGHER STANDARDS


Baljinder Singh
Graphic Designer
All types of Newspaper Advts. Newspaper
Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ
ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com


Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program,
Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762 or 29 DREAM(37326)
Special Packages Available For All Occasions in Calgary


Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313


ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2


Hiring Drivers/Owners/Operators
GALAXY
Frightline inc.
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
*2 Years Experience
* Clean Current Abstract
* Ability to Cross Border
* Positive, Professional Attitude
For:
*GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਪਿੰਡ ਜ਼ੀਰਖ ਵਿਖੇ ਸ਼ੇਰ ਕੌਰ ਯਾਦਗਾਰੀ ਅੱਖਾਂ ਦਾ 9ਵਾਂ ਫਰੀ ਸਲਾਨਾ ਕੈਂਪ





ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਪਿੰਡ ਜ਼ੀਰਖ ਵਿਖੇ ਤਰਕਸ਼ੀਲ ਆਗੂ ਜਸਵੰਤ ਜ਼ੀਰਖ ਦੀ ਮਰਹੂਮ ਪਤਨੀ ਸ੍ਰੀ ਮਤੀ ਸ਼ੇਰ ਕੌਰ ਦੀ ਯਾਦ ਵਿੱਚ ਲਗਾਏ 9ਵੇਂ ਸਲਾਨਾ ਅੱਖਾਂ ਦੇ ਫ੍ਰੀ ਕੈਂਪ ਵਿੱਚ 142 ਮਰੀਜ਼ਾਂ ਦੀਆਂ ਅੱਖਾਂ ਦੇ ਮੁਆਇਨੇ ਕੀਤੇ ਗਏ ਅੱਖਾਂ ਦੇ ਵਿਸ਼ਵ ਪ੍ਰਸਿੱਧ ਡਾ ਰਮੇਸ਼ (ਐਮ ਡੀ ਅੱਖਾਂ) ਅਤੇ ਉਹਨਾਂ ਦੀ ਟੀਮ ਨੇ ਮੁਆਇਨੇ ਕਰਦਿਆਂ 100 ਦੇ ਕ੍ਰੀਬ ਮਰੀਜ਼ਾਂ ਨੂੰ ਮੁਫ਼ਤ ਐਨਕਾਂ ਅਤੇ 12 ਮਰੀਜ਼ਾਂ ਨੂੰ ਚਿੱਟੇ ਮੋਤੀਏ ਦੇ ਅਪ੍ਰੇਸ਼ਨ ਲਈ ਚੁਣਿਆ। ਐਨਕਾਂ ਲਗਾਉਣ ਨਾਲ ਨਜ਼ਰ ਠੀਕ ਹੋ ਜਾਣ ਵਾਲੇ ਲੋੜਵੰਦਾਂ ਨੂੰ ਵੱਖ ਵੱਖ ਢੁਕਵੇਂ ਨੰਬਰਾਂ ਦੀਆਂ ਐਨਕਾਂ ਅਤੇ ਲੋੜੀਂਦੀਆਂ ਦਵਾਈਆਂ ਮੌਕੇ ਤੇ ਹੀ ਜ਼ੀਰਖ ਪਰਿਵਾਰ ਵੱਲੋਂ ਮੁਹੱਈਆ ਕੀਤੀਆਂ ਗਈਆਂ। ਇਸ ਮੌਕੇ ਡਾ ਰਮੇਸ਼ ਜੀ ਵੱਲੋਂ ਖੁਦ ਕੈਂਪ ਵਿੱਚ ਆਏ ਲੋਕਾਂ ਨੂੰ ਆਪਣੀ ਨਜ਼ਰ ਸਹੀ ਸਲਾਮਤ ਰੱਖਣ ਦੇ ਨੁਕਤੇ ਸਮਝਾ ਕੇ ਖੁਦ ਨੂੰ ਸਿਹਤ ਮੰਦ ਰੱਖਣ ਲਈ ਪ੍ਰੇਰਿਤ ਕੀਤਾ। ਚਿੱਟੇ ਮੋਤੀਏ ਦੇ ਅਪ੍ਰੇਸ਼ਨ ਅਤੇ ਲੈਂਜ ਪਾਉਣ ਦਾ ਕੰਮ 9 ਫਰਵਰੀ ਨੂੰ ਪੁੱਨਰ ਜੋਤ ਸੁਪਰ ਸਪੈਸਿਲਟੀ ਹਸਪਤਾਲ ਲੁਧਿਆਣਾ ਵਿਖੇ ਕੀਤਾ ਗਿਆ, ਜਿੱਥੇ ਅਪ੍ਰੇਸ਼ਨ ਵਾਲੇ ਸਾਰੇ ਮਰੀਜ਼ਾਂ ਲਈ ਰਹਾਇਸ਼ ਅਤੇ ਖਾਣ ਪੀਣ ਦਾ ਪ੍ਰਬੰਧ ਹਸਪਤਾਲ ਵੱਲੋਂ ਬੇਹੱਦ ਸ਼ਲਾਘਾ ਯੋਗ ਸੀ। ਦੂਜੇ ਦਿਨ ਸਵੇਰੇ ਸਾਰੇ ਮਰੀਜ਼ਾਂ ਦੀਆਂ ਅੱਖਾਂ 'ਚ ਪਾਏ ਲੈਂਜਾਂ ਦਾ ਨਰੀਖਣ ਡਾ ਰਮੇਸ਼ ਜੀ ਵੱਲੋਂ ਕਰਨ ਸਮੇਂ ਸਾਰਿਆਂ ਦੇ ਸਹੀ ਹੋਣ ਦੀ ਪੁਸ਼ਟੀ ਕਰਦਿਆਂ ਮੁਬਾਰਕ ਬਾਦ ਦਿੱਤੀ । ਉਹਨਾਂ ਜ਼ੀਰਖ ਪਰਿਵਾਰ ਵੱਲੋਂ ਹਰ ਸਾਲ ਇਹ ਕੈਂਪ ਲਗਾ ਕੇ, ਸਮਾਜ ਪ੍ਰਤੀ ਨਿਭਾਏ ਜਾ ਰਹੇ ਇਸ ਕਾਰਜ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਸ ਕੈਂਪ ਦੀ ਲਗਾਤਾਰਤਾ ਨੇ, ਇਲਾਕੇ ਭਰ ਵਿੱਚ ਆਪਣਾ ਵਿਲੱਖਣ ਨਾਮ ਬਣਾ ਲਿਆ ਹੈ। ਡਾ. ਰਮੇਸ਼ ਜੀ ਵੱਲੋਂ ਜ਼ੀਰਖ ਪਰਿਵਾਰ ਲਈ ਸਨਮਾਨ ਚਿੰਨ੍ਹ ਦੇ ਕੇ ਮਾਣ ਵਧਾਇਆ ਗਿਆ। ਇਸ ਮੌਕੇ ਜਸਵੰਤ ਜ਼ੀਰਖ ਨੇ ਸਾਰੇ ਮਰੀਜ਼ਾਂ ਵੱਲੋਂ ਡਾ ਰਮੇਸ਼ ਅਤੇ ਉਹਨਾਂ ਦੀ ਟੀਮ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਪ੍ਰਸੰਸਾ ਕਰਦਿਆਂ ਧੰਨਵਾਦ ਕੀਤਾ। ਉਨ੍ਹਾਂ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਸਮਾਜ ਦੇ ਸਹਿਯੋਗ ਰਾਹੀਂ ਕੀਤੀਆਂ ਪ੍ਰਾਪਤੀਆਂ ਦੀ ਬਦੌਲਤ ਹੀ ਮੇਰਾ ਸਮੁੱਚਾ ਪਰਿਵਾਰ ਸਮਾਜ ਪ੍ਰਤੀ ਨਿਗੁਣੀ ਜਿਹੀ ਜ਼ੁੰਮੇਵਾਰੀ ਨਿਭਾਉਣ ਦੇ ਯੋਗ ਹੋਇਆ ਹੈ। ਮੋਹਣ ਸਿੰਘ ਵੱਲੋਂ ਹਸਪਤਾਲ ਵਿਖੇ ਮਰੀਜ਼ਾਂ ਦੀ




ਸੇਵਾ ਬਾਖ਼ੂਬੀ ਨਿਭਾਈ। ਇਸ ਸਮੇਂ ਹਰ ਸਾਲ ਦੀ ਤਰ੍ਹਾਂ ਤਰਲੋਚਨ ਸਿੰਘ ਉਰਫ ਰਾਜੂ ਅਤੇ ਜੋਬਨ ਪ੍ਰੀਤ ਜ਼ੀਰਖ ਨੇ ਆਸਟ੍ਰੇਲੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਪ੍ਰਬੰਧਾਂ 'ਚ ਹਿੱਸਾ ਲਿਆ। ਸਮੁੱਚੇ ਪ੍ਰਬੰਧਾਂ ਲਈ ਜ਼ੀਰਖ ਪਰਿਵਾਰ ਦੇ ਮੈਂਬਰਾਂ ਦਲਬਾਗ ਸਿੰਘ, ਐਡਵੋਕੇਟ ਹਰਪ੍ਰੀਤ ਜ਼ੀਰਖ, ਤਰਲੋਚਨ ਉਰਫ ਰਾਜੂ ਜ਼ੀਰਖ (ਆਸਟ੍ਰੇਲੀਆ) ਅਤੇ ਜੋਬਨ ਪ੍ਰੀਤ ਜ਼ੀਰਖ (ਆਸਟ੍ਰੇਲੀਆ) ਕਰਮਜੀਤ ਕੌਰ, ਕੁਲਦੀਪ ਕੌਰ, ਦਮਨਦੀਪ ਕੌਰ ਸਮੇਤ ਸਾਬਕਾ ਸਰਪੰਚ ਬਲਜੀਤ ਸਿੰਘ, ਮੈਂਬਰ ਮੋਹਣ ਸਿੰਘ, ਕਰਮਜੀਤ ਸਿੰਘ, ਅਰੁਣ ਕੁਮਾਰ, ਰਾਕੇਸ਼ ਆਜ਼ਾਦ, ਜਗਜੀਤ ਸਿੰਘ, ਜਗਧੀਰਜ ਸਿੰਘ ਅਤੇ ਪਿੰਡ ਵਾਸੀਆਂ ਨੇ ਭਰਵਾਂ ਸਹਿਯੋਗ ਦਿੱਤਾ।

# ਗਦਰੀ ਸ਼ਹੀਦ ਬਾਬਾ ਭਾਨ ਸਿੰਘ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਜਨਮ ਭੂਮੀ ਪਿੰਡ ਸੁਨੇਤ 'ਚ ਕੀਤਾ ਗਿਆ ਮਸ਼ਾਲ ਮਾਰਚ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਸਥਾਨਕ ਗ਼ਦਰੀ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਗਦਰੀ ਬਾਬਾ ਭਾਨ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਸ਼ਾਲ ਮਾਰਚ ਕੀਤਾ ਗਿਆ। ਯਾਦ ਰਹੇ ਕਿ ਬਾਬਾ ਭਾਨ ਸਿੰਘ ਦੇਸ਼ ਨੂੰ ਅੰਗਰੇਜ਼ ਹਕੂਮਤ ਤੋਂ ਅਜ਼ਾਦ ਕਰਵਾਉਣ ਲਈ ਬਣੀ ਗਦਰ ਪਾਰਟੀ ਦੇ ਮਹਾਨ ਯੋਧੇ ਸਨ। ਉਹਨਾਂ ਨੂੰ ਅੰਗਰੇਜ਼ ਹਕੂਮਤ ਵੱਲੋਂ ਕਾਲੇ ਪਾਣੀ ਦੀ ਸੈਲੂਲਰ ਜੇਲ੍ਹ ਦੀ ਉਮਰ ਕੈਦ ਦਿੱਤੀ ਗਈ ਸੀ, ਜਿੱਥੇ ਕਿ ਜੇਲ੍ਹ ਵਿੱਚ ਹੀ ਉਹ ਹਕੂਮਤੀ ਜਬਰ ਸਹਾਰਦੇ ਹੋਏ 2 ਮਾਰਚ 1918 ਨੂੰ ਸ਼ਹੀਦ ਹੋ ਗਏ ਸਨ। ਅੱਜ ਇਹ ਮਸ਼ਾਲ ਮਾਰਚ ਉਨ੍ਹਾਂ ਦੀ ਪਿੰਡ ਸੁਨੇਤ (ਲੁਧਿਆਣਾ) ਵਿੱਚ ਉਸਾਰੀ ਗਈ ਯਾਦਗਾਰ ਤੋਂ ਸ਼ੁਰੂ ਹੋ ਕੇ ਪਿੰਡ ਦੀਆਂ ਗਲੀਆਂ ਵਿੱਚ ਅਕਾਸ਼ ਗੁੰਜਾਊ ਜੁਸ਼ੀਲੇ ਨਾਅਰਿਆਂ ਨਾਲ ਗੁਜ਼ਰਦਾ ਹੋਇਆ ਵਾਪਸ ਯਾਦਗਾਰ ਤੇ ਖਤਮ ਹੋਇਆ।





ਇਸ ਮਾਰਚ ਦੀ ਸ਼ੁਰੂਆਤ ਵਿੱਚ ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟਰੱਸਟ ਦੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਨੌਜਵਾਨ ਸਭਾ ਦੇ ਇਸ ਉੱਧਮ ਦੀ ਸ਼ਲਾਘਾ ਕਰਦਿਆਂ ਨੌਜਵਾਨਾਂ ਨੂੰ ਸ਼ਹੀਦਾਂ ਦੇ ਪੂਰਨਿਆਂ ਤੇ ਚੱਲਣ ਦੀ ਅਪੀਲ ਕਰਦਿਆਂ ਗਦਰੀ ਬਾਬਿਆਂ ਵੱਲੋਂ ਚਿਤਵੇ ਸਮਾਜ ਦੀ ਸਿਰਜਣਾ ਕਰਨ ਲਈ ਅੱਗੇ ਵਧਣ ਦਾ ਸੰਦੇਸ਼ ਦਿੱਤਾ। ਮਾਰਚ ਦੌਰਾਨ ਪਿੰਡ ਦੇ ਮੁੱਖ ਦਰਵਾਜ਼ੇ ਤੇ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਹਰਪ੍ਰੀਤ ਜ਼ੀਰਖ ਨੇ ਸੰਬੋਧਨ ਕਰਦਿਆਂ ਕਿਹਾ ਕਿ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਦਾ ਸ਼ਹੀਦੀ ਦਿਹਾੜਾ ਨਾ ਸਿਰਫ਼ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕਰਨ ਦਾ ਹੈ, ਸਗੋਂ ਉਨ੍ਹਾਂ ਦੀ ਵਿਰਾਸਤ ਅਤੇ ਵਿਚਾਰਧਾਰਾ ਨੂੰ ਲੋਕਾਂ ਵਿੱਚ ਲੈ ਕੇ ਜਾਣ ਦਾ ਇੱਕ ਵੱਡਾ ਮੌਕਾ ਹੁੰਦਾ ਹੈ। ਮੌਜੂਦਾ ਸਮੇਂ ਵਿੱਚ ਇਸ ਸਮਾਜ ਵਿੱਚ ਧਰਮਾਂ-ਜਾਤਾਂ ਦੇ ਨਾਮ ਤੇ ਵੰਡੀਆਂ ਪਾਉਣ ਵਾਲੀਆਂ ਫਾਸ਼ੀਵਾਦੀ ਤਾਕਤਾਂ ਸਰਗਰਮ ਹੋ ਚੁੱਕੀਆਂ ਹਨ ਤੇ ਲੋਕਾਂ ਨੂੰ ਆਪਸ ਵਿੱਚ ਲੜਾ ਕੇ ਨਫ਼ਰਤ ਫੈਲਾਉਣ ਦਾ ਯਤਨ ਕਰ ਰਹੀਆਂ ਹਨ। ਪਰ ਨੌਜਵਾਨ ਸਭਾ ਇਹ ਸਮਝਦੀ ਹੈ ਕਿ ਅਜੋਕੇ ਨਫ਼ਰਤੀ ਮਾਹੌਲ ਵਿੱਚ ਗਦਰੀ ਬਾਬਿਆਂ ਦਾ ਲੁੱਟ ਅਤੇ ਵਿਤਕਰੇ ਰਹਿਤ ਸਮਾਜ ਦੀ ਸਿਰਜਣਾ ਦੀ ਲੜਾਈ ਨੂੰ ਅੱਗੇ ਤੋਰਦਿਆਂ ਉਨ੍ਹਾਂ ਦੀ ਵਿਚਾਰਧਾਰਾ ਨੂੰ ਪ੍ਰਚਾਰਨ ਦਾ ਕਾਰਜ ਨੌਜਵਾਨਾਂ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਗਦਰੀ ਬਾਬਿਆਂ ਦੀ ਵਿਚਾਰਧਾਰਾ ਹੀ ਨੌਜਵਾਨਾਂ ਨੂੰ ਸਹੀ ਸੇਧ ਪ੍ਰਦਾਨ ਕਰਦਿਆਂ ਨਸ਼ਿਆਂ ਅਤੇ ਸਮਾਜ ਦੀਆਂ ਹੋਰ ਅਲਾਮਤਾਂ ਤੋਂ ਦੂਰ ਲੈ ਜਾ ਕੇ, ਸੋਹਣੇ ਮਨੁੱਖੀ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਵੱਲ ਪ੍ਰੇਰਿਤ ਕਰ ਸਕਦੀ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਸ਼ਹੀਦੀ ਦਿਹਾੜੇ ਨੂੰ ਵੱਡੇ ਪੱਧਰ ਤੇ ਮਨਾਉਣ ਅਤੇ ਘਰਾਂ ਵਿੱਚ ਦੀਪਮਾਲਾ ਕਰਨ ਦੀ ਅਪੀਲ ਕੀਤੀ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਪਲਸ ਮੰਚ ਵੱਲੋਂ ਕਸਤੂਰੀ ਲਾਲ, ਨਾਟਕਕਾਰ ਤਰਲੋਚਨ ਸਿੰਘ (ਰੰਗ ਮੰਚ ਰੰਗ ਨਗਰੀ) ਤਰਕਸ਼ੀਲ ਆਗੂ ਬਲਵਿੰਦਰ ਲਾਲਬਾਗ, ਕਾਮਰੇਡ ਮੋਹਣ ਸਿੰਘ, ਜਰਨੈਲ ਸਿੰਘ ਤੋਂ ਇਲਾਵਾ ਨੌਜਵਾਨ ਸਭਾ ਵੱਲੋਂ ਮੀਨੂੰ ਸ਼ਰਮਾ, ਤਜਿੰਦਰ ਸਿੰਘ, ਮਾਨ ਸਿੰਘ, ਰਜੀਵ ਕੁਮਾਰ, ਨੀਲ, ਗਰੀਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨਾਂ ਬੱਚਿਆਂ ਨੇ ਸ਼ਮੂਲੀਅਤ ਕੀਤੀ।

# ਬੱਬਰ ਅਕਾਲੀ ਲਹਿਰ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਨਾਟਕ ਸਮਾਗਮ






ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ਬੱਬਰ ਅਕਾਲੀ ਲਹਿਰ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਨੂੰ ਨਾਟਕ ਸਮਾਗਮ ਕਰਵਾਇਆ ਗਿਆ। ਇਸ ਨਾਟਕ ਮੇਲੇ ਦੀ ਸ਼ੁਰੂਆਤ ਉੱਘੇ ਕਵੀ ਕੇ. ਸਾਧੂ ਸਿੰਘ ਦੀਆਂ ਕਵਿਤਾਵਾਂ ਨਾਲ ਕੀਤੀ ਗਈ। ਕਵਿਤਾਵਾਂ ਨੂੰ ਖ਼ੂਬ ਪਸੰਦ ਕੀਤਾ ਗਿਆ। ਸਮਾਗਮ ਦਾ ਰਸਮੀ ਉਦਘਾਟਨ ਮੁੱਖ ਰੂਪ ਸਹਿਤ ਅਕਾਦਮੀ ਐਵਾਰਡ ਜੇਤੂ ਉੱਘੇ ਲੇਖਕ ਸ੍ਰੀ ਮਿੱਤਰ ਸੈਨ ਮੀਤ ਜੀ , ਪ੍ਰਿੰ. ਡਾਕਟਰ ਅਵਤਾਰ ਸਿੰਘ, ਪ੍ਰੋਫੈਸਰ ਹਰਦੇਵ ਸਿੰਘ ਗਰੇਵਾਲ, ਮੈਡਮ ਰਣਜੀਤ ਕੌਰ ਗਰੇਵਾਲ, ਅਮਰੀਕ ਤਲਵੰਡੀ, ਕੰਵਲਜੀਤ ਖੰਨਾ, ਕਸਤੂਰੀ ਲਾਲ, ਮਾਸਟਰ ਉਜਾਗਰ ਸਿੰਘ, ਜਰਨੈਲ ਤੱਗੜ ਕੈਲਗਰੀ, ਸੰਕੁਤਲਾ ਜੰਗ, ਗਾਇਤਰੀ ਸੋਹੀ, ਵਿਜੈ ਮਿੱਤਲ ਨੇ ਸਾਂਝੇ ਰੂਪ ਵਿੱਚ ਕੀਤਾ। ਮਿੱਤਰ ਸੈਨ ਮੀਤ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਗੁਰਸ਼ਰਨ ਭਾਅ ਜੀ ਦੀ ਬੜੀ ਵੱਡੀ ਦੇਣ ਹੈ। ਉਨ੍ਹਾਂ ਕਿਹਾ ਮੇਰੀ ਪਹਿਲੀ ਕਿਤਾਬ ਭਾਅ ਜੀ ਨੇ ਹੀ ਛਾਪੀ ਸੀ। ਮੈਂ ਉਨ੍ਹਾਂ ਦੇ ਰਾਹਾਂ ਤੇ ਤੁਰਿਆ ਹਾਂ। ਇਸ ਉਪਰੰਤ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਜੀ ਨੇ ਦਰਸ਼ਕਾਂ ਨੂੰ ਜੀ ਆਇਆਂ ਨੂੰ ਆਖਿਆ ਤੇ ਇਸ ਸਮਾਗਮ ਦੇ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਦਾ ਸਮਾਗਮ ਬੱਬਰ ਅਕਾਲੀ ਲਹਿਰ ਦੇ ਉਹਨਾਂ ਸ਼ਹੀਦਾਂ ਨੂੰ ਸਮੱਰਪਿਤ ਹੈ ਜਿਹੜੇ ਖਰੀ ਅਜ਼ਾਦੀ ਲਿਆਉਣ ਖਾਤਰ ਤੁਰੇ ਸਨ। ਜਿਨ੍ਹਾਂ ਨੇ ਗਦਾਰਾਂ ਨੂੰ ਸਬਕ ਸਿਖਾਇਆ ਅਤੇ ਸੌ ਵਰ੍ਹਾ ਪਹਿਲਾਂ ਫਰਵਰੀ ਮਹੀਨੇ ਹੀ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਦੇਸ਼ ਦੀ ਖਾਤਰ ਫਾਂਸੀ ਦੇ ਰੱਸੇ ਚੁੰਮ ਗਏ ਸੀ। ਉਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਵੀ ਰੱਖਿਆ ਗਿਆ ਤੇ ਅਹਿਦ ਕੀਤਾ ਕਿ ਸ਼ਹੀਦੋਂ ਤੁਹਾਡੀ ਸੋਚ ਤੇ ਪਹਿਰਾ ਦਿਆਂਗੇ। ਇਸ ਤੋਂ ਤੁਰੰਤ ਬਾਅਦ ਵਿੱਚ ਡਾਕਟਰ ਸੋਮਪਾਲ ਹੀਰਾ ਜੀ ਦਾ ਲਿਖਿਆ ਨਾਟਕ ਨਿਰਮਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ 'ਨਾਦ ਸੰਵਾਦ' ਟੀਮ ਵੱਲੋਂ 'ਤੱਖ਼ਤ ਵੰਗਾਰੇ ਅਣਖ ਨੂੰ' ਪੇਸ਼ ਕੀਤਾ ਗਿਆ। ਨਾਟਕ ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਕੀਲੀ ? ਰੱਖਿਆ। ਗੰਧਲੀ ਸਿਆਸਤ ਸ਼ਹੀਦਾਂ ਦੇ ਸੁਪਨਿਆਂ ਨਾਲ ਖਿਲਵਾੜ ਕਰਦੀ ਹੈ। ਸੱਤਾ ਦੇ ਨਸ਼ੇ ਵਿੱਚ ਗਰੀਬਾਂ ਦੀਆਂ ਇੱਜ਼ਤਾਂ ਨੂੰ ਰੋਲਿਆ ਜਾਂਦਾ ਹੈ। ਨਾਟਕ ਆਪਣਾ ਸੁਨੇਹਾ ਦੇਣ ਵਿੱਚ ਪੂਰੀ ਤਰ੍ਹਾਂ ਨਾਲ ਕਾਮਯਾਬ ਰਿਹਾ। ਇਸ ਮੌਕੇ 'ਤੇ ਨਾਟਕ ਟੀਮ ਦਾ ਸਨਮਾਨ ਕੀਤਾ ਗਿਆ ਅਤੇ ਮਿੱਤਰ ਸੈਨ ਮੀਤ ਜੀ ਨੂੰ ਵੀ ਉਨ੍ਹਾਂ ਦੀ ਸਾਹਿਤਕ ਘਾਲਣਾ ਲਈ ਸਨਮਾਨਿਤ ਕੀਤਾ ਗਿਆ। ਸ਼ੇਰ ਜੰਗ ਫਾਉਂਡੇਸ਼ਨ ਦੇ ਸੰਕੁਤਲਾ ਜੰਗ, ਗਾਇਤਰੀ ਸੋਹੀ ਨੂੰ ਵੀ ਇਸ ਕੀਤਾ ਗਿਆ। ਇਸ ਮੌਕੇ ਤੇ ਉੱਘੇ ਲੇਖਕ ਅਮਰੀਕ ਤਲਵੰਡੀ ਜੀ, ਪ੍ਰਿੰਸੀਪਲ ਰਾਜਿੰਦਰ ਸਿੰਘ, ਜਗਤਾਰ ਹਿੱਸੋਵਾਲ, ਲੈਕਚਰਾਰ ਇਕਬਾਲ ਸਿੰਘ ਪੂੜੈਣ, ਲੈਕਚਰਾਰ ਪ੍ਰਗਟ ਸਿੰਘ, ਹੈੱਡ ਮਾਸਟਰ ਲਖਿੰਦਰ ਸਿੰਘ, ਅੰਜੂ ਚੌਧਰੀ, ਕਮਲਜੀਤ ਮੋਹੀ, ਰਣਵੀਰ ਸਿੰਘ, ਨੈਨਾ ਸ਼ਰਮਾ, ਲਖਵੀਰ ਸਿੰਘ, ਕਰਮਪ੍ਰੀਤ ਕੌਰ, ਨੀਰਜਾ ਬਾਂਸਲ, ਸੁਖਵੰਤ ਮੋਹੀ, ਪਰਮਜੀਤ ਪੰਮੀ, ਆਦਿ ਹਾਜ਼ਰ ਸਨ। ਸਟੇਸ਼ਨ ਸਕੱਤਰ ਦੀ ਜ਼ਿੰਮੇਵਾਰੀ ਮਾਸਟਰ ਦੀਪਕ ਰਾਏ ਜੀ ਨੇ ਬਾਖ਼ੂਬੀ ਨਿਭਾਈ।




# ਇਤਿਹਾਸ 'ਚੋਂ ਗਾਇਬ ਮਹਾਨ ਭਾਰਤੀ ਔਰਤਾਂ

ਜਸਵਿੰਦਰ ਸੰਧੂ, ਬ੍ਰੈਂਪਟਨ (ਕੈਨੇਡਾ)
416-558-7359
jaswindersandhu@rogers.com

ਵੈਸੇ ਤਾਂ ਫਿਲਮੀ ਹੀਰੋਇਨਾਂ ਜਾਂ ਸੁਹਣੀਆਂ ਜਵਾਨ ਮਾਡਲ ਕੁੜੀਆਂ ਤੋਂ ਬਿਨਾਂ ਆਮ ਕਰਕੇ ਕਿਤੇ ਵੀ ਸਾਡੀਆਂ ਔਰਤਾਂ ਦੇ ਨਾਂ ਨਹੀਂ ਦਿਸਦੇ। ਪਰ ਜਿਨ੍ਹਾਂ ਔਰਤਾਂ ਨੇ ਸਾਡੀਆਂ ਦਕਿਆਨੂਸੀ ਸਮਾਜਿਕ ਰਸਮਾਂ ਬਗੈਰਾ ਨੂੰ ਚੁਣੌਤੀ ਦਿੰਦੇ ਔਰਤਾਂ ਦੇ ਕੀਤੇ ਕੰਮਾਂ ਬਾਰੇ ਗੌਰ ਕਰਨ ਲਈ ਮਜ਼ਬੂਰ ਕੀਤਾ ਹੈ ਉਹ ਵੀ ਸਾਡੇ ਇਤਿਹਾਸ ਦੇ ਪੰਨਿਆਂ ਵਿੱਚੋਂ ਗਾਇਬ ਹਨ। ਭਾਰਤੀ ਸਕੂਲਾਂ ਦੇ ਸਿਲੇਬਸਾਂ ਵਿੱਚ ਡਾ: ਰਖਮਾਬਾਈ ਰੌਤ ਅਤੇ ਸਵਿੱਤਰੀ ਫੁਏ/ਫੁਲੇ ਜਿਹੀਆਂ ਮਹਾਨ ਔਰਤਾਂ ਦੇ ਨਾਂ ਕਿਉਂ ਨਹੀਂ ਆਉਂਦੇ ? ਹਾਂ, ਰਾਣੀ ਲਕਸ਼ਮੀਬਾਈ, ਸ੍ਰੋਜਿਨੀ ਨਾਇਡੂ, ਇੰਦਰਾ ਗਾਂਧੀ, ਮਾਤਾ ਗੁਜਰੀ, ਮਾਈ ਭਾਗੋ ਜਿਹੀਆਂ ਕੁੱਝ ਕੁ ਔਰਤਾਂ ਹਨ ਜਿਨ੍ਹਾਂ ਦੇ ਨਾਂ ਕਿਤੇ ਕਿਤੇ ਇਤਿਹਾਸ ਦੇ ਪੰਨਿਆਂ ਤੇ ਵੀ ਮਿਲ ਜਾਂਦੇ ਹਨ। ਹੋਰ ਤਾਂ ਹੋਰ ਭਾਰਤ ਦੀ ਅਜੋਕੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਭਾਜਪਾ ਸਰਕਾਰ ਦੁਆਰਾ ਤਕਰੀਬਨ ਨਕਾਰਾ ਹੀ ਕਰ ਰੱਖਿਆ ਹੋਇਆ ਹੈ। ਮਾਤਾ ਗੁਜਰੀ ਦਾ ਨਾਂ ਵੀ ਧਰਮ-ਵਪਾਰ ਲਈ ਵਰਤਿਆ ਜਾਣ ਕਾਰਨ ਹੀ ਸੁਣਨ-ਪੜ੍ਹਨ ਨੂੰ ਮਿਲਦਾ ਹੈ, ਵੈਸੇ ਕਿਸੇ ਨੂੰ ਕੋਈ ਪ੍ਰਵਾਹ ਨਹੀਂ ਜਾਪਦੀ। ਇਸਦਾ ਇੱਕ ਸਬੂਤ ਇਹ ਵੀ ਹੈ ਕਿ ਮਾਤਾ ਗੁਜਰੀ ਨੂੰ ਅੱਜ-ਕੱਲ੍ਹ ਨਵਾਂ ਨਾਂ ਦੇ ਦਿੱਤਾ ਗਿਆ ਹੈ, ਮਾਤਾ ਗੁਜਰ ਕੌਰ ਜਿਸ ਦਾ ਕੋਈ ਸਬੂਤ ਵੀ ਨਹੀਂ ਪੇਸ਼ ਕੀਤਾ ਗਿਆ। ਔਰਤਾਂ ਦਾ ਸਾਡੇ ਸਾਹਿਤ ਅਤੇ ਸੱਭਿਆਚਾਰ ਵਿੱਚ ਲੁਕੋ ਕੇ ਰੱਖਿਆ ਜਾਣਾ ਸਾਡੇ ਵੱਲ ਬਹੁਤ ਹੀ ਨਿਗੂਣੀ ਮੱਤ ਵਾਲ਼ੇ ਹੋਣ ਦਾ ਇਸ਼ਾਰਾ ਹੈ। ਸਾਡੇ ਹਰ ਖੇਤਰ ਵਿੱਚ ਔਰਤਾਂ ਦੇ ਪਾਏ ਯੋਗਦਾਨ ਨੂੰ ਨਕਾਰਿਆ ਜਾਂ ਮਰਦਾਂ ਦਾ ਆਪਣੇ ਨਾਵਾਂ ਹੇਠ ਦਰਸਾਏ ਜਾਣਾ ਵੀ ਇਸ ਦਾ ਲੁਕਿਆ ਕਾਰਨ ਕਿਹਾ ਜਾ ਸਕਦਾ ਹੈ। ਹਰ ਇੱਕ ਮਾਂ ਦਾ ਪਰਿਵਾਰ 'ਚ ਪਾਇਆ ਯੋਗਦਾਨ ਪਿਓ ਨਾਲ਼ੋਂ ਕਿਤੇ ਜ਼ਿਆਦਾ ਹੁੰਦਾ ਹੈ, ਪਰ ਪਰਿਵਾਰ ਦੀ ਸਫ਼ਲਤਾ ਦਾ ਸਿਹਰਾ ਹਮੇਸ਼ਾ ਮਰਦ ਦੇ ਸਿਰ ਹੀ ਬੰਨ੍ਹਿਆ ਮਿਲਦਾ ਹੈ। ਜਾਣੀ ਕਿ ਮੋਟੇ ਤੌਰ ਤੇ ਸਾਡਾ ਭਾਰਤੀ ਸਮਾਜ ਸਾਡੀਆਂ ਔਰਤਾਂ ਨੂੰ ਪਿੱਛੇ ਧੱਕ ਕੇ ਰੱਖਦਾ ਰਿਹਾ ਹੈ। ਭਾਵੇਂ ਹੁਣ ਪਹਿਲਾਂ ਨਾਲ਼ੋਂ ਕਾਫ਼ੀ ਫਰਕ ਨਜ਼ਰ ਆ ਰਿਹਾ ਹੈ, ਪਰ ਅਜੇ ਵੀ ਔਰਤ-ਮਰਦ ਦੀ ਬਰਾਬਰੀ ਲਿਖਤਾਂ ਵਿੱਚ ਹੀ ਹੈ, ਅਸਲ ਜ਼ਿੰਦਗੀ ਵਿੱਚ ਅਜੇ ਵੀ ਔਰਤਾਂ ਨੂੰ ਨਕਾਰਾਤਮਕ ਨਜ਼ਰ ਨਾਲ਼ ਹੀ ਦੇਖਿਆ ਜਾ ਰਿਹਾ ਹੈ। ਇਹ ਹਰ ਥਾਂ ਦੇਖਿਆ ਜਾ ਸਕਦਾ ਹੈ ਸਮਾਜ ਵਿੱਚ, ਸਰਕਾਰੀ ਕੰਮਾਂ-ਕਾਰਾਂ ਵਿੱਚ, ਸਿੱਖਿਆ ਸੰਸਥਾਵਾਂ ਵਿੱਚ ਅਤੇ ਇੱਥੋਂ ਤੱਕ ਕਿ ਖੇਢਾਂ ਵਿੱਚ ਵੀ ਇਉਂ ਹੀ ਹੈ। ਡਾ: ਰਖਮਾਬਾਈ ਰੌਤ ਅਤੇ ਸਵਿੱਤਰੀ ਫੁਏ ਜਿਹੀਆਂ ਔਰਤਾਂ ਜਿਨ੍ਹਾਂ ਨੇ ਸਦੀਆਂ ਤੋਂ ਚਲਦੀਆਂ ਆ ਰਹੀਆਂ ਔਰਤ-ਵਿਰੋਧੀ ਸਮਾਜਿਕ ਕੁਰੀਤੀਆਂ ਨੂੰ ਚੁਣੌਤੀ ਦਿੱਤੀ ਅਤੇ ਔਰਤਾਂ ਲਈ ਤਰੱਕੀ ਦੇ ਰਾਹ ਖੋਲ੍ਹੇ, ਇਨ੍ਹਾਂ ਦਾ ਨਾਂ ਤਾਂ ਸਾਡੀਆਂ ਸਕੂਲੀ ਸਿਲੇਬਸਾਂ ਦੀਆਂ ਕਿਤਾਬਾਂ ਅਤੇ ਰੋਜ਼-ਮੱਰਰਾ ਦੀਆਂ ਗੱਲਾਂ-ਬਾਤਾਂ ਵਿੱਚ ਵੀ ਹੋਣਾ ਚਾਹੀਦਾ ਹੈ। ਸਾਡੇ ਮਰਦਊਪੁਣੇ ਨੇ ਇਸਤਰੀਆਂ ਦੇ ਬਣਦੇ ਹੱਕ ਅਤੇ ਮਾਣ ਖੋਹ ਰੱਖੇ ਹਨ। ਅਜਿਹਿਆਂ ਘਾਤਕ ਰਸਮਾਂ-ਰੀਤਾਂ ਨੂੰ ਪਛਾਣ ਕੇ ਪਛਾੜਨ ਦੀ ਲੋੜ ਹੈ। ਅਤਿ ਜ਼ਰੂਰੀ ਗੱਲ ਇਹ ਵੀ ਹੈ ਕਿ ਇਸ ਕੰਮ ਦੀਆਂ ਮੋਹਰੀ ਔਰਤਾਂ ਨੂੰ ਹੀ ਬਣਨਾ ਚਾਹੀਦਾ ਹੈ। ਕੁੱਝ ਖੁਸ਼ੀ ਦੀ ਗੱਲ ਹੈ ਕਿ ਮਰਦਾਨੀ ਵਰਗੀਆਂ ਫਿਲਮਾਂ ਅਤੇ ਦਿੱਲੀ ਕਰਾਈਮ (Delhi Crime) ਵਰਗੀਆਂ ਵੈੱਬ ਸੀਰੀਜ਼ ਬਣਾ ਕੇ ਔਰਤਾਂ ਦੇ ਮਰਦਾਂ ਵਰਗੇ ਬਰਾਬਰ ਦੇ ਕੰਮਾਂ ਨੂੰ ਕੁੱਝ ਕੁ ਆਰਟਿਸਟ ਅੱਗੇ ਲਿਆ ਰਹੇ ਹਨ।


ਅੰਗਰੇਜ਼ਾਂ ਦੇ ਰਾਜ ਵੇਲ਼ੇ ਉੱਨੀਵੀਂ ਸਦੀ 'ਚ ਪੈਦਾ (1864) ਹੋ ਕੇ ਰਖਮਾਬਾਈ ਰੌਤ ਦੀ ਉਸ ਵੇਲ਼ੇ ਦੇ ਰੀਤ-ਰਿਵਾਜਾਂ ਅਨੁਸਾਰ 11 ਸਾਲ ਦੀ ਉਮਰ ਵਿੱਚ ਹੀ ਵਿਆਹੀ ਗਈ। ਪਰ ਮੁਕਲਾਵੇ ਤੱਕ ਅਜੇ ਉਸ ਨੇ ਆਪਣੇ ਪਰਿਵਾਰ ਕੋਲ਼ ਹੀ ਰਹਿਣਾ ਸੀ। ਉਸਦੇ ਮਤਰੇਏ ਪਿਓ (ਡਾ: ਸਖਾਰਾਮ ਅਰਜਨ) ਨੇ ਉਸਦੇ ਪਤੀ ਭੀਕਾਜੀ ਨੂੰ ਪੜ੍ਹ-ਲਿਖ ਕੇ ਸਮਝਦਾਰ ਬਣਨ ਲਈ ਸਮਝਾਉਣ ਦੀ ਕੋਸ਼ਿਸ਼ ਕੀਤੀ ਜੋ ਉਸ ਨੇ ਨਕਾਰ ਦਿੱਤੀ। ਉਸ ਤੋਂ ਉਲਟ ਰਖਮਾਬਾਈ ਨੇ ਲਾਇਬਰੇਰੀ ਤੋਂ ਕਿਤਾਬਾਂ ਲਿਆ ਕੇ ਆਪਣੇ ਨਵੇਂ ਡਾਕਟਰ ਪਿਓ ਦੀ ਮੱਦਦ ਨਾਲ਼ ਪੜ੍ਹਨਾ ਸ਼ੁਰੂ ਕਰ ਦਿੱਤਾ। ਸੰਨ 1884 ਵਿੱਚ ਉਸਦੇ ਪਤੀ ਭੀਕਾਜੀ ਨੇ ਡਾ: ਸਖਾਰਾਮ ਅਰਜਨ ਤੇ ਕੇਸ ਕਰ ਦਿੱਤਾ ਕਿ ਉਹ ਉਸਦੀ ਪਤਨੀ ਨੂੰ ਉਸ ਨਾਲ਼ ਮਿਲਣ ਨਹੀਂ ਦੇ ਰਿਹਾ। ਅਦਾਲਤ ਵਿੱਚ ਰਖਮਾਬਾਈ ਨੇ ਆਪਣੀ ਸ਼ਾਦੀ ਬਿਨਾਂ ਉਸਦੀ ਮਰਜ਼ੀ ਤੋਂ ਕਰਵਾਈ ਦੱਸੀ ਜਿਸ ਕਾਰਨ ਅਦਾਲਤ ਨੇ ਫੈਸਲਾ ਉਸਦੇ ਹੱਕ 'ਚ ਕਰ ਦਿੱਤਾ। ਪਰ ਉਸ ਜੱਜ ਦੇ ਰਿਟਾਇਰ ਹੋਣ ਪਿੱਛੋਂ ਭੀਕਾਜੀ ਨੇ ਫੇਰ ਕੇਸ ਕਰ ਦਿੱਤਾ ਅਤੇ ਹੁਣ ਫੈਸਲਾ ਰਖਮਾਬਾਈ ਦੇ ਖਿਲਾਫ਼ ਹੋ ਗਿਆ। ਅਦਾਲਤ ਨੇ ਰਖਮਾਬਾਈ ਨੂੰ ਦੋ ਰਾਹ ਦਿੱਤੇ। ਇੱਕ ਉਸ ਨੂੰ ਆਪਣੇ ਪਤੀ ਨਾਲ਼ ਰਹਿਣਾ ਪਏਗਾ ਅਤੇ ਦੂਜਾ ਉਸ ਨੂੰ 6 ਮਹੀਨੇ ਦੀ ਜੇਲ੍ਹ ਦੀ ਸਜ਼ਾ ਕੱਟਣੀ ਪਊ। ਉਸਨੇ ਜੇਲ਼ ?ਹ ਦੀ ਸਜ਼ਾ ਮਨਜ਼ੂਰ ਕਰ ਲਈ। ਫੇਰ ਵੀ ਭੀਕਾਜੀ ਟਿਕਿਆ ਨਹੀਂ, ਆਖਰਕਾਰ ਉਸਨੇ 2000 ਰੁਪਏ ਲੈ ਕੇ ਕੇਸ ਵਾਪਸ ਲੈਣ ਦੀ ਪੇਸ਼ਕਸ਼ ਕੀਤੀ, ਜੋ ਰਖਮਾਬਾਈ ਨੇ ਮਨਜ਼ੂਰ ਕਰ ਲਈ।



ਬਾਲਗੰਗਾਧਰ ਤਿਲਕ ਵਰਗੇ ਧੂਤ ਮਰਾਠੀਆਂ ਨੇ ਬਹੁਤ ਰੌਲ਼ਾ ਪਾਇਆ ਕਿ ਰਖਮਾਬਾਈ ਦਾ ਅਪਣੇ ਪਤੀ ਨਾਲ਼ ਰਹਿਣ ਤੋਂ ਇਹ ਇਨਕਾਰ ਸਾਡੀਆਂ ਹਿੰਦੂ ਰੀਤਾਂ-ਰਿਵਾਜਾਂ ਆਦਿ ਦੇ ਖਿਲਾਫ਼ ਹੈ। ਬਹੁਤ ਹੋਰਾਂ ਨੇ ਵੀ ਰਖਮਾਬਾਈ ਨੂੰ ਗਲਤ ਦੱਸਿਆ। ਪਰ ਅੰਗਰੇਜ਼ੀ ਅਖਬਾਰ ਹਿੰਦੁਸਤਾਨ ਟਾਈਮਜ਼ ਵਿੱਚ "ਇੱਕ ਹਿੰਦੂ ਲੇਡੀ" ਦੇ ਨਾਂ ਨਾਲ਼ ਲੇਖ ਵੀ ਆਉਣੇ ਸ਼ੁਰੂ ਹੋ ਗਏ ਜੋ ਬਾਲ-ਵਿਆਹ ਦੀਆਂ ਕੁੜੀਆਂ ਵਾਸਤੇ ਪੈਦਾ ਕੀਤੀਆਂ ਮੁਸ਼ਕਲਾਂ ਨੂੰ ਸਮਾਜ ਸਾਹਮਣੇ ਲਿਆਉਣ ਦਾ ਕੰਮ ਕਰ ਰਹੇ ਸਨ। ਬਾਅਦ 'ਚ ਪਤਾ ਲੱਗਿਆ ਕਿ ਉਹ ਲੇਖ ਬਗੈਰਾ ਅਸਲ ਵਿੱਚ ਰਖਮਾਬਾਈ ਆਪ ਹੀ ਲਿਖ ਰਹੀ ਸੀ ਉਸ ਝੂਠੇ ਨਾਂ (ਇੱਕ ਹਿੰਦੂ ਲੇਡੀ) ਹੇਠ। ਹੁਣ ਕਮਾਲ ਦੀ ਬੇਸ਼ਰਮੀ ਦੀ ਗੱਲ ਇਹ ਹੈ ਬਾਲਗੰਗਾਧਰ ਵਰਗੇ ਬਦ-ਦਿਮਾਗ ਸਿਆਸੀ ਪੁਰਖ ਦਾ ਨਾਂ ਤਾਂ ਸਾਡੀਆਂ ਇਤਿਹਾਸ ਦੀਆਂ ਸਾਰੀਆਂ ਕਿਤਾਬਾਂ 'ਚ ਮਿਲਦਾ ਹੈ ਜੋ ਭਾਵੇਂ ਸਮਾਜ ਦਾ ਇੱਕ ਦੁੱਖ ਦੇਣ ਵਾਲ਼ਾ ਅੰਗ ਸੀ, ਪਰ ਰਖਮਾਬਈ ਜਿਸ ਨੇ ਉਸ ਸਮੇਂ 'ਚ ਇਹ ਕਰਾਂਤੀ ਵਾਲ਼ਾ ਕੰਮ ਕੀਤਾ ਆਪਣੀ ਸਮਝ ਤੇ ਅਣਖ ਨਾਲ਼, ਉਸਦਾ ਨਾਂ ਕਿਤੇ ਵੀ ਨਹੀਂ ਮਿਲਦਾ। ਉਸਦੇ ਇਸ ਕੰਮ ਨੇ ਵਿਆਹ ਦੀ ਰਜ਼ਾਮੰਦੀ ਦੀ ਉਮਰ ਤੇ ਬਹਿਸ ਸ਼ੁਰੂ ਕਰਵਾ ਦਿੱਤੀ ਜੋ 1891 ਵਿੱਚ 10 ਤੋਂ ਵਧਾ ਕੇ 12 ਸਾਲ ਕਰ ਦਿੱਤੀ ਗਈ। ਭਾਵੇਂ ਇਹ ਕੋਈ ਖਾਸ ਵਾਧਾ ਨਹੀਂ ਸੀ, ਪਰ ਉਸ ਸਮੇਂ ਵਿੱਚ ਅਜਿਹਾ ਵਾਧਾ ਵੀ ਮਾਅਰਕੇ ਦਾ ਕਿਹਾ ਜਾਣਾ ਚਾਹੀਦਾ ਹੈ।

ਸੰਨ 1889 ਵਿੱਚ ਰਖਮਾਬਾਈ ਨੇ ਇੰਗਲੈਂਡ ਲਈ ਚਾਲੇ ਪਾ ਦਿੱਤੇ ਡਾਕਟਰੀ ਦੀ ਸਿੱਖਿਆ ਲੈਣ ਲਈ ਜੋ ਉਸਨੇ 1894 'ਚ ਪਾਸ ਕਰਕੇ ਡਾਕਟਰੀ ਦੀ ਡਿਗਰੀ ਲੈ ਲਈ। ਡਾ: ਕਦੰਬਿਨੀ ਤੋਂ ਬਾਅਦ ਡਾਕਟਰੀ ਪੇਸ਼ਾ ਕਰਨ ਵਾਲ਼ੀ ਡਾ: ਰਖਮਾਬਾਈ ਰੌਤ ਦੂਜੀ ਭਾਰਤੀ ਔਰਤ ਬਣੀ। ਉਸ ਸਮੇਂ ਅਜਿਹਾ ਕਰਨਾ ਬਹੁਤ ਵੱਡਾ ਕੰਮ ਸੀ ਜਦੋਂ ਆਮ ਭਾਰਤੀ ਖਾਸ ਕਰਕੇ ਮਰਦ ਔਰਤਾਂ ਦੀ ਸਿੱਖਿਆ ਦੇ ਖਿਲਾਫ਼ ਸਨ। ਵਾਪਸ ਆ ਕੇ ਉਸ ਨੇ ਸੂਰਤ ਦੇ ਜ਼ਨਾਨਾ ਹਸਪਤਾਲ਼ ਵਿੱਚ ਮੁੱਖ ਮੈਡੀਕਲ ਅਫ਼ਸਰ ਵੱਜੋਂ ਕੰਮ ਕੀਤਾ ਅਤੇ ਫੇਰ 1918 ਤੋਂ ਜ਼ਨਾਨਾ ਸਟੇਟ ਹਸਪਤਾਲ਼ ਰਾਜਕੋਟ ਵਿੱਚ ਕੰਮ ਕੀਤਾ ਜੋ ਉਸਦੀ 1929 ਵਿੱਚ ਸੇਵਾ-ਮੁਕਤੀ ਤੱਕ ਓਥੇ ਹੀ ਰਹੇ। ਨੱਬੇ ਸਾਲ ਦੀ ਉਮਰ ਵਿੱਚ ਆਖਰ 1955 ਵਿੱਚ ਫੇਫੜਿਆਂ ਦੇ ਕੈਂਸਰ ਕਾਰਨ ਉਨ੍ਹਾਂ ਦੀ ਮੌਤ ਹੋ ਗਈ।

ਦੂਸਰੀ ਅਜਿਹੀ ਔਰਤ (ਜੋ ਰਖਮਾਬਾਈ ਵਾਂਙ ਮਰਾਠੀ ਹੀ ਸੀ) ਸੀ ਸਵਿੱਤਰੀਬਾਈ ਫੁਏ। ਉਸਦਾ ਵਿਆਹ ਵੀ ਰਖਮਾਬਾਈ ਵਾਂਙ ਛੋਟੀ ਉਮਰ ਵਿੱਚ ਹੀ ਕਰ ਦਿੱਤਾ ਗਿਆ ਸੀ। ਉਸਦਾ ਪਤੀ ਜਿਓਤੀਰਾਓ ਫੁਏ ਸੁਲ਼ਝੇ ਵਿਚਾਰਾਂ ਦਾ ਹੋਣ ਕਾਰਨ ਆਪਣੀ ਪਤਨੀ ਨੂੰ ਪੜ੍ਹਾਉਣ ਵਿੱਚ ਦਿਲਚਸਪੀ ਰੱਖਦਾ ਸੀ। ਆਪਣੇ ਚੰਗੇ ਪਤੀ ਦੀ ਮੱਦਦ ਨਾਲ਼ ਸਵਿੱਤਰੀਬਾਈ ਨੇ ਅਧਿਆਪਕਾ ਬਣਨ ਦੀ ਪੇਸ਼ੇਵਰ ਸਿੱਖਿਆ ਪ੍ਰਾਪਤ ਕਰਕੇ ਪੁਣੇ ਵਿੱਚ ਆਪਣੀ ਨਣਦ ਸਗੁਨਾਬਾਈ ਕਸ਼ੀਰਸਗਰ ਸਮੇਤ ਕੁੜੀਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਭਾਵੇਂ ਇਸ ਨੇਕ ਤੇ ਇਨਕਲਾਬੀ ਕੰਮ ਵਿੱਚ ਪਰਿਵਾਰ ਦੀ ਰੁਚੀ ਤੇ ਮੱਦਦ ਸੀ, ਪਰ ਆਮ ਮਰਾਠੀ ਲੋਕ ਇਨ੍ਹਾਂ ਦੇ ਕੰਮ ਦੇ ਖਿਲਾਫ਼ ਸਨ। ਇੱਥੋਂ ਤੱਕ ਕਿ ਸਵਿੱਤਰੀਬਾਈ ਤੇ ਜਿਓਤੀਰਾਓ ਫੁਏ ਨੂੰ ਆਪਣਾ ਘਰ ਛੱਡ ਕੇ ਆਪਣੇ ਇੱਕ ਮੁਸਲਮਾਨ ਦੋਸਤ ਉਸਮਾਨ ਸ਼ੇਖ ਦੇ ਘਰ ਰਹਿਣਾ ਪਿਆ, ਪਰ ਉਨ੍ਹਾਂ ਨੇ ਇਹ ਇਨਕਲਾਬੀ ਕੰਮ ਰੋਕਣ ਦੀ ਥਾਂ ਹੋਰ ਇੱਕ ਤੋਂ ਵਧਾ ਕੇ ਕੁੜੀਆਂ ਦੇ ਤਿੰਨ ਸਕੂਲ ਖੋਲ੍ਹ ਦਿੱਤੇ ਪੁਣੇ ਵਿੱਚ ਹੀ। ਸਵਿੱਤਰੀ ਫੁਏ ਨੇ ਅਪਣੇ ਪਤੀ ਜੋਓਤੀਰਾਓ ਫੁਲੇ ਨਾਲ਼ ਮਿਲ ਕੇ 18 ਸਕੂਲ ਖੋਲ੍ਹੇ ਜੋ ਖਾਸ ਕਰਕੇ ਕੁੜੀਆਂ ਲਈ ਸਨ ਜਾਂ ਗਰੀਬ ਬੱਚਿਆਂ ਲਈ। ਕੁੜੀਆਂ ਦੀ ਸਿੱਖਿਆ ਲਈ ਤਾਂ ਉਹ ਭਾਰਤ ਦੀ ਜੋਤ ਬਣ ਕੇ ਉੱਭਰੀ। ਇਹੀ ਨਹੀਂ ਉਸ ਨੇ ਬਾਲ-ਵਿਆਹ ਰੋਕਣ ਵਿੱਚ ਅਤੇ ਵਿਧਵਾ-ਵਿਆਹ ਕਰਵਾਉਣ ਲਈ ਵੀ ਸਮੇਂ ਦੀ ਵਿਰੋਧੀ ਰੀਤ-ਰਿਵਾਜਾਂ ਖਿਲਾਫ਼ ਯੁੱਧ ਕੀਤਾ। ਭਰੂਣ-ਹੱਤਿਆ ਅਤੇ ਬਾਲ ਹੱਤਿਆ ਖਿਲਾਫ਼ ਵੀ ਉਸਨੇ ਕੰਮ ਕੀਤਾ ਅਤੇ ਜਿੱਥੇ ਵੀ ਲੋੜ ਸੀ ਓਥੇ ਮੱਦਦ ਵੀ ਕੀਤੀ। ਇਹਦੇ ਨਾਲ਼ ਨਾਲ਼ ਉਹ ਇੱਕ ਕਵਿੱਤਰੀ ਵੀ ਬਣੀ ਜੋ ਸਮਾਜਿਕ ਤਰੱਕੀ ਲਈ ਕਵਿਤਾਵਾਂ ਲਿਖਦੀ ਰਹੀ।




ਸਵਿੱਤਰੀ ਫੁਏ/ਫੁਲੇ ਦੇ ਕੀਤੇ ਕੰਮਾਂ ਨੂੰ ਭਾਰਤੀ ਲੋਕਾਂ ਦੇ ਸਾਹਮਣੇ ਲਿਆਉਣ ਲਈ ਉਸ ਦਾ ਨਾਂ ਵੀ ਸਕੂਲੀ ਸਿਲੇਬਸਾਂ 'ਚ ਹੋਣਾ ਚਾਹੀਦਾ ਹੈ। ਨਾਲ਼ ਉਸ ਦੇ ਨਾਂ ਤੇ ਘੱਟੋ-ਘੱਟ ਕੌਮੀ ਅਧਿਆਪਕ ਇਨਾਮ ਬਗੈਰਾ ਰੱਖਣਾ ਚਾਹੀਦਾ ਹੈ; ਸਵਿੱਤਰੀ ਸਿੱਖਿਆ ਇਨਾਮ ਜਾਂ ਅਜਿਹਾ ਕੁੱਝ ਹੋਰ। ਇਸੇ ਤਰਾਂ ਡਾ: ਰਖਮਾਬਾਈ ਰੌਤ ਦੀ ਸ਼ਖਸੀਅਤ ਨੂੰ ਸਾਡੇ ਬੱਚਿਆਂ ਦੀ ਚੰਗੀ ਰਹਿਨੁਮਾਈ ਲਈ ਸਕੂਲੀ ਸਿਲੇਬਸਾਂ ਦੇ ਨਾਲ਼ ਨਾਲ਼ ਕਿਸੇ ਕੌਮੀ ਪੱਧਰ ਦੇ ਇਨਾਮ ਜਾਂ ਮੈਡਲ ਬਗੈਰਾ ਰਾਹੀਂ ਅੱਗੇ ਲਿਆਉਣ ਦੀ ਜ਼ਰੂਰਤ ਹੈ। ਅਜਿਹੇ ਸਤੰਭ ਸਾਡੇ ਕੌਮੀ ਹੀਰੋ-ਹੀਰੋਇਨਾਂ ਹਨ ਜਿਨ੍ਹਾਂ ਦੇ ਨਾਂ ਸਾਡੇ ਸਮਾਜ ਦੇ ਸਾਹਮਣੇ ਆਉਣੇ ਚਾਹੀਦੇ ਹਨ, ਖਾਸ ਕਰਕੇ ਸਾਡੇ ਬੱਚਿਆਂ ਨੂੰ ਕੌਮੀ ਪਿਆਰ ਵਿੱਚ ਬੰਨ੍ਹਣ ਲਈ। ਅਜਿਹੀਆਂ ਕਿਰਿਆਵਾਂ ਸਾਡੇ ਦੇਸ਼ ਨੂੰ ਇੱਕ ਲੜੀ 'ਚ ਪ੍ਰੋਣ ਦਾ ਕੰਮ ਵੀ ਕਰਨਗੀਆਂ।



DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at
BOB@DMTRANSPORT.CA or call me Bob 416-318-5032

# 2025-26 ਦਾ ਆਰਥਕ ਸਰਵੇਖਣ : ਮਜ਼ਦੂਰ ਹੱਕਾਂ ਨੂੰ ਖਤਮ ਕਰਨ ਲਈ ਵਿਚਾਰਧਾਰਕ ਰਗੜਾ

*ਹਰ ਸਾਲ ਫਰਵਰੀ ਦੇ ਪਹਿਲੇ ਦਿਨ ਕੇਂਦਰੀ ਸਰਕਾਰ ਆਪਣਾ ਬਜ਼ਟ ਲੋਕ ਸਭਾ ਅੰਦਰ ਪੇਸ਼ ਕਰਦੀ ਹੈ। ਬਜ਼ਟ ਦੀ ਪੇਸ਼ਕਾਰੀ ਤੋਂ ਪਹਿਲਾਂ ਇਹ ਕਵਾਇਦ ਕੀਤੀ ਜਾਣ ਦਾ ਡਰਾਮਾ ਕੀਤਾ ਜਾਂਦਾ ਹੈ ਕਿ ਸਰਕਾਰ ਨੇ ਬਜਟ ਦੀ ਪੇਸ਼ਕਾਰੀ ਤੋਂ ਪਹਿਲਾਂ ਮੁਲਕ ਅੰਦਰ ਆਰਥਕ ਹਾਲਾਤਾਂ ਦਾ ਇੱਕ ਸਰਵੇ ਕਰਵਾਇਆ ਹੈ। ਪਰ ਅਕਸਰ ਇਹ ਸਰਵੇ ਸਰਕਾਰੀ ਧਿਰ ਦੀਆਂ ਉਹਨਾਂ ਪਹਿਲਾਂ ਚੱਲੀਆਂ ਆ ਰਹੀਆਂ ਨੀਤੀਆਂ ਦੀ ਹੀ ਲਗਾਤਾਰਤਾ ਹੀ ਹੁੰਦਾ ਹੈ। ਦ ਵਾਇਰ 'ਚ ਛਪਿਆ ਪਵਨ ਕੋਰਾਡਾ ਦਾ ਇਹ ਅਹਿਮ ਲੇਖ ਬਜਟ ਰਾਹੀਂ ਕਿਰਤੀਆਂ ਦੇ ਹੱਕਾਂ ਨੂੰ ਕੁਚਲੇ ਜਾਣ ਦੇ ਅਮਲ ਨੂੰ ਬਹੁਤ ਹੀ ਸਪੱਸ਼ਟ ਲਫਜ਼ਾਂ ਵਿੱਚ ਉਜਾਗਰ ਕਰਦਾ ਹੈ- ਸੰਪਾਦਕ*

**ਅਨੁ. : ਡਾ. ਬਲਜਿੰਦਰ**



ਇਹ ਸਰਵੇਖਣ ਭਾਰਤ ਦੇ ਕਾਮਿਆਂ ਨੂੰ ਇੱਕ ਨਵਾਂ ਸਮਾਜਕ ਮੁਆਹਿਦਾ ਮਨਜ਼ੂਰ ਕਰਨ ਅਤੇ ਆਪਣੇ ਕਾਰਜਕਾਲ ਦੇ ਅਧਿਕਾਰ, ਕੰਮ ਦੇ ਘੰਟਿਆਂ ਦੀ ਸੀਮਾ ਤੇ ਅਦਾਲਤਾਂ ਤੱਕ ਆਪਣੀ ਪਹੁੰਚ ਨੂੰ ਤਿਆਗ ਦੇਣ ਦਾ ਹੋਕਾ ਦਿੰਦਾ ਹੈ।

ਅਗਰ ਨਵੰਬਰ ਵਿੱਚ ਲਾਗੂ ਕੀਤੇ ਗਏ ਕਿਰਤ ਕੋਡ ਭਾਰਤੀ ਕਿਰਤ ਦੇ ਅਧਿਕਾਰ-ਅਧਾਰਤ ਢਾਂਚੇ ਲਈ ਮੌਤ ਦਾ ਵਾਰੰਟ ਸਨ ਤਾਂ 2025-26 ਦੇ ਆਰਥਕ ਸਰਵੇਖਣ ਦਾ ਅਧਿਆਇ 12 ਇੱਕ ਰੇਸ਼ਮੀ ਕੂਲਾ ਕੂਲਾ ਨੌਕਰਸ਼ਾਹੀ ਫੰਦਾ ਹੈ।

**'ਰੁਜ਼ਗਾਰ ਅਤੇ ਹੁਨਰ ਵਿਕਾਸ:** ਹੁਨਰ ਨੂੰ ਸਹੀ ਢੰਗ ਨਾਲ ਹਾਸਲ ਕਰਨਾ' ਸਿਰਲੇਖ ਵਾਲਾ ਇਹ ਚੈਪਟਰ ਬੜੀ ਸਫਾਈ ਨਾਲ ਇੱਕ ਜ਼ਬਰਦਸਤ ਚਾਲ ਚੱਲਣ ਦੀ ਕੋਸ਼ਿਸ਼ ਕਰਦਾ ਹੈ। ਇਹ ਨਵੇਂ ਲਾਗੂ ਕੀਤੇ ਕਿਰਤ ਨੇਮਾਂ ਵਿੱਚ ਸਮੋਈ ਢਾਂਚਾਗਤ ਹਿੰਸਾ ਨੂੰ 'ਲਚਕਤਾ', 'ਰਸਮੀਕਰਣ (ਪੱਕਾ ਨਹੀਂ, ਮਿਆਦੀ ਰੁਜਗਾਰ)' ਅਤੇ 'ਹੁਨਰ' ਦੀ ਮਿੱਠੀ ਗੋਲੀ 'ਚ ਲਪੇਟਕੇ ਹਮਲੇ ਨੂੰ ਵਾਜਬ ਠਹਿਰਾਉਣ ਦੀ ਕੋਸ਼ਿਸ਼ ਕਰਦਾ ਹੈ।

ਪਿਛਲੇ 30 ਦਸੰਬਰ ਨੂੰ ਜਾਰੀ ਕੀਤੇ ਗਏ ਡਰਾਫਟ ਨਿਯਮਾਂ ਦੇ ਨਾਲ ਇਸ ਦਸਤਾਵੇਜ਼ ਨੂੰ ਪੜ੍ਹਦਿਆਂ ਪਤਾ ਲਗਦਾ ਹੈ ਕਿ ਭਾਰਤੀ ਰਾਜ ਚੋਰੀ ਛਿੱਪੇ ਚਲਾਕੀ ਨਾਲ ਇੱਕ ਡਾਢਾ ਹਮਲਾ ਕਰ ਰਿਹਾ ਹੈ, ਇਹ ਮਜ਼ਦੂਰਾਂ ਨੂੰ ਦੱਸਦਾ ਹੈ ਕਿ ਅਸਲ ਵਿੱਚ 'ਕਾਰੋਬਾਰੀਆਂ ਦੇ ਹੌਂਸਲੇ' ਬੁਲੰਦ ਹੋਣ ਨਾਲ ਹੀ ਉਹਨਾਂ ਦੀ ਅਸੁਰੱਖਿਆ ਦਾ ਖਾਤਮਾ ਹੋਣਾ ਹੈ, ਕਿਰਤੀਆਂ ਦੀ ਨਿਗਰਾਨੀ ਉਹਨਾਂ ਦੀ 'ਸੁਰੱਖਿਆ' ਕਰਨੀ ਹੈ ਅਤੇ ਸੰਘਰਸ਼ਾਂ ਨਾਲ ਹਾਸਲ ਕੀਤੇ ਕਿਰਤੀਆਂ ਦੇ ਹੱਕਾਂ ਦਾ ਫਾਇਦਾ ਸਿਰਫ਼ 'ਰੈਗੂਲੇਟਰੀ ਕੋਲੈਸਟਰੋਲ' ਭਾਵ ਇੰਸਪੈਕਟਰੀ ਰਾਜ ਨੂੰ ਖਤਮ ਕਰਨ ਨਾਲ ਹੋਣਾ ਹੈ।

ਇਹ ਸਰਵੇਖਣ ਸਿਰਫ਼ ਆਰਥਕਤਾ ਬਾਰੇ ਹੀ ਰਿਪੋਰਟ ਨਹੀਂ ਕਰਦਾ; ਇਹ ਉਨ੍ਹਾਂ ਜਖਮਾਂ ਉੱਤੇ ਵਿਚਾਰਧਾਰਕ ਮੱਲ੍ਹਮ ਲਾਉਣ ਦਾ ਯਤਨ ਵੀ ਕਰਦਾ ਹੈ ਜਿਹੜੇ ਜਖਮ ਕਿਰਤ ਕੋਡ ਅਤੇ ਨੇਮ ਲਾਜ਼ਮੀ ਰੂਪ ਵਿੱਚ ਦੇਣਗੇ ਹੀ।

**ਮਜਦੂਰ ਦੀ ਲੁੱਟ ਕੋਈ ਜੁਰਮ ਨਹੀਂ**

ਪੈਰਾ 12.30 ਅਤੇ ਬਾਕਸ XII.4 ਵਿੱਚ ਸਰਵੇਖਣ ਰਵਾਇਤੀ 'ਲੇਬਰ ਇੰਸਪੈਕਟਰ' ਤੋਂ 'ਇੰਸਪੈਕਟਰ-ਕਮ-ਫੈਸੀਲੀਟੇਟਰ (ਮੱਦਦਗਾਰ ਨਿਗਰਾਨ)' ਵਿੱਚ ਤਬਦੀਲੀ ਕਰ ਦਿੱਤੇ ਜਾਣ ਦੀ ਬੱਲੇ-ਬੱਲੇ ਕਰਦਾ ਹੈ। ਇਹ ਦਲੀਲ ਦਿੰਦਾ ਹੈ ਕਿ ਪੁਰਾਣੀ ਪ੍ਰਣਾਲੀ 'ਇੰਸਪੈਕਟਰੀ ਰਾਜ' ਵੱਲ ਨੂੰ ਲੈ ਗਈ ਸੀ ਜਦਕਿ ਨਵਾਂ ਢਾਂਚਾ 'ਰਾਹ ਦਰਸਾਉਣ, ਜਾਗਰੂਕਤਾ ਪੈਦਾ ਕਰਨ ਅਤੇ ਸਲਾਹਕਾਰ ਭੂਮਿਕਾਵਾਂ ਨਿਭਾਉਣ 'ਤੇ ਜ਼ੋਰ ਦੇਵੇਗਾ।'

ਇਸ ਨਵੇਂ ਨਾਮਕਰਣ ਜਾਂ ਬਰਾਂਡਿੰਗ ਹੇਠ ਛੁਪੇ ਲਲਸਾਏ ਸ਼ਾਤਰਪੁਣੇ ਉਪਰ ਗੌਰ ਕਰੋ। ਆਪਣੇ ਸਾਰੇ ਭ੍ਰਿਸ਼ਟਾਚਾਰ ਅਤੇ ਨਾਕਾਮੀਆਂ ਦੇ ਬਾਵਜੂਦ ਲੇਬਰ ਇੰਸਪੈਕਟੋਰੇਟ ਢਾਂਚਾਗਤ ਤੌਰ 'ਤੇ ਸਨਅਤਾਂ ਅੰਦਰ ਕੀਤੀਆਂ ਜਾਣ ਵਾਲੀਆਂ ਕੁਤਾਹੀਆਂ ਨੂੰ ਰੋਕਣ ਦੇ ਅਸੂਲ ਨੂੰ ਧਿਆਨ ਵਿੱਚ ਰੱਖਕੇ ਤਿਆਰ ਕੀਤਾ ਗਿਆ ਸੀ। ਇਸਦਾ ਬੁਨਿਆਦੀ ਅਸੂਲ ਸੀ ਕਿ ਪੂੰਜੀ ਅਤੇ ਕਿਰਤ ਦੇ ਹਿੱਤ ਟਕਰਾਵੇਂ ਹਨ ਅਤੇ ਰਾਜ (ਹਕੂਮਤ) ਨੂੰ ਕਮਜ਼ੋਰ ਧਿਰ ਦੀ ਰੱਖਿਆ ਲਈ ਦਖਲ ਦੇਣਾ ਚਾਹੀਦਾ ਹੈ।

ਹੁਣ ਕਿਰਤੀ ਦੇ ਹੱਕ ਲਾਗੂ ਕਰਨ ਵਾਲੇ ਇੰਸਪੈਕਟਰ (ਨਿਗਰਾਨ) ਦਾ ਨਾਓਂ ਬਦਲਕੇ 'ਫੈਸੀਲੀਟੇਟਰ (ਰੱਟਾ ਨਿਬੇੜੂ, ਮੱਦਦਗਾਰ)' ਰੱਖ ਦਿੱਤਾ ਗਿਆ ਹੈ। ਇਹ ਸਰਵੇਖਣ ਇੱਕ ਫਲਸਫਾਨਾ ਤਬਦੀਲੀ ਵੱਲ ਇਸ਼ਾਰਾ ਕਰਦਾ ਹੈ। ਰਾਜ ਹੁਣ ਇਹ ਮੰਨਦਾ ਹੈ ਕਿ ਤਨਖਾਹ ਚੋਰੀ, ਸੁਰੱਖਿਆ ਕੁਤਾਹੀਆਂ ਅਤੇ ਗੈਰ-ਕਾਨੂੰਨੀ ਛਾਂਟੀ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਕੀਤੀਆਂ ਗਈਆਂ ਗਿਣੀਆਂ-ਮਿਥਿਆਂ ਕਾਰਵਾਈਆਂ ਨਹੀਂ ਸਗੋਂ ਅਗਿਆਣਤਾ ਚੋਂ ਪਨਪੀਆਂ ਮਾਸੂਮ ਜਿਹੀਆਂ ਗਲਤੀਆਂ ਹੀ ਹਨ। ਰਾਜ ਕਸੂਰਵਾਰ ਮਾਲਕ 'ਤੇ ਮੁਕੱਦਮਾ ਚਲਾਕੇ ਸਜ਼ਾ ਦੇਣ ਦੀ ਬਜਾਏ ਅਜਿਹੀਆਂ ਗਲਤੀਆਂ ਨਾ ਹੋਣ ਤੋਂ ਰੋਕਣ ਲਈ ਇੱਕ ਮੱਦਦਗਾਰ ਦੀ ਭੂਮਿਕਾ ਨਿਭਾਵੇਗਾ।

ਇਹਨੂੰ 'ਜ਼ੁਰਮਾਂ ਦੇ ਨਿਪਟਾਰੇ/ਸੁਲਾਹ-ਸਫਾਈ' ਸਬੰਧੀ ਡਰਾਫਟ ਨਿਯਮਾਂ ਦੇ ਨਾਲ ਜੋੜਕੇ ਪੜ੍ਹਿਆ ਜਾਣਾ ਚਾਹੀਦਾ ਹੈ। ਨਵੀਂ ਵਿਵਸਥਾ ਮਾਲਕਾਂ ਨੂੰ ਸੁਰੱਖਿਆ ਮਾਮਲੇ ਦੀਆਂ ਕੀਤੀਆਂ ਕੁਤਾਹੀਆਂ ਲਈ ਮੁਕੱਦਮੇ ਤੋਂ ਬਚਣ ਲਈ ਜੁਰਮਾਨਾ ਅਦਾ ਕਰਨ ਦੀ ਆਗਿਆ ਦਿੰਦੀ ਹੈ। ਜਦੋਂ ਰਾਜ ਕਿਸੇ ਜੁਰਮ ਨੂੰ ਫੀਸ ਵਿੱਚ ਬਦਲ ਦਿੰਦਾ ਹੈ ਤਾਂ ਇਹ ਕਾਨੂੰਨ ਨੂੰ ਹੀ ਵਸਤੂ ਬਣਾ ਧਰਦਾ ਹੈ। ਇਹ ਕੁਤਾਹੀਆਂ ਲਈ ਇੱਕ ਮੰਡੀ ਖੜ੍ਹੀ ਕਰਦਾ ਹੈ ਜਿੱਥੇ ਅਮੀਰ ਲਈ ਖਰਚਾ ਓਟਕੇ ਕਾਨੂੰਨ ਤੋੜਨ ਦਾ ਰਾਹ ਖੁੱਲ੍ਹਦਾ ਹੈ ਜਦਕਿ ਮਜਦੂਰ ਮਾਲਕ ਦੀ ਅਜਿਹੀ ਕੁਤਾਹੀ ਦੀ ਕੀਮਤ ਆਪਣੇ ਅਪੰਗ ਹੋਣ ਜਾਂ ਫਿਰ ਆਪਣੀ ਜਾਨ ਤੋਂ ਹੱਥ ਧੋਣ ਨਾਲ ਚੁਕਾਉਂਦਾ ਹੈ। ਸਰਵੇਖਣ ਇਸ ਨੈਤਿਕ ਖਤਰੇ ਉੱਪਰ ਪੂਰੀ ਤਰ੍ਹਾਂ ਪਰਦਾਪੋਸ਼ੀ ਕਰਦਾ ਹੋਇਆ ਇਸਨੂੰ ਫੇਸਿਲੀਟੇਟ ਯਾਨੀ ਕਿ 'ਕਾਰੋਬਾਰ ਨੂੰ ਸੁਖਾਲਾ ਕਰਨ' ਵਜੋਂ ਪੇਸ਼ ਕਰਦਾ ਹੈ।

**ਅਰਥਚਾਰੇ ਵਿੱਚ ਪੱਕੇ ਮਜਦੂਰਾਂ (Formalisation) ਦੇ ਵਾਧੇ ਬਾਰੇ ਅੰਕੜਿਆਂ ਦਾ ਹੇਰਫੇਰ** : ਸ਼ਾਇਦ ਸਭ ਤੋਂ ਖਤਰਨਾਕ ਦਾਅਵਾ ਬਾਕਸ XII.4 ਵਿੱਚ ਦਿਖਾਈ ਦਿੰਦਾ ਹੈ, ਜਿੱਥੇ ਸਰਵੇਖਣ ਸਟੇਟ ਬੈਂਕ ਆਫ਼ ਇੰਡੀਆ (SBI) ਦੇ ਇੱਕ ਅਧਿਐਨ ਦਾ ਹਵਾਲਾ ਦਿੰਦਾ ਹੈ ਜਿਸ ਵਿੱਚ ਇਹ ਦਰਸਾਇਆ ਗਿਆ ਹੈ ਕਿ ਕਿਰਤ ਕੋਡ ਅਰਥਵਿਵਸਥਾ ਵਿੱਚ ਪੱਕੇ ਮਜਦੂਰਾਂ ਦੀ ਗਿਣਤੀ ਨੂੰ 60.4% ਤੋਂ ਵਧਾਕੇ 75.5% ਕਰ ਦੇਣਗੇ। ਇਹ ਅੰਕੜਿਆਂ ਦਾ ਇੱਕ ਛਲਾਵਾ ਹੈ ਜੋ 'ਪੱਕੇ' (Formalisation) ਸ਼ਬਦ ਨੂੰ ਨਵੇਂ ਰੂਪ ਵਿੱਚ ਪਰਿਭਾਸ਼ਤ ਕਰਕੇ ਦਰਸਾਇਆ ਗਿਆ ਹੈ।

ਇਤਿਹਾਸਕ ਤੌਰ 'ਤੇ ਭਾਰਤ ਵਿੱਚ ਇੱਕ 'ਸਥਾਈ' ਨੌਕਰੀ ਦਾ ਹੋਣਾ ਕਾਰਜਕਾਲੀ ਸੁਰੱਖਿਆ ਦੇ ਇੱਕ ਮਾਪਦੰਡ ਨੂੰ ਦਰਸਾਉਂਦੀ ਹੈ - ਅਜਿਹਾ ਇੱਕ ਪੱਕਾ ਰੁਜਗਾਰ ਜੋ ਕਿਸੇ ਕਰਮਚਾਰੀ ਨੂੰ ਆਪਣੀ ਜ਼ਿੰਦਗੀ ਦੀ ਪੂਰੀ ਯੋਜਨਾਬੰਦੀ ਕਰਨਾ ਯਕੀਨੀ ਬਣਾਉਂਦੀ ਹੈ। ਹਾਲਾਂਕਿ ਨਵੇਂ ਕੋਡ ਸਾਰੇ ਖੇਤਰਾਂ ਵਿਚਲੇ 'ਮਿਥੇ ਮਿਆਦੀ ਰੁਜ਼ਗਾਰ' (FTE) ਨੂੰ ਸੰਸਥਾਗਤ ਬਣਾਉਂਦੇ ਹਨ। ਸਰਵੇਖਣ ਮਿਥੇ ਮਿਆਦੀ ਰੁਜ਼ਗਾਰ ਨੂੰ ਸਲਾਹੁੰਦਾ ਹੈ ਕਿ MSMEs (ਛੋਟੇ, ਲਘੂ ਤੇ ਗੱਭਲੇ ਕਾਰੋਬਾਰ) ਵਾਲੇ ਖੇਤਰਾਂ ਨੂੰ 'ਲੰਬੇ ਸਮੇਂ ਦੇ ਰੁਜ਼ਗਾਰ ਲਈ ਇਕਰਾਰ ਕੀਤੇ ਬਿਨਾਂ ਮੌਸਮੀ ਜਾਂ ਪ੍ਰੋਜੈਕਟ-ਅਧਾਰਤ ਜ਼ਰੂਰਤਾਂ' ਲਈ ਕਾਮੇ ਰੱਖਣ ਦੀ ਆਗਿਆ ਦਿੱਤੀ ਗਈ ਹੈ।

ਸਰਵੇਖਣ ਅਸਲ ਵਿੱਚ ਦਲੀਲ ਦਿੰਦਾ ਹੈ ਕਿ ਸਥਾਈ ਕਾਮਿਆਂ ਦੀ ਸਮੱਸਿਆ ਨੂੰ ਹੱਲ ਕਰਨ (ਭਾਵ ਉਹਨਾਂ ਦੀ ਏਕਤਾ ਨੂੰ ਖਿੰਡਾਉਣ) ਦਾ ਇੱਕੋ ਇੱਕ ਤਰੀਕਾ ਹੈ ਪੱਕੇ ਕੰਮ ਦੇ ਮਿਆਰਾਂ ਨੂੰ ਭੁੰਜੇ ਸਿੱਟਣਾ। ਕਿਸੇ ਵਰਕਰ ਹੱਥ ਕਾਗਜ਼ ਦਾ ਇੱਕ ਲਿਖਤੀ ਟੁਕੜਾ ਫੜਾ ਤਿੰਨ ਮਹੀਨਿਆਂ ਦੇ ਇਕਰਾਰਨਾਮੇ 'ਤੇ ਕੰਮ ਕਰਨ ਨੂੰ 'ਸਥਾਈ ਕਾਮੇ' ਵਜੋਂ ਸ਼੍ਰੇਣੀਬੱਧ ਕਰਕੇ ਸਰਕਾਰ ਅੰਕੜਿਆਂ ਨੂੰ ਵਧਾ-ਚੜ੍ਹਾਕੇ ਪੇਸ਼ ਕਰ ਰਹੀ ਹੈ ਜਦੋਂ ਕਿ ਇਹ ਗੱਲ ਵਰਕਰ ਦੇ ਜੀਵਨ ਪੱਧਰ ਨੂੰ ਖੋਰਾ ਲਾਉਂਦੀ ਹੈ। ਸਰਵੇਖਣ ਖੁਸ਼ੀ ਖੁਸ਼ੀ ਨੋਟ ਕਰਦਾ ਹੈ ਕਿ 'ਓਵਰਹੈੱਡ ਭਾਵ ਓਪਰਲੇ ਖਰਚਿਆਂ' ਨੂੰ ਬਚਾਇਆ ਜਾ ਰਿਹਾ ਹੈ ਜਦਕਿ ਅਸਲ ਵਿੱਚ ਕੰਮ ਕਰਨ ਵਾਲੇ ਪਰਿਵਾਰ ਦੀ ਸਮਾਜਿਕ ਸੁਰੱਖਿਆ ਅਤੇ ਸਥਿਰਤਾ ਨੂੰ ਦਾਅ 'ਤੇ ਲਾਇਆ ਜਾ ਰਿਹਾ ਹੈ। ਸਥਾਈ ਕਾਮਿਆਂ ਨੂੰ ਵੱਡੇ ਪੱਧਰ 'ਤੇ ਡਿਸਪੋਜ਼ੇਬਲ (ਵਗਾਹ ਮਾਰਨ ਲਾਇਕ) ਆਮਦਨ ਵਾਲੇ 'ਫਿਕਸਡ-ਟਾਇਮ (ਮਿਥੀ ਮਿਆਦ)' ਵਾਲੇ ਕਾਮਿਆਂ ਵਾਲੀ ਵਸਤ ਸੂਚੀ ਵਿੱਚ ਸ਼ਾਮਲ ਕਰਨ ਦੀ ਜੈ ਜੈਕਾਰ ਕਰਨੀ ਬੌਧਿਕ ਬੇਈਮਾਨੀ ਹੈ।

**ਮਜ਼ਦੂਰ ਦੇ ਲਹੂ ਪੀਣ ਦੇ ਜਸ਼ਨ ਮਨਾਉਣਾ** : ਪੈਰਾ 12.31 ਵਿੱਚ ਸਰਵੇਖਣ ਦਿਆਲੂ ਦੇ ਆਪਣੇ ਮੁਖੌਟੇ ਨੂੰ ਪਰ੍ਹਾਂ ਵਗਾਹ ਮਾਰਦਾ ਹੈ। ਇਹ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਤਿੰਨ ਮਹੀਨਿਆਂ 'ਚ ਓਵਰਟਾਈਮ ਦੀ ਹੱਦ ਨੂੰ 144 ਘੰਟਿਆਂ ਤੱਕ ਵਧਾਉਣ ਵਾਲੇ ਨੇਮਾਂ ਨੂੰ ਪਾਸ ਕਰਨ ਦੀ ਸ਼ਲਾਘਾ ਕਰਦਾ ਹੈ।

ਆਓ ਇਹਦਾ ਹਿਸਾਬ-ਕਿਤਾਬ ਲਾਈਏ। 144-ਘੰਟੇ ਦੀ ਤਿਮਾਹੀ ਹੱਦ ਦਾ ਅਰਥ ਹੈ ਪ੍ਰਤੀ ਮਹੀਨਾ 48 ਘੰਟੇ ਵਾਧੂ ਕੰਮ ਜਾਂ ਕੰਮਕਾਰ ਵਾਲੇ ਹਰ ਦਿਨ ਲਗਭਗ ਦੋ ਘੰਟੇ ਦਾ ਓਵਰਟਾਈਮ। ਡਰਾਫਟ ਨਿਯਮਾਂ ਨਾਲ ਜੋੜਕੇ ਦੇਖਿਆਂ 'ਸਪ੍ਰੈੱਡ-ਓਵਰ' ਟਾਈਮ (ਯਾਨੀ ਕਿ ਉਹ ਸਮਾਂ ਜਿੰਨੇ ਸਮੇਂ ਲਈ ਕੋਈ ਵਰਕਰ ਮਾਲਕ ਕੋਲ ਕੰਮ ਕਰਦਾ ਹੈ) ਨੂੰ ਕਾਰਜਕਾਰੀ ਹੁਕਮ ਵੱਲੋਂ ਪਰਿਭਾਸ਼ਿਤ ਕੀਤੇ ਜਾਣ ਲਈ ਛੱਡ ਦੇਣ ਨਾਲ 8-ਘੰਟੇ ਦੀ ਦਿਹਾੜੀ ਹੋਣ ਨੂੰ ਕਾਨੂੰਨੀ ਰੂਪ ਵਿੱਚ ਖਤਮ ਕੀਤਾ ਜਾਣਾ ਨਜ਼ਰ ਆਉਂਦਾ ਹੈ।

ਸਰਵੇਖਣ ਇਸਨੂੰ 'ਸਨਅਤੀ ਮੁਕਾਬਲੇਬਾਜ਼ੀ ਨੂੰ ਉਗਾਸਾ ਦੇਣ' ਦੇ ਰੂਪ ਵਿੱਚ ਪੇਸ਼ ਕਰਦਾ ਹੈ। ਅਜਿਹਾ ਬਿਰਤਾਂਤ ਵਾਧੂ ਕਦਰ ਨਿਚੋੜਣ ਨੂੰ ਮੁਕੰਮਲ ਰੂਪ ਵਿੱਚ ਨਿਚੋੜਨ ਦੇ 19ਵੀਂ ਸਦੀ ਦੇ ਬਦਨਾਮ ਸਿਧਾਂਤ ਨੂੰ ਮੁੜ ਸੁਰਜੀਤ ਕਰਦਾ ਹੈ- ਜਿਹੜਾ ਖੋਜ ਜ਼ਰੀਏ ਮੁਨਾਫ਼ਾ ਨਹੀਂ ਕਮਾਉਂਦਾ ਬਲਕਿ ਮਨੁੱਖੀ ਸਰੀਰ ਦੀ ਰੱਤ ਨਿਚੋੜਕੇ ਮੁਨਾਫ਼ਾ ਕਮਾਉਂਦਾ ਹੈ। ਬਾਕਸ XII.4 ਵਿੱਚ ਇਹ ਸਰਵੇ ਦਲੀਲ ਦਿੰਦਾ ਹੈ ਕਿ 'ਕੱਟੜ ਕਿਰਤ ਕਾਨੂੰਨਾਂ ਨੇ ਵਿਕਾਸ ਦੀ ਚਾਲ ਨੂੰ ਧੀਮਾ ਕੀਤਾ' ਹੈ। ਅਸਿੱਧੇ ਰੂਪ ਵਿੱਚ ਸਰਕਾਰ ਇਹ ਗੱਲ ਸਵੀਕਾਰਦੀ ਹੈ ਕਿ ਹਕੂਮਤ ਜਿਸਨੂੰ ਵਿਕਾਸ ਕਹਿੰਦੀ ਹੈ ਉਹ ਭਾਰਤੀ ਕਿਰਤੀਆਂ ਦੇ ਰੱਤ ਨਿਚੋੜਕੇ ਹੀ ਹਾਸਲ ਕੀਤਾ ਜਾਂਦਾ ਹੈ।

**ਸੰਘਵਾਦ ਨੂੰ ਖੋਰਾ** : ਸਰਵੇਖਣ ਦੇ (ਪੈਰਾ 12.31) ਵਿੱਚ ਉੱਤਰ ਪ੍ਰਦੇਸ਼, ਕਰਨਾਟਕ ਅਤੇ ਗੁਜਰਾਤ ਵਰਗੇ ਰਾਜਾਂ ਦੀ ਸ਼ਲਾਘਾ ਕਰਦਾ ਹੈ ਕਿ ਉਹ ਕੰਟਰੋਲ ਮੁਕਤ ਕਰਨ ਵਿੱਚ ਮੋਹਰੀ ਹਨ ਜਦਕਿ ਹੋਰਨਾਂ ਨੂੰ ਅਜਿਹਾ ਕਰਨ ਵਿੱਚ ਦੇਰੀ ਕਰਨ ਨੂੰ ਸਪੱਸ਼ਟ ਰੂਪ ਵਿੱਚ ਝਿੜਕਦਾ ਹੈ। ਇਹ ਇਸਨੂੰ ਮੁਕਾਬਲੇਬਾਜ਼ੀ ਵਾਲੇ ਸੰਘਵਾਦ ਦਾ ਰੂਪ ਵਿੱਚ ਪੇਸ਼ ਕਰਦਾ ਹੈ।

ਹਾਲਾਂਕਿ, ਵਿਸ਼ਲੇਸ਼ਣ 'ਨਿਘਾਰ ਵੱਲ ਨੂੰ ਦੌੜ' ਵਾਲੇ ਇੱਕ ਹੋਰ ਕੁਲੱਛਣੇ ਅਮਲ ਨੂੰ ਉਘਾੜਦਾ ਹੈ। ਕਿਸੇ ਸੰਘੀ ਢਾਂਚੇ ਵਿੱਚ ਜਿੱਥੇ ਪੂੰਜੀ ਤਾਂ ਗਤੀਸ਼ੀਲ ਹੋਵੇ ਪਰ ਕਿਰਤ ਭਾਸ਼ਾਈ ਅਤੇ ਸੱਭਿਆਚਾਰਕ ਅੜੰਗਿਆਂ ਦੀਆਂ ਗੁੰਝਲਾਂ ਵਿੱਚ ਫਸੀ ਹੋਈ ਹੋਵੇ, ਸੂਬਿਆਂ ਨੂੰ ਆਪਣੇ ਕਾਮਿਆਂ ਦੇ ਅਧਿਕਾਰਾਂ ਦੀ ਬਲੀ ਦੇਕੇ ਮੁਕਾਬਲੇਬਾਜ਼ੀ ਵਿੱਚ ਪੈਣ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ।

ਜਦੋਂ ਸਰਵੇਖਣ ਇਹ ਕਹਿੰਦਾ ਹੈ ਕਿ ਰੈਗੂਲੇਟਰੀ ਉਪਾਅ 'ਕਿਸੇ ਅਦਿੱਖ ਸ਼ਕਤੀ ਵਾਂਗ ਸਰੋਤ ਵੰਡ ਵਿੱਚ ਵੀ ਓਨੇ ਹੀ ਪ੍ਰਭਾਵਕਾਰੀ ਹਨ' ਤਾਂ ਇਹ ਹਕੀਕੀ ਰੂਪ ਵਿੱਚ ਇਹ ਦਲੀਲ ਦੇ ਰਿਹਾ ਹੈ ਕਿ ਮਨੁੱਖੀ ਅਧਿਕਾਰ ਮੰਡੀ ਲਈ ਸਰਾਪ ਭਾਵ ਮੰਡੀ ਦੀ ਭੰਨਤੋੜ ਕਰਨ ਵਾਲੇ ਹਨ। ਇਸ ਲਈ, ਉਦੇਸ਼ ਕਾਨੂੰਨ ਨੂੰ ਬਾਜ਼ਾਰ ਅੰਦਰ ਕੀਤੀ ਜਾਣ ਵਾਲੀ ਬੇਰੋਕ ਲੁੱਟ-ਖਸੁੱਟ ਦੀ ਮੰਗ ਨਾਲ ਨੱਥੀ ਕਰਨਾ ਹੈ।

**ਸੁਰੱਖਿਆ ਦੇ ਭੇਖ ਵਿੱਚ ਨਿਗਾਹਬਾਨੀ** : ਇਹ ਅਧਿਆਇ ਵਧਦੀ ਔਰਤ ਦੀ ਕਿਰਤ ਸ਼ਕਤੀ ਦੀ ਭਾਗੀਦਾਰੀ ਦਰ (FLFPR) ਵਧਾਉਣ ਦੀ ਬਹੁਤੀ ਗੱਲ ਕਰਦਾ ਹੈ। ਪੈਰਾ ਨੰਬਰ 12.32 ਉੱਤਰ ਪ੍ਰਦੇਸ਼ ਵਿਚਲੇ 'ਸਾਰੇ 29 ਖਤਰਨਾਕ ਖੇਤਰਾਂ' ਵਿੱਚ ਸੀਸੀਟੀਵੀ ਅਤੇ ਪੁਲਿਸ ਬੀਟ ਵਰਗੇ ਸੁਰੱਖਿਆ ਉਪਾਵਾਂ ਹੇਠ ਔਰਤਾਂ ਨੂੰ ਰਾਤ ਦੀਆਂ ਸ਼ਿਫਟਾਂ ਵਿੱਚ ਕੰਮ ਕਰਨ ਦੀ ਇਜਾਜ਼ਤ ਦੇਣ ਨੂੰ ਸਲਾਹੁੰਦਾ ਹੈ।

ਇਹ ਫੈਕਟਰੀ ਦੇ ਮਾਹੌਲ ਨੂੰ ਇੱਕ ਨਿਰਪੱਖ ਜਗ੍ਹਾ ਵਜੋਂ ਤਸਲੀਮ ਕਰਦਾ ਹੈ ਅਤੇ ਭਾਰਤ ਅੰਦਰਲੀਆਂ ਕੰਮ ਵਾਲੀਆਂ ਥਾਵਾਂ 'ਤੇ ਭਾਰੂ ਗਹਿਰੇ ਰਮੇ ਜਗੀਰੂ ਅਤੇ ਜਾਤੀ ਦਰਜਾਬੰਦੀ ਵਾਲੇ ਢਾਂਚੇ ਦੇ ਰਾਜ ਨੂੰ ਸਫ਼ਾਚੱਟ ਕਰ ਦਿੰਦਾ ਹੈ। ਇਹ ਦਲੀਲ ਦੇਣਾ ਕਿ ਖਤਰਨਾਕ ਸਨਅਤਾਂ ਵਿੱਚ ਰਾਤ ਦੀਆਂ ਸ਼ਿਫਟਾਂ ਲਾਉਣ ਲਈ ਹਾਸ਼ੀਏ 'ਤੇ ਖੜ੍ਹੀ ਕਿਸੇ ਔਰਤ ਵਰਕਰ ਵੱਲੋਂ ਉੱਚ ਜਾਤੀ ਦੇ ਕਿਸੇ ਮਰਦ ਸੁਪਰਵਾਈਜ਼ਰ ਨੂੰ ਆਪਣੀ 'ਸਹਿਮਤੀ' ਨੂੰ ਆਜ਼ਾਦਾਨਾ ਰੂਪ ਵਿੱਚ ਦੇਣਾ ਸਮਝਣਾ ਗਰੀਬੀ ਦੀਆਂ ਜਨਮਜਾਤ ਮਜ਼ਬੂਰੀਆਂ ਨੂੰ ਨਜ਼ਰਅੰਦਾਜ਼ ਕਰਨਾ ਹੈ। ਇਹ 'ਸੁਰੱਖਿਆਵਾਂ' ਤਕਨੀਕੀ (CCTV) ਕਿਸਮ ਦੀਆਂ ਹਨ ਨਾ ਕਿ ਯੂਨੀਅਨਾਂ ਵਾਂਗ ਢਾਂਚਾਗਤ।

ਇਸ ਤੋਂ ਇਲਾਵਾ, ਸਰਵੇਖਣ ਵੱਲੋਂ (ਬਾਕਸ XII.1) ਅੰਦਰ ਦਰਸਾਏ ਬਾਹਰ ਕੰਮ ਦੇ ਨਾਲ ਨਾਲ ਡ ਘਰ ਦੀ ਦੇਖਭਾਲ ਦੇ ਕੰਮ ਦੇ 'ਦੋਹਰੇ ਬੋਝ' ਦਾ ਹੱਲ 'ਲਚਕਦਾਰ ਕੰਮ' ਕਰਨ ਨੂੰ ਦੱਸਿਆ ਗਿਆ ਹੈ। ਇਹ ਕੋਈ ਹੱਲ ਨਹੀਂ ਹੈ; ਇਹ ਇੱਕ ਜਾਲ ਹੈ। ਇਹ ਕਿਰਤ ਦੇ 'ਘਰੇਲੂਕਰਨ (ਦਫਤਰੀ ਕੰਮ ਨੂੰ ਵੀ ਘਰੀਂ ਕਰਨਾ)' ਨੂੰ ਦਰਸਾਉਂਦਾ ਹੈ। ਸਰਕਾਰੀ ਵਿੱਤੀ ਇਮਦਾਦ ਤੋਂ ਬਗੈਰ ਹੀ ਦੇਖਭਾਲ ਕਰਨ ਵਾਲੇ ਕਿਸੇ ਬੁਨਿਆਦੀ ਢਾਂਚੇ ਦੀ ਮੌਜੂਦਗੀ ਬਿਨਾਂ ਘਰੀਂ ਰਹਿਕੇ ਕੰਮ ਕਰਨ ਜਾਂ ਕੁੱਝ ਘੰਟੇ ਘਰੋਂ ਕੰਮ ਕਰਕੇ ਅਤੇ ਕੁੱਝ ਘੰਟੇ ਦਫਤਰੀਂ ਲਾਕੇ ਕੰਮ ਕਰਨ ਨੂੰ ਉਤਸ਼ਾਹਤ ਕਰਕੇ ਸਰਵੇਖਣ ਘਰੇਲੂ ਖੇਤਰ ਵਿੱਚ ਪੂੰਜੀ ਦੇ ਨਿਵੇਸ਼ ਨੂੰ ਸੁਵਿਧਾਜਨਕ ਬਣਾਉਂਦਾ ਹੈ। ਇਹ ਪੂੰਜੀ ਨੂੰ ਵਾਫਰ ਕਦਰ ਬਟੋਰਣ ਦੀ ਇਜ਼ਾਜਤ ਦਿੰਦਾ ਹੈ ਜਦਕਿ ਬਿਨਾਂ ਕਿਸੇ ਭੁਗਤਾਨ ਦੇ ਘਰੇਲੂ ਕੰਮਾਂ ਦਾ ਪੂਰਾ ਬੋਝ ਔਰਤ ਝੱਲਦੀ ਰਹਿੰਦੀ ਹੈ ਅਤੇ ਸਰਕਾਰ ਜਨਤਕ ਪੱਧਰ 'ਤੇ ਕਰੈਚ ਦੀ ਸਹੂਲਤ ਪ੍ਰਦਾਨ ਕਰਨ ਦੇ ਆਪਣੇ ਬਣਦੇ ਫਰਜ਼ ਤੋਂ ਫਾਰਗ ਹੋ ਜਾਂਦੀ ਹੈ।

**'ਗਰੀਬਾਂ ਲਈ ਕਾਨੂੰਨ' ਦੀ ਵਾਪਸੀ** : ਪੈਰਾ (12.38) ਵਿੱਚ ਸਰਵੇਖਣ ਆਸ਼ਾਵਾਦ ਹੋਣ ਅਤੇ ਇਨਕਾਰੀ ਹੋਣ ਦੇ ਮਿਲਗੋਭੇ ਜਿਹੇ ਨਾਲ ਗਿੱਗ ਅਰਥਚਾਰੇ ਨੂੰ ਸੰਬੋਧਤ ਕਰਦਾ ਹੈ। ਇਹ ਮੰਨਦਾ ਹੈ ਕਿ 40% ਗਿੱਗ ਵਰਕਰ ਪ੍ਰਤੀ ਮਹੀਨਾ 15,000 ਰੁਪਏ ਤੋਂ ਘੱਟ ਕਮਾਉਂਦੇ ਹਨ ਅਤੇ ਵਾਰੀ ਲਾਉਣ ਦੇ ਸਬੰਧ ਵਿੱਚ ਉਨ੍ਹਾਂ ਨੂੰ 'ਐਲਗੋਰਿਦਮਿਕ (ਆਨਲਾਈਨ) ਵਿਤਕਰੇ' ਦਾ ਸਾਹਮਣਾ ਕਰਨਾ ਪੈਂਦਾ ਹੈ। ਫਿਰ ਵੀ ਇਹ ਉਹਨਾਂ ਵਰਕਰਾਂ ਨੂੰ ਕਰਮਚਾਰੀਆਂ ਵਜੋਂ ਸ਼੍ਰੇਣੀਬੱਧ ਕਰਨ ਦੇ ਤਰਕਪੂਰਨ ਕਾਨੂੰਨੀ ਕਦਮ ਚੁੱਕਣ ਤੋਂ ਮੁੱਕਰਦਾ ਹੈ।

ਇਸ ਦੀ ਬਜਾਏ ਬਾਕਸ XII.5 ਵਿੱਚ ਇਹ ਸਰਵੇ 1-2% ਟਰਨਓਵਰ ਸੈੱਸ ਲਾਕੇ ਭਲਾਈ ਫੰਡ ਸਥਾਪਤ ਕਰਨ ਲਈ ਚਾਰ ਕਿਰਤ ਕੋਡਾਂ ਵਿੱਚੋਂ ਇੱਕ ਸਮਾਜਕ ਸੁਰੱਖਿਆ ਕੋਡ ਦੀ ਬੱਲੇ ਬੱਲੇ ਕਰਦਾ ਹੈ। ਇਹ ਸਮਝ ਆਧੁਨਿਕ ਕਾਲ ਤੋਂ ਪਹਿਲਾਂ ਵਾਲੇ ਸਮਿਆਂ ਵਿਚਲੇ 'ਗਰੀਬਾਂ ਲਈ ਬਣਾਏ ਕਾਨੂੰਨ' ਵਾਲੀ ਮਾਨਸਿਕਤਾ ਦਾ ਹੀ ਇੱਕ ਰੂਪ ਹੈ। ਇਹ ਸਮਾਜਕ ਸੁਰੱਖਿਆ ਨੂੰ ਕਿਰਤੀ ਵੱਲੋਂ ਪੈਦਾ ਕੀਤੇ ਗਏ ਵਿਸ਼ੇਸ਼

ਵਾਫਰ ਮੁੱਲ ਵਿੱਚੋਂ ਨਿਕਲਣ ਵਾਲੇ ਹੱਕ ਵਜੋਂ ਤਸਲੀਮ ਨਹੀਂ ਕਰਦਾ ਬਲਕਿ ਇੱਕ ਆਮ ਸੈੱਸ ਰਾਹੀਂ ਇਕੱਤਰ ਕੀਤੇ ਗਏ ਫੰਡ ਵਿੱਚੋਂ ਖੈਰਾਤ/ਦਾਨ ਦੇਣ ਵਜੋਂ ਸਮਝਦਾ ਹੈ।

ਇਹ ਸਰਵੇਖਣ ਮਸ਼ਹੂਰ ਅਰਥਸ਼ਾਸਤਰੀ ਮੈਕਿੰਸੀ ਦੇ ਸਿਧਾਂਤ ਅਨੁਸਾਰ ਘੜੀਆਂ ਸ਼੍ਰੇਣੀਆਂ (ਭਾਵ ਆਜ਼ਾਦ ਏਜੰਟ ਬਨਾਮ ਵਿੱਤੀ ਬੋਝ ਹੇਠ ਜਕੜੇ ਏਜੰਟ) ਹੇਠ ਗਿੱਗ ਵਰਕਰਾਂ ਨੂੰ ਸ਼੍ਰੇਣੀਬੱਧ ਕਰਦਾ ਹੈ ਅਤੇ ਇਸ ਸਬੰਧੀ ਘੜੀ ਗਈ ਨੀਤੀ ਵਿੱਚ ਵਰਕਰਾਂ ਨੂੰ 'ਆਜ਼ਾਦ ਏਜੰਟ' ਦੀ ਸ਼੍ਰੇਣੀ ਵਿੱਚ ਕਲਮਬੱਧ ਕਰਨ ਦੀ ਅਪੀਲ ਕਰਦਾ ਹੈ। ਕੇਹੀ ਚਮਤਕਾਰੀ ਸੋਚ ਹੈ। ਕੋਈ ਡਿਲੀਵਰੀ ਪਾਰਟਨਰ 'ਵਿੱਤੀ ਬੋਝ ਹੇਠ ਜਕੜਿਆ' ਇਸ ਕਰਕੇ ਨਹੀਂ ਜਾਂਦਾ ਹੈ ਕਿ ਉਹ 'ਵਿੱਤੀ ਜਾਣਕਾਰੀ ਤੋਂ ਕੋਰਾ ਹੈ' (ਜਿਵੇਂ ਕਿ ਪੈਰਾ 12.39 ਵਿੱਚ ਦਰਸਾਇਆ ਗਿਆ ਹੈ), ਬਲਕਿ ਇਸ ਕਰਕੇ ਕਿ ਐਲਗੋਰਿਦਮ ਹੀ ਅਜਿਹੇ ਢੰਗ ਨਾਲ ਘੜਿਆ ਗਿਆ ਹੈ ਕਿ ਉਹਨਾਂ ਦੀ ਜੇਬ ਅੰਦਰ ਉਹਨਾਂ ਦੇ ਆਪਣੇ ਗੁਜ਼ਾਰੇ ਜੋਗਾ ਹੀ ਪਵੇ। ਕਾਰਪੋਰੇਟ ਪਰਦੇ ਨੂੰ ਉਤਾਰਕੇ ਇਹਦੇ ਅੰਦਰ ਝਾਤ ਪਾਉਣ ਤੋਂ ਮੁਕਰਕੇ ਸਰਵੇਖਣ ਇਹ ਗੱਲ ਯਕੀਨੀ ਬਣਾਉਂਦਾ ਹੈ ਕਿ ਐਲਗੋਰਿਦਮ ਦਾ ਕੋਈ ਜਵਾਬਦੇਹੀ ਨਾ ਹੋਣ ਵਾਲਾ ਜਗੀਰੂ ਜਕੜਪੰਜਾ ਕਾਇਮ ਬਣਿਆ ਰਹੇ।

**ਵਿੱਦਿਆ ਦੀ ਜਾਤੀ-ਜਮਾਤੀ ਦਰਜਬੰਦੀ** : ਅਧਿਆਇ 12 ਦੇ (ਪੈਰਾ 12.47, ਬਾਕਸ XII.7) ਵਿੱਚ ਦਿੱਤਾ ਇੱਕ ਅਹਿਮ ਪਰ ਘੱਟ ਪੜਤਾਲਿਆ ਗਿਆ ਪੱਖ ਇਸ ਵੱਲੋਂ 'ਸਕੂਲ ਸਿੱਖਿਆ ਨੂੰ ਕਿੱਤਾਮੁਖੀਕਰਣ' 'ਤੇ ਭਾਰੀ ਜ਼ੋਰ ਦੇਣਾ ਹੈ। ਸਰਵੇਖਣ 6ਵੀਂ ਜਮਾਤ ਤੋਂ ਬਾਅਦ ਕਿੱਤਾਮੁਖੀ ਸਿਖਲਾਈ ਨੂੰ ਏਕੀਕ੍ਰਿਤ ਰੂਪ ਦੇਣ ਦੀ ਦਲੀਲ ਦਿੰਦਾ ਹੈ। ਭਾਵੇਂਕਿ ਇਹ ਵਿਹਾਰਕ ਲੱਗਦਾ ਹੈ, ਪਰ ਭਾਰਤੀ ਸੰਦਰਭ ਵਿੱਚ ਇਹ ਕਿਰਤ ਦੀ ਜਾਤਪਾਤ-ਅਧਾਰਤ ਵੰਡ ਨੂੰ ਸੰਸਥਾਗਤ ਰੂਪ ਦੇ ਦਿੱਤੇ ਜਾਣ ਦਾ ਖਤਰਾ ਖੜ੍ਹਾ ਕਰਦਾ ਹੈ।

ਸਭ ਤੋਂ ਵਧੇਰੇ ਜ਼ੋਰਦਾਰ ਢੰਗ ਨਾਲ ਅਮਲ ਵਿੱਚ ਲਿਆਂਦੇ ਜਾਣ ਵਾਲੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਗਰੀਬਾਂ ਦੇ ਬੱਚਿਆਂ ਨੂੰ ਲਾਜ਼ਮੀ ਰੂਪ ਵਿੱਚ ਅੰਞਾਣੀ ਉਮਰ ਤੋਂ ਹੀ ਕਿੱਤਾਮੁਖੀ ਲਾਈਨਾਂ ਵਿੱਚ ਧੱਕਕੇ ਹਕੂਮਤ ਲਾਜ਼ਮੀ ਰੂਪ ਵਿੱਚ ਇਹ ਐਲਾਨ ਸੁਣਾ ਰਹੀ ਹੈ ਕਿ ਕੀਹਦੀ ਕਿਸਮਤ ਵਿੱਚ ਫੈਕਟਰੀ ਅੰਦਰ ਕੰਮ ਕਰਨ ਜਾਣਾ ਲਿਖਿਆ ਹੋਇਆ ਹੈ ਅਤੇ ਕਿੰਨਾਂ ਚੰਗੇ ਭਾਗਾਂ ਵਾਲਿਆਂ ਨੇ ਯੂਨੀਵਰਸਿਟੀ ਜਾ ਪੜ੍ਹਨਾ ਹੈ।

ਇਹ ਇੱਕ 'ਟਰੈਕਿੰਗ ਸਿਸਟਮ(ਛਾਂਟਾ ਛੰਟਾਈ ਵਾਲਾ ਢਾਂਚਾ)' ਹੈ ਜੋ ਜਮਾਤੀ ਵੰਡ ਨੂੰ ਸਥਿਰ ਮੰਨਦਾ ਹੈ। (ਬਾਕਸ XII.9) ਵਿੱਚ ਆਈਟੀਆਈ ਪਾਸਾਂ ਨੂੰ 'ਡਿਗਰੀ ਧਾਰਕ ਬਣਨਾ' ਇੱਕ ਸੁਰਖ਼ੀ ਬਿੰਦੀ ਵਾਂਗ ਖਿੱਚਪਾਊ ਮਸੌਦਾ ਹੈ ਪਰ ਇਹ ਬਰਾਬਰ ਦੇ ਮੌਕੇ ਪ੍ਰਦਾਨ ਨਾ ਹੋਣ ਦੀ ਮੌਜੂਦ ਪਈ ਬੁਨਿਆਦ ਨੂੰ ਸੰਬੋਧਤ ਨਹੀਂ ਹੁੰਦਾ। ਇਹ ਸਨਅਤ ਲਈ ਸਸਤੀ, ਅਰਧ-ਸਿੱਖਿਅਤ ਕਿਰਤ ਦੀ ਲਗਾਤਾਰ ਸਪਲਾਈ ਨੂੰ ਤਾਂ ਯਕੀਨੀ ਬਣਾਉਂਦਾ ਹੀ ਹੈ ਅਤੇ ਨਾਲ ਹੀ ਉੱਚ ਸਿੱਖਿਆ ਗ੍ਰਹਿਣ ਕਰਨ ਨੂੰ ਇੱਕ ਕੁਲੀਨ ਵਰਗ ਲਈ ਰਾਖਵੀਂ ਵੀ ਕਰਦਾ ਹੈ।

**ਸਮਾਜਕ ਜ਼ੁੰਮੇਵਾਰੀ ਦਾ ਵਿੱਤੀਕਰਣ** : ਪੈਰਾ 12.59 ਅਤੇ ਬਾਕਸ XII.10 ਵਿੱਚ ਸਰਵੇ 'ਹੁਨਰ ਦੇ ਪ੍ਰਭਾਵ ਵਾਲੇ ਬਾਂਡ' (SIB) ਅਤੇ 'ਹੁਨਰ ਵਾਊਚਰ' ਪੇਸ਼ ਕਰਦਾ ਹੈ। ਇਹ ਨਵਉਦਾਰਵਾਦੀ ਵਿਚਾਰਧਾਰਾ ਤੋਂ ਚੁੱਕੀ ਗਈ ਸਪੱਸ਼ਟ ਮਿਸਾਲ ਹੈ। SIB ਨਿੱਜੀ ਨਿਵੇਸ਼ਕਾਂ ਨੂੰ ਹੁਨਰ ਵਿਕਾਸ ਪ੍ਰੋਗਰਾਮਾਂ 'ਚ ਪੈਸੇ ਖ਼ਰਚਣ ਦੀ ਇਜਾਜ਼ਤ ਦਿੰਦਾ ਹੈ ਜਿਹੜੇ ਚਾਹੇ ਗਏ 'ਨਤੀਜੇ' ਮਿਲਣ 'ਤੇ ਨਫ਼ੇ ਦੇ ਰੂਪ ਵਿੱਚ ਮੁੜ ਆਉਣਗੇ।

ਇਓਂ ਕਰਨਾ ਕਿਸੇ ਖੁਦਮੁਖਤਾਰ ਹਕੂਮਤ ਵੱਲੋਂ ਨਿਭਾਏ ਜਾਣ ਵਾਲੇ ਕਿਸੇ ਕਾਰਜ ਦਾ ਬਣੀਆਕਰਣ ਕਰਨਾ ਹੈ ਯਾਨੀ ਕਿ ਵਿੱਤੀਕਰਣ ਕਰਨਾ ਹੈ। ਵਿੱਦਿਆ ਅਤੇ ਹੁਨਰ ਵਿਕਾਸ ਲੋਕਾਂ ਲਈ ਕੀਤੇ ਜਾਣ ਵਾਲੇ ਕਾਰਜ ਹਨ। ਉਹਨਾਂ ਨੂੰ ਇੱਕ ਅਜਿਹੇ ਨਿਵੇਸ਼ ਸਾਧਨ ਵਿੱਚ ਤਬਦੀਲ ਕਰ ਦੇਣਾ ਜਿੱਥੇ ਨਿੱਜੀ ਪੂੰਜੀ ਨਿਤਾਣਿਆਂ ਦੇ ਰੁਜ਼ਗਾਰਯੋਗ ਹੋਣ 'ਤੇ ਸੱਟਾ ਲਾਉਂਦੀ ਹੋਵੇ, ਨੈਤਿਕ ਰੂਪ ਵਿੱਚ ਇੱਕ ਘਿਣਾਉਣਾ ਕਦਮ ਹੈ। ਇਹ ਸਿਖਲਾਈ ਦੇਣ ਵਾਲਿਆਂ ਨੂੰ ਨਿਵੇਸ਼ਕਾਂ ਲਈ ਨਫ਼ਾ ਯਕੀਨੀ ਬਣਾਉਣ ਵਾਲੇ ਬਿਹਤਰ ਰੁਜ਼ਗਾਰਯੋਗ ਉਮੀਦਵਾਰਾਂ ਨੂੰ 'ਚੈਰੀ-ਪਿਕ (ਭਾਵ ਮੋਤੀ ਚੁਗਣ)' ਕਰਨ ਲਈ ਉਤਸ਼ਾਹਤ ਕਰਦਾ ਹੈ, ਜਿਸ ਨਾਲ ਸਭ ਤੋਂ ਹਾਸ਼ੀਏ 'ਤੇ ਪਏ-ਦਲਿਤ, ਆਦਿਵਾਸੀ, ਅਪਾਹਜ-ਬਾਕੀ ਉਮੀਦਵਾਰ ਹੋਰ ਵੀ ਪੱਛੜੇ ਰਹਿ ਜਾਂਦੇ ਹਨ। (ਬਾਕਸ XII.10) ਵਾਲੀ 'ਵਾਊਚਰ' ਪ੍ਰਣਾਲੀ ਵਿਦਿਆਰਥੀ ਸਿਰ ਹੀ ਕਿਸੇ ਕਿੱਤੇ ਆਦਿ ਦੀ ਚੋਣ ਕਰਨ ਦਾ ਠੀਹਾਂ ਭੰਨਦੀ ਹੈ, ਇਹ ਮੰਨਦਿਆਂ ਹੋਇਆਂ ਕਿ ਜਾਣਕਾਰੀ ਇੱਕ 'ਮੁਕਤ ਬਾਜ਼ਾਰ' ਹੈ ਜੋ ਕਿ ਪਿੰਡਾਂ ਵਿੱਚ ਵਸਣ ਵਾਲੇ ਨੌਜਵਾਨਾਂ ਦੇ ਮਾਮਲੇ ਵਿੱਚ ਕਿਧਰੇ ਹੈ ਹੀ ਨਹੀਂ ਹੈ।

**'ਸਿਲਵਰ ਅਰਥਚਾਰਾ ਯਾਨੀ ਕਿ ਬਜ਼ੁਰਗਾਂ ਨਾਲ ਸਬੰਧਤ ਅਰਥਵਿਵਸਥਾ' ਦਾ ਸ਼ਗੂਫਾ** : ਅੰਤ ਵਿੱਚ ਪੈਰਾ 12.3 'ਵੱਡੀ ਉਮਰ ਦੇ ਲਾਹੇ' ਅਤੇ 'ਉਮਰ-ਅਨੁਸਾਰ ਕੰਮਕਾਜ ਦੀ ਢਲਾਈ' ਕਰਨ ਦੀ ਜਰੂਰਤ ਦੀ ਗੱਲ ਕਰਦਾ ਹੈ। ਕਿਸੇ ਐਸੇ ਮੁਲਕ ਅੰਦਰ ਜਿੱਥੇ ਆਵਦਾ ਪੈਸਾ ਕਟਵਾਏ ਤੋਂ ਬਿਨਾਂ ਲਗਭਗ ਕੋਈ ਵੀ ਬੁਢਾਪਾ ਪੈਨਸ਼ਨ ਨਹੀਂ ਦਿੱਤੀ ਜਾਂਦੀ (ਯਾਦ ਰਹੇ ਕਿ NSAP ਪੈਨਸ਼ਨ ਵਿੱਚ ਕੇਂਦਰ ਦਾ ਯੋਗਦਾਨ ਲਗਭਗ ਦੋ ਦਹਾਕਿਆਂ ਤੋਂ 200 ਰੁਪਏ 'ਤੇ ਹੀ ਰੁਕਿਆ ਹੋਇਆ ਹੈ), ਬਜ਼ੁਰਗਾਂ ਨਾਲ ਇਹ ਇੱਕ ਕੋਝਾ ਮਜ਼ਾਕ ਹੈ।

ਸਰਵੇਖਣ ਜਿਸ 'ਚਾਂਦੀ ਅਰਥਵਿਵਸਥਾ' ਦੀ ਖ਼ਾਬ ਦੇਖਦਾ ਹੈ ਉਹ ਵਿਹਲੇ ਬੈਠਕੇ ਆਨੰਦ ਲੈਣ ਵਾਲ ਨਹੀਂ ਹੈ ਬਲਕਿ ਇਹ ਉਹਨਾਂ ਬਜ਼ੁਰਗਾਂ ਤੋਂ ਜ਼ਬਰੀ ਕੰਮ ਕਰਵਾਉਣ ਦਾ ਹੈ ਜਿਹਨਾਂ ਨੂੰ ਆਪਣਾ ਕੰਮ ਕਰਨਾ ਬੰਦ ਕਰਨਾ ਵਾਰਾ ਨਹੀਂ ਖਾਂਦਾ। ਬਜ਼ੁਰਗਾਂ ਦੇ ਬਿਲਾਨਾਗਾ ਕੰਮ 'ਤੇ ਲੱਗੇ ਰਹਿਣ ਨੂੰ ਇੱਕ 'ਲਾਹੇ' ਵਜੋਂ ਪੇਸ਼ ਕਰਕੇ ਇੱਕ ਆਦਰਮਾਨ ਵਾਲੀ ਰਿਟਾਇਰਮੈਂਟ ਜ਼ਿੰਦਗੀ ਜਿਓਣ ਵਾਲੇ ਹਾਲਾਤ ਪ੍ਰਦਾਨ ਕਰਨ ਦੀ ਆਪਣੀ ਜ਼ਿੰਮੇਵਾਰੀ ਤੋਂ ਪਾਸਾ ਝਾੜ ਰਹੀ ਹੈ। ਇਹ ਆਪਣੇ ਸ਼ਹਿਰੀਆਂ ਨੂੰ ਸੁਣਵਾਈ ਕਰ ਰਹੀ ਹੈ: ਕਿ ਭਲਿਓ ਲੋਕੋ, ਆਪਣੇ ਪੱਖ ਪਖੇਰੂ ਹੋਣ ਤੱਕ ਥੋਨੂੰ ਕੰਮ ਕਰਨਾ ਹੀ ਪਊ।

**ਇੱਕ ਕਾਰਪੋਰੇਟ ਹਕੂਮਤ ਦਾ ਰੇਖਾ-ਚਿੱਤਰ** : 2025-26 ਦੇ ਆਰਥਕ ਸਰਵੇਖਣ ਦਾ ਅਧਿਆਇ 12 ਰੁਜ਼ਗਾਰ ਦਾ ਕੋਈ ਬੰਨ ਸੁੱਭ ਨਹੀਂ ਕਰਦਾ; ਇਹ ਹੱਕਾਂ ਨੂੰ ਮਾਨਤਾ ਦੇਕੇ ਲੋਕਾਂ ਦੀ ਬਿਹਤਰੀ ਲਈ ਕੰਮ ਕਰਨ ਵਾਲੇ ਕਿਸੇ ਹਕੂਮਤ ਨੂੰ ਤਿਲਾਂਜਲੀ ਦੇਣਾ ਹੈ।

ਇਹ ਸਪਲਾਈ ਦੇ ਭਰਮਜਾਲ ਦੇ ਆਧਾਰ 'ਤੇ ਚੱਲਦਾ ਹੈ: ਕਿ ਸਿੱਧੀ ਜਿਹੀ ਗੱਲ ਹੈ ਕਿ ਅਗਰ ਅਸੀਂ ਆਪਣੇ ਨੌਜਵਾਨਾਂ ਨੂੰ 'ਹੁਨਰਮੰਦ' ਕਰ ਦਿੰਦੇ ਹਾਂ ਅਤੇ ਨਾਲ ਹੀ ਮੰਡੀ ਨੂੰ 'ਡੀਰੇਗੂਲੇਟ (ਯਾਨੀ ਹਰ ਬੰਧੇਜ ਤੋਂ ਮੁਕਤ)' ਕਰ ਦਿੰਦੇ ਹਾਂ ਤਾਂ ਚਾਰੇ ਪਾਸੇ ਨੌਕਰੀਆਂ ਹੀ ਨੌਕਰੀਆਂ ਹੋਣਗੀਆਂ। ਬੜੇ ਹੀ ਜਫਰ ਜਾਲ ਕੇ ਇਹ ਮੰਗ ਖੇਤਰ ਦੇ ਸੰਕਟ ਤੋਂ ਮੂੰਹ ਭੰਵਾ ਲੈਂਦਾ ਹੈ - ਕਿ ਪੂੰਜੀ-ਸੰਘਣਤਾ ਤੇ ਸਵੈਚਾਲਿਤ ਵਿਕਾਸ ਦੀ ਤਾਸੀਰ ਵਾਲਾ ਇਹ ਮਾਡਲ ਹੀ ਭਾਰਤ ਦੀ ਕਿਰਤ ਸ਼ਕਤੀ ਦੇ ਵਿਸ਼ਾਲ ਹਿੱਸੇ ਨੂੰ ਬਾਹਰ ਧੱਕ ਦਿੰਦਾ ਹੈ।

ਅੰਤ ਵਿੱਚ, ਸਰਵੇਖਣ ਭਾਰਤੀ ਕਾਮੇ ਨੂੰ ਇਹ ਨਵਾਂ ਸਮਾਜਕ ਮੁਆਹਿਦਾ ਤਸਲੀਮ ਕਰ ਲੈਣ ਨੂੰ ਕਹਿੰਦਾ ਹੈ: ਆਪਣੇ ਕਾਰਜਕਾਲ ਦੇ ਆਪਣੇ ਕਿਸੇ ਹੱਕ, ਕੰਮ ਦੇ ਘੰਟਿਆਂ ਦੀ ਕੋਈ ਹੱਦ ਅਤੇ ਅਦਾਲਤਾਂ ਤੱਕ ਆਪਣੀ ਪਹੁੰਚ ਨੂੰ ਭੁੱਲ ਜਾਓ। ਬਦਲੇ ਵਿੱਚ ਹਕੂਮਤ ਥੋਨੂੰ ਇੱਕ 'ਸਹੂਲੀਆਤ ਪ੍ਰਦਾਤਾ', ਇੱਕ 'ਹੁਨਰ ਵਾਊਚਰ' ਅਤੇ 'ਲਚਕੀਲੇ' ਢੰਗ ਨਾਲ ਲੁੱਟੇ ਜਾਣ ਦੀ ਖੁੱਲ੍ਹ ਵਾਲੀ ਆਜ਼ਾਦੀ ਦੇਵੇਗਾ। ਇਹ ਕਿਸੇ ਵਿਕਸਤ ਭਾਰਤ ਵਾਲੀ ਸੋਚ ਨਹੀਂ ਹੈ; ਇਹ ਮਲਬੇ ਦੇ ਢੇਰ ਵਿੱਚ ਤਬਦੀਲ ਕੀਤੇ ਮਨੁੱਖੀ ਆਦਰਸਨਮਾਨ ਦੀਆਂ ਨੀਹਾਂ 'ਤੇ ਉਸਾਰੀ ਇੱਕ ਕਾਰਪੋਰੇਟ ਹਕੂਮਤ ਦਾ ਇੱਕ ਰੇਖਾ-ਚਿੱਤਰ ਹੈ।

# ਅਨਾਜ ਦੀ ਵਧਦੀ ਪੈਦਾਵਾਰ ਭੁਖਮਰੀ ਦੂਰ ਕਰਨ ਲਈ ਕੰਮ ਆਉਂਦੀ ਕਿਉਂ ਨਹੀਂ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਮਾਰਚ 2018 ਵਿੱਚ ਭੁੱਖਮਰੀ ਬਾਰੇ ਸੰਯੁਕਤ ਰਾਸ਼ਟਰ ਸੰਘ ਨੇ ਇੱਕ ਰਿਪੋਰਟ ਜਾਰੀ ਕਰਦਿਆਂ ਦੱਸਿਆ ਕਿ ਦੁਨੀਆਂ ਵਿੱਚ ਬਾਰਾਂ ਕਰੋੜ ਲੋਕ ਭੁੱਖ ਨਾਲ ਮਰਨ ਕੰਢੇ ਹਨ, ਇਨ੍ਹਾਂ ਵਿੱਚੋਂ ਸਭ ਤੋਂ ਜ਼ਿਆਦਾ ਲੋਕ ਭਾਰਤ ਦੇ ਹਨ। ਇਸ ਤੋਂ ਪਿੱਛੋਂ ਪਿੱਛੇ ਜਿਹੇ ਜਾਰੀ ਵਿਸ਼ਵ ਭੁੱਖ ਸੂਚਕ ਅੰਕ-2018 ਵਿੱਚ 119 ਦੇਸ਼ਾਂ ਦੇ ਵਿੱਚੋਂ ਭਾਰਤ 103ਵੇਂ ਸਥਾਨ ਤੇ ਹੈ। ਭੁੱਖਮਰੀ ਦੇ ਮਾਮਲੇ ਵਿੱਚ ਭਾਰਤ ਦੀ ਹਾਲਤ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਬਦਤਰ ਹੁੰਦੀ ਜਾ ਰਹੀ ਹੈ। ਗੁਆਢੀ ਦੇਸ਼ ਨੇਪਾਲ, ਸ੍ਰੀਲੰਕਾ, ਬੰਗਲਾ ਦੇਸ਼ ਵੀ ਇਸ ਲਿਹਾਜ ਨਾਲ ਸਾਡੇ ਤੋਂ ਬਿਹਤਰ ਹਾਲਤ ਵਿੱਚ ਹਨ ਸੰਯੁਕਤ ਰਾਸ਼ਟਰ ਦੀ 2018 ਦੀ ਇਸ ਰਿਪੋਰਟ ਨੂੰ ਸੱਚ ਸਾਬਤ ਕਰਨ ਵਾਲੀਆਂ ਘਟਨਾਵਾਂ ਅਤੇ ਰਿਪੋਰਟਾਂ ਵੀ ਰੋਜ਼ ਹੀ ਸਾਹਮਣੇ ਆ ਰਹੀਆਂ ਹਨ। ਪਿਛਲੇ ਅੱਠ ਮਹੀਨੇ ਵਿੱਚ ਹੀ ਦਿੱਲੀ, ਮੱਧ ਪ੍ਰਦੇਸ਼, ਝਾਰਖੰਡ, ਮਹਾਰਾਸ਼ਟਰ ਵਰਗੇ ਸੂਬਿਆਂ ਵਿੱਚ ਕਈ ਲੋਕਾਂ ਦੀਆਂ ਭੁੱਖ ਨਾਲ ਮੌਤਾ ਦੀਆ ਖਬਰਾਂ ਸੁਣੀਆ ਹਨ। ਪਿਛਲੇ ਸਾਲ ਜੁਲਾਈ ਵਿੱਚ ਰਾਜਧਾਨੀ ਦਿੱਲੀ ਵਿੱਚ ਦਸ ਸਾਲ ਤੋਂ ਘੱਟੋ ਉਮਰ ਦੀਆਂ ਤਿੰਨ ਬੱਚੀਆਂ ਦੀ ਭੁੱਖ ਨਾਲ ਮੌਤ ਹੋ ਗਈ ਸੀ। ਉਸ ਤੋਂ ਪਹਿਲਾਂ ਝਾਰਖੰਡ ਵਿੱਚ ਕਈ ਬੱਚੇ ਭੁੱਖ ਨਾਲ ਮਰ ਗਏ ਸਨ। ਹਾਲ ਹੀ ਵਿੱਚ 30 ਸਤੰਬਰ ਨੂੰ ਮਹਾਰਾਸ਼ਟਰ ਦੇ ਬੁਲਡਾਨਾ ਜ਼ਿਲ੍ਹੇ ਵਿੱਚ 65 ਸਾਲ ਦੇ ਬਜ਼ੁਰਗ ਦੀ ਭੁੱਖ ਨਾਲ ਮੌਤ ਹੋ ਗਈ। ਉਨ੍ਹਾਂ ਦੀ ਪਤਨੀ ਦਾ ਕਹਿਣਾ ਹੈ ਕਿ ਘਰ ਵਿੱਚ ਦੋ ਦਿਨ ਤੋਂ ਅੰਨ ਦਾ ਇੱਕ ਦਾਣਾ ਵੀ ਨਹੀਂ ਸੀ ਅਤੇ ਆਧਾਰ ਕਾਰਡ ਦੇ ਰਾਸ਼ਨ ਕਾਰਡ ਨਾਲ ਲਿੰਕ ਨਾ ਹੋਣ ਕਰਕੇ ਰਾਸ਼ਣ ਵੀ ਨਹੀਂ ਸੀ ਮਿਲਿਆ ਸੀ। ਅੰਕੜੇ ਦੱਸਦੇ ਹਨ ਕਿ ਭਾਰਤ ਵਿੱਚ ਕਰੀਬ ਵੀਹ ਕਰੋੜ ਲੋਕ ਭੁੱਖੇ ਪੇਟ ਸੌਂ ਜਾਂਦੇ ਹਨ। ਸੰਯੁਕਤ ਰਾਸ਼ਟਰ ਦੀ ਦੂਜੀ ਰਿਪੋਰਟ ਦੇ ਮੁਤਾਬਕ ਭਾਰਤ ਵਿੱਚ ਹਰ ਸਾਲ ਦਸ ਲੱਖ ਬੱਚੇ ਕੁਪੋਸ਼ਣ ਦੇ ਕਾਰਨ ਮੌਤ ਦੇ ਮੂੰਹ ਜਾ ਪੈਂਦੇ ਹਨ। ਮੱਧ ਪ੍ਰਦੇਸ਼ ਦੇ ਹਰ ਦਿਨ 92 ਬੱਚਿਆਂ ਦੀ ਮੌਤ ਕੁਪੋਸ਼ਨਣ ਨਾਲ ਹੁੰਦੀ ਹੈ। ਸਾਡੇ ਦੇਸ਼ ਦੀਆਂ 15 ਤੋਂ 49 ਸਾਲ ਉਮਰ ਦੀਆਂ 41 ਫੀਸਦੀ ਔਰਤਾਂ ਖੂਨ ਦੀ ਘਾਟ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬੱਚਾ ਪੈਦਾ ਕਰਦੇ ਸਮੇਂ ਹੀ ਮਰ ਜਾਂਦੀਆਂ ਹਨ। ਹਾਲਾਂ ਕਿ ਭਾਰਤ ਦੇ ਸੰਵਿਧਾਨ ਦਾ ਅਨੁਛੇਦ-47 ਕਹਿੰਦਾ ਹੈ ਕਿ 'ਰਾਜ ਜਨਤਾ ਦੇ ਪੋਸ਼ਣ ਤੇ ਰਹਿਣ-ਸਹਿਣ ਦਾ ਪੱਧਰ ਉੱਨਤ ਕਰਨ ਅਤੇ ਜਨਤਕ ਸਿਹਤ ਵਿੱਚ ਵਾਧੇ ਨੂੰ ਆਪਣਾ ਮੁੱਖ ਫ਼ਰਜ਼ ਮੰਨੇਗਾ।' ਪਰ ਆਜ਼ਾਦੀ ਦੇ ਸੱਤ ਦਹਾਕਿਆਂ ਤੋਂ ਵੱਧ ਬੀਤ ਜਾਣ ਪਿਛੋਂ ਵੀ ਭਾਰਤ ਭੁੱਖੇ ਲੋਕਾਂ ਦਾ ਦੇਸ਼ ਹੈ। ਇੱਕ ਪਾਸੇ ਭੁੱਖਮਰੀ ਨਾਲ ਜਨਤਾ ਬੇਹਾਲ ਹੈ ਤੇ ਦੂਜੇ ਪਾਸੇ ਦੇਸ਼ ਦੇ ਕਿਸਾਨ ਹਰ ਸਾਲ ਰਿਕਾਰਡ ਤੋੜ ਪੈਦਾਵਾਰ ਕਰ ਰਹੇ ਹਨ। 'ਖੇਤੀ ਸਹਿਕਾਰਤਾ ਅਤੇ ਕਿਸਾਨ ਕਲਿਆਣ ਵਿਭਾਗ' ਦੇ ਅੰਕੜਿਆਂ ਮੁਤਾਬਕ ਪਿਛਲੇ ਸਾਲ ਦੇਸ਼ ਵਿੱਚ ਅਨਾਜ ਦੀ ਕੁਲ ਪੈਦਾਵਾਰ ਢਾਈ ਕਰੋੜ ਟਨ ਤੋਂ ਜ਼ਿਆਦਾ ਹੋਈ ਜੋ ਉਸ ਤੋਂ ਪਿਛਲੇ ਸਾਲ ਦੇ ਮੁਕਾਬਲੇ ਲਗਭਗ ਤਿੰਨ ਕਰੋੜ ਟਨ ਜ਼ਿਆਦਾ ਹੈ। ਇਹ ਵਾਧਾ ਵੀ ਇੱਕ ਰਿਕਾਰਡ ਹੈ। ਇਨ੍ਹਾਂ ਅੰਕੜਿਆਂ ਦਾ ਹਵਾਲਾ ਦੇ ਕੇ ਸਰਕਾਰ ਨੇ ਆਪਣੇ ਆਪ ਨੂੰ ਖੂਬ ਸਾਬਾਸ਼ ਦਿੱਤੀ ਸੀ। ਇਹ ਕਿਹੋ ਜਿਹੀ ਵਿਡੰਬਨਾ ਹੈ ਕਿ ਦੇਸ਼ ਵਿੱਚ ਭੁਖਮਰੀ



ਦੇ ਸ਼ਿਕਾਰ ਲੋਕਾਂ ਵਿੱਚ ਸਭ ਤੋਂ ਜ਼ਿਆਦਾ ਤੈਦਾਦ ਉਨ੍ਹਾਂ ਕਿਸਾਨਾਂ ਦੀ ਹੈ ਜੋ ਇੰਨੀ ਜ਼ਬਰਦਸਤ ਪੈਦਾਵਾਰ ਕਰ ਰਹੇ ਹਨ। ਇਹ ਕਿਹੋ ਜਿਹੀ ਹਨ੍ਹੇਰਗਰਦੀ ਹੈ ਕਿ ਜਿਸ ਚ ਜ਼ਿਆਦਾ ਪੈਦਾਵਾਰ ਕਰਨ ਨਾਲ ਕਿਸਾਨ ਖੁਸ਼ਹਾਲ ਹੋਣ ਦੀ ਬਜਾਏ ਕੰਗਾਲ ਹੁੰਦਾ ਜਾ ਰਿਹਾ ਹੈ। ਅੱਜ ਜ਼ਿਆਦਾ ਪੈਦਾਵਾਰ ਨਾਲ ਉਨ੍ਹਾਂ ਦੀ ਮਾਲੀ ਹਾਲਤ ਬੇਹਤਰ ਨਹੀਂ ਹੁੰਦੀ ਬਲਕੀ ਭਾਅ ਘਟਣ ਕਰਕੇ ਫਸਲ ਦੀ ਲਾਗਤ ਕੱਢਣੀ ਵੀ ਮੁਸ਼ਕਲ ਹੋ ਰਹੀ ਹੈ। ਸਾਲ ਦਰ ਸਾਲ ਘਾਟਾ ਹੋਣ ਕਰਕੇ ਇੱਕ ਪਾਸੇ ਕਿਸਾਨ ਆਤਮ ਹੱਤਿਆ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ ਤੇ ਦੂਜੇ ਪਾਸੇ ਲੱਖਾਂ ਜ਼ਰੂਰਤਮੰਦ ਲੋਕ ਇਸ ਲਈ ਭੁੱਖੇ ਮਰਦੇ ਹਨ ਕਿਉਂਕਿ ਅਨਾਜ ਖਰੀਦ ਨਹੀਂ ਸਕਦੇ। ਅਨਾਜ ਜਮ ?ਹਾਂਖੋਰਾਂ ਵੱਲੋਂ ਭਾਅ ਡੇਗ ਦਿੱਤੇ ਜਾਣ ਕਰਕੇ ਜਿਸ ਸਮੇਂ ਕਿਸਾਨ ਆਪਣੀ ਉਪਜ ਸੜਕਾਂ ਤੇ ਸੁੱਟਣ ਲਈ ਮਜਬੂਰ ਹੁੰਦੇ ਹਨ ਉਸ ਸਮੇਂ ਕਰੋੜਾਂ ਲੋਕ ਭੁੱਖੇ ਪੇਟ ਸੌਂਦੇ ਹਨ। ਇਸ ਬੇਤੁੱਕੀ ਹਾਲਤ ਦੀ ਵਜ ?ਹਾ ਸਰਕਾਰਾਂ ਦੀਆਂ ਉਹ ਨੀਤੀਆਂ ਹਨ ਜਿਨ੍ਹਾਂ ਨੇ ਕਿਸਾਨ ਤੇ ਲੋਕਾਂ ਦੇ ਵਿੱਚ ਦੇਸੀ ਵਿਦੇਸ਼ੀ ਕੰਪਨੀਆਂ ਨੂੰ ਲਿਆ ਖੜ੍ਹਾ ਕੀਤਾ ਹੈ। ਇਨ੍ਹਾਂ ਕੰਪਨੀਆਂ ਦੇ ਮੁਨਾਫ਼ੇ ਨੂੰ ਸੈਂਕੜੇ ਗੁਣਾ ਵਧਾਉਣ ਲਈ ਸਰਕਾਰਾਂ ਨੇ ਕਿਸਾਨਾਂ ਦੀ ਫ਼ਸਲ ਖ਼ਰੀਦਣ ਵੇਲੇ ਭਾਰਤੀ ਖੁਰਾਕ ਨਿਗਮ ਨੂੰ ਖੰਡਰਾਂ ਵਿੱਚ ਤਬਦੀਲ ਕਰ ਦਿੱਤਾ ਅਤਵ ਲੋਕਾਂ ਤੱਕ ਸਸਤਾ ਰਾਸ਼ਨ ਪਹੁੰਚਾਉਣ ਵਾਲੀ ਜਨਤਕ ਵੰਡ ਪ੍ਰਣਾਲੀ ਨੂੰ ਢਹਿ ਢੇਰੀ ਕਰਕੇ ਲੋਕਾਂ ਦੇ ਮੂੰਹ ਵਿੱਚੋਂ ਸਸਤਾ ਅਨਾਜ ਖੋਹ ਲਿਆ। ਸਿੱਟੇ ਵਜੋਂ ਆਈਟੀਸੀ, ਮੌਨਸੈਂਟੋ, ਕਾਰਗਿਲ ਵਰਗੀਆਂ ਦਿਓ ਕੱਦ ਕੰਪਨੀਆਂ ਖੇਤੀ ਵਪਾਰ ਦੇ ਖੇਤਰ ਵਿੱਚ ਉੱਤਰ ਚੁੱਕੀਆ ਹਨ ਜੋ ਹਰ ਸਾਲ ਕਿਸਾਨਾਂ ਦੀ ਅੰਨ੍ਹੇਵਾਹ ਲੁੱਟ ਕਰ ਰਹੀਆਂ ਹਨ। ਧਿਆਨ ਦੇਣ ਯੋਗ ਗੱਲ ਹੈ ਕਿ ਐਸੀ ਹੀ ਇੱਕ ਖੇਤੀ ਵਪਾਰ ਕੰਪਨੀ ਬਣਾ ਕੇ ਅਮਿਤ ਸ਼ਾਹ ਦੇ ਬੇਟੇ ਨੇ ਕੁਝ ਹੀ ਮਹੀਨਿਆਂ ਵਿੱਚ ਸੈਂਕੜੇ ਗੁਣਾ ਮੁਨਾਫਾ ਕਮਾਇਆ ਸੀ, ਜਿਸ ਦੀ ਚਰਚਾ ਅਖ਼ਬਾਰਾਂ ਵਿੱਚ ਵੀ ਜ਼ੋਰ ਸ਼ੋਰ ਨਾਲ ਸ਼ੁਰੂ ਹੋਈ ਸੀ। ਸਰਕਾਰ ਹਰ ਸਾਲ ਕਣਕ ਦਾ 'ਘੱਟੋ ਘੱਟ ਸਹਾਇਕ ਮੁੱਲ' ਤੈਅ ਕਰਦੀ ਹੈ ਪਰ ਸਰਕਾਰੀ ਖ਼ਰੀਦ 'ਚ ਦੇਰੀ ਕਰ ਦਿੰਦੀ ਹੈ। ਇਸ ਨਾਲ ਵੱਡੀਆਂ ਵੱਡੀਆਂ ਜਮ ?ਹਾਂਖੋਰ ਨਿੱਜੀ ਕੰਪਨੀਆਂ ਘੱਟੋ ਘੱਟ ਸਹਾਇਕ ਮੁੱਲ ਤੋਂ ਵੀ ਘੱਟ ਭਾਅ ਤੇ ਜ਼ਿਆਦਾਤਰ ਕਣਕ ਖਰੀਦ ਲੈਂਦੀਆਂ ਹਨ ਫਿਰ ਉਸੇ ਤੋਂ ਤਿਆਰ ਮਾਲ ਨੂੰ ਕਈ ਗੁਣਾ ਉੱਚੇ ਭਾਅ ਤੇ ਲੋਕਾਂ ਵਿੱਚ ਵੇਚਦੀਆਂ ਹਨ। ਆਈਟੀਸੀ ਕੰਪਨੀ ਨੇ 2017-18 ਚ ਕਣਕ 1735 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦੀ, ਜਦ ਕਿ ਉਸੇ ਕਣਕ ਨੂੰ ਪੀ ਕੇ ਆਟਾ ਬਣਾ ਕੇ ਪੈਂਤੀ ਸੌ ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵੇਚਦੀ ਰਹੀ ਹੈ। ਲਹਿਰ ਵਰਗੀ ਕੰਪਨੀ ਕਿਸਾਨਾਂ ਦਾ ਆਲੂ ਦੋ-ਤਿੰਨ ਰੁਪਏ ਕਿੱਲੋ ਖਰੀਦ ਕੇ ਉਹ ਦਾ ਚਿਪਸ ਬਣਾ ਕੇ 400 ਰੁਪਏ ਪ੍ਰਤੀ ਕਿੱਲੋ ਦੀ ਦਰ ਨਾਲ ਵੇਚਦੀ ਹੈ। ਹਰ ਸਾਲ ਲੱਖਾਂ ਟਨ ਅਨਾਜ ਬਾਰਿਸ਼ ਵਿੱਚ ਭਿਊ ਕੇ ਖ਼ਰਾਬ ਕੀਤਾ ਜਾਂਦਾ ਹੈ। ਫਿਰ ਉਸ ਨੂੰ ਬਰੰਡ ਤੇ ਸ਼ਰਾਬ ਬਣਾਉਣ ਵਾਲੀਆਂ ਕੰਪਨੀਆਂ ਕੌਡੀਆਂ ਦੇ ਭਾਅ ਖਰੀਦ ਲੈਂਦੀਆਂ ਹਨ। ਕੈਗ ਦੀ ਇੱਕ ਰਿਪੋਰਟ ਮੁਤਾਬਕ ਸਿਰਫ ਪੰਜਾਬ ਵਿੱਚ ਹੀ ਭਾਰਤੀ ਖਾਦ ਨਿਗਮ ਦੇ ਗੁਦਾਮਾਂ ਦੀ 72 ਹਜ਼ਾਰ ਟਨ ਕਣਕ ਖੁੱਲ੍ਹੇ ਅਸਮਾਨ ਵਿੱਚ ਰੱਖ ਕੇ ਖਰਾਬ ਕੀਤੀ ਗਈ। ਇੱਕ ਰਿਪੋਟ ਮੁਤਾਬਕ ਭਾਰਤ ਵਿੱਚ ਹਰ ਸਾਲ ਇੰਗਲੈਂਡ ਦੀ ਖਪਤ ਦੇ ਬਰਾਬਰ ਅਨਾਜ ਬਰਬਾਦ ਹੋ ਜਾਂਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਅੱਜ ਸਰਕਾਰਾਂ ਦਾ ਕੰਮ ਸਿਰਫ਼ ਕੰਪਨੀਆਂ ਦੇ ਮੁਨਾਫ਼ੇ ਵਧਾਉਣ ਦਾ ਇੰਤਜ਼ਾਮ ਕਰਨ ਦਾ ਰਹਿ ਗਿਆ ਹੈ। ਅਮਰੀਕਾ ਦੀਆਂ ਦੋ ਵੱਡੀਆਂ ਅਨਾਜ ਕਾਰੋਬਾਰੀ ਕੰਪਨੀਆਂ ਰਾਈਸ ਐਕਸ ਤੇ ਮੋਨਸੈਂਟੋ ਨੇ ਮਿਲ ਕੇ ਚੌਲਾ ਦੇ ਨਾੜ ਤੇ ਪਰਾਲੀ ਨਾਲ 'ਰਾਇਸ ਬ੍ਰਾਂਨ' ਨਾਂ ਦੀ ਪੌਸ਼ਟਿਕ ਖੁਰਾਕ ਨੂੰ ਭਾਰਤ ਵਿਚ ਵੇਚਣ ਦੀ ਤਿਆਰੀ ਕਰ ਲਈ ਹੈ। ਉਸ ਦੀ ਸਕੀਮ ਹੈ ਕਿ ਇਹ ਸ਼ੁਰੂ ਦੇ ਪੰਜ ਸਾਲਾਂ ਤੱਕ ਇਸ ਉਤਪਾਦ ਨੂੰ ਸਰਕਾਰੀ ਯੋਜਨਾ ਦੇ ਜ਼ਰੀਏ ਗਰੀਬਾਂ ਨੂੰ ਵੇਚੇਗੀ। ਅਮਰੀਕਾ ਤੇ ਯੂਰਪ ਵਿੱਚ 'ਰਾਈਸ ਬ੍ਰਾਨ' ਪਹਿਲਾਂ ਤੋਂ ਪ੍ਰਚੱਲਿਤ ਹੈ। ਉੱਥੇ ਇਸ ਨੂੰ ਮੁਰਗੀਆਂ ਅਤੇ ਸੂਅਰਾਂ ਨੂੰ ਖੁਆਇਆ ਜਾਂਦਾ ਹੈ। ਯਾਨੀ ਕੰਪਨੀਆਂ ਅਮਰੀਕਾ ਦੇ ਸੂਅਰਾਂ ਦਾ ਖਾਣਾ ਭਾਰਤ ਦੇ ਗਰੀਬਾਂ ਤੇ ਅਜ਼ਮਾਏਗੀ ਅਤੇ ਭਾਰਤ ਸਰਕਾਰ ਇਸ ਵਿੱਚ ਉਨ੍ਹਾਂ ਦੀ ਮਦਦ ਕਰੇਗੀ; ਅਸਲ ਵਿੱਚ ਭਾਰਤ ਸਰਕਾਰ ਦੀ ਨਜ਼ਰ ਵਿੱਚ ਗ਼ਰੀਬ ਲੋਕ ਮੁਰਗੀਆਂ ਤੇ ਸੂਅਰਾਂ ਦੇ ਬਰਾਬਰ ਹੀ ਤਾਂ ਹਨ।




www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ 'ਚ, ਪਰਮਾਨੈਂਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ 'ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

**ਇਹ ਹੈ ਕੀ ?**

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਉਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਕਰ ਕੀਤਾ ਜਾ ਸਕਦਾ ਹੈ।

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ ?



ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60 ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

**ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ ?**

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn's disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।



ਸ਼ੇਰ ਜੰਗ ਰਾਣਾ
416-910-9000



ਬਚਿੱਤਰ ਸਿੰਘ
416-527-3737



ਹਰਬੰਸ ਸਿੰਘ
416-817-7142


Buy or Sell Any Residential or Commercial Real Estate with Insta Realty Team.




www.instarlt.com

403-613-5868

Email: info@instarlt.com

#3256, 4310-104 Ave NE Calgary AB T3N 1W3

# ਜ਼ਮੀਰ ਦੀ ਆਵਾਜ਼: ਜਦੋਂ ਇੱਕ ਜੱਜ ਨੇ ਭਗਤ ਸਿੰਘ ਦੀ ਫਾਂਸੀ 'ਤੇ ਸਹੀ ਪਾਉਣ ਨਾਲੋਂ ਅਸਤੀਫ਼ਾ ਚੁਣਿਆ!

ਅਸੀਂ ਅਕਸਰ ਇਤਿਹਾਸ ਦੇ ਉਨ੍ਹਾਂ ਨਾਇਕਾਂ ਨੂੰ ਭੁੱਲ ਜਾਂਦੇ ਹਾਂ ਜਿਨ੍ਹਾਂ ਨੇ ਸੱਤਾ ਦੇ ਨਸ਼ੇ ਵਿੱਚ ਅੰਨ੍ਹੇ ਹੋਣ ਦੀ ਬਜਾਏ 'ਸੱਚ' ਦਾ ਸਾਥ ਦਿੱਤਾ। ਅੱਜ ਗੱਲ ਉਸ ਮਹਾਨ ਸ਼ਖ਼ਸੀਅਤ ਦੀ, ਜਿਸ ਨੇ ਅੰਗਰੇਜ਼ਾਂ ਦੀ ਚਾਕਰੀ ਕਰਨ ਨਾਲੋਂ ਦੇਸ਼ ਦੇ ਸੂਰਮਿਆਂ ਲਈ ਆਪਣੀ ਕੁਰਸੀ ਕੁਰਬਾਨ ਕਰ ਦਿੱਤੀ— ਜਸਟਿਸ ਸੱਯਦ ਆਗਾ ਹੈਦਰ। 'ਮੈਂ ਇੱਕ ਜੱਜ ਹਾਂ, ਕੋਈ ਕਸਾਈ ਨਹੀਂ...' ਇਹ ਮਹਿਜ਼ ਸ਼ਬਦ ਨਹੀਂ ਸਨ, ਬਲਕਿ ਇੱਕ ਗਰਜ ਸੀ ਜੋ ਬ੍ਰਿਟਿਸ਼ ਸਾਮਰਾਜ ਦੇ ਗਲਤ ਨਿਆਂ ਪ੍ਰਬੰਧ ਦੇ ਮੂੰਹ 'ਤੇ ਚਪੇੜ ਸੀ।

ਇਤਿਹਾਸ ਦੇ ਉਹ ਪੰਨੇ ਜੋ ਸ਼ਾਇਦ ਤੁਹਾਨੂੰ ਪਤਾ ਨਾ ਹੋਣ:

1 **ਟ੍ਰਿਬਿਊਨਲ ਦਾ ਗਠਨ:** 1 ਮਈ 1930 ਨੂੰ ਵਾਇਸਰਾਏ ਨੇ 'ਲਾਹੌਰ ਸਾਜ਼ਿਸ਼ ਕੇਸ' ਦੀ ਸੁਣਵਾਈ ਲਈ ਇੱਕ ਵਿਸ਼ੇਸ਼ ਟ੍ਰਿਬਿਊਨਲ ਬਣਾਇਆ। ਇਸ ਵਿੱਚ ਤਿੰਨ ਜੱਜ ਸਨ। ਜਸਟਿਸ ਸੱਯਦ ਆਗਾ ਹੈਦਰ (ਜੋ ਸਹਾਰਨਪੁਰ, ਯੂ.ਪੀ. ਦੇ ਰਹਿਣ ਵਾਲੇ ਸਨ) ਇਸ ਵਿੱਚ ਇਕਲੌਤੇ ਭਾਰਤੀ ਜੱਜ ਸਨ।

2 **ਅਦਾਲਤ ਵਿੱਚ ਹੋਈ ਬਦਤਮੀਜ਼ੀ ਦਾ ਵਿਰੋਧ:** 12 ਮਈ 1930 ਨੂੰ ਜਦੋਂ ਕ੍ਰਾਂਤੀਕਾਰੀਆਂ ਨੂੰ ਅਦਾਲਤ ਲਿਆਂਦਾ ਗਿਆ, ਤਾਂ ਪੁਲਿਸ ਨੇ ਉਨ੍ਹਾਂ ਨਾਲ ਬਹੁਤ ਬੁਰਾ ਸਲੂਕ ਕੀਤਾ। ਜਸਟਿਸ ਹੈਦਰ ਨੇ ਜਦੋਂ ਇਹ ਦੇਖਿਆ ਤਾਂ ਉਨ੍ਹਾਂ ਨੇ ਤੁਰੰਤ ਅਦਾਲਤ ਦੀ ਕਾਰਵਾਈ ਰੋਕ ਦਿੱਤੀ ਅਤੇ ਪੁਲਿਸ ਨੂੰ ਫਿਟਕਾਰ ਲਗਾਈ। ਉਨ੍ਹਾਂ ਨੇ ਅੰਗਰੇਜ਼ ਜੱਜਾਂ ਦੇ ਉਲਟ ਕ੍ਰਾਂਤੀਕਾਰੀਆਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕੀਤੀ।

3 **ਸਰਕਾਰੀ ਗਵਾਹਾਂ ਨੂੰ ਪਸੀਨੇ ਛੁਡਾਏ:** ਜਦੋਂ ਅੰਗਰੇਜ਼ ਸਰਕਾਰ ਨੇ ਆਪਣੇ ਖਰੀਦੇ ਹੋਏ ਗਵਾਹ ਪੇਸ਼ ਕੀਤੇ, ਤਾਂ ਜਸਟਿਸ ਹੈਦਰ ਨੇ ਉਨ੍ਹਾਂ ਤੋਂ ਅਜਿਹੇ ਤਿੱਖੇ ਸਵਾਲ ਪੁੱਛੇ ਕਿ ਅੰਗਰੇਜ਼ ਹਕੂਮਤ ਦੀਆਂ ਨੀਂਹਾਂ ਹਿੱਲ ਗਈਆਂ। ਅੰਗਰੇਜ਼ ਜੱਜ (ਕੋਲਡਸਟ੍ਰੀਮ) ਚਾਹੁੰਦੇ ਸਨ ਕਿ ਜਸਟਿਸ ਹੈਦਰ ਸਿਰਫ਼ ਮੂਕ ਦਰਸ਼ਕ ਬਣ ਕੇ ਬੈਠਣ, ਪਰ ਹੈਦਰ ਸਾਹਿਬ ਨੇ ਕਿਹਾ, 'ਮੈਂ ਇੱਥੇ ਇਨਸਾਫ਼ ਕਰਨ ਬੈਠਾ ਹਾਂ, ਸਰਕਾਰ ਦਾ ਪੱਖ ਪੂਰਨ ਨਹੀਂ।'

4 **ਜੱਜਾਂ ਵਿਚਾਲੇ ਟਕਰਾਅ:** ਜਦੋਂ ਦੂਜੇ ਜੱਜਾਂ ਨੇ ਭਗਤ ਸਿੰਘ ਦੇ ਬੋਲਣ ਦੇ ਹੱਕ 'ਤੇ ਪਾਬੰਦੀ ਲਗਾਉਣ ਦੀ ਕੋਸ਼ਿਸ਼ ਕੀਤੀ, ਤਾਂ ਜਸਟਿਸ ਹੈਦਰ ਨੇ ਇੱਕ ਵੱਖਰਾ 'ਅਸਹਿਮਤੀ ਨੋਟ' (Dissent Note) ਲਿਖਿਆ। ਉਨ੍ਹਾਂ ਨੇ ਸਾਫ਼ ਲਿਖਿਆ ਕਿ ਇਹ ਟ੍ਰਿਅਲ ਇੱਕ ਧੋਖਾ ਹੈ ਅਤੇ ਕੈਦੀਆਂ ਨੂੰ ਆਪਣਾ ਪੱਖ ਰੱਖਣ ਦਾ ਪੂਰਾ ਹੱਕ ਹੈ।

**ਅਹੁਦੇ ਅਤੇ ਐਸ਼ੋ-ਆਰਾਮ ਦੀ ਕੁਰਬਾਨੀ:**

ਅੰਗਰੇਜ਼ ਸਰਕਾਰ ਨੇ ਜਸਟਿਸ ਹੈਦਰ 'ਤੇ ਦਬਾਅ ਬਣਾਇਆ ਕਿ ਉਹ ਫਾਂਸੀ ਦੀ ਸਜ਼ਾ ਦੇ ਹੁਕਮਾਂ 'ਤੇ ਸਹੀ ਪਾਉਣ। ਉਨ੍ਹਾਂ ਨੂੰ ਡਰਾਇਆ ਗਿਆ ਕਿ ਉਨ੍ਹਾਂ ਦੀ ਨੌਕਰੀ ਚਲੀ ਜਾਵੇਗੀ। ਪਰ ਜਸਟਿਸ ਹੈਦਰ ਨੇ ਰੋਂਦੇ ਹੋਏ ਅਤੇ ਭਿੱਜੀ ਆਵਾਜ਼ ਵਿੱਚ ਕਿਹਾ— 'ਮੇਰੀ ਕਲਮ ਕਿਸੇ ਸ਼ਹੀਦ ਦੇ ਖ਼ੂਨ ਨਾਲ ਨਹੀਂ ਲਿਬੜੇਗੀ।' ਉਨ੍ਹਾਂ ਨੇ ਫਾਂਸੀ ਦੇ ਵਾਰੰਟ 'ਤੇ ਦਸਤਖਤ ਕਰਨ ਦੀ ਬਜਾਏ ਅਸਤੀਫ਼ਾ ਦੇ ਦਿੱਤਾ। ਉਹ ਜਾਣਦੇ ਸਨ ਕਿ ਇਸ ਤੋਂ ਬਾਅਦ ਉਨ੍ਹਾਂ ਦਾ ਕਰੀਅਰ ਖ਼ਤਮ ਹੋ ਜਾਵੇਗਾ, ਪਰ ਉਨ੍ਹਾਂ ਨੇ ਇਤਿਹਾਸ ਵਿੱਚ ਅਮਰ ਹੋਣਾ ਚੁਣਿਆ।





ਅੱਜ ਦਾ ਦਿਨ ਸਾਨੂੰ ਯਾਦ ਦਿਵਾਉਂਦਾ ਹੈ: ਕਿ ਜਿਸ ਵਕਤ ਭਗਤ ਸਿੰਘ ਵਰਗੇ ਸੂਰਮੇ ਜੇਲ੍ਹਾਂ ਵਿੱਚ ਲੜ ਰਹੇ ਸਨ, ਉਦੋਂ ਅਦਾਲਤਾਂ ਦੇ ਅੰਦਰ ਜਸਟਿਸ ਆਗਾ ਹੈਦਰ ਵਰਗੇ ਇਨਸਾਨ ਨਿਆਂ ਦੀ ਲਾਟ ਜਗਾ ਕੇ ਬੈਠੇ ਸਨ। ਅੱਜ ਬਹੁਤ ਘੱਟ ਲੋਕ ਇਸ ਨਿਆਂ ਦੇ ਪੁਜਾਰੀ ਬਾਰੇ ਜਾਣਦੇ ਹਨ। ਅਜਿਹੇ ਇਨਸਾਨਾਂ ਨੂੰ ਯਾਦ ਰੱਖਣਾ ਵੀ ਸੱਚੀ ਦੇਸ਼ ਭਗਤੀ ਹੈ।

ਸਲਾਮ ਹੈ ਉਸ ਮਹਾਨ ਜੱਜ ਨੂੰ ਜਿਸ ਨੇ ਨੌਕਰੀ ਨਾਲੋਂ ਜ਼ਮੀਰ ਨੂੰ ਉੱਪਰ ਰੱਖਿਆ!

**ਸਰੋਕਾਰਾਂ ਦੀ ਆਵਾਜ਼ ਬਿਊਰੋ**


BRING YOUR PARENTS & GRAND PARENTS FOR A
FREE HEARING TEST



1410-6004 Country Hills Blvd NE
Building 1401 Calgary, AB T3N 1T8
APEX SKY MEDICAL CENTRE
ਅਲਬਰਟਾ ਦੀ ਪਹਿਲੀ ਪੰਜਾਬੀ ਬੋਲਣ ਵਾਲੀ
Hearing Instrument ਸਪੈਸ਼ਲਿਸਟ
403 723 3141
www.primehearing.clinic
info@primehearing.clinic
PRIME HEARING CLINIC



*Conditions Apply
WE SPEAK YOUR LANGUAGE
ਪੰਜਾਬੀ | हिंदी
URDU | ENGLISH
Ramandeep (Reet) Kaur
Registered Hearing Aid Prcatitioner(RHAP)
Board Certified Hearing Instrument Specialist(BC-HIS)
Book Your Free Hearing Test
18 ਸਾਲ ਤੋਂ ਵੱਧ ਉਮਰ ਵਾਲਿਆਂ ਲਈ
ਮੁਫਤ ਕੰਨਾਂ ਦਾ ਟੈਸਟ ਅਤੇ ਮੁਫਤ ਕੰਨਾਂ ਦੀਆਂ ਮਸ਼ੀਨਾਂ



Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

RDSP UP TO $90,000 GOVERNMENT GRANT + BOND.
SUPER VISA INSURANCE



MDRT
The Premier Association of Financial Professionals
Punjab Insurance Inc
LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA
HARPREET RANA 416-871-3571
NIAMAT RANA 416-206-1616
WWW.PUNJABINSURANCE.CA

